Golden State Realty JASSI GILL Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Harmit S Toor
Bay East Brokers, Inc.
BEB BAY EAST BROKERS
Help you Buy, Sell & Loans:
◆Residential & Commercial Property
◆Business Opportunity
'2021 Platinum Award in recognition of outstanding achievement in Residential and/or Commercial Sales/Listing'
Broker - MLO
BRE Lic.# 01462579
NMLS ID 358820
Broker Corp Lic: 02007516
Ph: 925-202-7027
HDtoor@gmail.com, WWW.BayEastBrokers.Com
EQUAL HOUSING OPPORTUNITY

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
MANN@GGIABA.COM
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fourth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 26; July 1, 2023 20451 N. Plum Grove Rd., Palatine, IL 60074 Ph:847-359-0746, Fax:847-705-9388

# ਗੁਰਦੁਆਰਾ ਸੋਧ ਬਿੱਲ: ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਕੁੜਿੱਕੀ 'ਚ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਚ ਗੁਰਬਾਣੀ ਕੀਰਤਨ ਦੇ ਪ੍ਰਸਾਰਨ ਦੇ ਮਾਮਲੇ ਨੂੰ ਲੈ ਕੇ ਵਿਧਾਨ ਸਭਾ ਵਿਚ ਪੇਸ਼ ਕੀਤੇ ਗਏ ਸਿੱਖ ਗੁਰਦੁਆਰਾ ਸੋਧ ਬਿੱਲ ਬਾਰੇ ਵਿਵਾਦ ਭਖ ਰਿਹਾ ਹੈ। ਇਸ ਸੋਧ ਬਿੱਲ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੰਗਾਮੀ ਜਨਰਲ ਇਜਲਾਸ ਸੱਦ ਕੇ ਰੱਦ ਕਰ ਦਿੱਤਾ ਹੈ ਹਾਲਾਂਕਿ ਇਸ ਇਜਲਾਸ ਵਿਚ ਸ਼੍ਰੋਮਣੀ ਕਮੇਟੀ ਖੁਦ ਵੀ ਘਿਰੀ ਨਜ਼ਰ ਆਈ, ਜਦੋਂ ਵਿਰੋਧੀ ਮੈਂਬਰਾਂ ਨੇ ਸਵਾਲ ਖੜ੍ਹੇ ਕਰ ਦਿੱਤੇ ਕਿ ਅਕਾਲ ਤਖਤ ਸਾਹਿਬ ਵੱਲੋਂ ਹੁਕਮਾਂ ਦੇ ਬਾਵਜੂਦ ਸੰਸਥਾ ਆਪਣਾ ਸੈਟਲਾਈਟ ਚੈਨਲ ਸ਼ੁਰੂ ਕਰ ਤੋਂ ਕਿਉਂ ਭੱਜਦੀ ਰਹੀ।

ਇਜਲਾਸ 'ਚ ਹਾਲਾਤ ਇਹ ਬਣ ਗਏ ਕਿ ਸਾਬਕਾ ਕਮੇਟੀ ਪ੍ਰਧਾਨ ਜਗੀਰ ਕੌਰ ਨੂੰ 'ਚੁੱਪ' ਕਰਵਾਉਣ ਲਈ ਮਾਇਕ ਤੱਕ ਖੋਹਣਾ ਪਿਆ। ਯਾਦ ਰਹੇ ਕਿ ਅਕਾਲ ਤਖਤ ਤੋਂ ਸ਼੍ਰੋਮਣੀ ਕਮੇਟੀ ਨੂੰ ਬਕਾਇਦਾ ਹੁਕਮ ਜਾਰੀ ਹੋਏ ਸਨ ਕਿ ਉਹ ਹੋਰਾਂ ਉਤੇ ਟੇਕ ਰੱਖਣ ਦੀ ਥਾਂ ਆਪਣਾ ਚੈਨਲ ਸ਼ੁਰੂ ਕਰੇ ਹਾਲਾਂਕਿ ਕਮੇਟੀ ਨੇ ਹੁਣ ਤੱਕ ਇਸ ਬਾਰੇ ਚੁੱਪ ਧਾਰੀ ਰੱਖੀ ਜਿਸ ਕਾਰਨ ਬਾਦਲ ਪਰਿਵਾਰ ਦੀ ਮਾਲਕੀ ਵਾਲੇ ਪੀ.ਟੀ.ਸੀ. ਨਿਊਜ਼ ਦਾ ਬੋਲਬਾਲਾ ਰਿਹਾ ਹੈ। ਹੁਣ ਤਾਜ਼ਾ ਘਟਨਾਕ੍ਰਮ ਪਿੱਛੋਂ ਸ਼੍ਰੋਮਣੀ ਕਮੇਟੀ ਉਤੇ ਦਬਾਅ ਵਧ ਗਿਆ ਹੈ ਕਿ ਉਹ ਇਸ ਬਾਰੇ ਛੇਤੀ ਫੈਸਲਾ ਕਰੇ। ਮੈਂਬਰਾਂ ਦੇ ਇਕ ਵਫ਼ਦ ਨੇ ਇਸ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਪੱਤਰ ਵੀ ਸੌਂਪਿਆ ਅਤੇ ਮੰਗ ਕੀਤੀ ਹੈ ਕਿ ਉਹ ਬਿਨਾ ਦੇਰੀ ਸ੍ਰੀ ਹਰਿਮੰਦਰ ਸਾਹਿਬ ਵਿਚ ਹੁੰਦੇ ਕੀਰਤਨ ਦੇ ਸਿੱਧੇ ਪ੍ਰਸਾਰਨ ਲਈ ਆਪਣਾ ਚੈਨਲ ਸ਼ੁਰੂ ਕਰੇ। ਉਨ੍ਹਾਂ ਦੋਸ਼ ਲਾਇਆ ਕਿ ਬਾਦਲ ਪਰਿਵਾਰ ਨੇ ਆਪਣੇ ਚੈਨਲ ਨੂੰ ਵਿੱਤੀ ਲਾਭ ਦੇਣ ਵਾਸਤੇ ਕੀਰਤਨ ਦੇ ਪ੍ਰਸਾਰਨ ਦੇ ਸਮੁੱਚੇ ਹੱਕ ਸ਼੍ਰੋਮਣੀ ਕਮੇਟੀ ਰਾਹੀਂ ਆਪਣੇ ਚੈਨਲ ਨੂੰ ਦਿੱਤੇ ਹੋਏ ਹਨ।



## ਸਰਕਾਰ ਖਿਲਾਫ ਸੰਘਰਸ਼ ਦੀ ਤਿਆਰੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਰਕਾਰ ਖ਼ਿਲਾਫ਼ ਆਰੰਭੇ ਜਾਣ ਵਾਲੇ ਸੰਘਰਸ਼ ਬਾਰੇ ਸਪੱਸ਼ਟ ਕੀਤਾ ਕਿ ਪੁਰਾਤਨ ਰਵਾਇਤਾਂ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜਾਂ ਦੀ ਅਗਵਾਈ ਵਿਚ ਹੋਵੇਗਾ ਪਰ ਇਸ ਤੋਂ ਪਹਿਲਾਂ ਸੰਵਿਧਾਨਕ ਤੌਰ 'ਤੇ ਦੇਸ਼ ਦੇ ਰਾਸ਼ਟਰਪਤੀ, ਗ੍ਰਹਿ ਮੰਤਰੀ ਨੂੰ ਮਿਲਿਆ ਜਾਵੇਗਾ ਜਿਸ ਬਾਰੇ ਦਸਤਾਵੇਜ਼ੀ ਕਾਰਵਾਈ ਆਰੰਭੀ ਜਾ ਚੁੱਕੀ ਹੈ।

ਹੁਣ ਹਾਲਾਤ ਇਹ ਹਨ ਕਿ ਇਸ ਮਸਲੇ ਉਤੇ ਦੋਵੇਂ ਧਿਰ (ਸ਼੍ਰੋਮਣੀ ਕਮੇਟੀ ਤੇ ਪੰਜਾਬ ਸਰਕਾਰ) ਕਸੂਤੀਆਂ ਫਸੀਆਂ ਨਜ਼ਰ ਆ ਰਹੀਆਂ ਹਨ। ਸ਼੍ਰੋਮਣੀ ਕਮੇਟੀ ਨੇ ਇਸ ਬਿੱਲ ਨੂੰ ਪੁੱਠਾ ਮੋੜਨ ਦੀ ਮੰਗ ਨੂੰ ਲੈ ਕੇ ਪੰਜਾਬ ਦੇ ਰਾਜਪਾਲ ਤੱਕ ਵੀ ਪਹੁੰਚ ਕੀਤੀ ਹੈ। ਰਾਜਪਾਲ ਪਹਿਲਾਂ ਹੀ ਇਸ ਬਿੱਲ ਨੂੰ ਕਾਨੂੰਨੀ ਤੌਰ ਉਤੇ ਘੋਖਣ ਦੀ ਗੱਲ ਆਖ ਚੁੱਕੇ ਹਨ। ਦੂਜੇ ਪਾਸੇ ਸਿਆਸੀ ਵਿਰੋਧੀ ਧਿਰਾਂ ਨੇ ਵੀ ਮਾਨ ਸਰਕਾਰ ਦੇ ਫੈਸਲੇ ਨੂੰ ਪੰਥਕ ਮਾਮਲਿਆਂ ਵਿਚ ਦਖਲ ਦੇ ਮੁੱਦੇ ਵਜੋਂ ਉਭਾਰ ਰਹੀਆਂ ਹਨ।

'ਵਾਰਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਲਈ ਛੇੜੇ ਅਪਰੇਸ਼ਨ ਦੌਰਾਨ ਸਿੱਖ ਨੌਜਵਾਨਾਂ ਦੀ ਫੜ-ਫੜਾਈ ਤੋਂ ਬਾਅਦ ਇਹ ਦੂਜੇ ਮੌਕਾ ਹੈ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਖ਼ਿਲਾਫ਼ ਇੰਨੇ ਵੱਡੇ ਪੱਧਰ ਉਤੇ ਪੰਥਕ ਰੋਹ ਖੜ੍ਹਾ ਹੋ ਗਿਆ ਹੈ। ਤਾਜ਼ਾ ਭਖੇ ਮਾਮਲੇ ਪਿੱਛੋਂ ਆਪਣੀ ਸਿਆਸੀ ਹੋਂਦ ਲਈ ਹੱਥ-ਪੈਰ ਮਾਰ ਰਿਹਾ ਅਕਾਲੀ ਦਲ ਬਾਦਲ ਵੀ ਪੰਥਕ ਵੋਟ ਦੀ ਮੁੜ ਹਮਦਰਦੀ ਦੀ ਝਾਕ ਲਾ ਕੇ ਬੈਠ ਗਿਆ ਹੈ, ਜਦਕਿ ਆਪ ਸਰਕਾਰ ਲਈ ਹਾਲਾਤ ਕਸੂਤੇ ਬਣ ਗਏ ਹਨ। ਚੇਤੇ ਰਹੇ ਕਿ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦੇ 'ਮੁਫਤ ਪ੍ਰਸਾਰਨ' ਨੂੰ ਯਕੀਨੀ ਬਣਾਉਣ ਲਈ 16ਵੀਂ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿਚ ਸਿੱਖ ਗੁਰਦੁਆਰਾ (ਸੋਧ) ਬਿੱਲ-2023 ਪਾਸ ਕੀਤਾ ਗਿਆ ਹੈ। ਸਰਕਾਰ ਨੇ ਗੁਰਬਾਣੀ ਦਾ ਸਿੱਧਾ ਪ੍ਰਸਾਰਨ ਕਰਨ ਲਈ ਸਿੱਖ ਗੁਰਦੁਆਰਾ ਐਕਟ-1925 ਵਿਚ ਧਾਰਾ 125 ਤੋਂ ਬਾਅਦ ਧਾਰਾ 125-ਏ ਨੂੰ ਦਰਜ ਕੀਤਾ ਹੈ। ਉਧਰ, ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਅਸੈਂਬਲੀ ਨੂੰ ਐਕਟ ਵਿਚ ਸੋਧ ਦਾ ਕੋਈ ਅਧਿਕਾਰ ਨਹੀਂ ਹੈ। ਪੰਜਾਬ ਪੁਨਰਗਠਨ ਐਕਟ-1966 ਇਸ ਬਾਰੇ ਸਪਸ਼ਟ ਹੈ। ਇਸ ਐਕਟ ਦੀ ਧਾਰਾ 72 ਅਧੀਨ ਸਿੱਖ ਗੁਰਦੁਆਰਾ ਐਕਟ-1925 'ਅੰਤਰ-ਰਾਜੀ ਸੰਸਥਾ ਸੰਗਠਿਤ' ਦੀ ਪਰਿਭਾਸ਼ਾ ਅਧੀਨ ਆਉਂਦਾ ਹੈ।

ਸ਼੍ਰੋਮਣੀ ਕਮੇਟੀ ਦੇ ਇਜਲਾਸ ਵਿਚ ਪੇਸ਼ ਮਤੇ ਰਾਹੀਂ ਵੀ ਪੰਜਾਬ ਸਰਕਾਰ ਦੀ ਕਾਰਵਾਈ ਨੂੰ ਸਿੱਖ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜ਼ੀ ਕਰਾਰ ਦਿੰਦਿਆਂ ਇਸ ਦਾ ਸਖ਼ਤ ਵਿਰੋਧ ਕੀਤਾ ਗਿਆ। ਬਿੱਲ ਰੱਦ ਕਰਦਿਆਂ

(ਬਾਕੀ ਸਫਾ 6 'ਤੇ)

# ਕਮੇਟੀ ਪ੍ਰਧਾਨ ਇਕ ਪਰਿਵਾਰ ਦੀ ਕਠਪੁਤਲੀ: ਮਾਨ



**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਕਮੇਟੀ ਵੱਲੋਂ ਸੱਦੇ ਜਨਰਲ ਇਜਲਾਸ 'ਤੇ ਉਜ਼ਰ ਜਤਾਉਂਦਿਆਂ ਸਵਾਲ ਕੀਤਾ ਕਿ ਸ਼੍ਰੋਮਣੀ ਕਮੇਟੀ ਨੇ ਇਸ ਵਿਸ਼ੇਸ਼ ਇਜਲਾਸ ਦੌਰਾਨ ਉਨ੍ਹਾਂ 'ਤੇ ਦੋਸ਼ ਲਾਉਣ ਤੋਂ ਇਲਾਵਾ ਹੋਰ ਕੀ ਕੀਤਾ ਹੈ? ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸੱਦੇ ਵਿਸ਼ੇਸ਼ ਇਜਲਾਸ ਨੂੰ ਸਿਰਫ ਉਨ੍ਹਾਂ ਨੂੰ ਭੰਡਣ ਲਈ ਮੰਚ ਵਜੋਂ ਵਰਤਿਆ ਗਿਆ।

ਉਨ੍ਹਾਂ ਕਿਹਾ ਕਿ ਇਜਲਾਸ ਵਿਚੋਂ ਪਵਿੱਤਰ ਗੁਰਬਾਣੀ ਦੇ ਮੁਫ਼ਤ ਪ੍ਰਸਾਰਨ ਦਾ ਮੁੱਦਾ ਕਿੱਥੇ ਗੁਆਚ ਗਿਆ, ਇਸ ਨੂੰ ਉਭਾਰਿਆ ਕਿਉਂ ਨਹੀਂ ਗਿਆ। ਇਹ ਇਜਲਾਸ ਸ਼੍ਰੋਮਣੀ ਕਮੇਟੀ 'ਤੇ ਰਾਜ ਕਰ ਰਹੇ ਪਰਿਵਾਰ ਨੂੰ ਬਚਾਉਣ ਲਈ ਆਗੂਆਂ ਦੇ ਇਕੱਠ ਤੋਂ ਵੱਧ ਕੁਝ ਨਹੀਂ। ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਸਿਰਫ ਆਪਣੇ ਆਕਾਵਾਂ ਦੇ ਇਸ਼ਾਰੇ 'ਤੇ ਚੱਲ ਕੇ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਬੁਲਾਰੇ ਵਜੋਂ ਵਿਚਰ ਰਹੇ ਹਨ। ਲੋਕਾਂ ਨੂੰ ਸਭ ਪਤਾ ਹੈ ਕਿ ਸ਼੍ਰੋਮਣੀ ਕਮੇਟੀ ਤੇ ਇਸ ਦੇ ਪ੍ਰਧਾਨ ਕਿਵੇਂ ਅਕਾਲੀ ਦਲ 'ਚ ਇਕ ਪਰਿਵਾਰ ਦੀ ਕਠਪੁਤਲੀ ਬਣ ਕੇ ਕੰਮ ਕਰ ਰਹੇ ਹਨ।

Medicare COVERED CALIFORNIA
Life & Health Insurance
ਹੈਲਥ ਕੇਅਰ
Call: 510-459-7537
Bhupinder Singh Dev
bdev_99@yahoo.com
Lic# 0F86916
MEHAR INSURANCE

Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
17 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਪੰਜਾਬੀ ਕਲਚਰਲ ਸੋਸਾਇਟੀ ਦੇ ਸੱਭਿਆਚਾਰਕ ਮੇਲੇ ਵਿਚ ਲੱਗੀਆਂ ਰੌਣਕਾਂ

**ਸੈਕਰਾਮੈਂਟੋ:** ਬੀਤੇ ਸ਼ਨਿਚਰਵਾਰ ਪੰਜਾਬੀ ਕਲਚਰਲ ਸੋਸਾਇਟੀ ਸੈਕਰਾਮੈਂਟੋ ਵਲੋਂ 33ਵਾਂ ਸਾਲਾਨਾ ਸੱਭਿਆਚਾਰਕ ਮੇਲਾ 'ਰੌਇਲ ਈਵੈਂਟ ਹਾਲ' ਵਿਚ ਕਰਵਾਇਆ ਗਿਆ। ਮੇਲੇ ਵਿਚ ਹਰ













ਸਾਲ ਦੀ ਤਰ੍ਹਾਂ ਸਥਾਨਕ ਭਾਈਚਾਰੇ ਨੇ ਹੁੰਮ ਹੁਮਾ ਕੇ ਸ਼ਿਰਕਤ ਕੀਤੀ। ਪਰਿਵਾਰਕ ਮੇਲੇ ਵਜੋਂ ਸਥਾਪਤ ਹੋ ਚੁੱਕੇ ਇਸ ਮੇਲੇ ਵਿਚ ਲੋਕ ਆਪਣੇ ਬੱਚਿਆਂ ਤੇ ਬਜ਼ੁਰਗਾਂ ਸਮੇਤ ਪਹੁੰਚੇ ਹੋਏ ਸਨ। ਪੰਜ ਸਾਲ ਦੇ ਨੰਨੇ-ਮੁੰਨੇ ਬਾਲ ਕਲਾਕਾਰਾਂ ਤੋਂ ਲੈ ਕੇ ਵੀਹ ਸਾਲ ਤੱਕ ਦੇ ਗੱਭਰੂ ਤੇ ਮੁਟਿਆਰਾਂ ਨੇ ਭੰਗੜੇ ਤੇ ਗਿੱਧੇ ਦੇ ਜੌਹਰ ਵਿਖਾਏ।

ਸ਼ਾਮ ਚਾਰ ਵਜੇ ਸ਼ੁਰੂ ਹੋਏ ਇਸ ਸਮਾਗਮ ਵਿਚਲੇ ਲੋਕ ਨਾਚਾਂ ਅਤੇ ਗੀਤ ਸੰਗੀਤ ਨੇ ਕਰੀਬ ਢਾਈ ਘੰਟੇ ਦਰਸ਼ਕਾਂ ਨੂੰ ਕੀਲੀ ਰੱਖਿਆ। ਕਲਾਕਾਰਾਂ ਦੇ ਗਰੁੱਪਾਂ ਵਿਚ ਮਾਨਵਤਾ ਭਸੀਨ ਦੀ ਟੀਮ 'ਫੁੱਲਝੜੀਆਂ', ਗੈਰੀ ਭੰਗੂ ਦੀ ਟੀਮ 'ਭੰਗੜਾ ਡਾਂਸ ਫਿਟਨੈਸ', ਵਰਿੰਦਰ ਅਤੇ ਅਮ੍ਰਿਤ ਫਰਵਾਲਾ ਦੀਆ ਟੀਮਾਂ 'ਸ਼ਾਨ ਪੰਜਾਬ ਦੀ' ਅਤੇ 'ਰੰਗਲਾ ਪੰਜਾਬ', ਅਮਨ ਸੰਧੂ ਦੀਆਂ ਟੀਮਾਂ 'ਗਿੱਧੇ ਦੀਆਂ ਪਰੀਆਂ' ਨੱਚਦੀਆਂ ਕੂੰਜਾਂ', 'ਸ਼ੌਕੀਨਣਾਂ ਗਿੱਧੇ ਦੀਆ', 'ਬੱਲੇ ਬੱਲੇ ਭੰਗੜਾ' ਅਤੇ 'ਮੁਟਿਆਰਾਂ ਦਾ ਭੰਗੜਾ' ਨੇ ਕਮਾਲ ਦੀਆ ਪੇਸ਼ਕਾਰੀਆਂ ਕਰ ਕੇ ਦਰਸ਼ਕਾਂ ਦੇ ਮਨ ਮੋਹ ਲਏ। ਗੀਤ ਸੰਗੀਤ ਦੇ ਦੌਰ ਵਿਚ ਬਾਲੀ ਚੀਮਾ ਨੇ ਆਪਣੇ ਲਿਖੇ ਗੀਤ ਨਾਲ ਹਾਜ਼ਰੀ ਲਵਾਈ। ਸਾਬ੍ਹੀ ਪਨੇਸਰ ਨੇ ਬੁਲੰਦ ਆਵਾਜ਼ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਵਾਰ ਦਾ ਗਾਇਨ ਕੀਤਾ ਤੇ ਦੋ ਹੋਰ ਸੱਭਿਆਚਾਰਕ ਗੀਤ ਗਾ ਕੇ ਰੰਗ ਬੰਨ੍ਹ ਦਿੱਤਾ। ਕੈਲੇਫੋਰਨੀਆ ਦੀ ਸੁਰੀਲੀ ਗਾਇਕਾ ਪੂਨਮ ਨੇ ਸੁਰਿੰਦਰ ਕੌਰ ਦਾ ਇਕ ਗੀਤ ਇੰਨਾ ਬਾਖੂਬੀ ਗਾਇਆ ਕਿ ਸਰੋਤੇ ਅਸ਼ ਅਸ਼ ਕਰ ਉੱਠੇ। ਸਰੋਤਿਆਂ ਦੀ ਫਰਮਾਇਸ਼ ਉੱਤੇ ਐਸੋਸੀਏਸ਼ਨ ਦੇ ਮੋਢੀ ਅਤੇ ਰੂਹੇ ਰਵਾਂ ਸ. ਰਛਪਾਲ ਸਿੰਘ ਫਰਵਾਲਾ ਅਤੇ ਪੂਨਮ ਨੇ ਇੱਕ ਡਿਊਟ ਗੀਤ 'ਆ ਗਿਆ ਵਣਜਾਰਾ ਨੀ ਚੜ੍ਹਾ ਲੈ ਭਾਬੀ ਚੂੜੀਆਂ' ਗਾ ਕੇ ਸਰੋਤੇ ਝੂਮਣ ਲਾ ਦਿੱਤੇ। ਕਹਿ ਸਕਦੇ ਹਾਂ ਕਿ ਇਹ ਗੀਤ ਮੇਲੇ ਦਾ ਸਿਖਰ ਹੋ ਨਿੱਬੜਿਆ। ਸਟੇਜ ਦਾ ਸੰਚਾਲਨ, ਪਿਛਲੇ 19 ਸਾਲਾਂ ਤੋਂ ਐਸੋਸੀਏਸ਼ਨ ਦੀ ਸਟੇਜ ਸੰਚਾਲਨ ਦੀ ਸੇਵਾ ਨਿਭਾ ਰਹੇ ਜਸਵੰਤ ਸਿੰਘ ਸ਼ਾਦ ਨੇ ਬਾਖੂਬੀ ਕੀਤਾ।

ਸ. ਰਛਪਾਲ ਸਿੰਘ ਫਰਵਾਲਾ ਨੇ ਆਏ ਹੋਏ ਦਰਸ਼ਕਾਂ ਕਲਾਕਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਧੰਨਵਾਦ ਕੀਤਾ। ਐਸੋਸੀਏਸ਼ਨ ਵਲੋਂ ਮਨਦੀਪ ਕੌਰ ਫਰਵਾਲਾ ਨੇ ਗਿੱਧਾ ਭੰਗੜਾ ਕੋਚ ਅਮਨ ਕੌਰ ਸੰਧੂ ਦਾ ਵਿਸ਼ੇਸ਼ ਸਨਮਾਨ ਕੀਤਾ। ਅੰਤ ਵਿਚ ਪ੍ਰਬੰਧਕ ਕਮੇਟੀ ਮੈਂਬਰਾਂ ਨੇ ਸਾਰੇ ਕਲਾਕਾਰਾਂ ਨੂੰ ਟਰਾਫੀਆਂ ਦੇ ਕੇ ਸਨਮਾਨਤ ਕੀਤਾ। ਸੰਗੀਤ ਨਰਿੰਦਰ ਬੱਗਾ ਅਤੇ ਸੋਨੂੰ ਦਾ ਸੀ। ਇਸ ਮੌਕੇ ਸਮੂਹ ਪ੍ਰਬੰਧਕ ਕਮੇਟੀ ਮੈਂਬਰ ਤੀਰਥ ਸਹੋਤਾ, ਪਰਮਜੀਤ ਢਿੱਲੋਂ, ਜਤਿੰਦਰ ਬੀਸਲਾ, ਅਮਰੀਕ ਸਿੰਘ ਪਰਹਾਰ, ਦੇਬੀ ਗਿੱਲ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਜੱਸੀ ਸੰਘਾ, ਅਵਤਾਰ ਸਿੰਘ ਡੌਡ, ਮਨੋਹਰ ਲਾਲ ਰੱਤੀ, ਭੀਲੀ ਸੰਧੂ, ਗੁਰਮਿੰਦਰ ਗੁਰੀ, ਗੁਰਨੇਕ ਸਿੰਘ, ਸੁਰਿੰਦਰ ਬਿੰਦਰਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਜਿੰਦਰ ਪਾਲ ਸਿੰਘ, ਮਾਧੋ ਚਾਹਲ, ਜਰਨੈਲ ਮੰਡੇਰ, ਰੋਹਿਤ, ਪਵਿੱਤਰ ਨਾਹਲ, ਜੱਗੀ ਕੰਦੋਲਾ, ਕੇਵਲ ਬੋਲੀਨਾ, ਜਰਨੈਲ ਸਿੰਘ ਸਰਪੰਚ ਅਤੇ ਅਵਤਾਰ ਸਿੰਘ ਦੋਸਾਂਝ ਹਾਜ਼ਰ ਸਨ।













# ਮੋਹਾਲੀ ਦੀ ਗੁਰਜੋਤ ਸ਼ਾਨ ਨੂੰ ਮਿਲਿਆ ਅੰਦਰੂਨੀ ਸਾਜੋ ਸਜਾਵਟ ਲਈ ਉੱਤਰੀ ਭਾਰਤ ਦਾ ਸਨਮਾਨ

**ਮੋਹਾਲੀ:** ਅੰਦਰੂਨੀ ਸਾਜੋ ਸਜਾਵਟ/ ਇੰਟੀਰੀਅਰ ਡਿਜ਼ਾਈਨ ਵਿਚ ਨਿਵੇਕਲੇ ਕਦਮ ਪੁੱਟਣ ਵਾਲੀ ਮੋਹਾਲੀ ਦੀ ਗੁਰਜੋਤ ਸ਼ਾਨ ਨੇ ਉੱਤਰੀ ਭਾਰਤ ਵਿਚ ਆਪਣੀ ਯੋਗਤਾ ਦੇ ਝੰਡੇ ਬੁਲੰਦ ਕੀਤੇ ਹਨ। ਇਸ ਬਦਲੇ ਉਸ ਨੂੰ ਗਲੋਬਲ ਬਿਜ਼ਨਸ ਆਰਈਸੀ ਆਰਕੀਟੈਕਟ ਦੇ ਮਾਣਮੱਤੇ ਡਿਜ਼ਾਇਨਿੰਗ ਅਤੇ ਸਪੇਸੀਅਸ ਪ੍ਰੋਜੈਕਟ (ਵਾਓ) 2023 ਅਵਾਰਡ ਨਾਲ ਨਿਵਾਜਿਆ ਗਿਆ ਹੈ। ਆਪਣੀ ਇਸ ਮਾਣਮੱਤੀ ਪ੍ਰਾਪਤੀ ਦਾ ਜ਼ਿਕਰ ਕਰਦਿਆਂ ਗੁਰਜੋਤ ਨੇ ਕਿਹਾ ਕਿ ਅਜੋਕੇ ਇੰਟਰਨੈੱਟ ਮੀਡੀਆ ਨੇ ਲੋਕਾਂ ਦੀ ਸੋਚ ਵਿਚ ਵੱਡੇ ਬਦਲਾਅ ਲਿਆਂਦੇ ਹਨ।

ਉਨ੍ਹਾਂ ਕਿਹਾ ਕਿ ਪਹਿਲਾਂ ਵੱਡੇ ਕਾਰੋਬਾਰੀ ਅਤੇ ਧਨਾਢ ਕਿਸਮ ਦੇ ਲੋਕ ਹੀ ਆਪਣੇ ਘਰਾਂ ਦੀ ਇੰਟੀਰੀਅਰ ਡਿਜ਼ਾਈਨ ਲਈ ਡਿਜ਼ਾਈਨਰ ਨਾਲ ਸੰਪਰਕ ਕਰਦੇ ਸਨ ਪਰ ਹੁਣ ਅਨੇਕਾਂ ਵਰਗ ਇਸ ਵਿਚ ਸ਼ਾਮਿਲ ਹੋ ਗਏ ਹਨ। ਅਜੋਕੇ ਦੌਰ ਵਿਚ ਲੋਕਾਂ ਦੇ ਰਹਿਣ ਸਹਿਣ ਵਿਚ ਵੱਡੀਆਂ ਤਬਦੀਲੀਆਂ ਆਈਆਂ ਹਨ। ਮੁਕਾਬਲੇ ਦੇ ਇਸ ਯੁੱਗ ਵਿਚ ਹਰ ਵਿਅਕਤੀ ਚਾਹੁੰਦਾ ਹੈ ਕਿ ਘੱਟ ਸਥਾਨ ਵਿਚ ਵੱਧ ਤੋਂ ਵੱਧ ਸਹੂਲਤਾਂ ਨਾਲ ਭਰਪੂਰ ਮਕਾਨ ਤਿਆਰ ਕੀਤਾ ਜਾ ਸਕੇ। ਜਿਸ ਵਾਸਤੇ ਹਰ ਕੋਈ ਬਜਟ ਦੀ ਸੀਮਾ ਵਿਚ ਹੀ ਰਹਿਣਾ ਚਾਹੁੰਦਾ ਹੈ ਤਾਂ ਅਜਿਹੀ ਸਥਿਤੀ ਵਿਚ ਮੌਜੂਦਾ ਕੰਪਿਊਟਰਾਈਜ਼ਡ ਤਕਨੀਕਾਂ ਦਾ ਲਾਹਾ ਲੈਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਖੁਸ਼ੀ ਹੋਈ ਹੈ ਕਿ ਉਨ੍ਹਾਂ ਵਲੋਂ ਬੀਤੇ ਸਮੇਂ 'ਚ ਕੀਤੇ ਕੰਮਾਂ ਬਦਲੇ ਇਹ ਸਨਮਾਨ ਮਿਲਿਆ ਹੈ ਅਤੇ ਇਸ ਤੋਂ ਬਾਅਦ ਉਨ੍ਹਾਂ ਦੀ ਜ਼ਿੰਮਵਾਰੀ ਹੋਰ ਜ਼ਿਆਦਾ ਵਧ ਜਾਂਦੀ ਹੈ ਕਿ ਉਹ ਆਪਣੇ ਕੰਮਕਾਜ ਦੀ ਵਿਲੱਖਣਤਾ ਨੂੰ ਨਿਭਾਉਣ।




# ਪੁਲ ਢਹਿ-ਢੇਰੀ ਹੋਣ ਕਾਰਨ ਰੇਲਗੱਡੀ ਦੇ ਕਈ ਟੈਂਕਰ ਦਰਿਆ ਵਿਚ ਡਿੱਗੇ

**ਮੋਨਟਾਨਾ:** ਇੱਥੇ ਇਕ ਪੁਲ ਢਹਿ-ਢੇਰੀ ਹੋ ਗਿਆ ਤੇ ਉਸ ਉਪਰੋਂ ਲੰਘ ਰਹੀ ਮਾਲਗੱਡੀ ਦੇ ਕਈ ਟੈਂਕਰ ਯੈਲੋ ਸਟੋਨ ਦਰਿਆ ਵਿਚ ਡਿੱਗ ਗਏ। ਸਟਿੱਲ ਵਾਟਰ ਕਾਊਂਟੀ ਦੇ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਵਾਪਰਿਆ। ਹਾਦਸੇ ਵਿਚ ਜਾਨੀ ਨੁਕਸਾਨ ਹੋਣ ਜਾਂ ਕਿਸ ਦੇ ਜ਼ਖਮੀ ਹੋਣ ਦੀ ਕੋਈ ਖਬਰ ਨਹੀਂ ਹੈ। ਹਾਦਸੇ ਵਿਚ ਕਈ ਟੈਂਕਰਾਂ ਨੂੰ ਨੁਕਸਾਨ ਪੁੱਜਾ ਹੈ ਤੇ ਉਨ੍ਹਾਂ ਵਿਚੋਂ ਪੈਟਰੋਲੀਅਮ ਪਦਾਰਥ ਰਿਸਣ ਦੀ ਵੀ ਜਾਣਕਾਰੀ ਹੈ। ਖੇਤਰੀ ਰੇਲ ਕੰਪਨੀ



ਮੋਨਟਾਨਾ ਰੇਲ ਲਿੰਕ ਵੱਲੋਂ ਜਾਰੀ ਬਿਆਨ ਅਨੁਸਾਰ ਰੇਲ ਟੈਂਕਰਾਂ ਵਿਚ ਮੋਲਟਨ ਸਲਫਰ ਤੇ ਐਸਫਾਲਟ ਭਰਿਆ ਪਿਆ ਸੀ। ਦੋ ਟੈਂਕਰਾਂ ਵਿਚ ਸੋਡੀਅਮ ਹਾਈਡਰੋਜਨ ਸਲਫੇਟ ਸੀ। ਸਟਿੱਲ ਵਾਟਰ ਕਾਊਂਟੀ ਡਿਜ਼ਾਸਟਰ ਐਂਡ ਐਮਰਜੈਂਸੀ ਸਰਵਿਸਿਜ਼ ਅਨੁਸਾਰ ਇਹ ਹਾਦਸਾ ਸਥਾਨਕ ਸਮੇਂ ਅਨੁਸਾਰ ਸਵੇਰੇ 6 ਵਜੇ ਦੇ ਆਸ-ਪਾਸ ਰੀਡ ਪੋਆਇੰਟ ਤੇ ਕੋਲੰਬਸ ਵਿਚਾਲੇ ਬਿਲਿੰਗਜ਼ ਦੇ ਪੱਛਮ ਵਿਚ ਤਕਰੀਬਨ 60 ਮੀਲ ਦੂਰ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਗੱਡੀ ਦਾ ਅਮਲਾ ਸੁਰੱਖਿਅਤ ਹੈ ਤੇ ਕੋਈ ਵੀ ਜ਼ਖਮੀ ਨਹੀਂ ਹੋਇਆ। ਰੇਲ ਹਾਦਸੇ ਦਾ ਕਾਰਨ ਅਜੇ ਸਪੱਸ਼ਟ ਨਹੀਂ ਹੋ ਸਕਿਆ। ਲੋਕਾਂ ਨੂੰ ਕਿਹਾ ਗਿਆ ਹੈ ਕਿ ਉਹ ਯੈਲੋ ਸਟੋਨ ਦਰਿਆ ਰੇਲ ਪੁਲ ਤੋਂ ਦੂਰ ਰਹਿਣ। ਰਾਜ ਦੇ ਗਵਰਨਰ ਗਰੇਗ ਗਿਆਨ ਫੋਰਟ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਉਹ ਰੇਲ ਹਾਦਸੇ ਉਪਰੰਤ ਪੈਦਾ ਹੋਏ ਹਾਲਾਤ ਉਪਰ ਨਜ਼ਰ ਰੱਖ ਰਹੇ ਹਨ।

## *ਮਿਸ਼ੀਗਨ ਰਾਜ ਵਿਚ ਹੋਈ ਗੋਲੀਬਾਰੀ ਵਿਚ 2 ਮੌਤਾਂ, 15 ਜ਼ਖਮੀ*

ਸਗੀਨਾਅ, ਮਿਸ਼ੀਗਨ ਵਿਚ ਇਕ ਵੱਡੀ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿਚ 2 ਵਿਅਕਤੀਆਂ ਦੀ ਮੌਤ ਹੋ ਗਈ ਤੇ 15 ਹੋਰ ਜ਼ਖਮੀ ਹੋ ਗਏ। ਮਿਸ਼ੀਗਨ ਸਟੇਟ ਪੁਲਿਸ ਨੇ ਕਿਹਾ ਹੈ ਕਿ ਪਾਰਟੀ ਲਈ ਸੋਸ਼ਲ ਮੀਡੀਆ ਉਪਰ ਸੱਦਾ ਦਿੱਤਾ ਗਿਆ ਸੀ। ਗੋਲੀਬਾਰੀ ਦੀ ਘਟਨਾ ਤੋਂ ਪਹਿਲਾਂ ਪੁਲਿਸ ਨੇ ਭੀੜ ਨੂੰ ਉਥੋਂ ਹਟਾ ਦਿੱਤਾ ਸੀ। ਬਿਆਨ ਅਨੁਸਾਰ ਪੁਲਿਸ ਨੂੰ ਨਵੀਂ ਜਗ੍ਹਾ 'ਤੇ ਭੀੜ ਦੇ ਇਕੱਤਰ ਹੋਣ ਦੀ ਜਾਣਕਾਰੀ ਮਿਲੀ ਸੀ। ਇਸੇ ਦੌਰਾਨ ਪੁਲਿਸ ਨੂੰ ਸਵੇਰੇ 12 ਵਜੇ ਗੋਲੀ ਚੱਲਣ ਦੀ ਸੂਚਨਾ ਮਿਲੀ। ਪੁਲਿਸ ਅਨੁਸਾਰ ਪਾਰਟੀ ਵਿਚ ਸ਼ਾਮਿਲ ਲੋਕਾਂ ਨੇ ਇਕ ਦੂਸਰੇ ਉਪਰ ਗੋਲੀਆਂ ਚਲਾਈਆਂ ਤੇ ਉਥੋਂ ਫਰਾਰ ਹੋ ਗਏ। ਕੁਝ ਲੋਕ ਗੋਲੀਆਂ ਵੱਜਣ ਕਾਰਨ ਜ਼ਖਮੀ ਹੋਏ ਹਨ ਜਦਕਿ ਕੁਝ ਲੋਕ ਹਫੜਾ-ਦਫੜੀ ਦੌਰਾਨ ਵਾਹਨ ਹੇਠਾਂ ਆ ਕੇ ਜ਼ਖਮੀ ਹੋਏ ਹਨ। ਮ੍ਰਿਤਕਾਂ ਵਿਚ ਇਕ 19 ਸਾਲਾ ਵਿਅਕਤੀ ਤੇ ਦੂਸਰੀ 51 ਸਾਲ ਦੀ ਔਰਤ ਹੈ। ਪੁਲਿਸ ਨੇ ਕਿਹਾ ਹੈ ਕਿ ਅਜੇ ਤੱਕ ਇਸ ਮਾਮਲੇ ਵਿਚ ਕਿਸੇ ਨੂੰ ਵੀ ਹਿਰਾਸਤ ਵਿਚ ਨਹੀਂ ਲਿਆ ਗਿਆ ਤੇ ਮਾਮਲਾ ਜਾਂਚ ਅਧੀਨ ਹੈ।

# Matrimonials

## ਲੜਕੀ ਦੀ ਲੋੜ ਹੈ

Sikh Ahluwalia family Looking for Gursikh girl with educated background for their 36, 5' 8" son.Qualification BTech IT and PG in software development.Working as IT professional in New York based company. He is turbaned Gursikh boy having faith in Guru Granth Sahib ji. Current location- Hartford CT. Please contact us at whatsapp 91-8860131363. US number: 315 849 6562. Emailbid - richiewalia@gmail.com

25-28

Wanted suitable girl for Gursikh, turbuned Arora, divorced boy, 36 yrs., 5'9', MTech engineering. Owns commercial, residential property in India. Settled in US. Caste no bar.
Please Email: utakecare2@yahoo.com or call 1-618-402-4269

20-23

Looking for a suitable match for my Kamboj,Sikh brother height 5'8, 1995 born and raised in USA. Our parents hometown is from Amritsar. My brother has completed studies in criminal justice/business Management. Currently has well established business in Pennsylvania. We are a modern/traditional family looking for someone who will be a great fit for my brother preferably looking in USA only.
Please call or whatsapp 347-920-9033.

20-23

Verma family looking for a suitable match for their son. Age 31, Ht 5'10", USA citizen, divorsed (No Kid), well settled. Caste no bar. Please send biodata/pictures. Whatsapp: (224) 595-9926
inderjeetverma08@gmail.com

17-20

## ਲੜਕੇ ਦੀ ਲੋੜ ਹੈ

Jat Sikh well educated and well settled family seeking suitable match for their September, 2001 US born 5'4" daughter. Turban wearing keshadari boy and compatible humble family is preference but not limited to. She possesses AA degree in management and Supervision. Employed as Federal employee in Bay Area (California). Contact us @ Ph:510-861-6491 or
e-mail at: pgrrealty@gmail.com

26-29

Sikh Family is looking for USA Citizen match for their daughter 1988 born, 5'9", divorcee and has one child living with. Family belongs to Punjab Ludhiana. She has completed her nursing associate in India, currently not working as she is preparing for RN/IELTS.
Please contact us at 262-960-7366.

21-24

Ramgarhia,Dhiman Sikh Family looking for a suitable match for their August 10,1990 born, 5'2" daughter , working as a nurse assistant in USA in Michigan. Ghotar- Munday, Virdi. Please contact us at :- 7343532316 or binnumunday@gmail.com

Jatt Sikh family seeks suitable match for their daughter who has her MD and is currently working in the Bay Area (California) as a doctor. 37 yrs old (never married). 5'-5" tall. The boy should be settled in the Bay Area (California) with a university degree and professionally employed. Please contact 408-763-3949

20-23



UMA TRAVELS

2535 West Devon Ave.,
Chicago, IL 60659

For Delhi-Bombay Ahmedabad, Hydrabad-Madra
Call For Special Sale Fares

Call: 773-338-5603

# ਗਿਆਨੀ ਹਰਪ੍ਰੀਤ ਸਿੰਘ ਨੇ ਦਬਾਅ ਕਾਰਨ ਸੇਵਾ ਛੱਡਣ ਦੀ ਗੱਲ ਕਬੂਲੀ

**ਅੰਮ੍ਰਿਤਸਰ:** ਅਕਾਲ ਤਖਤ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅਸਿੱਧੇ ਤੌਰ 'ਤੇ ਮੰਨਿਆ ਕਿ ਉਨ੍ਹਾਂ ਦਬਾਅ ਕਾਰਨ ਸੇਵਾ ਛੱਡੀ ਹੈ। ਉਹ ਇੱਥੇ ਅਕਾਲ ਤਖਤ ਦੇ ਨਵ-ਨਿਯੁਕਤ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਸੇਵਾ ਸੰਭਾਲ ਸਮਾਗਮ ਵਿਚ ਸ਼ਾਮਲ ਹੋਣ ਪੁੱਜੇ ਸਨ। ਪੰਜਾਬ ਵਿਧਾਨ ਸਭਾ ਵਿਚ ਪਾਸ ਕੀਤੇ ਗਏ ਗੁਰਦੁਆਰਾ ਸੋਧ ਬਿੱਲ ਬਾਰੇ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦਾ ਨਾਮ ਲਏ ਬਗੈਰ ਆਖਿਆ ਕਿ ਅਜਿਹੇ ਹਾਲਾਤ ਪੈਦਾ ਕੀਤੇ ਜਾਣ ਤੋਂ ਗੁਰੇਜ਼ ਕਰਨਾ ਚਾਹੀਦਾ ਸੀ।



ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਹੁਣ ਉਹ ਤਣਾਅ ਮੁਕਤ ਹਨ ਅਤੇ ਸਕੂਨ ਮਹਿਸੂਸ ਕਰ ਰਹੇ ਹਨ। ਜ਼ਿੰਮੇਵਾਰੀ ਕਾਰਨ ਪਹਿਲਾਂ ਉਹ ਆਪਣਾ ਸਿਮਰਨ ਵੀ ਪੂਰਾ ਨਹੀਂ ਕਰ ਸਕਦੇ ਸਨ। ਆਪਣੇ ਕਾਰਜਕਾਲ ਦੌਰਾਨ ਦਬਾਅ ਬਾਰੇ ਗੱਲ ਕਰਦਿਆਂ ਉਨ੍ਹਾਂ ਇੰਗਲੈਂਡ ਵਿਚ ਦਿੱਤੀ ਇਕ ਇੰਟਰਵਿਊ ਦਾ ਹਵਾਲਾ ਦਿੱਤਾ, ਜਿਸ ਵਿਚ ਉਨ੍ਹਾਂ ਕਿਹਾ ਸੀ, ''ਮੈਂ ਜਦੋਂ ਵੀ ਦਬਾਅ ਮਹਿਸੂਸ ਕਰਾਂਗਾ ਤਾਂ ਘਰ ਬੈਠ ਜਾਵਾਂਗਾ।'' ਉਨ੍ਹਾਂ ਕਿਹਾ ਕਿ ਹੁਣ ਉਹ ਘਰ ਬੈਠ ਗਏ ਹਨ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਆਖਿਆ ਕਿ ਉਨ੍ਹਾਂ ਆਪਣੀ ਇੱਛਾ ਨਾਲ ਇਹ ਅਹੁਦਾ ਛੱਡਿਆ ਹੈ।

ਵਿਧਾਨ ਸਭਾ ਵਿਚ ਪਾਸ ਕੀਤੇ ਗਏ ਗੁਰਦੁਆਰਾ ਸੋਧ ਬਿੱਲ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤ ਪੈਦਾ ਹੋਣ ਤੋਂ ਗੁਰੇਜ਼ ਕਰਨਾ ਚਾਹੀਦਾ ਸੀ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ, ''ਇਸ ਲਈ ਵੱਡੇ ਅਹੁਦਿਆਂ 'ਤੇ ਬੈਠੇ ਅਸੀਂ ਸਾਰੇ ਜ਼ਿੰਮੇਵਾਰ ਹਾਂ।'' ਉਨ੍ਹਾਂ ਆਖਿਆ ਕਿ ਸਰਕਾਰਾਂ ਨੂੰ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜੀ ਨਹੀਂ ਕਰਨੀ ਚਾਹੀਦੀ। ਅਜਿਹੀ ਦਖਲਅੰਦਾਜੀ ਮਾਸਟਰ ਤਾਰਾ ਸਿੰਘ-ਨਹਿਰੂ ਸਮਝੌਤੇ ਦੀ ਉਲੰਘਣਾ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਸ਼੍ਰੋਮਣੀ ਕਮੇਟੀ ਨੂੰ ਇਸ ਸਬੰਧੀ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰਨੀ ਚਾਹੀਦੀ ਹੈ।

ਵਿਧਾਨ ਸਭਾ ਵਿਚ ਗੁਰਸਿੱਖ ਦੀ ਦਾੜ੍ਹੀ ਦਾ ਮਜ਼ਾਕ ਉਡਾਏ ਜਾਣ ਬਾਰੇ ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ ਪਰ ਰਾਜਨੀਤੀ ਵਿਚ ਕਿਸੇ ਖ਼ਿਲਾਫ਼ ਭੱਦੀ ਸ਼ਬਦਾਵਲੀ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ ਅਤੇ ਕਾਰਜ ਖੇਤਰ ਬਾਰੇ ਨਿਯਮ ਬਣਨੇ ਚਾਹੀਦੇ ਹਨ।

## 'ਵਲਟੋਹਾ ਨੂੰ ਅਕਾਲ ਤਖਤ ਦਾ ਜਥੇਦਾਰ ਬਣਾ ਦੇਣਾ ਚਾਹੀਦਾ ਹੈ'

**ਅੰਮ੍ਰਿਤਸਰ:** ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਵੱਲੋਂ ਤਖਤਾਂ ਦੇ ਜਥੇਦਾਰਾਂ ਦੀ ਯੋਗਤਾ ਬਾਰੇ ਕੀਤੀ ਗਈ ਟਿੱਪਣੀ ਦੇ ਜਵਾਬ ਵਿਚ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਵਿਰਸਾ ਸਿੰਘ ਵਲਟੋਹਾ 'ਚ ਬਹੁਤ ਹਿੰਮਤ ਅਤੇ ਦਲੇਰੀ ਹੈ। ਇਸ ਲਈ ਸ਼੍ਰੋਮਣੀ ਕਮੇਟੀ ਨੂੰ ਉਨ੍ਹਾਂ ਨੂੰ ਅਕਾਲ ਤਖਤ ਦਾ ਜਥੇਦਾਰ ਬਣਾ ਦੇਣਾ ਚਾਹੀਦਾ ਹੈ। ਉਹ ਜੋ ਕਰਵਾਉਣਾ ਚਾਹੁਣ, ਉਸ ਕੋਲੋਂ ਕਰਵਾ ਲੈਣ। ਵਲਟੋਹਾ ਨੇ ਕਿਹਾ ਸੀ ਕਿ ਜਥੇਦਾਰਾਂ ਦਾ ਕਥਾਵਾਚਕ, ਗ੍ਰੰਥੀ ਜਾਂ ਰਾਗੀ ਹੋਣਾ ਜਰੂਰੀ ਨਹੀਂ, ਸਗੋਂ ਜਥੇਦਾਰ ਹਿੰਮਤ ਵਾਲਾ ਹੋਣਾ ਚਾਹੀਦਾ ਹੈ।

## ਜਥੇਦਾਰ ਦੀ ਨਿਯੁਕਤੀ ਪਿੱਛੇ ਸਾਜ਼ਿਸ਼ ਦਾ ਖਦਸ਼ਾ: ਢੀਂਡਸਾ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਨਿਯੁਕਤੀ ਦਾ ਜਿੱਥੇ ਸਵਾਗਤ ਕੀਤਾ ਹੈ, ਉਥੇ ਹੀ ਇਸ ਨਿਯੁਕਤੀ ਪਿੱਛੇ ਸਾਜ਼ਿਸ਼ ਦਾ ਖਦਸ਼ਾ ਵੀ ਪ੍ਰਗਟ ਕੀਤਾ ਹੈ। ਸ੍ਰੀ ਢੀਂਡਸਾ ਨੇ ਕਿਹਾ ਕਿ ਗਿਆਨੀ ਰਘਬੀਰ ਸਿੰਘ ਪੂਰੀ ਦ੍ਰਿੜ੍ਹਤਾ ਨਾਲ ਕੌਮ ਨੂੰ ਸੇਧ ਦੇਣ ਦਾ ਕੰਮ ਕਰਨਗੇ ਪਰ ਇਸ ਵੇਲੇ ਪੰਜਾਬ ਆਰਥਿਕ, ਧਾਰਮਿਕ ਅਤੇ ਸਿਆਸਤ ਪੱਖੋਂ ਗੰਭੀਰ ਸੰਕਟ ਵਿੱਚੋਂ ਗੁਜਰ ਰਿਹਾ ਹੈ। ਦੂਜੇ ਪਾਸੇ ਸੁਖਬੀਰ ਬਾਦਲ ਬੇਅਦਬੀ ਤੇ ਹੋਰ ਮਾਮਲਿਆਂ 'ਤੇ ਗਿਆਨੀ ਹਰਪ੍ਰੀਤ ਸਿੰਘ 'ਤੇ ਸਿੱਧੇ-ਅਸਿੱਧੇ ਢੰਗ ਨਾਲ ਦਬਾਅ ਪਾ ਕੇ ਪੰਥ ਵਿਚ ਆਪਣੀ ਸਾਖ ਬਹਾਲ ਕਰਨ ਦਾ ਹਰ ਯਤਨ ਕਰਦੇ ਆ ਰਹੇ ਸਨ। ਹੁਣ ਵੀ ਸੰਗਤਾਂ ਅੰਦਰ ਸ਼ੰਕੇ ਪਾਏ ਜਾ ਰਹੇ ਹਨ ਕਿ ਗਿਆਨੀ ਰਘਬੀਰ ਸਿੰਘ ਨੂੰ ਨਵਾਂ ਜਥੇਦਾਰ ਨਿਯੁਕਤ ਕਰਨਾ ਤੇ ਵਿਧੀ ਵਿਧਾਨ ਨੂੰ ਛਿੱਕੇ ਟੰਗਣਾ ਸੁਖਬੀਰ ਬਾਦਲ ਦੀ ਚਾਲ ਹੈ।

# ਗਾਇਕ ਹਨੀ ਸਿੰਘ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ

**ਚੰਡੀਗੜ੍ਹ:** ਉੱਘੇ ਰੈਪਰ ਅਤੇ ਗਾਇਕ ਹਨੀ ਸਿੰਘ ਨੇ ਦਾਅਵਾ ਕੀਤਾ ਹੈ ਕਿ ਉਸ ਨੂੰ ਭਗੌੜੇ ਗੈਂਗਸਟਰ ਗੋਲਡੀ ਬਰਾੜ ਨੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਹੈ। ਉਨ੍ਹਾਂ ਦਿੱਲੀ ਪੁਲਿਸ ਦੇ ਦਫਤਰ 'ਚ ਸ਼ਿਕਾਇਤ ਦਿੰਦਿਆਂ ਸੁਰੱਖਿਆ ਦੀ ਮੰਗ ਕੀਤੀ ਹੈ। ਪੁਲਿਸ ਕਮਿਸ਼ਨਰ ਨਾਲ ਮੁਲਾਕਾਤ ਮਗਰੋਂ ਇਕ ਟੀਵੀ ਚੈਨਲ ਨਾਲ ਗੱਲਬਾਤ ਕਰਦਿਆਂ ਹਨੀ ਸਿੰਘ ਨੇ ਕਿਹਾ,''ਮੈਂ ਡਰ ਗਿਆ ਹਾਂ ਅਤੇ ਮੇਰਾ ਪੂਰਾ ਪਰਿਵਾਰ ਡਰਿਆ ਹੋਇਆ ਹੈ। ਮੌਤ ਦਾ ਕਿਸ ਨੂੰ ਡਰ ਨਹੀਂ ਹੁੰਦਾ ਹੈ? ਇਹ ਪਹਿਲੀ ਵਾਰ ਹੈ ਜਦੋਂ ਮੈਨੂੰ ਕੋਈ ਧਮਕੀ ਮਿਲੀ ਹੈ। ਉਂਜ ਲੋਕਾਂ ਤੋਂ ਮੈਨੂੰ ਬਹੁਤ ਸਾਰਾ ਪਿਆਰ ਮਿਲਿਆ ਹੈ।" ਗਾਇਕ ਨੇ ਕਿਹਾ ਕਿ ਉਸ ਨੂੰ ਅਤੇ ਸਟਾਫ ਨੂੰ ਕੌਮਾਂਤਰੀ ਨੰਬਰਾਂ ਤੋਂ ਧਮਕੀ ਭਰੀਆਂ ਕਾਲਾਂ ਆਈਆਂ ਅਤੇ ਧਮਕੀ ਦੇਣ ਵਾਲਾ ਆਪਣੇ ਆਪ ਨੂੰ ਗੋਲਡੀ ਬਰਾੜ ਆਖ ਰਿਹਾ ਸੀ। ਹਨੀ ਸਿੰਘ ਨੇ ਕਮਿਸ਼ਨਰ ਨੂੰ ਧਮਕੀ ਦੇ ਸਬੂਤ ਦਿੰਦਿਆਂ ਬੇਨਤੀ ਕੀਤੀ ਹੈ ਕਿ ਉਸ ਨੂੰ ਸੁਰੱਖਿਆ ਦਿੱਤੀ ਜਾਵੇ ਅਤੇ ਮਾਮਲੇ ਦੀ ਤਹਿ ਤੱਕ ਪਹੁੰਚਿਆ ਜਾਵੇ।



ਜ਼ਿਕਰਯੋਗ ਹੈ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਉਸ ਦਾ ਸਾਥੀ ਗੋਲਡੀ ਬਰਾੜ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦਾ ਮੁੱਖ ਦੋਸ਼ੀ ਅਤੇ ਮਾਸਟਰਮਾਈਂਡ ਹਨ। ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਪਿਛਲੇ ਸਾਲ 29 ਮਈ ਨੂੰ ਹੱਤਿਆ ਕਰ ਦਿੱਤੀ ਗਈ ਸੀ ਅਤੇ ਗੋਲਡੀ ਬਰਾੜ ਨੇ ਫੇਸਬੁੱਕ 'ਤੇ ਪੋਸਟ ਪਾ ਕੇ ਕਬੂਲਿਆ ਸੀ ਕਿ ਉਸ ਨੇ ਮੂਸੇਵਾਲਾ ਦੀ ਹੱਤਿਆ ਦੀ ਸਾਜ਼ਿਸ਼ ਘੜੀ ਸੀ।

# ਗਿਆਨੀ ਰਘਬੀਰ ਸਿੰਘ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਵਜੋਂ ਸੇਵਾ ਸੰਭਾਲੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਾਲ ਹੀ 'ਚ ਨਿਯੁਕਤ ਕੀਤੇ ਗਏ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਪੰਥਕ ਰਵਾਇਤਾਂ ਅਨੁਸਾਰ ਸੇਵਾ ਸੰਭਾਲ ਲਈ ਹੈ। ਇਸ ਮਗਰੋਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਪੰਜਾਬ ਵਿਧਾਨ ਸਭਾ 'ਚ ਲਿਆਂਦੇ ਗਏ ਸਿੱਖ ਗੁਰਦੁਆਰਾ ਸੋਧ ਬਿੱਲ ਨੂੰ ਮੰਦਭਾਗਾ ਆਖਿਆ ਹੈ।



ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਸੇਵਾ ਸੰਭਾਲ ਸਮਾਗਮ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਗਿਆਨੀ ਰਘਬੀਰ ਸਿੰਘ ਦੇ ਨਾਂ ਦਾ ਰਸਮੀ ਐਲਾਨ ਕੀਤਾ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਅੰਤ੍ਰਿੰਗ ਕਮੇਟੀ ਦੇ ਇਸ ਫੈਸਲੇ ਵਾਲਾ ਮਤਾ ਪੜ੍ਹਿਆ। ਉਨ੍ਹਾਂ ਗਿਆਨੀ ਰਘਬੀਰ ਸਿੰਘ ਨੂੰ ਸ੍ਰੀ ਅਕਾਲ ਤਖਤ ਦੇ ਜਥੇਦਾਰ ਅਤੇ ਗਿਆਨੀ ਸੁਲਤਾਨ ਸਿੰਘ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਨਾਮਜ਼ਦ ਕੀਤੇ ਜਾਣ ਦੇ ਫੈਸਲੇ ਬਾਰੇ ਦੱਸਿਆ। ਇਸ ਮੌਕੇ ਗੁਰਬਾਣੀ ਦੇ ਕੀਰਤਨ ਤੇ ਅਰਦਾਸ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਵੱਲੋਂ ਪਹਿਲੀ ਦਸਤਾਰ ਨਵ-ਨਿਯੁਕਤ ਜਥੇਦਾਰ ਗਿਆਨੀ ਅਮਰਜੀਤ ਸਿੰਘ ਨੇ ਭੇਟ ਕੀਤੀ। ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮੀਤ ਜਥੇਦਾਰ ਗਿਆਨੀ ਜੋਤਇੰਦਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਤੇ ਗਿਆਨੀ ਮਲਕੀਤ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਦਿਆਲ ਸਿੰਘ ਨੇ ਦਸਤਾਰ ਭੇਟ ਕਰਕੇ ਬਤੌਰ ਜਥੇਦਾਰ ਮਾਨਤਾ ਦਿੱਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗਿਆਨੀ ਰਘਬੀਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਸੇਵਾਵਾਂ ਮਿਲਣ 'ਤੇ ਵਧਾਈ ਦਿੱਤੀ।

# ਵਿਰਾਸਤੀ ਸਥਾਨਾਂ ਦੇ ਨਵੀਨੀਕਰਨ 'ਤੇ 15 ਕਰੋੜ ਖਰਚੇ ਜਾਣਗੇ

**ਫ਼ਿਰੋਜ਼ਪੁਰ:** ਪੰਜਾਬ ਸਰਕਾਰ ਵੱਲੋਂ ਸੂਬੇ ਅੰਦਰ ਸੈਰ ਸਪਾਟੇ ਨੂੰ ਉਤਸ਼ਾਹਿਤ ਕਰਨ ਅਤੇ ਇਤਿਹਾਸਿਕ ਤੇ ਵਿਰਾਸਤੀ ਥਾਵਾਂ ਦੇ ਵਿਕਾਸ ਲਈ ਯੋਜਨਾ ਉਲੀਕੀ ਗਈ ਹੈ ਤਾਂ ਕਿ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਸੈਲਾਨੀ ਆਕਰਸ਼ਿਤ ਹੋ ਸਕਣ। ਇਹ ਦਾਅਵਾ ਕੈਬਨਿਟ ਮੰਤਰੀ (ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ) ਅਨਮੋਲ ਗਗਨ ਮਾਨ ਨੇ ਆਪਣੀ ਫ਼ਿਰੋਜ਼ਪੁਰ ਫੇਰੀ ਦੌਰਾਨ ਕੀਤਾ।



ਉਨ੍ਹਾਂ ਸ਼ਹੀਦੀ ਸਮਾਰਕ ਹੁਸੈਨੀਵਾਲਾ ਵਿਚ ਕੌਮੀ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਇਤਿਹਾਸਕ ਗੁਰਦੁਆਰਾ ਸਾਰਾਗੜ੍ਹੀ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਦੱਸਿਆ ਕਿ ਫਿਰੋਜ਼ਪੁਰ ਨੂੰ ਸੈਲਾਨੀ ਕੇਂਦਰ ਵਜੋਂ ਵਿਕਸਿਤ ਕੀਤਾ ਜਾਵੇਗਾ ਤੇ ਐਂਗਲੋ ਸਿੱਖ ਵਾਰ ਮੈਮੋਰੀਅਲ ਸਮੇਤ ਹੋਰ ਸਥਾਨਕ ਯਾਦਗਾਰਾਂ ਨੂੰ ਐਂਗਲੋ ਸਿੱਖ ਵਾਰ ਸਰਕਟ ਪੰਜਾਬ ਤਹਿਤ ਨਵਿਆਇਆ ਜਾ ਰਿਹਾ ਹੈ, ਜਿਸ ਤਹਿਤ 15.5 ਕਰੋੜ ਰੁਪਏ ਦੀ ਰਾਸ਼ੀ ਖਰਚ ਕੀਤੀ ਜਾਵੇਗੀ ਤੇ ਇਨ੍ਹਾਂ ਕੰਮਾਂ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਇਨ੍ਹਾਂ ਵਿਚ ਮੁੱਦਕੀ ਮੈਮੋਰੀਅਲ, ਸਭਰਾਉਂ, ਮਿਸ਼ਰੀਵਾਲਾ ਅਤੇ ਅਲੀਵਾਲ ਮੈਮੋਰੀਅਲ (ਲੁਧਿਆਣਾ) ਨੂੰ ਵੀ ਸ਼ਾਮਲ ਕੀਤਾ ਗਿਆ ਹੈ।

# ਭ੍ਰਿਸ਼ਟ ਅਫਸਰਾਂ ਖਿਲਾਫ ਸਖਤ ਕਾਰਵਾਈ ਦੀ ਤਿਆਰੀ

**ਫਤਹਿਗੜ੍ਹ ਸਾਹਿਬ:** ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਆਖਿਆ ਕਿ ਮਾਲ ਵਿਭਾਗ 'ਚ ਭ੍ਰਿਸ਼ਟਾਚਾਰ ਮਾਮਲੇ ਦੀ ਜਾਂਚ ਤੋਂ ਬਾਅਦ ਭ੍ਰਿਸ਼ਟ ਅਫਸਰਾਂ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਵਿਜੀਲੈਂਸ ਵੱਲੋਂ ਕੀਤੀ ਜਾਣ ਵਾਲੀ ਪੜਤਾਲ ਦੌਰਾਨ ਜਿਹੜੇ ਅਫਸਰਾਂ 'ਤੇ ਦੋਸ਼ ਸਾਬਤ ਹੋਣਗੇ, ਉਨ੍ਹਾਂ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ।

ਮਾਲ ਅਫਸਰਾਂ ਦੀ ਜਥੇਬੰਦੀ ਵੱਲੋਂ ਹੜਤਾਲ ਕਰਨ ਦੇ ਐਲਾਨ ਸਬੰਧੀ ਪੁੱਛੇ ਇਕ ਸਵਾਲ ਦੇ ਜਵਾਬ ਵਿਚ ਸ੍ਰੀ ਜਿੰਪਾ ਨੇ ਆਖਿਆ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਹੈ ਅਤੇ ਇਸ ਸਬੰਧੀ ਯੂਨੀਅਨ ਨਾਲ ਗੱਲਬਾਤ ਵੀ ਜਾਰੀ ਹੈ। ਰਜਿਸਟਰੀਆਂ ਲਈ ਐਨ.ਓ.ਸੀ. ਲੈਣ ਵਿਚ ਆ ਰਹੀ ਮੁਸ਼ਕਲ ਨੂੰ ਦੇਖਦੇ ਹੋਏ ਇਸ ਪ੍ਰਕਿਰਿਆ ਨੂੰ ਹੋਰ ਸੁਖਾਲਾ ਬਣਾਇਆ ਜਾਵੇਗਾ ਅਤੇ ਲੋਕਾਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਦੋਸ਼ ਲਾਇਆ ਕਿ ਪਿਛਲੀਆਂ ਸਰਕਾਰਾਂ ਨੇ ਗੈਰਕਾਨੂੰਨੀ ਕਲੋਨੀਆਂ ਕੱਟਣ ਨੂੰ ਖੁੱਲ੍ਹ ਦਿੱਤੀ, ਜਿਸ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਸਰਕਾਰ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ ਤਾਂ ਜੋ ਲੋਕਾਂ ਨੂੰ ਚੰਗਾ ਸਿਸਟਮ ਮਿਲੇ।

# ਕੇਂਦਰ ਵੱਲੋਂ ਬੀ.ਬੀ.ਐਮ.ਬੀ. 'ਚ ਘੁਸਪੈਠ ਦੀਆਂ ਕੋਸ਼ਿਸ਼ਾਂ ਤੇਜ਼

**ਚੰਡੀਗੜ੍ਹ:** ਪੰਜਾਬ ਸਰਕਾਰ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ) ਦੇ ਮਾਮਲੇ ਵਿਚ ਚੁੱਪ ਹੈ ਅਤੇ ਕੇਂਦਰ ਸਰਕਾਰ ਲਗਾਤਾਰ ਇਸ ਵਿਚ ਘੁਸਪੈਠ ਕਰਨ ਵਿਚ ਲੱਗੀ ਹੋਈ ਹੈ। ਹਾਕਮ ਧਿਰ ਤੇ ਵਿਰੋਧੀ ਧਿਰਾਂ ਨੇ ਇਸ ਮੁੱਦੇ 'ਤੇ ਸਿਆਸੀ ਲੜਾਈ ਵਿੱਢਣ ਤੋਂ ਵੀ ਕਿਨਾਰਾ ਕੀਤਾ ਹੋਇਆ ਹੈ।



ਕੇਂਦਰੀ ਊਰਜਾ ਮੰਤਰਾਲੇ ਨੇ ਹੁਣ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦਾ ਪੱਕਾ ਚੇਅਰਮੈਨ ਲਗਾਉਣ ਦੀ ਥਾਂ ਨੰਦ ਲਾਲ ਸ਼ਰਮਾ ਨੂੰ ਵਾਧੂ ਚਾਰਜ ਦੇ ਦਿੱਤਾ ਹੈ। ਨੰਦ ਲਾਲ ਸ਼ਰਮਾ ਇਸ ਵੇਲੇ ਸਤਲੁਜ ਵਿਧੁਤ ਨਿਗਮ ਲਿਮਟਿਡ ਦੇ ਚੇਅਰਮੈਨ ਹਨ ਜੋ ਪਹਿਲੀ ਜੁਲਾਈ ਤੋਂ ਬੀ.ਬੀ.ਐਮ.ਬੀ. ਦੇ ਚੇਅਰਮੈਨ ਦਾ ਵਾਧੂ ਚਾਰਜ ਸੰਭਾਲਣਗੇ।

ਕੇਂਦਰੀ ਮੰਤਰਾਲੇ ਨੇ ਕਿਹਾ ਕਿ ਸ਼ਰਮਾ ਨੂੰ ਤਿੰਨ ਮਹੀਨੇ ਲਈ ਬੀ.ਬੀ.ਐਮ.ਬੀ. ਦੇ ਚੇਅਰਮੈਨ ਦਾ ਚਾਰਜ ਦਿੱਤਾ ਗਿਆ ਹੈ ਜਾਂ ਫਿਰ ਉਹ ਰੈਗੂਲਰ ਚੇਅਰਮੈਨ ਦੀ ਨਿਯੁਕਤੀ ਤੱਕ ਇਸ ਅਹੁਦੇ 'ਤੇ ਬਣੇ ਰਹਿਣਗੇ। ਸੂਤਰਾਂ ਮੁਤਾਬਕ ਪਹਿਲੀ ਜੁਲਾਈ ਤੋਂ ਬੀ.ਬੀ.ਐਮ.ਬੀ. ਪੂਰੀ ਤਰ੍ਹਾਂ ਐਡਹਾਕ ਹੱਥਾਂ ਵਿਚ ਚਲਾ ਜਾਵੇਗਾ।

ਬੀ.ਬੀ.ਐਮ.ਬੀ. ਦੇ ਮੌਜੂਦਾ ਚੇਅਰਮੈਨ ਸੰਜੈ ਸ੍ਰੀਵਾਸਤਵਾ 30 ਜੂਨ ਨੂੰ ਸੇਵਾਮੁਕਤ ਹੋ ਰਹੇ ਹਨ, ਜੋ ਪਹਿਲਾਂ ਸੈਂਟਰਲ ਰੈਗੂਲੇਟਰੀ ਅਥਾਰਿਟੀ ਵਿਚ ਮੁੱਖ ਇੰਜੀਨੀਅਰ ਸਨ। ਇਸ ਤੋਂ ਪਹਿਲਾਂ ਕੇਂਦਰੀ ਊਰਜਾ ਮੰਤਰਾਲੇ ਨੇ ਬੀ.ਬੀ.ਐਮ.ਬੀ. ਦੇ ਮੈਂਬਰ (ਪਾਵਰ) ਦਾ ਚਾਰਜ ਵੀ ਅਮਰਜੀਤ ਸਿੰਘ ਜੁਨੇਜਾ ਨੂੰ ਦਿੱਤਾ ਹੈ। ਬੀ.ਬੀ.ਐਮ.ਬੀ. ਦੇ ਮੁੱਖ ਇੰਜੀਨੀਅਰ ਜੁਨੇਜਾ ਨੂੰ ਇਹ ਚਾਰਜ ਛੇ ਮਹੀਨੇ ਲਈ ਦਿੱਤਾ ਗਿਆ ਹੈ। ਇਸੇ ਹਫਤੇ ਹੀ ਕੇਂਦਰੀ ਮੰਤਰਾਲੇ ਨੇ ਇਹ ਹੁਕਮ ਜਾਰੀ ਕੀਤੇ ਹਨ। ਦੱਸਣਯੋਗ ਹੈ ਕਿ ਕੇਂਦਰੀ ਬਿਜਲੀ ਮੰਤਰਾਲੇ ਨੇ ਬੀ.ਬੀ.ਐਮ.ਬੀ. ਦਾ ਨਵਾਂ ਚੇਅਰਮੈਨ ਲਾਉਣ ਲਈ ਪ੍ਰਕਿਰਿਆ ਸ਼ੁਰੂ ਕੀਤੀ ਸੀ ਅਤੇ ਚਾਹਵਾਨਾਂ ਨੇ 21 ਮਾਰਚ ਤੱਕ ਆਪਣੇ ਵੇਰਵੇ ਭੇਜੇ ਸਨ। ਚੇਅਰਮੈਨ ਦੀ ਨਿਯੁਕਤੀ ਲਈ ਜੋ ਯੋਗਤਾ ਦਾ ਪੈਮਾਨਾ ਰੱਖਿਆ ਹੈ, ਉਸ ਤੋਂ ਸਾਫ ਹੈ ਕਿ ਪੰਜਾਬ ਦੇ ਹੱਥ ਚੇਅਰਮੈਨੀ ਲੱਗਣੀ ਮੁਸ਼ਕਲ ਹੈ।

ਚੇਅਰਮੈਨ ਦੀ ਨਿਯੁਕਤੀ ਲਈ ਨਿਰਧਾਰਿਤ ਯੋਗਤਾ ਕਿਸੇ ਪੱਖੋਂ ਪੰਜਾਬ ਦੇ ਅਨੁਕੂਲ ਨਹੀਂ। ਇਸ ਨੂੰ ਦੇਖਦੇ ਹੋਏ ਜਾਪਦਾ ਹੈ ਕਿ ਨਵਾਂ ਰੈਗੂਲਰ ਚੇਅਰਮੈਨ ਵੀ ਪੰਜਾਬ ਤੋਂ ਬਾਹਰਲਾ ਹੀ ਲੱਗੇਗਾ। ਕੇਂਦਰ ਸਰਕਾਰ ਨੇ ਪਹਿਲਾਂ ਪੰਜਾਬ ਕੋਲੋਂ ਬੀ.ਬੀ.ਐਮ.ਬੀ. ਦੀ ਸਥਾਈ ਪ੍ਰਤੀਨਿਧਤਾ ਵੀ ਖੋਹ ਲਈ ਹੈ ਅਤੇ ਇਹ ਮੈਂਬਰ ਲਾਉਣ ਵਾਸਤੇ ਸ਼ਰਤਾਂ ਵੀ ਅਜਿਹੀਆਂ ਨਿਰਧਾਰਿਤ ਕੀਤੀਆਂ ਹਨ ਜਿਸ ਵਿਚ ਪੰਜਾਬ ਤੋਂ ਕੋਈ ਵੀ ਇੰਜੀਨੀਅਰ ਯੋਗ ਨਹੀਂ ਹੋ ਸਕਦਾ। ਕੇਂਦਰ ਬੀ.ਬੀ.ਐੱਮ.ਬੀ. ਦੀ ਸੁਰੱਖਿਆ ਕੇਂਦਰੀ ਬਲਾਂ ਦੇ ਹਵਾਲੇ ਕਰਨ ਦਾ ਫੈਸਲਾ ਪਹਿਲਾਂ ਹੀ ਲੈ ਚੁੱਕਾ ਹੈ।

# ਮੋਦੀ ਸਰਕਾਰ ਨੇ ਪੰਜਾਬ ਨੂੰ ਕੇਂਦਰੀ ਪੂਲ ਵਿਚੋਂ ਬਿਜਲੀ ਦੇਣ ਤੋਂ ਚੁੱਪ ਵੱਟੀ

**ਚੰਡੀਗੜ੍ਹ:** ਪੰਜਾਬ ਦੇ ਖੇਤੀ ਸੈਕਟਰ ਵਿਚ ਇਸ ਵੇਲੇ ਬਿਜਲੀ ਦੀ ਮੰਗ ਦਾ ਅੰਕੜਾ 15 ਹਜ਼ਾਰ ਮੈਗਾਵਾਟ ਨੂੰ ਪਾਰ ਕਰ ਗਿਆ ਹੈ। ਸਮੁੱਚੇ ਪੰਜਾਬ 'ਚ ਝੋਨੇ ਦੀ ਲੁਆਈ ਸ਼ੁਰੂ ਹੋ ਗਈ ਹੈ ਅਤੇ ਬਿਜਲੀ ਦੀ ਮੰਗ 'ਚ ਇਕਦਮ ਵਾਧਾ ਪੰਜਾਬ ਸਰਕਾਰ ਲਈ ਪ੍ਰੀਖਿਆ ਵਾਂਗ ਹੈ।

ਉਧਰ, ਕੇਂਦਰ ਸਰਕਾਰ ਨੇ ਪੰਜਾਬ ਨੂੰ ਕੇਂਦਰੀ ਪੂਲ ਵਿਚੋਂ ਇਕ ਹਜ਼ਾਰ ਮੈਗਾਵਾਟ ਬਿਜਲੀ ਦੇਣ ਤੋਂ ਚੁੱਪ ਵੱਟ ਲਈ ਹੈ, ਹਾਲਾਂਕਿ ਪਾਵਰਕੌਮ ਨੇ ਇਸ ਦੇ ਟਾਕਰੇ ਲਈ ਬਦਲਵੇਂ ਵਸੀਲੇ ਵਰਤਣੇ ਸ਼ੁਰੂ ਕਰ ਦਿੱਤੇ ਹਨ। ਕੇਂਦਰ ਨੇ ਹਾਲਾਂਕਿ ਪਿਛਲੇ ਵਰ੍ਹੇ ਕੇਂਦਰੀ ਪੂਲ ਵਿਚੋਂ ਝੋਨੇ ਦੇ ਸੀਜ਼ਨ ਵਿਚ 1500 ਮੈਗਾਵਾਟ ਬਿਜਲੀ ਮੱਧ ਜੂਨ ਤੋਂ ਦੇਣੀ ਸ਼ੁਰੂ ਕਰ ਦਿੱਤੀ ਸੀ। ਐਤਕੀਂ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਊਰਜਾ ਮੰਤਰਾਲੇ ਨੂੰ ਪੱਤਰ ਲਿਖ ਕੇ ਝੋਨੇ ਦੇ ਸੀਜ਼ਨ ਮੌਕੇ 1500 ਮੈਗਾਵਾਟ ਬਿਜਲੀ ਦੀ ਮੰਗ ਕੀਤੀ ਸੀ ਪਰ ਕੇਂਦਰ ਨੇ ਹਾਲੇ ਤੱਕ ਇਸ ਬਾਰੇ ਕੋਈ ਹੁੰਗਾਰਾ ਨਹੀਂ ਭਰਿਆ ਹੈ।

ਪਾਵਰਕੌਮ ਨੇ ਪੰਜਾਬ ਦੇ 6777 ਖੇਤੀ ਫੀਡਰਾਂ ਤੋਂ ਖੇਤੀ ਸੈਕਟਰ ਨੂੰ ਅੱਠ ਘੰਟੇ ਬਿਜਲੀ ਸਪਲਾਈ ਦੇਣ ਵਾਸਤੇ ਸਾਰੇ ਵਸੀਲੇ ਵਰਤ ਲਏ ਹੈ। ਪਾਵਰਕੌਮ ਨੇ ਸਰਦੀਆਂ ਵਿਚ ਉਧਾਰ ਬਿਜਲੀ ਦਿੱਤੀ ਸੀ ਜਿਸ ਦੀ ਵਾਪਸੀ ਹੁਣ ਲਈ ਜਾ ਰਹੀ ਹੈ। ਸੂਬੇ ਵਿਚ ਬਿਜਲੀ ਦੀ ਮੰਗ 15054 ਮੈਗਾਵਾਟ ਹੋ ਗਈ ਹੈ ਜੋ 15 ਜੂਨ ਨੂੰ ਕਰੀਬ 9 ਹਜ਼ਾਰ ਮੈਗਾਵਾਟ ਸੀ। ਪੰਜਾਬ ਨੂੰ ਚਾਰ ਜ਼ੋਨਾਂ ਵਿਚ ਵੰਡ ਕੇ ਝੋਨੇ ਦੀ ਲੁਆਈ ਸ਼ੁਰੂ ਕੀਤੀ ਗਈ ਸੀ। ਪਾਵਰਕੌਮ ਵੱਲੋਂ ਦਿਨ ਵੇਲੇ ਐਕਸਚੇਂਜ ਵਿਚੋਂ ਸੂਰਜੀ ਊਰਜਾ ਵਾਲੀ ਬਿਜਲੀ ਖਰੀਦੀ ਜਾ ਰਹੀ ਹੈ ਜੋ ਸਸਤੀ ਵੀ ਪੈਂਦੀ ਹੈ। ਇਸ ਵੇਲੇ ਪੰਜਾਬ ਦੇ ਸਾਰੇ ਤਾਪ ਬਿਜਲੀ ਘਰ ਚੱਲ ਰਹੇ ਹਨ। ਪ੍ਰਾਈਵੇਟ ਤਾਪ ਬਿਜਲੀ ਘਰਾਂ ਤੋਂ ਕਰੀਬ 3650 ਮੈਗਾਵਾਟ ਬਿਜਲੀ ਮਿਲ ਰਹੀ ਹੈ।



ਪਾਵਰਕੌਮ ਨੂੰ ਆਪਣੇ ਵਸੀਲਿਆਂ ਤੋਂ 6500 ਮੈਗਾਵਾਟ ਬਿਜਲੀ ਮਿਲ ਰਹੀ ਹੈ ਅਤੇ ਤਿੰਨ ਹਜ਼ਾਰ ਮੈਗਾਵਾਟ ਬਿਜਲੀ ਬੈਂਕਿੰਗ ਵਿਚੋਂ ਮਿਲ ਰਹੀ ਹੈ ਜੋ ਪਾਵਰਕੌਮ ਨੇ ਪਹਿਲਾਂ ਉਧਾਰ ਦਿੱਤੀ ਹੋਈ ਸੀ। ਕੇਂਦਰੀ ਪ੍ਰੋਜੈਕਟਾਂ ਵਿਚੋਂ ਹਿੱਸੇ ਵਜੋਂ 4800 ਮੈਗਾਵਾਟ ਬਿਜਲੀ ਪ੍ਰਾਪਤ ਹੋ ਰਹੀ ਹੈ। ਇਸੇ ਤਰ੍ਹਾਂ ਪਾਵਰਕੌਮ ਵੱਲੋਂ ਰੋਜ਼ਾਨਾ ਇਕ ਹਜ਼ਾਰ ਮੈਗਾਵਾਟ ਬਿਜਲੀ ਐਕਸਚੇਂਜ ਵਿਚੋਂ ਔਸਤਨ ਪ੍ਰਤੀ ਯੂਨਿਟ 5.50 ਰੁਪਏ ਦੇ ਭਾਅ 'ਤੇ ਖ਼ਰੀਦ ਵੀ ਕੀਤੀ ਜਾ ਰਹੀ ਹੈ। ਟਰਾਂਸਕੋ ਨੇ ਦਾਅਵਾ ਕੀਤਾ ਸੀ ਕਿ ਐਤਕੀ ਟਰਾਂਸਮਿਸ਼ਨ ਸਮਰੱਥਾ 9500 ਮੈਗਾਵਾਟ ਦੀ ਕਰ ਦਿੱਤੀ ਜਾਵੇਗੀ ਪਰ ਇਹ 9000 ਮੈਗਾਵਾਟ ਸਮਰੱਥਾ ਦੀ ਹੀ ਹੋ ਸਕੀ ਹੈ। ਜੇ ਬਿਜਲੀ ਦੀ ਮੰਗ ਵਿਚ ਹੋਰ ਅਣਕਿਆਸਿਆ ਵਾਧਾ ਹੁੰਦਾ ਹੈ ਤਾਂ ਸਮੱਸਿਆ ਵਧ ਸਕਦੀ ਹੈ।

ਤਾਪ ਬਿਜਲੀ ਘਰਾਂ ਵਿਚ ਇਸ ਵੇਲੇ ਕੋਲਾ ਭੰਡਾਰ ਤਸੱਲੀ ਵਾਲੇ ਹਨ। ਵੇਰਵਿਆਂ ਅਨੁਸਾਰ ਲਹਿਰਾ ਮੁਹੱਬਤ ਥਰਮਲ ਵਿਚ 25 ਦਿਨਾਂ ਅਤੇ ਰੋਪੜ ਥਰਮਲ ਵਿਚ 44 ਦਿਨਾਂ ਦਾ ਕੋਲਾ ਪਿਆ ਹੈ। ਰਾਜਪੁਰਾ ਥਰਮਲ ਪਲਾਂਟ ਵਿਚ 34 ਦਿਨਾਂ ਦਾ ਕੋਲਾ ਪਿਆ ਹੈ ਜਦੋਂ ਕਿ ਬਣਾਂਵਾਲੀ ਥਰਮਲ ਪਲਾਂਟ ਵਿਚ ਸੱਤ ਦਿਨਾਂ ਅਤੇ ਗੋਇੰਦਵਾਲ ਥਰਮਲ ਕੋਲ ਚਾਰ ਦਿਨਾਂ ਦਾ ਕੋਲਾ ਸਟਾਕ ਹੈ।

### ਪਾਵਰਕੌਮ ਨੇ ਬਦਲਵੇਂ ਵਸੀਲੇ ਵਰਤਣੇ ਸ਼ੁਰੂ ਕੀਤੇ

**ਚੰਡੀਗੜ੍ਹ:** ਪਾਵਰਕੌਮ ਨੇ ਇਸ ਦੇ ਟਾਕਰੇ ਲਈ ਬਦਲਵੇਂ ਵਸੀਲੇ ਵਰਤਣੇ ਸ਼ੁਰੂ ਕਰ ਦਿੱਤੇ ਹਨ। ਪਾਵਰਕੌਮ ਨੂੰ ਆਪਣੇ ਵਸੀਲਿਆਂ ਤੋਂ 6500 ਮੈਗਾਵਾਟ ਬਿਜਲੀ ਮਿਲ ਰਹੀ ਹੈ ਅਤੇ ਤਿੰਨ ਹਜ਼ਾਰ ਮੈਗਾਵਾਟ ਬਿਜਲੀ ਬੈਂਕਿੰਗ ਵਿਚੋਂ ਮਿਲ ਰਹੀ ਹੈ ਜੋ ਪਾਵਰਕੌਮ ਨੇ ਪਹਿਲਾਂ ਉਧਾਰ ਦਿੱਤੀ ਹੋਈ ਸੀ। ਕੇਂਦਰੀ ਪ੍ਰੋਜੈਕਟਾਂ ਵਿਚੋਂ ਹਿੱਸੇ ਵਜੋਂ 4800 ਮੈਗਾਵਾਟ ਬਿਜਲੀ ਪ੍ਰਾਪਤ ਹੋ ਰਹੀ ਹੈ। ਇਸੇ ਤਰ੍ਹਾਂ ਪਾਵਰਕੌਮ ਵੱਲੋਂ ਰੋਜ਼ਾਨਾ ਇਕ ਹਜ਼ਾਰ ਮੈਗਾਵਾਟ ਬਿਜਲੀ ਐਕਸਚੇਂਜ ਵਿਚੋਂ ਔਸਤਨ ਪ੍ਰਤੀ ਯੂਨਿਟ 5.50 ਰੁਪਏ ਦੇ ਭਾਅ 'ਤੇ ਖ਼ਰੀਦ ਵੀ ਕੀਤੀ ਜਾ ਰਹੀ ਹੈ।

## ਪ੍ਰਧਾਨ ਲਾਉਣ ਲਈ ਪੰਜ ਕਰੋੜ ਮੰਗਣ ਵਾਲਿਆਂ ਖਿਲਾਫ ਕੇਸ ਦਰਜ




**ਬਠਿੰਡਾ:** ਭਾਜਪਾ ਦੀ ਸੂਬਾ ਸਕੱਤਰ ਦਮਨ ਥਿੰਦ ਬਾਜਵਾ ਨੂੰ ਸੂਬਾ ਪ੍ਰਧਾਨ ਲੁਆਉਣ ਲਈ 5 ਕਰੋੜ ਰੁਪਏ ਮੰਗਣ ਵਾਲੇ ਦੋ ਵਿਅਕਤੀਆਂ ਖ਼ਿਲਾਫ ਬਠਿੰਡਾ ਪੁਲਿਸ ਨੇ ਥਾਣਾ ਕੈਂਟ 'ਚ ਕੇਸ ਦਰਜ ਕੀਤਾ ਹੈ। ਪੁਲਿਸ ਨੇ ਮੁਲਜ਼ਮਾਂ 'ਚੋਂ ਇਕ ਹਰੀਸ਼ ਗਰਗ ਵਾਸੀ ਕੋਟਫੱਤਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜਦਕਿ ਦੂਜੇ ਮੁਲਜ਼ਮ ਸੌਰਵ ਚੌਧਰੀ ਦੀ ਗ੍ਰਿਫ਼ਤਾਰੀ ਹਾਲੇ ਬਾਕੀ ਹੈ।ਭਾਜਪਾ ਆਗੂ ਦਮਨ ਥਿੰਦ ਬਾਜਵਾ ਪਤਨੀ ਹਰਮਨ ਦੇਵ ਵਾਸੀ ਅਕਾਲਗੜ੍ਹ ਜ਼ਿਲ੍ਹਾ ਸੰਗਰੂਰ ਨੇ ਪੁਲਿਸ ਕੋਲ ਸ਼ਿਕਾਇਤ ਕਰਦਿਆਂ ਕਿਹਾ ਕਿ ਉਹ ਭਾਜਪਾ ਦੀ ਸੂਬਾਈ ਸਕੱਤਰ ਹੈ। ਉਸ ਨੂੰ 23 ਜੂਨ ਨੂੰ ਹਰੀਸ਼ ਗਰਗ ਭੁੱਚੋ ਕਲਾਂ (ਨਜ਼ਦੀਕ ਬਠਿੰਡਾ) ਵਿਚ ਮਿਲਿਆ ਅਤੇ ਉਸ ਨੇ ਦੱਸਿਆ ਕਿ ਭਾਰਤੀ ਜਨਤਾ ਪਾਰਟੀ ਵਿਚ ਉਸ ਦਾ ਕਾਫੀ ਵੱਡਾ ਰੁਤਬਾ ਹੈ। ਉਸ ਨੇ ਖੁਲਾਸਾ ਕੀਤਾ ਕਿ ਪੰਜਾਬ ਭਾਜਪਾ ਪ੍ਰਧਾਨ ਦੀ ਹੋਣ ਵਾਲੀ ਚੋਣ 'ਚ ਉਨ੍ਹਾਂ (ਥਿੰਦ ਬਾਜਵਾ) ਦਾ ਨਾਂ ਵੀ ਵਿਚਾਰ ਅਧੀਨ ਹੈ। ਉਸ ਨੇ ਪੇਸ਼ਕਸ਼ ਕੀਤੀ ਕਿ ਜੇ ਉਨ੍ਹਾਂ ਪ੍ਰਧਾਨ ਬਣਨਾ ਹੈ ਤਾਂ 5 ਕਰੋੜ ਰੁਪਏ ਦਾ ਇੰਤਜ਼ਾਮ ਕੀਤਾ ਜਾਵੇ ਅਤੇ ਇਹ ਕੰਮ ਕਰਵਾ ਦਿੱਤਾ ਜਾਵੇਗਾ। ਥਿੰਦ ਬਾਜਵਾ ਨੇ ਕਿਹਾ ਕਿ ਉਸ ਵਿਅਕਤੀ ਬਾਰੇ ਸ਼ੱਕ ਪੈਣ 'ਤੇ ਜਦੋਂ ਉਨ੍ਹਾਂ ਪਾਰਟੀ ਦੀ ਆਹਲਾ ਲੀਡਰਸ਼ਿਪ ਤੋਂ ਪਤਾ ਕੀਤਾ ਤਾਂ ਸਪਸ਼ਟ ਹੋਇਆ ਕਿ ਦੋਵੇਂ ਵਿਅਕਤੀ ਜਾਅਲੀ ਹਨ।

# ਠੱਗੀ ਦੇ ਦੋਸ਼ ਹੇਠ ਸਾਬਕਾ ਕਾਂਗਰਸੀ ਵਿਧਾਇਕ ਸਣੇ ਛੇ ਖਿਲਾਫ ਕੇਸ

**ਲੁਧਿਆਣਾ:** ਪਰਲਜ਼ ਚਿੱਟ ਫੰਡ ਘੁਟਾਲੇ 'ਚ ਮੁੱਖ ਮੁਲਜ਼ਮ ਨਿਰਮਲ ਸਿੰਘ ਭੰਗੂ ਨੂੰ ਜ਼ਮਾਨਤ 'ਤੇ ਬਾਹਰ ਲਿਆਉਣ ਤੋਂ ਬਾਅਦ ਕੇਸ ਖਾਰਜ ਕਰਵਾਉਣ ਬਦਲੇ ਸਾਢੇ ਤਿੰਨ ਕਰੋੜ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ 'ਚ ਥਾਣਾ ਸਰਾਭਾ ਨਗਰ ਦੀ ਪੁਲਿਸ ਨੇ ਕੋਟਭਾਈ ਤੋਂ ਸਾਬਕਾ ਕਾਂਗਰਸੀ ਵਿਧਾਇਕ ਪ੍ਰੀਤਮ ਸਿੰਘ ਕੋਟਭਾਈ ਸਣੇ ਛੇ ਜਣਿਆਂ ਖਿਲਾਫ਼ ਕੇਸ ਦਰਜ ਕੀਤਾ ਹੈ।

ਪੁਲਿਸ ਨੇ ਇਹ ਮਾਮਲਾ ਨਿਰਮਲ ਸਿੰਘ ਭੰਗੂ ਦੇ ਨਜ਼ਦੀਕੀ ਰਿਸ਼ਤੇਦਾਰ ਸ਼ਿੰਦਰ ਸਿੰਘ ਦੀ ਸ਼ਿਕਾਇਤ 'ਤੇ ਦਰਜ ਕੀਤਾ ਜਿਸ ਵਿਚ ਸਾਬਕਾ ਕਾਂਗਰਸੀ ਵਿਧਾਇਕ ਪ੍ਰੀਤਮ ਸਿੰਘ ਕੋਟਭਾਈ, ਜੀਵਨ ਸਿੰਘ ਵਾਸੀ ਗਿੱਦੜਬਾਹਾ, ਦਲੀਪ ਕੁਮਾਰ ਤ੍ਰਿਪਾਠੀ ਵਾਸੀ ਕਾਨਪੁਰ ਰੋਡ,




ਲਖਨਊ, ਸੰਜੇ ਸ਼ਰਮਾ ਫਰੀਦਾਬਾਦ ਹਰਿਆਣਾ, ਸਈਅਦ ਪਰਵੇਜ਼ ਵਾਸੀ ਲਖਨਊ ਤੇ ਗਿੱਦੜਬਾਹਾ ਦੇ ਧਰਮਵੀਰ ਨੂੰ ਨਾਮਜ਼ਦ ਕੀਤਾ ਹੈ। ਪੁਲਿਸ ਨੇ ਇਸ ਮਾਮਲੇ 'ਚ ਜੀਵਨ ਸਿੰਘ, ਧਰਮਵੀਰ ਤੇ ਦਲੀਪ ਕੁਮਾਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦੋਂ ਕਿ ਬਾਕੀ ਮੁਲਜ਼ਮ ਹਾਲੇ ਫਰਾਰ ਹਨ। ਸ਼ਿਕਾਇਤ ਅਨੁਸਾਰ ਨਿਰਮਲ ਸਿੰਘ ਭੰਗੂ ਪਰਲਜ਼ ਚਿੱਟ ਐਂਡ ਫੰਡ ਘੁਟਾਲੇ ਤਹਿਤ ਤਿਹਾੜ ਜੇਲ੍ਹ 'ਚ ਬੰਦ ਹੈ। ਉਹ ਕਾਫੀ ਸਮੇਂ ਤੋਂ ਜ਼ਮਾਨਤ ਲੈਣ ਲਈ ਕੋਸ਼ਿਸ਼ ਕਰ ਰਿਹਾ ਸੀ ਪਰ ਉਸ ਨੂੰ ਜ਼ਮਾਨਤ ਨਹੀਂ ਮਿਲੀ।

ਨਿਰਮਲ ਸਿੰਘ ਕਿਸੇ ਮਾਮਲੇ 'ਚ ਬਠਿੰਡਾ ਜੇਲ੍ਹ 'ਚ ਵੀ ਬੰਦ ਰਿਹਾ ਜਿੱਥੇ ਜੁਲਾਈ 2020 ਵਿਚ ਉਸ ਦੀ ਮੁਲਾਕਾਤ ਸਾਬਕਾ ਕਾਂਗਰਸੀ ਵਿਧਾਇਕ ਪ੍ਰੀਤਮ ਸਿੰਘ ਕੋਟਭਾਈ ਨਾਲ ਹੋਈ ਜਿਸ ਨੇ ਨਿਰਮਲ ਸਿੰਘ ਨੂੰ ਬਾਹਰ ਕੱਢਣ ਦਾ ਝਾਂਸਾ ਦਿੰਦਿਆਂ ਕਿਹਾ ਕਿ ਉਸ ਦੇ ਉਚ ਅਧਿਕਾਰੀਆਂ ਨਾਲ ਚੰਗੇ ਸਬੰਧ ਹਨ ਤੇ ਉਹ ਉਸ ਦੀ ਜ਼ਮਾਨਤ ਕਰਵਾ ਸਕਦਾ ਹੈ ਤੇ ਬਾਅਦ 'ਚ ਮਾਮਲਾ ਰੱਦ ਕਰਵਾ ਦੇਵੇਗਾ ਜਿਸ ਲਈ ਪੰਜ ਕਰੋੜ ਰੁਪਏ ਲੱਗਣਗੇ। ਨਿਰਮਲ ਸਿੰਘ ਨੇ ਆਪਣੇ ਰਿਸ਼ਤੇਦਾਰ ਸ਼ਿੰਦਰ ਸਿੰਘ ਨੂੰ ਸਾਢੇ 3 ਕਰੋੜ ਰੁਪਏ ਪਹਿਲਾਂ ਤੇ ਡੇਢ ਕਰੋੜ ਰੁਪਏ ਕੰਮ ਹੋਣ 'ਤੇ ਦੇਣ ਲਈ ਕਿਹਾ। ਇਸ ਤੋਂ ਬਾਅਦ ਸ਼ਿੰਦਰ ਨੇ ਸ਼ਹਿਰ ਦੇ ਇਕ ਵਿਅਕਤੀ ਤੋਂ ਸਾਢੇ ਤਿੰਨ ਕਰੋੜ ਰੁਪਏ ਵਿਆਜ 'ਤੇ ਚੁੱਕ ਲਏ। ਸਾਬਕਾ ਵਿਧਾਇਕ ਦੇ ਇਕ ਸਾਥੀ ਨੇ ਵੱਖ-ਵੱਖ ਖਾਤਿਆਂ 'ਚ ਪੈਸੇ ਪਾਉਣ ਲਈ ਆਖਿਆ। ਇਸ ਮਗਰੋਂ ਸ਼ਿੰਦਰ ਨੇ ਕਰੀਬ ਸਾਢੇ ਤਿੰਨ ਕਰੋੜ ਰੁਪਏ ਟਰਾਂਸਫਰ ਕਰ ਦਿੱਤੇ ਜਿਸ ਤੋਂ ਬਾਅਦ ਪਤਾ ਲੱਗਿਆ ਕਿ ਜਿਨ੍ਹਾਂ ਕੰਪਨੀਆਂ 'ਚ ਪੈਸੇ ਟਰਾਂਸਫਰ ਕਰਵਾਏ ਸਨ, ਉਹ ਫਰਜ਼ੀ ਹਨ। ਇਸ ਤੋਂ ਬਾਅਦ ਪੁਲਿਸ ਨੂੰ ਸ਼ਿਕਾਇਤ ਕੀਤੀ ਗਈ।

# ਹੋਰ ਫੰਡ ਤਾਂ ਹੀ ਮਿਲਦੇ ਹਨ, ਜੇ ਪੰਜਾਬ ਸਰਕਾਰ ਸਹੀ ਵਰਤੋਂ ਸਰਟੀਫਿਕੇਟ ਦੇਵੇ: ਕੇਂਦਰ

**ਫ਼ਿਰੋਜ਼ਪੁਰ:** ਕੇਂਦਰੀ ਮੰਤਰੀ (ਕਾਨੂੰਨ ਤੇ ਨਿਆਂ) ਅਰਜੁਨ ਰਾਮ ਮੇਘਵਾਲ ਨੇ ਫ਼ਿਰੋਜ਼ਪੁਰ 'ਚ ਸਥਿਤ ਸਾਬਕਾ ਕੈਬਨਿਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਦੇ ਨਿਵਾਸ 'ਤੇ ਗੱਲਬਾਤ ਕਰਦਿਆਂ ਛਾਉਣੀ ਹਲਕਾ ਨਿਵਾਸੀਆਂ ਨੂੰ ਭਰੋਸਾ ਦਿੱਤਾ ਕਿ ਛਾਉਣੀ ਬੋਰਡ ਵਿਚ ਚੱਲ ਰਹੇ ਸੰਨ 1836 ਦੇ ਕਾਨੂੰਨ ਸਮੇਤ 55 ਅਪ੍ਰਸੰਗਿਕ ਕਾਨੂੰਨਾਂ ਨੂੰ ਛੇਤੀ ਹੀ ਹਟਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ ਅਜਿਹੇ 148 ਕਾਨੂੰਨ ਖ਼ਤਮ ਕੀਤੇ ਜਾ ਚੁੱਕੇ ਹਨ ਜਿਨ੍ਹਾਂ ਦੀ ਹੁਣ ਜ਼ਰੂਰਤ ਨਹੀਂ ਹੈ।

ਇਸ ਤੋਂ ਪਹਿਲਾਂ ਮੇਘਵਾਲ ਨੇ ਹੁਸੈਨੀਵਾਲਾ ਵਿਚ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਇੱਥੇ ਅਜਾਇਬ ਘਰ ਲਈ ਪੰਜ ਕਰੋੜ ਰੁਪਏ ਦੇਣ ਦਾ ਭਰੋਸਾ ਦਿੱਤਾ। ਸ਼ਹਿਰ ਦੇ ਤੂੜੀ ਬਾਜ਼ਾਰ



ਵਿਚ ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਨਾਲ ਜੁੜੀ ਇਕ ਇਮਾਰਤ ਬਾਰੇ ਉਨ੍ਹਾਂ ਕਿਹਾ ਕਿ ਇਹ ਇਮਾਰਤ ਸੁਰੱਖਿਅਤ ਵਿਰਾਸਤ ਐਲਾਨਣ ਦੇ ਯੋਗ ਹੈ।

ਇਕ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵਿਤਕਰੇ ਵਾਲੀ ਨੀਤੀ 'ਤੇ ਕੰਮ ਨਹੀਂ ਕਰਦੀ ਪਰ ਹੋਰ ਫੰਡ ਤਾਂ ਹੀ ਜਾਰੀ ਕੀਤੇ ਜਾ ਸਕਦੇ ਹਨ ਜੇ ਪੰਜਾਬ ਸਰਕਾਰ ਉਸ ਦੀ ਸਹੀ ਵਰਤੋਂ ਕਰ ਕੇ ਸਰਟੀਫਿਕੇਟ ਸਮੇਂ ਸਿਰ ਮੁਹੱਈਆ ਕਰਵਾਏ।

ਉਨ੍ਹਾਂ ਭਾਜਪਾ ਦੇ ਸੌ ਸਾਲਾ ਗੁੱਡ ਗਵਰਨੈਂਸ ਪ੍ਰੋਗਰਾਮ ਵਿਚ ਫ਼ਿਰੋਜ਼ਪੁਰ ਨੂੰ ਸ਼ਾਮਲ ਕੀਤੇ ਜਾਣ ਬਾਰੇ ਦੱਸਿਆ ਕਿ ਫ਼ਿਰੋਜ਼ਪੁਰ ਇਸ ਵਿਚ ਮੋਹਰੀ ਹੈ। ਇਸ ਦੀ ਸਭ ਤੋਂ ਵਧੀਆ ਉਦਾਹਰਨ 1925 ਵਿਚ ਨਹਿਰ ਦੀ ਉਸਾਰੀ ਹੈ, ਜੋ ਇਲਾਕੇ ਦੇ ਕਿਸਾਨਾਂ ਦੀ ਖ਼ੁਸ਼ਹਾਲੀ ਦੀ ਨਿਸ਼ਾਨੀ ਹੈ।

### ਪੰਜਾਬ ਦੇ ਵਿਕਾਸ 'ਚ ਅੜਿੱਕੇ ਪਾ ਰਿਹੈ ਕੇਂਦਰ: ਬੈਂਸ

**ਸ੍ਰੀ ਆਨੰਦਪੁਰ ਸਾਹਿਬ:** ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦੇ ਵਿਕਾਸ ਦੀ ਰਫਤਾਰ ਵਿਚ ਲਗਾਤਾਰ ਅੜਿੱਕੇ ਪਾ ਰਹੀ ਹੈ। ਪੰਜਾਬ ਵਿਚ ਹੋ ਰਹੀ ਰਿਕਾਰਡ ਤਰੱਕੀ ਅਤੇ ਲੋਕਾਂ ਨੂੰ ਮਿਲ ਰਹੀਆਂ ਸਹੂਲਤਾਂ ਤੋਂ ਬੁਖ਼ਲਾਹਟ 'ਚ ਆ ਕੇ ਕੇਂਦਰ ਨੇ ਪੇਂਡੂ ਵਿਕਾਸ ਫੰਡ ਅਤੇ ਨੈਸ਼ਨਲ ਰੂਰਲ ਹੈਲਥ ਮਿਸ਼ਨ ਦਾ ਕਰੋੜਾਂ ਰੁਪਇਆ ਰੋਕ ਲਿਆ ਹੈ। ਬੀ.ਬੀ.ਐਮ.ਬੀ. ਵੱਲੋਂ ਸ੍ਰੀ ਆਨੰਦਪੁਰ ਸਾਹਿਬ ਹਲਕੇ ਵਿਚ ਵਿਕਾਸ ਕਾਰਜ ਰੋਕਣ ਲਈ ਐਨ.ਓ.ਸੀ. ਜਾਰੀ ਕਰਨ ਵਿਚ ਅੜਿੱਕੇ ਲਗਾਏ ਜਾ ਰਹੇ ਹਨ। ਇਸ ਦੇ ਬਾਵਜੂਦ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਵਿਕਾਸ ਵਿਚ ਕੋਈ ਕਸਰ ਬਾਕੀ ਨਹੀਂ ਰਹਿਣ ਦੇਵੇਗੀ।

# ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਵੀ ਦਿਲਜੀਤ ਦੋਸਾਂਝ ਦੇ ਵੱਡੇ ਪ੍ਰਸ਼ੰਸਕ

**ਵਾਸ਼ਿੰਗਟਨ ਡੀਸੀ:** ਪੰਜਾਬੀ ਗਾਇਕ ਦਿਲਜੀਤ ਦੋਸਾਂਝ ਦੇ ਪ੍ਰਸ਼ੰਸਕ ਭਾਰਤ ਵਿਚ ਹੀ ਨਹੀਂ ਬਲਕਿ ਵਿਦੇਸ਼ਾਂ ਵਿਚ ਵੀ ਵੱਡੀ ਗਿਣਤੀ ਵਿਚ ਹਨ। ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਵੀ ਦਿਲਜੀਤ ਦੇ ਵੱਡੇ ਪ੍ਰਸ਼ੰਸਕ ਹਨ। ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਵਿਚ ਆਮਦ ਤੋਂ ਬਾਅਦ ਉਨ੍ਹਾਂ ਨੂੰ ਦੁਪਹਿਰ ਦੇ ਭੋਜਨ 'ਤੇ ਸੱਦਿਆ ਜਿੱਥੇ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਦੱਸਿਆ ਕਿ ਕਿਵੇਂ ਭਾਰਤ ਉਨ੍ਹਾਂ ਦੇ ਰੋਜ਼ਾਨਾ ਜੀਵਨ ਦਾ ਹਿੱਸਾ ਹੈ।

ਉਨ੍ਹਾਂ ਦਿਲਜੀਤ ਲਈ ਅਮਰੀਕਾ ਦੇ ਪਿਆਰ ਦਾ ਵੀ ਜ਼ਿਕਰ ਕੀਤਾ। ਅਮਰੀਕਾ ਦੇ ਸਿਖਰਲੇ



ਆਗੂ ਨੇ ਕਿਹਾ, 'ਅਸੀਂ ਝੁੰਪਾ ਲਹਿਰੀ ਦਾ ਨਾਵਲ ਪੜ੍ਹਦੇ ਸਮੇਂ ਸਮੋਸੇ ਵੀ ਖਾਂਦੇ ਹਾਂ ਮਿੰਡੀ ਕਾਲਿੰਗ ਦੀ ਕਾਮੇਡੀ 'ਤੇ ਵੀ ਹੱਸਦੇ ਹਾਂ ਕਿਉਂਕਿ ਭਾਰਤ ਸਾਡੇ ਰੋਜ਼ਾਨਾ ਜੀਵਨ ਦਾ ਇਕ ਹਿੱਸਾ ਹੈ। ਅਸੀਂ ਕੋਚੇਲਾ ਵਿਚ ਦਿਲਜੀਤ ਦੇ ਗੀਤਾਂ 'ਤੇ ਨੱਚਦੇ ਹਾਂ ਅਤੇ ਪ੍ਰਧਾਨ ਮੰਤਰੀ ਜੀ ਮੈਂ ਨਿੱਜੀ ਤਜਰਬੇ ਤੋਂ ਇਹ ਕਹਿ ਸਕਦਾ ਹਾਂ ਕਿ ਅਸੀਂ ਯੋਗ ਕਰਕੇ ਆਪਣੇ ਆਪ ਨੂੰ ਫਿੱਟ ਅਤੇ ਸਿਹਤਮੰਦ ਵੀ ਰੱਖਦੇ ਹਾਂ।

ਸੰਯੁਕਤ ਰਾਜ ਸਾਡੇ ਸੰਪੰਨ ਭਾਰਤੀ ਡਾਇਸਪੋਰਾ ਰਾਹੀਂ ਬੇਅੰਤ ਅਮੀਰ ਹੈ। ਡਾਕਟਰ, ਅਧਿਆਪਕ, ਇੰਜੀਨੀਅਰ, ਕਾਰੋਬਾਰੀ-ਆਗੂ, ਨੌਕਰਸ਼ਾਹ ਲਗਭਗ ਸਾਰੇ ਜਣੇ ਤੁਹਾਨੂੰ ਸ਼ੁਭ ਕਾਮਨਾਵਾਂ ਦੇਣ ਲਈ ਵ੍ਹਾਈਟ ਹਾਊਸ ਦੇ ਲਾਅਨ ਵਿਚ ਮੌਜੂਦ ਸਨ।' ਉਨ੍ਹਾਂ ਕਿਹਾ ਕਿ ਜਿਹੜੇ ਵਿਅਕਤੀ ਦਾ ਪਿਤਾ 14 ਡਾਲਰ ਅਤੇ ਬੱਸ ਦੀ ਟਿਕਟ ਨਾਲ ਅਮਰੀਕਾ ਆਇਆ ਸੀ, ਉਹ ਭਾਰਤ 'ਚ ਅਮਰੀਕਾ ਦਾ ਪਹਿਲਾ ਭਾਰਤੀ-ਅਮਰੀਕੀ ਸਫੀਰ ਬਣ ਚੁੱਕਾ ਹੈ। ਬਲਿੰਕਨ ਨੇ ਕਿਹਾ ਕਿ ਅੱਜ ਰਿਚਰਡ ਰਾਹੁਲ ਵਰਮਾ ਪ੍ਰਬੰਧਨ ਅਤੇ ਵਸੀਲਿਆਂ ਬਾਰੇ ਉਪ ਵਿਦੇਸ਼ ਮੰਤਰੀ ਵਜੋਂ ਸੇਵਾਵਾਂ ਨਿਭਾ ਰਿਹਾ ਹੈ। ਉਹ ਮੰਤਰਾਲੇ ਦੇ ਇਤਿਹਾਸ 'ਚ ਵੱਡੇ ਰੁਤਬੇ 'ਤੇ ਪਹੁੰਚਣ ਵਾਲਾ ਭਾਰਤੀ-ਅਮਰੀਕੀ ਹੈ। ਉਨ੍ਹਾਂ ਕਿਹਾ ਕਿ ਜਲੰਧਰ ਤੋਂ ਆਏ ਪਰਵਾਸੀ ਦੇ ਪੁੱਤਰ ਦੇ ਵਿਦੇਸ਼ ਵਿਭਾਗ 'ਚ ਤਰੱਕੀ ਕਰਨ ਜਾਂ ਚਾਹ ਵੇਚਣ ਵਾਲੇ ਦੇ ਪ੍ਰਧਾਨ ਮੰਤਰੀ ਬਣਨ ਦਾ ਮਾਮਲਾ ਹੋਵੇ, ਇਸ ਨੂੰ ਅਮਰੀਕੀ ਜਾਂ ਭਾਰਤੀ ਸੁਪਨਾ ਆਖਿਆ ਜਾ ਸਕਦਾ ਹੈ।

### ਕੋਚੇਲਾ 'ਚ ਪੇਸ਼ਕਾਰੀ ਦੇਣ ਵਾਲਾ ਪਹਿਲਾ ਪੰਜਾਬੀ ਗਾਇਕ

**ਵਾਸ਼ਿੰਗਟਨ:** ਐਂਟਨੀ ਬਲਿੰਕਨ ਵੱਲੋਂ ਪੰਜਾਬੀ ਗਾਇਕ ਦੇ ਮਾਣ ਵਿਚ ਕਹੇ ਸ਼ਬਦਾਂ ਤੋਂ ਬਾਅਦ ਦਿਲਜੀਤ ਵੀ ਖਾਸਾ ਪ੍ਰਭਾਵਿਤ ਹੋਇਆ। ਉਸ ਨੇ ਇੰਸਟਾਗਰਾਮ 'ਤੇ ਬਲਿੰਕਨ ਦੇ ਸੰਬੋਧਨ ਕਰਦਿਆਂ ਦੀ ਇਹ ਕਲਿੱਪ ਵੀ ਸਾਂਝੀ ਕੀਤੀ। ਦੱਸਣਾ ਬਣਦਾ ਹੈ ਕਿ ਦਿਲਜੀਤ ਨੇ ਇਸ ਸਾਲ ਅਪਰੈਲ ਵਿਚ ਕੋਚੇਲਾ ਵਿਚ ਆਪਣੀ ਪੇਸ਼ਕਾਰੀ ਦਿੱਤੀ ਸੀ ਤੇ ਉਹ ਇਹ ਪੇਸ਼ਕਾਰੀ ਦੇਣ ਵਾਲਾ ਪਹਿਲਾ ਪੰਜਾਬੀ ਗਾਇਕ ਬਣ ਗਿਆ ਹੈ। ਜ਼ਿਕਰਯੋਗ ਹੈ ਕਿ ਦਿਲਜੀਤ ਆਉਣ ਵਾਲੇ ਮਹੀਨਿਆਂ ਵਿਚ ਨੈੱਟਫਲਿਕਸ ਦੀ ਫਿਲਮ 'ਚਮਕੀਲਾ' ਵਿਚ ਦਿਖਾਈ ਦੇਵੇਗਾ ਜਿਸ ਦਾ ਨਿਰਦੇਸ਼ਨ ਇਮਤਿਆਜ਼ ਅਲੀ ਕਰ ਰਹੇ ਹਨ। ਇਹ ਫਿਲਮ ਪੰਜਾਬੀ ਗਾਇਕ ਰੌਕਸਟਾਰ ਅਮਰ ਸਿੰਘ ਚਮਕੀਲਾ ਦੀ ਸੱਚੀ ਕਹਾਣੀ 'ਤੇ ਆਧਾਰਿਤ ਹੈ, ਜਿਸ ਦੀ 27 ਸਾਲ ਦੀ ਉਮਰ ਵਿਚ ਹੱਤਿਆ ਕਰ ਦਿੱਤੀ ਗਈ ਸੀ।

**Punjab Times**
**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਗੋਲਡੀ ਬਰਾੜ ਨੇ ਸਿੱਧੂ ਮੂਸੇਵਾਲਾ ਦੀ ਹੱਤਿਆ ਦੀ ਗੱਲ ਮੁੜ ਕਬੂਲੀ

**ਨਵੀਂ ਦਿੱਲੀ:** ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ ਸਿੱਧੂ ਮੂਸੇਵਾਲਾ ਦੀ ਹੱਤਿਆ ਦੀ ਜ਼ਿੰਮੇਵਾਰੀ ਲੈਣ ਵਾਲੇ ਗੈਂਗਸਟਰ ਗੋਲਡੀ ਬਰਾੜ ਨੇ ਇਕ ਚੈਨਲ ਨੂੰ ਦਿੱਤੇ ਤਾਜ਼ਾ ਇੰਟਰਵਿਊ 'ਚ ਫਿਰ ਕਬੂਲਿਆ ਹੈ ਕਿ ਉਸੇ ਨੇ ਹੀ ਸਿੱਧੂ ਮੂਸੇਵਾਲਾ ਦੀ ਹੱਤਿਆ ਕਰਵਾਈ ਹੈ, ਕਿਉਂਕਿ ਉਸ ਦੀਆਂ ਗਲਤੀਆਂ ਮੁਆਫ ਕਰਨ ਯੋਗ ਨਹੀਂ ਸਨ। ਉਸ ਨੇ ਕਿਹਾ ਕਿ ਜਦੋਂ ਸਮਾਂ ਮਿਲਿਆ ਸਲਮਾਨ ਖ਼ਾਨ ਦਾ ਵੀ ਇਹੋ ਹਸ਼ਰ ਹੋਵੇਗਾ। ਗੋਲਡੀ ਬਰਾੜ ਨੇ ਕਿਹਾ ਕਿ ਇਕ ਵਾਰ ਸਾਡੀ ਪਾਕਿਸਤਾਨ 'ਚ ਬੈਠੇ ਹਰਵਿੰਦਰ ਸਿੰਘ ਰਿੰਦਾ ਨੇ ਸੁਲ੍ਹਾ ਵੀ ਕਰਵਾ ਦਿੱਤੀ ਸੀ ਪਰ ਫਿਰ ਉਸ ਤੋਂ ਬਾਅਦ ਵੀ ਉਹ (ਸਿੱਧੂ ਮੂਸੇਵਾਲਾ) ਆਪਣੀਆਂ ਹਰਕਤਾਂ ਤੋਂ ਬਾਜ ਨਹੀਂ ਆਇਆ। ਉਸ ਨੇ ਕਿਹਾ ਕਿ 11 ਅਕਤੂਬਰ, 2020 ਨੂੰ ਮੇਰੇ ਭਰਾ ਵਿੱਕੀ ਮਿੱਡੂਖੇੜਾ ਦਾ ਕਤਲ ਹੋਇਆ। ਉਦੋਂ ਤੱਕ ਕੋਈ ਸਾਬਤ ਕਰ ਦੇਵੇ ਕਿ ਮੈਂ ਕਿਸੇ ਤੋਂ ਫਿਰੌਤੀ ਮੰਗੀ ਹੋਵੇ ਜਾਂ ਕਿਸੇ ਨੂੰ ਗਾਲ ਵੀ ਕੱਢੀ ਹੋਵੇ। ਵਿਦੇਸ਼ 'ਚ ਮੈਂ 18-18 ਘੰਟੇ ਕੰਮ ਕੀਤਾ। ਮਿਹਨਤ ਕਰਕੇ ਸਿੱਧੀ-ਸਾਧੀ ਜ਼ਿੰਦਗੀ ਜਿਊਣ ਦੀ ਤਮੰਨਾ ਸੀ ਪਰ ਜਦੋਂ ਮੇਰੇ ਭਰਾ ਵਿੱਕੀ ਮਿੱਡੂਖੇੜਾ ਦਾ ਕਤਲ ਹੋਇਆ ਤਾਂ ਸਭ ਕੁਝ ਬਦਲ ਗਿਆ।

## ਗੁਰਦੁਆਰਾ ਸੋਧ ਬਿੱਲ: ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਕੁੜਿੱਕੀ 'ਚ

*(ਪਹਿਲੇ ਸਫੇ ਦੀ ਬਾਕੀ)*

ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਉਹ ਪਾਸ ਕੀਤੇ ਬਿਲ ਨੂੰ ਤੁਰਤ ਵਾਪਸ ਲਵੇ ਨਹੀਂ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਅਕਾਲ ਤਖਤ ਦੀ ਅਗਵਾਈ ਹੇਠ ਮੋਰਚਾ ਸ਼ੁਰੂ ਕੀਤਾ ਜਾਵੇਗਾ। ਸਿੱਖ ਗੁਰਦੁਆਰਾ ਐਕਟ-1925 ਵਿਚ ਕੋਈ ਵੀ ਸੋਧ ਸ਼੍ਰੋਮਣੀ ਕਮੇਟੀ ਦੀ ਸਿਫਾਰਸ਼ ਨਾਲ ਹੀ ਸੰਭਵ ਹੈ। ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਵਿਚ ਮਾਸਟਰ ਤਾਰਾ ਸਿੰਘ ਅਤੇ ਜਵਾਹਰ ਲਾਲ ਨਹਿਰੂ ਵਿਚਾਲੇ 1959 ਵਿਚ ਹੋਏ ਸਮਝੌਤੇ ਦਾ ਹਵਾਲਾ ਦਿੰਦਿਆਂ ਆਖਿਆ ਹੈ ਕਿ ਇਸ ਵਿਚ ਪ੍ਰਵਾਨ ਕੀਤਾ ਗਿਆ ਸੀ ਕਿ ਸਿੱਖ ਗੁਰਦੁਆਰਾ ਐਕਟ ਵਿਚ ਕੋਈ ਵੀ ਸੋਧ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਦੋ ਤਿਹਾਈ ਮੈਂਬਰਾਂ ਦੀ ਸਹਿਮਤੀ ਜਰੂਰੀ ਹੋਵੇਗੀ। ਚੇਤੇ ਰਹੇ ਕਿ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਵੱਲੋਂ ਵੀ ਪੰਜਾਬ ਸਰਕਾਰ ਦੇ ਇਸ ਬਿੱਲ ਨੂੰ ਰੱਦ ਕੀਤਾ ਜਾ ਚੁੱਕਾ ਹੈ ਅਤੇ ਹੁਣ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵੱਲੋਂ ਸਰਬ ਸੰਮਤੀ ਨਾਲ ਇਸ ਬਿਲ ਨੂੰ ਰੱਦ ਕਰ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਹਵਾਲਾ ਦਿੱਤਾ ਕਿ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਤੋਂ ਬਾਅਦ ਅੰਗਰੇਜ਼ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਨਾਮਜ਼ਦ ਕੀਤੇ ਗਏ ਸਨ ਪਰ ਸਿੱਖ ਪੰਥ ਵੱਲੋਂ ਸਰਕਾਰ ਦੀ ਸਥਾਪਤ ਕਮੇਟੀ ਨੂੰ ਰੱਦ ਕਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਸਿੱਖ ਧਾਰਮਿਕ ਮਾਮਲਿਆਂ ਵਿਚ ਸਰਕਾਰਾਂ ਦੀ ਦਖਲਅੰਦਾਜੀ ਕਦਾਚਿਤ ਬਰਦਾਸ਼ਤ ਨਹੀਂ ਅਤੇ ਇਨ੍ਹਾਂ ਸਿੱਖ ਰਵਾਇਤਾਂ ਨੂੰ ਅੱਗੇ ਵੀ ਜਾਰੀ ਰੱਖਿਆ ਜਾਵੇਗਾ।

# ਲੁਧਿਆਣਾ ਤੇ ਜਲੰਧਰ ਵਿਚ ਸ਼ੁਰੂ ਹੋਵੇਗੀ ਈ-ਵਾਹਨ ਸੇਵਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ 'ਚ ਵਾਤਾਵਰਨ ਦੀ ਸੰਭਾਲ ਲਈ ਪਹਿਲਕਦਮੀ ਕਰਦਿਆਂ ਲੁਧਿਆਣਾ ਤੇ ਜਲੰਧਰ ਤੋਂ ਈ-ਵਾਹਨ ਤੇ ਅੰਮ੍ਰਿਤਸਰ 'ਚ ਈ-ਆਟੋ ਸੇਵਾ ਸ਼ੁਰੂ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਪਾਇਲਟ ਪ੍ਰੋਜੈਕਟ ਲਈ ਪ੍ਰਵਾਨਗੀ ਦੇ ਦਿੱਤੀ ਹੈ।

ਮੁੱਖ ਮੰਤਰੀ ਨੇ ਸੂਬੇ ਦੇ 47 ਸ਼ਹਿਰਾਂ 'ਚ ਇਕ ਹਜ਼ਾਰ ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਜਾਇਜ਼ਾ ਲੈਣ ਲਈ ਸੱਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਲੋਕਾਂ ਨੂੰ ਜਨਤਕ ਟਰਾਂਸਪੋਰਟ ਦੀਆਂ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਤੋਂ ਇਲਾਵਾ ਇਹ ਸਹੂਲਤਾਂ ਵਾਤਾਵਰਨ ਦੀ ਸੁਰੱਖਿਆ 'ਚ ਵੀ ਅਹਿਮ ਭੂਮਿਕਾ ਨਿਭਾਉਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਪਾਇਲਟ ਪ੍ਰੋਜੈਕਟ ਵਜੋਂ ਲੁਧਿਆਣਾ ਤੇ ਜਲੰਧਰ 'ਚ ਈ-ਵਹੀਕਲ ਤੇ ਅੰਮ੍ਰਿਤਸਰ 'ਚ ਈ-ਆਟੋ ਸੇਵਾ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਉਮੀਦ ਜ਼ਾਹਿਰ ਕੀਤੀ ਕਿ ਜਨਤਕ ਟਰਾਂਸਪੋਰਟ 'ਚ ਸੁਧਾਰ ਕਰਕੇ ਇਨ੍ਹਾਂ ਸ਼ਹਿਰਾਂ ਵਿਚੋਂ ਆਵਾਜਾਈ ਦੀ ਸਮੱਸਿਆ ਨੂੰ ਹੱਲ ਕੀਤਾ ਜਾਵੇਗਾ, ਉੱਥੇ ਹੀ ਵਾਤਾਵਰਨ ਦੀ ਸੰਭਾਲ ਵੀ ਯਕੀਨੀ ਬਣਾਈ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਲਾਵਾਰਸ ਪਸ਼ੂਆਂ ਦੀ ਸਮੱਸਿਆ ਨੂੰ ਹੱਲ ਕਰਨ ਦੇ ਉਦੇਸ਼ ਨਾਲ ਬਠਿੰਡਾ ਤੇ ਪਟਿਆਲਾ ਜ਼ਿਲ੍ਹਿਆਂ 'ਚ ਜਲਦ ਹੀ ਪਾਇਲਟ ਪ੍ਰੋਜੈਕਟ ਸ਼ੁਰੂ ਕੀਤਾ ਜਾਵੇਗਾ। ਇਸ ਨਾਲ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣ 'ਚ ਮਦਦ ਮਿਲੇਗੀ।

## ਮਨਜੀਤ ਸਿੰਘ ਨੂੰ ਮਿਲੇਗਾ ਸੰਸਾਰ ਪ੍ਰਸਿੱਧ ਬਹਾਦਰੀ ਅਤੇ ਨਾਇਕੀ ਦਾ ਸਨਮਾਨ

**ਫਰਿਜ਼ਨੋ:** ਸੰਨ 2020 ਦੌਰਾਨ ਫਰਿਜ਼ਨੋ (ਕੈਲੇਫੋਰਨੀਆ) ਵਿਖੇ ਡੁੱਬ ਰਹੇ ਤਿੰਨ ਬੱਚਿਆਂ ਦੀ ਜਾਨ ਬਚਾਉਂਦਿਆਂ ਆਪਣੀ ਜਾਨ ਕੁਰਬਾਨ ਕਰਨ ਵਾਲੇ ਮਨਜੀਤ ਸਿੰਘ ਨੂੰ ਸੰਸਾਰ ਪ੍ਰਸਿੱਧ ਬਹਾਦਰੀ ਅਤੇ ਨਾਇਕੀ ਦਾ ਸਨਮਾਨ ਦਿੱਤਾ ਜਾ ਰਿਹਾ ਹੈ।



2018 ਵਿੱਚ ਅਮਰੀਕਾ ਆਏ ਮਨਜੀਤ ਸਿੰਘ ਦੀ ਉਮਰ ਉਸ ਵੇਲੇ 29 ਸਾਲ ਸੀ। ਕਿੰਗਜ਼ ਰਿਵਰ ਵਿੱਚ ਡੁੱਬਦੇ ਬੱਚਿਆਂ ਨੂੰ ਬਚਾਉਣ ਲਈ ਉਸਨੇ ਪਾਣੀ 'ਚ ਛਾਲ ਮਾਰ ਦਿੱਤੀ, ਦੋ ਬੱਚੇ ਬਚਾ ਲਏ ਪਰ ਖੁਦ ਨੂੰ ਤੇ ਇੱਕ ਹੋਰ ਬੱਚੇ ਨੂੰ ਨਾ ਬਚਾ ਸਕਿਆ।

# ਅਨੁਰਾਗ ਵਰਮਾ ਪੰਜਾਬ ਦੇ ਮੁੱਖ ਸਕੱਤਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ 1993 ਬੈਚ ਦੇ ਆਈ.ਏ.ਐੱਸ. ਅਧਿਕਾਰੀ ਅਨੁਰਾਗ ਵਰਮਾ ਨੂੰ ਸੂਬੇ ਦਾ ਅਗਲਾ ਮੁੱਖ ਸਕੱਤਰ ਨਿਯੁਕਤ ਕੀਤਾ ਹੈ। ਉਹ ਵਿਜੈ ਕੁਮਾਰ ਜੰਜੂਆ ਦੀ ਥਾਂ ਲੈਣਗੇ ਜੋ 30 ਜੂਨ ਨੂੰ ਸੇਵਾ ਮੁਕਤ ਹੋ ਰਹੇ ਹਨ। ਸਿਵਲ ਪ੍ਰਸ਼ਾਸਨ ਦੇ ਇਸ ਸਿਖਰਲੇ ਅਹੁਦੇ 'ਤੇ ਨਿਯੁਕਤੀ ਲਈ ਅੱਧੀ ਦਰਜਨ ਦੇ ਕਰੀਬ ਆਈ.ਏ.ਐਸ. ਅਧਿਕਾਰੀਆਂ ਦਰਮਿਆਨ ਖਿੱਚੋਤਾਣ ਜਾਰੀ ਸੀ ਤੇ ਅਖੀਰ 'ਆਪ' ਸਰਕਾਰ ਨੇ ਇਸ ਅਹੁਦੇ 'ਤੇ ਅਨੁਰਾਗ ਵਰਮਾ ਦੀ ਨਿਯੁਕਤੀ ਸਬੰਧੀ ਅਧਿਕਾਰਤ ਹੁਕਮ ਜਾਰੀ ਕਰ ਦਿੱਤੇ ਹਨ। ਸ੍ਰੀ ਵਰਮਾ ਇਸ ਸਮੇਂ ਵਧੀਕ ਮੁੱਖ ਸਕੱਤਰ (ਗ੍ਰਹਿ), ਸੂਚਨਾ ਤਕਨਾਲੋਜੀ, ਇਨਵੈਸਟਮੈਂਟ ਪ੍ਰਮੋਸ਼ਨ ਅਤੇ ਉਦਯੋਗ ਵਜੋਂ ਸੇਵਾ ਨਿਭਾਅ ਰਹੇ ਹਨ। ਉਧਰ, ਸੇਵਾ ਮੁਕਤ ਹੋ ਰਹੇ ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਨੂੰ ਪੰਜਾਬ ਲੋਕ ਸੇਵਾ ਕਮਿਸ਼ਨ (ਪੀ.ਪੀ.ਐਸ.ਸੀ.) ਦਾ ਚੇਅਰਮੈਨ ਲਾਉਣ ਦੇ ਆਸਾਰ ਹਨ।

ਸਰਕਾਰ ਵੱਲੋਂ ਮੁੱਖ ਸਕੱਤਰ ਦੇ ਅਹੁਦੇ 'ਤੇ ਨਿਯੁਕਤ ਕੀਤੇ ਅਨੁਰਾਗ ਵਰਮਾ ਦੀ ਸੇਵਾ ਮੁਕਤੀ 2029 ਵਿਚ ਹੋਣੀ ਹੈ। ਇਸ ਤਰ੍ਹਾਂ ਨਾਲ 'ਆਪ' ਸਰਕਾਰ ਦੇ ਰਹਿੰਦੇ ਪੌਣੇ ਚਾਰ ਸਾਲ ਦੇ ਕਾਰਜਕਾਲ ਦੌਰਾਨ ਇਸ ਸਿਖਰਲੇ ਅਹੁਦੇ ਲਈ ਲੰਮੀ ਮਿਆਦ ਵਾਲੇ ਅਧਿਕਾਰੀ ਦੀ ਨਿਯੁਕਤੀ ਹੋ ਗਈ ਹੈ। ਸ੍ਰੀ ਵਰਮਾ ਲੁਧਿਆਣਾ ਅਤੇ ਜਲੰਧਰ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਸਮੇਤ ਜਲੰਧਰ ਡਿਵੀਜ਼ਨ ਦੇ ਕਮਿਸ਼ਨਰ ਅਤੇ ਸੂਬੇ ਦੇ ਹੋਰਨਾਂ ਅਹਿਮ ਵਿਭਾਗਾਂ ਦੇ ਪ੍ਰਮੁੱਖ ਸਕੱਤਰ ਵਜੋਂ ਸੇਵਾ ਨਿਭਾਅ ਚੁੱਕੇ ਹਨ। ਉਹ ਵਿਜੀਲੈਂਸ ਅਤੇ ਪਰਸੋਨਲ ਵਿਭਾਗਾਂ ਦੇ ਪ੍ਰਮੁੱਖ ਸਕੱਤਰ ਵੀ ਹੋਣਗੇ। ਸ੍ਰੀ ਵਰਮਾ ਦੀ ਨਿਯੁਕਤੀ ਨਾਲ ਸਰਕਾਰ ਨੇ ਨਵੇਂ ਮੁੱਖ ਸਕੱਤਰ ਤੋਂ ਸੀਨੀਅਰ 1990 ਬੈਚ ਤੋਂ ਲੈ ਕੇ 1993 ਬੈਚ ਤੱਕ ਦੇ 7 ਆਈਏਐੱਸ ਅਧਿਕਾਰੀਆਂ ਨੂੰ ਵਿਸ਼ੇਸ਼ ਮੁੱਖ ਸਕੱਤਰ ਦਾ ਅਹੁਦਾ ਦੇ ਦਿੱਤਾ ਹੈ।

# ਪਿੰਡਾਂ 'ਚ ਰਹਿੰਦੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰੇਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਪਿੰਡਾਂ 'ਚ ਰਹਿੰਦੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਨ ਲਈ 'ਕਿਸਾਨ-ਸਰਕਾਰ ਮਿਲਣੀ' ਦੀ ਤਰਜ਼ ਉਤੇ 'ਪਿੰਡ-ਸਰਕਾਰ ਮਿਲਣੀ' ਕਰਵਾਉਣ ਦਾ ਫੈਸਲਾ ਕੀਤਾ ਹੈ। ਇਸ ਪ੍ਰੋਗਰਾਮ 'ਚ ਪਿੰਡਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਪਿੰਡਾਂ ਦੇ ਵਿਕਾਸ ਕਾਰਜਾਂ 'ਚ ਭਾਈਵਾਲ ਬਣਾਉਣ ਲਈ ਸੁਝਾਅ ਲਏ ਜਾਣਗੇ। ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ ਦਫਤਰ 'ਚ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ 'ਪਿੰਡ-ਸਰਕਾਰ ਮਿਲਣੀ' ਜ਼ਿਲ੍ਹਾ ਪੱਧਰ 'ਤੇ ਕਰਵਾਈ ਜਾਵੇਗੀ ਜਿਸ ਵਿਚ ਪੰਚਾਇਤਾਂ ਅਧਿਕਾਰੀਆਂ ਨੂੰ ਪਿੰਡਾਂ ਦੇ ਵਿਕਾਸ ਲਈ ਪੇਸ਼ ਆ ਰਹੀ ਮੁਸ਼ਕਲਾਂ ਬਾਰੇ ਜਾਣੂ ਕਰਵਾਉਣਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਮਿਲਣੀਆਂ ਮਾਲਵਾ ਖਿੱਤੇ ਵਿਚ ਦੋ ਦਿਨ ਜਦਕਿ ਦੋਆਬੇ ਤੇ ਮਾਝੇ 'ਚ ਇਕ-ਇਕ ਦਿਨ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸੂਬੇ ਦੀਆਂ ਕਈ ਪੰਚਾਇਤਾਂ ਨੇ ਨਿਵੇਕਲੇ ਪ੍ਰੋਜੈਕਟ ਲਾਗੂ ਕਰਕੇ ਆਪੋ-ਆਪਣੇ ਪਿੰਡਾਂ ਨੂੰ ਮਾਡਰਨ ਪਿੰਡਾਂ ਵਜੋਂ ਵਿਕਸਤ ਕੀਤਾ ਹੈ ਤੇ ਇਨ੍ਹਾਂ ਪੰਚਾਇਤਾਂ ਪਾਸੋਂ ਸੁਝਾਅ ਵੀ ਲਏ ਜਾਣਗੇ। ਉਨ੍ਹਾਂ 'ਕਿਸਾਨ-ਸਰਕਾਰ ਮਿਲਣੀ' ਦੌਰਾਨ ਖੁਦ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਜਾ ਕੇ ਕਿਸਾਨਾਂ ਦੀਆਂ ਮੁਸ਼ਕਲਾਂ ਸੁਣੀਆਂ ਸਨ। ਇਸੇ ਤਰਜ਼ 'ਤੇ ਹੁਣ ਪਿੰਡਾਂ ਦੇ ਲੋਕਾਂ ਦੇ ਸੁਝਾਵਾਂ ਨਾਲ ਪਿੰਡਾਂ ਦਾ ਵਿਕਾਸ ਕੀਤਾ ਜਾਵੇਗਾ।

# ਵਿਸ਼ੇਸ਼ ਸਹਾਇਤਾ ਯੋਜਨਾ ਤਹਿਤ ਸੂਬਿਆਂ ਨੂੰ 56,415 ਕਰੋੜ ਦੀ ਰਕਮ ਜਾਰੀ

**ਨਵੀਂ ਦਿੱਲੀ:** ਵਿੱਤ ਮੰਤਰਾਲੇ ਨੇ ਬਜਟ ਵਿਚ ਐਲਾਨੇ ਗਏ ਵਿਸ਼ੇਸ਼ ਸਹਾਇਤਾ ਪੈਕੇਜ ਤਹਿਤ ਮੌਜੂਦਾ ਵਿੱਤੀ ਵਰ੍ਹੇ ਵਿਚ 16 ਰਾਜਾਂ ਲਈ 56,415 ਕਰੋੜ ਰੁਪਏ ਦੀਆਂ ਪੂੰਜੀ ਨਿਵੇਸ਼ ਤਜਵੀਜ਼ਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਵਿੱਤੀ ਵਰ੍ਹੇ 2023-24 ਦੇ ਬਜਟ ਵਿਚ ਰਾਜਾਂ ਦੇ ਪੱਧਰ ਉਤੇ ਪੂੰਜੀਗਤ ਖਰਚ ਨੂੰ ਹੁਲਾਰਾ ਦੇਣ ਲਈ 'ਪੂੰਜੀਗਤ ਨਿਵੇਸ਼' ਬਾਰੇ ਰਾਜਾਂ ਲਈ ਵਿਸ਼ੇਸ਼ ਸਹਾਇਤਾ ਯੋਜਨਾ ਐਲਾਨੀ ਗਈ ਸੀ। ਇਸ ਯੋਜਨਾ ਤਹਿਤ ਰਾਜਾਂ ਨੂੰ ਵਿੱਤੀ ਸਾਲ 2023-24 ਵਿਚ 1.3 ਲੱਖ ਕਰੋੜ ਰੁਪਏ ਤੱਕ ਦੀ ਰਾਸ਼ੀ 50 ਸਾਲ ਦੇ ਵਿਆਜ-ਮੁਕਤ ਕਰਜ਼ੇ ਦੇ ਰੂਪ ਵਿਚ ਦਿੱਤੀ ਜਾ ਰਹੀ ਹੈ।

ਵਿੱਤ ਮੰਤਰਾਲੇ ਨੇ ਇਕ ਬਿਆਨ ਵਿਚ ਕਿਹਾ ਕਿ ਸਿਹਤ, ਸਿੱਖਿਆ, ਸਿੰਜਾਈ, ਜਲ ਸਪਲਾਈ, ਬਿਜਲੀ, ਸੜਕ, ਪੁਲ ਤੇ ਰੇਲਵੇ ਸਹਿਤ ਵੱਖ-ਵੱਖ ਖੇਤਰਾਂ ਵਿਚ ਪੂੰਜੀ ਨਿਵੇਸ਼ ਯੋਜਨਾਵਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਨ੍ਹਾਂ ਖੇਤਰਾਂ ਵਿਚ ਯੋਜਨਾਵਾਂ ਦੀ ਰਫਤਾਰ ਨੂੰ ਵਧਾਉਣ ਲਈ ਜਲ ਜੀਵਨ ਮਿਸ਼ਨ ਤੇ ਪ੍ਰਧਾਨ ਮੰਤਰੀ ਗਰਾਮ ਸੜਕ ਯੋਜਨਾ ਤਹਿਤ ਰਾਜਾਂ ਦਾ ਹਿੱਸਾ ਵੀ ਦਿੱਤਾ ਗਿਆ ਸੀ। ਵਿੱਤ ਮੰਤਰਾਲੇ ਨੇ ਪਿਛਲੇ ਵਿੱਤੀ ਵਰ੍ਹੇ ਵਿਚ ਵੀ ਇਸ ਤਰ੍ਹਾਂ ਦੀ ਇਕ ਯੋਜਨਾ ਚਲਾਈ ਸੀ। ਉਸ ਯੋਜਨਾ ਤਹਿਤ ਵਿੱਤੀ ਸਾਲ 2022-23 ਵਿਚ 95,147.19 ਕਰੋੜ ਰੁਪਏ ਦੀਆਂ ਪੂੰਜੀ ਨਿਵੇਸ਼ ਤਜਵੀਜ਼ਾਂ ਨੂੰ ਮਨਜ਼ੂਰੀ ਦੇਣ ਦੇ ਨਾਲ ਰਾਜਾਂ ਨੂੰ 81,195.35 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ।

# ਸਿੱਖਾਂ 'ਤੇ ਹਮਲੇ: ਭਾਰਤ ਵੱਲੋਂ ਪਾਕਿਸਤਾਨੀ ਸਫੀਰ ਤਲਬ

**ਨਵੀਂ ਦਿੱਲੀ:** ਭਾਰਤ ਨੇ ਪਾਕਿਸਤਾਨ ਦੇ ਸੀਨੀਅਰ ਹਾਈ ਕਮਿਸ਼ਨ ਦੇ ਸੀਨੀਅਰ ਰਾਜਦੂਤ ਨੂੰ ਸੰਮਨ ਜਾਰੀ ਕੀਤੇ ਹਨ ਅਤੇ ਗੁਆਂਢੀ ਮੁਲਕ ਵਿਚ ਸਿੱਖ ਭਾਈਚਾਰੇ ਦੇ ਮੈਂਬਰਾਂ 'ਤੇ ਹਾਲ ਹੀ 'ਚ ਹੋਈਆਂ ਹਮਲਿਆਂ ਦੀ ਘਟਨਾਵਾਂ ਉਤੇ ਸਖਤ ਰੋਸ ਜ਼ਾਹਰ ਕੀਤਾ।

ਸੂਤਰਾਂ ਮੁਤਾਬਕ ਅਪਰੈਲ ਤੇ ਜੂਨ ਵਿਚ ਚਾਰ ਘਟਨਾਵਾਂ ਅਜਿਹੀਆਂ ਹੋਈਆਂ ਹਨ ਅਤੇ ਇਨ੍ਹਾਂ ਹਮਲਿਆਂ ਦਾ ਭਾਰਤ ਨੇ ਗੰਭੀਰ ਨੋਟਿਸ ਲਿਆ ਹੈ। ਸੂਤਰਾਂ ਨੇ ਦੱਸਿਆ, 'ਭਾਰਤ ਨੇ ਪਾਕਿਸਤਾਨ ਅਥਾਰਿਟੀਆਂ ਨੂੰ ਸਿੱਖ ਭਾਈਚਾਰੇ 'ਤੇ ਹਿੰਸਕ ਹਮਲਿਆਂ ਦੀ ਜਾਂਚ ਕਰਨ ਅਤੇ ਇਸ ਸਬੰਧੀ ਰਿਪੋਰਟ ਸਾਂਝੀ ਕਰਨ ਦੀ ਮੰਗ ਕੀਤੀ। ਇਸ ਤੋਂ ਇਲਾਵਾ ਪਾਕਿਸਤਾਨ ਨੂੰ ਘੱਟ ਗਿਣਤੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਆਖਿਆ ਗਿਆ ਹੈ।

## ਨਿਊ ਯਾਰਕ ਦੇ ਸਰਕਾਰੀ ਸਕੂਲਾਂ 'ਚ ਦੀਵਾਲੀ ਮੌਕੇ ਛੁੱਟੀ ਰਹੇਗੀ

**ਨਿਊ ਯਾਰਕ:** ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਮੌਕੇ ਨਿਊ ਯਾਰਕ ਸ਼ਹਿਰ ਦੇ ਸਕੂਲਾਂ ਵਿਚ ਛੁੱਟੀ ਰਹੇਗੀ। ਇਹ ਐਲਾਨ ਕਰਦਿਆਂ ਅਧਿਕਾਰੀਆਂ ਨੇ ਇਸ ਨੂੰ ਭਾਰਤੀ ਭਾਈਚਾਰੇ ਸਮੇਤ ਸ਼ਹਿਰ ਵਾਸੀਆਂ ਦੀ 'ਜਿੱਤ' ਦੱਸਿਆ। ਨਿਊ ਯਾਰਕ ਸਿਟੀ ਦੇ ਮੇਅਰ ਐਰਿਕ ਐਡਮਜ ਨੇ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਵਿਧਾਨ ਸਭਾ ਤੇ ਪਰਿਸ਼ਦ ਨੇ ਨਿਊ ਯਾਰਕ ਸਿਟੀ ਦੇ ਸਰਕਾਰੀ ਸਕੂਲਾਂ ਨੂੰ ਦੀਵਾਲੀ 'ਤੇ ਬੰਦ ਰੱਖਣ ਦੀ ਇਜਾਜ਼ਤ ਦੇਣ ਵਾਲਾ ਬਿੱਲ ਪਾਸ ਕੀਤਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿਲੋਂ
ਡਾ. ਇਨਕਲਾਬੀ ਥਾਂਦੀ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਦਾਲੀਵਾਲ

# ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ 'ਚ ਗੁਰਦੁਆਰਾ ਸੋਧ ਬਿੱਲ ਰੱਦ

**ਅੰਮ੍ਰਿਤਸਰ:** ਪੰਜਾਬ ਸਰਕਾਰ ਵੱਲੋਂ ਹਰਿਮੰਦਰ ਸਾਹਿਬ ਵਿਚ ਹੁੰਦੇ ਕੀਰਤਨ ਦੇ ਪ੍ਰਸਾਰਨ ਦੇ ਮਾਮਲੇ 'ਚ ਵਿਧਾਨ ਸਭਾ ਵਿਚ ਪਾਸ ਕੀਤੇ ਗੁਰਦੁਆਰਾ ਸੋਧ ਬਿੱਲ ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿਚ ਸਮੂਹ ਮੈਂਬਰਾਂ ਨੇ ਸਰਬਸੰਮਤੀ ਅਤੇ ਇਕਸੁਰ ਨਾਲ ਰੱਦ ਕਰ ਦਿੱਤਾ ਹੈ। ਇਥੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਇਕ ਨੁਕਾਤੀ ਏਜੰਡਾ 'ਤੇ ਸੱਦੇ ਹੰਗਾਮੀ ਜਨਰਲ ਇਜਲਾਸ ਵਿਚ ਇਹ ਮਤਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੜ੍ਹਿਆ, ਜਿਸ ਨੂੰ ਹਾਲ ਵਿਚ ਮੌਜੂਦ ਸਮੂਹ ਮੈਂਬਰਾਂ ਨੇ ਇਕਸੁਰ ਨਾਲ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ।



ਇਸ ਮਤੇ ਰਾਹੀਂ ਪੰਜਾਬ ਸਰਕਾਰ ਦੀ ਕਾਰਵਾਈ ਨੂੰ ਸਿੱਖ ਧਾਰਮਿਕ ਮਾਮਲਿਆਂ ਵਿਚ ਦਖਲ ਅੰਦਾਜੀ ਕਰਾਰ ਦਿੱਤਾ ਗਿਆ ਅਤੇ ਇਸ ਦਾ ਸਖਤ ਵਿਰੋਧ ਕੀਤਾ ਗਿਆ। ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਪਾਸ ਕੀਤੇ ਬਿੱਲ ਨੂੰ ਵਾਪਸ ਲਵੇ ਨਹੀਂ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਅਕਾਲ ਤਖਤ ਦੀ ਅਗਵਾਈ ਹੇਠ ਮੋਰਚਾ ਸ਼ੁਰੂ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਲਿਆਂਦਾ ਗਿਆ ਬਿੱਲ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਇਸ਼ਾਰੇ 'ਤੇ ਪਾਸ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਵੱਲੋਂ ਵੀ ਪੰਜਾਬ ਸਰਕਾਰ ਦੇ ਇਸ ਬਿੱਲ ਨੂੰ ਰੱਦ ਕੀਤਾ ਜਾ ਚੁੱਕਾ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਦੱਸਿਆ ਕਿ ਮਾਸਟਰ ਤਾਰਾ ਸਿੰਘ ਅਤੇ ਜਵਾਹਰ ਲਾਲ ਨਹਿਰੂ ਵਿਚਾਲੇ ਸਮਝੌਤੇ ਤਹਿਤ ਸ਼੍ਰੋਮਣੀ ਕਮੇਟੀ ਜਨਰਲ ਹਾਊਸ ਦੇ ਦੋ ਤਿਹਾਈ ਬਹੁਮਤ ਨਾਲ ਸਿੱਖ ਗੁਰਦੁਆਰਾ ਐਕਟ 1925 ਵਿਚ ਕੋਈ ਸੋਧ ਕੀਤੀ ਜਾ ਸਕਦੀ ਹੈ। ਇਸ ਤੋਂ ਪਹਿਲਾਂ ਹੋਈਆਂ ਸੋਧਾਂ ਵੀ ਇਸੇ ਤਰ੍ਹਾਂ ਜਨਰਲ ਹਾਊਸ ਵੱਲੋਂ ਦੋ ਤਿਹਾਈ ਬਹੁਮਤ ਨਾਲ ਕੀਤੀਆਂ ਸਿਫਾਰਸ਼ਾਂ ਤਹਿਤ ਹੋਈਆਂ ਹਨ। ਉਨ੍ਹਾਂ ਨੇ ਹਵਾਲਾ ਦਿੱਤਾ ਕਿ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਤੋਂ ਬਾਅਦ ਅੰਗਰੇਜ਼ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਨਾਮਜ਼ਦ ਕੀਤੇ ਗਏ ਸਨ ਪਰ ਸਿੱਖ ਪੰਥ ਵੱਲੋਂ ਸਰਕਾਰ ਦੀ ਸਥਾਪਤ ਕਮੇਟੀ ਨੂੰ ਰੱਦ ਕਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਸਿੱਖ ਧਾਰਮਿਕ ਮਾਮਲਿਆਂ ਵਿਚ ਸਰਕਾਰਾਂ ਦਾ ਦਖਲ ਬਰਦਾਸ਼ਤ ਨਹੀਂ ਅਤੇ ਇਹ ਸਿੱਖ ਪਰੰਪਰਾਵਾਂ ਅੱਗੇ ਵੀ ਜਾਰੀ ਰੱਖੀਆਂ ਜਾਣਗੀਆਂ। ਜਨਰਲ ਇਜਲਾਸ ਵਿਚ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਹਾਜ਼ਰ ਸਨ। ਇਜਲਾਸ ਵਿਚ ਵੱਖ-ਵੱਖ ਧਿਰਾਂ ਅਤੇ ਧੜਿਆਂ ਦੇ ਮੈਂਬਰ ਵੀ ਸ਼ਾਮਲ ਸਨ।

## ਸਿੱਖਾਂ ਦੀ ਧਾਰਮਿਕ ਸੰਸਥਾ 'ਚ ਸਰਕਾਰ ਦਖਲ ਨਹੀਂ ਦੇ ਸਕਦੀ: ਸਿਮਰਨਜੀਤ ਮਾਨ

**ਫਤਹਿਗੜ੍ਹ ਸਾਹਿਬ:** ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਤਿੰਨ ਮੈਂਬਰੀ ਵਫ਼ਦ ਨੇ ਪੰਜਾਬ ਦੇ ਰਾਜਪਾਲ ਨੂੰ ਗੁਰਦੁਆਰਾ ਐਕਟ ਵਿਚ ਸਰਕਾਰ ਦੇ ਜਬਰੀ ਦਖਲ ਖ਼ਿਲਾਫ਼ ਮੰਗ ਪੱਤਰ ਦਿੱਤਾ। ਸ੍ਰੀ ਮਾਨ ਨੇ ਕਿਹਾ ਕਿ ਅੰਗਰੇਜ਼ਾਂ ਦੇ ਰਾਜ ਸਮੇਂ ਸਿੱਖ ਕੌਮ ਨਾਲ ਸਬੰਧਤ ਇਤਿਹਾਸਿਕ ਗੁਰੂ ਘਰਾਂ ਦੇ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਹਿੱਤ ਗੁਰਦੁਆਰਾ ਐਕਟ 1925 ਹੋਂਦ ਵਿਚ ਆਇਆ ਸੀ ਤੇ ਇਸ ਕਾਨੂੰਨ ਵਿਚ ਸਪਸ਼ਟ ਦਰਜ ਹੈ ਕਿ ਸਿੱਖ ਗੁਰੂ ਘਰਾਂ ਦੇ ਪ੍ਰਬੰਧ ਨੂੰ ਚਲਾਉਣ ਲਈ ਇਸ ਸੰਸਥਾ ਦੇ ਪਲੇਟਫਾਰਮ 'ਤੇ ਚੁਣੇ ਗਏ ਸਿੱਖ ਹੀ ਇਸ ਦੀ ਦੇਖ ਰੇਖ ਤੇ ਪ੍ਰਬੰਧ ਕਰਨਗੇ ਜਿਸ ਵਿਚ ਹਕੂਮਤ ਦੀ ਕਿਸੇ ਤਰ੍ਹਾਂ ਦੀ ਦਖਲਅੰਦਾਜੀ ਨਹੀਂ ਹੋ ਸਕਦੀ।

## ਭਗਵੰਤ ਮਾਨ ਦੇ ਨਾਂ ਨਾਲ 'ਸਿੰਘ' ਲਾਉਣ 'ਤੇ ਇਤਰਾਜ਼

**ਅੰਮ੍ਰਿਤਸਰ:** ਇਜਲਾਸ ਵਿਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਂ ਨਾਲ ਸਿੰਘ ਸ਼ਬਦ ਲਾਉਣ 'ਤੇ ਵੀ ਇਤਰਾਜ਼ ਕੀਤਾ ਗਿਆ ਹੈ। ਮਤੇ ਰਾਹੀਂ ਇਹ ਮੰਗ ਵੀ ਕੀਤੀ ਗਈ ਹੈ ਕਿ ਦਾੜ੍ਹੀ ਅਤੇ ਕੇਸਾਂ ਦੀ ਬੇਅਦਬੀ ਕਰਨ ਲਈ ਮੁੱਖ ਮੰਤਰੀ ਅਤੇ ਭਗਤ ਸਾਹਿਬਾਨ ਦਾ ਨਾਂ ਗੈਰ ਸਤਿਕਾਰਤ ਢੰਗ ਨਾਲ ਲਾਏ ਜਾਣ ਖ਼ਿਲਾਫ਼ ਵਿਧਾਇਕ ਬੁੱਧ ਰਾਮ ਜਨਤਕ ਮੁਆਫੀ ਮੰਗਣ।

# ਗਿਆਨੀ ਸੁਲਤਾਨ ਸਿੰਘ ਨੇ ਤਖਤ ਸ੍ਰੀ ਕੇਸਗੜ੍ਹ ਦੇ ਜਥੇਦਾਰ ਦਾ ਅਹੁਦਾ ਸੰਭਾਲਿਆ



**ਸ੍ਰੀ ਆਨੰਦਪੁਰ ਸਾਹਿਬ:** ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਵ-ਨਿਯੁਕਤ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਨੇ ਪੰਥਕ ਰਵਾਇਤਾਂ ਅਨੁਸਾਰ ਜਥੇਦਾਰ ਵਜੋਂ ਸੇਵਾ ਸੰਭਾਲ ਲਈ। ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਏ ਸੇਵਾ ਸੰਭਾਲ ਸਮਾਗਮ ਮੌਕੇ ਸਕੱਤਰ ਪ੍ਰਤਾਪ ਸਿੰਘ ਨੇ ਸ਼੍ਰੋਮਣੀ ਕਮੇਟੀ ਦੀ 16 ਜੂਨ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦਾ ਮਤਾ ਪੜ੍ਹ ਕੇ ਸੁਣਾਇਆ। ਇਸ ਉਪਰੰਤ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਰਘਬੀਰ ਸਿੰਘ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਗਿਆਨੀ ਸੁਲਤਾਨ ਸਿੰਘ ਦੇ ਨਾਮ ਦਾ ਐਲਾਨ ਕੀਤਾ ਜਿਸ ਨੂੰ ਪੰਥਕ ਸ਼ਖ਼ਸੀਅਤਾਂ ਅਤੇ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਵੱਲੋਂ ਬਾਬਾ ਮਲੂਕ ਸਿੰਘ, ਤਰਨਾ ਦਲ ਹਰੀਆਂ ਵੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ ਆਦਿ ਨੇ ਜਥੇਦਾਰ ਸੁਲਤਾਨ ਸਿੰਘ ਨੂੰ ਦਸਤਾਰਾਂ ਤੇ ਸਿਰੋਪਾਓ ਭੇਟ ਕੀਤੇ।

# ਸ਼੍ਰੋਮਣੀ ਕਮੇਟੀ ਨੇ ਥਲ ਸੈਨਾ ਮੁਖੀ ਕੋਲ ਸਿੱਖ ਮਸਲੇ ਚੁੱਕੇ

**ਅੰਮ੍ਰਿਤਸਰ:** ਭਾਰਤੀ ਫੌਜ ਦੇ ਮੁਖੀ ਜਨਰਲ ਮਨੋਜ ਪਾਂਡੇ ਨੇ ਦਰਬਾਰ ਸਾਹਿਬ ਨਤਮਸਤਕ ਹੋ ਕੇ ਗੁਰੂ ਘਰ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਦੌਰਾਨ ਉਨ੍ਹਾਂ ਨੂੰ ਅਰੁਣਾਚਲ ਪ੍ਰਦੇਸ਼ ਵਿਚ ਮੈਚੂਕਾ ਇਲਾਕੇ ਵਿਚਲਾ ਇਤਿਹਾਸਕ ਗੁਰਦੁਆਰਾ, ਜੋ ਪਹਿਲਾਂ ਭਾਰਤੀ ਫੌਜ ਦੇ ਪ੍ਰਬੰਧ ਹੇਠ ਸੀ ਅਤੇ ਬਾਅਦ ਵਿਚ ਉਥੋਂ ਦੀ ਸਰਕਾਰ ਵੱਲੋਂ ਬੋਧ ਧਰਮ ਅਸਥਾਨ ਵਿਚ ਤਬਦੀਲ ਕਰ ਦਿੱਤਾ ਗਿਆ, ਬਾਰੇ ਵੀ ਜਾਣੂ ਕਰਵਾਇਆ ਗਿਆ।

ਇਸ ਦੌਰਾਨ ਮਨੋਜ ਪਾਂਡੇ ਦੀ ਪਤਨੀ ਅਰਚਨਾ ਪਾਂਡੇ ਅਤੇ ਬ੍ਰਿਗੇਡੀਅਰ ਸੀ.ਬੀ.ਕੇ. ਬੈਨਰਜੀ ਵੀ ਉਨ੍ਹਾਂ ਨਾਲ ਮੌਜੂਦ ਸਨ। ਜਨਰਲ ਪਾਂਡੇ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਮੌਕੇ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਸ਼ਾਹਬਾਜ਼ ਸਿੰਘ ਅਤੇ ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਨੇ ਗੁਰੂ ਘਰ ਦੀ ਮਰਿਆਦਾ, ਸਿੱਖ ਪਰੰਪਰਾਵਾਂ ਅਤੇ ਇੱਥੋਂ ਸਬੰਧਿਤ ਅਸਥਾਨਾਂ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਉਨ੍ਹਾਂ ਨੇ ਕੁਝ ਸਮੇਂ ਲਈ ਕੀਰਤਨ ਸਰਵਣ ਕੀਤਾ ਅਤੇ ਅਕਾਲ ਤਖ਼ਤ ਵਿਖੇ ਸ਼ਰਧਾ ਪ੍ਰਗਟਾਈ। ਇਸ ਦੌਰਾਨ ਫ਼ੌਜ ਮੁਖੀ ਨੂੰ ਸ਼੍ਰੋਮਣੀ ਕਮੇਟੀ ਦੇ ਮੈਂਬਰ




ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਹੋਰਾਂ ਨੇ ਸਾਂਝੇ ਤੌਰ 'ਤੇ ਸਨਮਾਨਿਤ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਫ਼ੌਜ ਮੁਖੀ ਦਾ ਧਿਆਨ ਕੁਝ ਸਿੱਖ ਮਸਲਿਆਂ ਵੱਲ ਵੀ ਦਿਵਾਇਆ। ਫ਼ੌਜ ਮੁਖੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਵੇਲੇ ਦੀਆਂ ਆਪਣੀਆਂ ਭਾਵਨਾਵਾਂ ਨੂੰ ਯਾਤਰੂ ਕਿਤਾਬ ਵਿਚ ਦਰਜ ਕਰਦਿਆਂ ਲਿਖਿਆ, "ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਅਤੇ ਪ੍ਰਮਾਤਮਾ ਦਾ ਆਸ਼ੀਰਵਾਦ ਲੈਣ ਦਾ ਸੁਭਾਗ ਪ੍ਰਾਪਤ ਹੋਇਆ। ਉਨ੍ਹਾਂ ਪਰਮਾਤਮਾ ਦੇ ਚਰਨਾਂ ਵਿਚ ਅਰਦਾਸ ਕੀਤੀ ਹੈ ਕਿ ਭਾਰਤੀ ਫ਼ੌਜ ਦੇ ਸਾਰੇ ਕਰਮਚਾਰੀਆਂ ਨੂੰ ਚੰਗੀ ਸਿਹਤ ਅਤੇ ਖੁਸ਼ੀਆਂ ਬਖ਼ਸ਼ਣ।"

# ਕੇਂਦਰ ਨੇ ਸਿੱਖ ਕਤਲੇਆਮ ਦੇ ਮੁਲਜ਼ਮਾਂ ਨੂੰ ਜੇਲ੍ਹ ਭੇਜਿਆ: ਸ਼ੇਖਾਵਤ

**ਮਾਨਸਾ:** ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਕਿਹਾ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਪੰਜਾਬ ਹਿਤੈਸ਼ੀ ਹੈ। ਇਸ ਸਰਕਾਰ ਨੇ 1984 ਵਿਚ ਸਿੱਖਾਂ ਦਾ ਕਤਲੇਆਮ ਕਰਨ ਵਾਲਿਆਂ ਨੂੰ ਜੇਲ੍ਹਾਂ 'ਚ ਭੇਜਿਆ ਹੈ ਅਤੇ ਇਸੇ ਸਰਕਾਰ ਨੇ ਹੀ ਕਰਤਾਰਪੁਰ ਲਾਂਘਾ ਖੋਲ੍ਹਣ, ਗੁਰੂ ਘਰਾਂ ਦੇ ਲੰਗਰ ਤੋਂ ਟੈਕਸ ਹਟਾਉਣ ਅਤੇ ਸਿੱਖਾਂ ਦੀ ਕਾਲੀ ਸੂਚੀ ਖ਼ਤਮ ਕਰਨ ਵਰਗੇ ਫੈਸਲੇ ਲਏ ਹਨ।

ਸ਼ੇਖਾਵਤ ਨੇ ਕਿਹਾ ਕਿ ਦੇਸ਼ ਵਿਚ ਮੋਦੀ ਸਰਕਾਰ ਆਉਣ ਤੋਂ ਬਾਅਦ ਭਾਰਤ ਦਾ ਨਾਮ



ਕੌਮਾਂਤਰੀ ਪੱਧਰ 'ਤੇ ਪਹਿਲਾਂ ਦੇ ਮੁਕਾਬਲੇ ਹੋਰ ਉੱਚਾ ਹੋਇਆ ਹੈ, ਜਿਸ ਕਰਕੇ ਵਿਦੇਸ਼ੀ ਕੰਪਨੀਆਂ ਨੇ ਭਾਰਤ ਵਿਚ ਪੈਸਾ ਲਾਉਣ ਨੂੰ ਤਰਜੀਹ ਦਿੱਤੀ ਹੈ ਅਤੇ ਦੇਸ਼ ਦਾ ਕਾਰੋਬਾਰ ਵਧਿਆ ਹੈ। ਵਪਾਰਕ ਖੇਤਰ ਨਾਲ ਜੁੜੇ ਲੋਕਾਂ ਨੂੰ ਸਿੱਧੇ ਰੂਪ ਵਿਚ ਇਸ ਦਾ ਲਾਭ ਪੁੱਜਿਆ ਹੈ। ਸ਼ੇਖਾਵਤ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਪੰਜਾਬੀਆਂ ਦੀ ਕੋਈ ਪ੍ਰਵਾਹ ਨਹੀਂ ਹੈ। ਇਹ ਸਰਕਾਰ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾ ਕੇ ਪੰਜ ਸਾਲ ਕੱਢਣਾ ਚਾਹੁੰਦੀ ਹੈ। ਪੰਜਾਬ ਸਰਕਾਰ ਸਿਰਫ ਇਸ਼ਤਿਹਾਰਬਾਜ਼ੀ ਆਸਰੇ ਕੰਮ ਚਲਾਉਂਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਧਾਨ ਸਭਾ ਵਿਚ ਗਲਤ ਬਿਆਨਬਾਜ਼ੀ ਕਰ ਕੇ ਮਰਿਆਦਾ ਭੰਗ ਕੀਤੀ ਹੈ।

# ਮੂਸੇਵਾਲਾ ਦੇ ਮਾਪਿਆਂ ਵੱਲੋਂ ਇਨਸਾਫ ਵਾਸਤੇ ਅਪੀਲ-ਦਲੀਲ ਬੰਦ ਕਰਨ ਦਾ ਫੈਸਲਾ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਮਾਪਿਆਂ ਨੇ ਹੁਣ ਪੰਜਾਬ ਸਰਕਾਰ ਨਾਲ ਪੁੱਤ ਦੇ ਕਤਲ ਲਈ ਇਨਸਾਫ ਵਾਸਤੇ ਅਪੀਲ-ਦਲੀਲ ਬੰਦ ਕਰਨ ਦਾ ਫੈਸਲਾ ਕੀਤਾ ਹੈ। ਬਲਕੌਰ ਸਿੰਘ ਤੇ ਚਰਨ ਕੌਰ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਸਰਕਾਰ ਸਾਹਮਣੇ ਰੋ ਕੇ, ਹੱਥ ਬੰਨ੍ਹ ਕੇ ਅਪੀਲਾਂ ਕਰਕੇ ਵੇਖ ਲਿਆ ਹੈ, ਪਰ ਉਨ੍ਹਾਂ ਨੂੰ ਇਨਸਾਫ਼ ਦਾ ਕੋਈ ਹੁੰਗਾਰਾ ਨਹੀਂ ਮਿਲਿਆ ਹੈ। ਇਸ ਲਈ ਹੁਣ ਉਨ੍ਹਾਂ ਇਨਸਾਫ ਲਈ ਸਿਰਫ ਵਾਹਿਗੁਰੂ ਉਤੇ 'ਡੋਰਾਂ' ਛੱਡ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਸਮੇਤ ਸਾਰੀ ਕੈਬਨਿਟ ਤੋਂ ਝੋਲੀ ਅੱਡ ਕੇ ਇਨਸਾਫ਼ ਲਈ ਮੰਗ ਕਰਦੇ ਆ ਰਹੇ ਹਨ, ਪਰ ਹੁਣ ਤੱਕ ਕਿਸੇ ਉਨ੍ਹਾਂ ਦੀ ਬਾਂਹ ਨਹੀਂ ਫੜੀ। ਇਸ ਮੌਕੇ ਚਰਨ ਕੌਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਰੱਬ ਅੱਗੇ ਅਰਦਾਸ ਕਰਨ ਕਿ ਸਿੱਧੂ ਮੂਸੇਵਾਲਾ ਨੂੰ ਇਨਸਾਫ ਮਿਲੇ।

# ਸਿੱਖ ਗੁਰਦੁਆਰਾ ਐਕਟ 'ਚ ਆਪਮੁਹਾਰੇ ਸੋਧ ਕਰਨਾ ਖਤਰਨਾਕ ਪਰੰਪਰਾ: ਫੂਲਕਾ

**ਚੰਡੀਗੜ੍ਹ:** ਸੀਨੀਅਰ ਐਡਵੋਕੇਟ ਅਤੇ ਸਾਬਕਾ ਵਿਧਾਇਕ ਹਰਵਿੰਦਰ ਸਿੰਘ ਫੂਲਕਾ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਸਿੱਖ ਗੁਰਦੁਆਰਾ ਸੋਧ ਬਿੱਲ ਨੂੰ ਵਾਪਸ ਲਿਆ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖ ਗੁਰਦੁਆਰਾ ਐਕਟ-1925 ਵਿਚ ਆਪਮੁਹਾਰੇ ਸੋਧ ਕਰਨਾ ਖਤਰਨਾਕ ਪਰੰਪਰਾ ਹੈ ਜੋ ਸਰਕਾਰਾਂ ਲਈ ਰਵਾਇਤ ਬਣ ਜਾਵੇਗੀ।

ਉਨ੍ਹਾਂ ਕਿਹਾ ਕਿ ਜਦੋਂ ਤੋਂ ਸਿੱਖ ਗੁਰਦੁਆਰਾ ਐਕਟ ਬਣਿਆ ਹੈ, ਉਦੋਂ ਤੋਂ ਅੱਜ ਤੱਕ ਜਿੰਨੀਆਂ ਵੀ ਸੋਧਾਂ ਜਾਂ ਤਬਦੀਲੀਆਂ ਹੋਈਆਂ ਹਨ, ਉਹ ਸ਼੍ਰੋਮਣੀ ਕਮੇਟੀ ਜਾਂ ਸਿੱਖ ਕੌਮ ਦੀ ਸਹਿਮਤੀ ਨਾਲ ਹੋਈਆਂ ਹਨ, ਕਿਸੇ ਵੀ ਸਰਕਾਰ ਨੇ ਖੁਦ ਅਜਿਹੀ ਸੋਧ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਨੇ 1958-59 ਵਿਚ ਇਕ ਵਾਰੀ ਇਕ ਤਬਦੀਲੀ ਕੀਤੀ ਸੀ, ਉਸ ਵੇਲੇ ਸਿੱਖਾਂ ਵੱਲੋਂ ਵੱਡਾ ਵਿਰੋਧ ਹੋਇਆ ਸੀ। ਉਨ੍ਹਾਂ ਕਿਹਾ ਕਿ ਨਹਿਰੂ-ਮਾਸਟਰ ਤਾਰਾ ਸਿੰਘ ਸਮਝੌਤੇ ਵਿਚ ਇਹ ਤੈਅ ਹੋਇਆ ਸੀ ਕਿ ਸ਼੍ਰੋਮਣੀ ਕਮੇਟੀ ਦੇ ਪਾਸ ਕੀਤੇ ਮਤੇ ਤੋਂ ਬਿਨਾਂ ਕੋਈ ਸੋਧ ਨਹੀਂ ਹੋਵੇਗੀ ਪਰ ਮੌਜੂਦਾ ਸਰਕਾਰ ਨੇ ਆਪ ਮੁਹਾਰੇ ਸੋਧ ਕਰਕੇ ਖਤਰਨਾਕ ਪਰੰਪਰਾ ਦੀ ਸ਼ੁਰੂਆਤ ਕਰ ਦਿੱਤੀ ਹੈ। ਸ੍ਰੀ ਫੂਲਕਾ ਨੇ ਸਿੱਖ ਕੌਮ ਨੂੰ ਅਪੀਲ ਕੀਤੀ ਹੈ ਕਿ ਸਿੱਖ ਜਥੇਬੰਦੀਆਂ ਅਤੇ ਪਤਵੰਤੇ ਸਿੱਖ ਰਾਸ਼ਟਰਪਤੀ, ਰਾਜਪਾਲ, ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਨੂੰ ਚਿੱਠੀਆਂ ਲਿਖਣ ਕਿ ਸਿੱਖਾਂ



ਅਤੇ ਭਾਰਤ ਸਰਕਾਰ ਦੇ ਸਮਝੌਤੇ ਦੀ ਕਿਸੇ ਵੀ ਹਾਲਤ ਵਿਚ ਉਲੰਘਣਾ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਇਹ ਸੋਧ ਕਰਕੇ ਬਾਦਲਾਂ ਦਾ ਨੁਕਸਾਨ ਨਹੀਂ ਕੀਤਾ ਬਲਕਿ ਬਾਦਲਾਂ ਨੂੰ ਆਕਸੀਜਨ ਦੇਣ ਦਾ ਕੰਮ ਕੀਤਾ ਹੈ ਕਿਉਂਕਿ ਬਾਦਲਾਂ ਕੋਲ ਹੁਣ ਤੱਕ ਕੋਈ ਮੁੱਦਾ ਨਹੀਂ ਸੀ।

## ਗੁਰਬਾਣੀ ਦਾ ਨਿੱਜੀਕਰਨ ਤੇ ਵਪਾਰੀਕਰਨ ਗਲਤ: ਕੰਗ

**ਚੰਡੀਗੜ੍ਹ:** 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਗੁਰਬਾਣੀ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਲਈ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਗੁਰਬਾਣੀ ਦੇ ਹੁੰਦੇ ਪ੍ਰਸਾਰਨ ਨੂੰ ਸਾਰਿਆਂ ਲਈ ਮੁਫ਼ਤ ਕਰਨ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਸ੍ਰੀ ਕੰਗ ਨੇ ਚੈਨਲ ਦੇ ਅਧਿਕਾਰੀਆਂ ਵੱਲੋਂ ਗੁਰਬਾਣੀ ਨਾ ਵੇਚਣ ਦੇ ਦਾਅਵਿਆਂ ਦਾ ਖੰਡਨ ਕਰਦਿਆਂ ਕਿਹਾ ਕਿ ਵਿਸ਼ਵ ਭਰ 'ਚ ਵੱਸਦੇ ਸਿੱਖਾਂ ਤੇ ਪੰਜਾਬੀਆਂ ਨੂੰ ਗੁਰਬਾਣੀ ਸਰਵਣ ਕਰਨ ਲਈ ਚੈਨਲ ਦੀ ਐਪ ਡਾਊਨਲੋਡ ਕਰਨੀ ਪੈਂਦੀ ਹੈ ਜਾਂ ਸਬਸਕ੍ਰਿਪਸ਼ਨ ਲੈਣ ਲਈ ਮਹੀਨਾਵਾਰ ਅਦਾਇਗੀ ਕਰਨੀ ਪੈਂਦੀ ਹੈ।

# ਪਿਸ਼ਾਵਰ 'ਚ ਸਿੱਖ ਨੌਜਵਾਨ ਦੀ ਹੱਤਿਆ ਮਾਮਲੇ 'ਚ ਗ੍ਰਿਫਤਾਰੀਆਂ



**ਪਿਸ਼ਾਵਰ:** ਪਾਕਿਸਤਾਨ ਦੇ ਸ਼ਹਿਰ ਪਿਸ਼ਾਵਰ ਵਿਚ ਸਿੱਖ ਨੌਜਵਾਨ ਦੀ ਹੱਤਿਆ ਮਾਮਲੇ 'ਚ ਸਥਾਨਕ ਪੁਲਿਸ ਨੇ ਸ਼ੱਕ ਦੇ ਆਧਾਰ ਉਤੇ ਕੁਝ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਮਨਮੋਹਨ ਸਿੰਘ (35) ਦੀ ਉਸ ਵੇਲੇ ਕੁਝ ਅਣਪਛਾਤਿਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ ਜਦ ਉਹ ਸ਼ਹਿਰ ਦੇ ਅੰਦਰੂਨੀ ਇਲਾਕੇ ਵੱਲ ਜਾ ਰਿਹਾ ਸੀ। ਇਸ ਕੇਸ ਨੂੰ ਮਿੱਥ ਕੇ ਕੀਤੀ ਹੱਤਿਆ ਦੇ ਦਾਇਰੇ ਵਿਚ ਰੱਖਿਆ ਗਿਆ ਸੀ। ਪਾਕਿਸਤਾਨ ਵਿਚ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਦੀ ਇਹ ਇਕ ਹੋਰ ਘਟਨਾ ਵਾਪਰੀ ਹੈ। ਮਨਮੋਹਨ ਸਿੰਘ ਨੂੰ ਜ਼ਖਮੀ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪਿਸ਼ਾਵਰ ਦੇ ਪੁਲਿਸ ਮੁਖੀ ਅਸ਼ਫਾਕ ਅਨਵਰ ਨੇ ਮੀਡੀਆ ਨੂੰ ਦੱਸਿਆ ਕਿ ਮਨਮੋਹਨ ਸਿੰਘ ਯੂਨਾਨੀ ਦਵਾਈਆਂ ਦਾ 'ਹਕੀਮ' ਸੀ। ਉਸ ਦੀ ਹੱਤਿਆ ਦੇ ਦੋਸ਼ ਹੇਠ ਕੁਝ ਸ਼ੱਕੀਆਂ ਨੂੰ ਕਾਬੂ ਕੀਤਾ ਗਿਆ ਹੈ। ਪੁਲਿਸ ਮੁਖੀ ਨੇ ਕਿਹਾ ਕਿ ਉਹ ਹੱਤਿਆ ਵਿਚ ਸ਼ਾਮਲ ਮੁੱਖ ਮੁਲਜ਼ਮ ਨੂੰ ਗ੍ਰਿਫਤਾਰ ਕਰਨ ਦੇ ਕਰੀਬ ਹਨ। ਪੁਲਿਸ ਨੂੰ ਸੂਬੇ 'ਚ ਨਾਗਰਿਕਾਂ ਦੀ ਜਾਨ-ਮਾਲ ਦੀ ਰਾਖੀ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਪੁਲਿਸ ਕੇਸ ਦੇ ਵੱਖ-ਵੱਖ ਪਹਿਲੂਆਂ ਤੋਂ ਜਾਂਚ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਪਿਛਲੇ 48 ਘੰਟਿਆਂ 'ਚ ਸ਼ਹਿਰ ਦੇ ਯੱਕਾ ਤੂਤ ਇਲਾਕੇ ਵਿਚ ਸਿੱਖ ਵਿਅਕਤੀ ਉਤੇ ਹਮਲੇ ਦੀ ਇਹ ਦੂਜੀ ਘਟਨਾ ਵਾਪਰੀ ਹੈ। ਇਸ ਤੋਂ ਪਹਿਲਾਂ ਇਕ ਸਿੱਖ ਗੋਲੀ ਲੱਗਣ ਕਾਰਨ ਫੱਟੜ ਹੋ ਗਿਆ ਸੀ। ਸਿੱਖ ਵਪਾਰੀ ਤਰਲੋਕ ਸਿੰਘ ਉਤੇ ਹੋਏ ਹਮਲੇ ਦੀ ਜਾਂਚ ਅਤਿਵਾਦ ਵਿਰੋਧੀ ਵਿਭਾਗ ਕਰ ਰਿਹਾ ਹੈ। ਪੁਲਿਸ ਦਾ ਮੰਨਣਾ ਹੈ ਕਿ ਪਿਸ਼ਾਵਰ ਵਿਚ 48 ਘੰਟਿਆਂ ਦੇ ਅੰਦਰ ਸਿੱਖ ਵਿਅਕਤੀਆਂ 'ਤੇ ਦੋ ਹਮਲੇ ਮਿੱਥ ਕੇ ਕੀਤੇ ਗਏ ਹੋ ਸਕਦੇ ਹਨ ਪਰ ਅਸਲੀ ਤੱਥ ਗਹਿਰਾਈ ਨਾਲ ਜਾਂਚ ਤੋਂ ਬਾਅਦ ਹੀ ਸਾਹਮਣੇ ਆਉਣਗੇ। ਇਸ ਤੋਂ ਪਹਿਲਾਂ ਮਾਰਚ ਮਹੀਨੇ ਵੀ ਪਿਸ਼ਾਵਰ ਵਿਚ ਇਕ ਸਿੱਖ ਕਾਰੋਬਾਰੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਜ਼ਿਕਰਯੋਗ ਹੈ ਕਿ ਪਿਸ਼ਾਵਰ ਵਿਚ 15 ਹਜ਼ਾਰ ਸਿੱਖ ਰਹਿੰਦੇ ਹਨ ਜਿਨ੍ਹਾਂ ਵਿਚੋਂ ਬਹੁਤੇ ਸ਼ਹਿਰ ਦੇ ਨੇੜਲੇ ਜੋਗਨ ਸ਼ਾਹ ਇਲਾਕੇ ਵਿਚ ਰਹਿ ਰਹੇ ਹਨ।

### ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਦੁਕਾਨਦਾਰ ਦੀ ਹੱਤਿਆ ਦੀ ਨਿਖੇਧੀ

**ਅੰਮ੍ਰਿਤਸਰ:** ਪਾਕਿਸਤਾਨ ਦੇ ਸ਼ਹਿਰ ਪਿਸ਼ਾਵਰ 'ਚ ਸਿੱਖ ਦੁਕਾਨਦਾਰ ਮਨਮੋਹਨ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ ਕੀਤੇ ਜਾਣ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਹੋਰ ਸਿੱਖ ਜਥੇਬੰਦੀਆਂ ਨੇ ਨਿਖੇਧੀ ਕੀਤੀ ਹੈ। ਸ਼੍ਰੋਮਣੀ ਕਮੇਟੀ ਨੇ ਵਿਦੇਸ਼ ਮੰਤਰਾਲੇ ਨੂੰ ਅਪੀਲ ਕੀਤੀ ਹੈ ਕਿ ਉਹ ਕੂਟਨੀਤਕ ਪੱਧਰ 'ਤੇ ਪਾਕਿਸਤਾਨ ਸਰਕਾਰ ਕੋਲ ਇਹ ਮਾਮਲਾ ਚੁੱਕੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪਾਕਿਸਤਾਨ ਅੰਦਰ ਸਿੱਖਾਂ ਦੀ ਸੁਰੱਖਿਆ ਨੂੰ ਲੈ ਕੇ ਉਥੋਂ ਦੀ ਸਰਕਾਰ ਨੂੰ ਸੰਜੀਦਾ ਹੋਣਾ ਚਾਹੀਦਾ ਹੈ।

## ਯੂ.ਕੇ. ਵਿਚ ਸਿੱਖ ਟੈਕਸੀ ਡਰਾਈਵਰ ਦਾ ਹੱਤਿਆਰਾ ਦੋਸ਼ੀ ਕਰਾਰ

**ਲੰਡਨ:** ਸੈਂਟਰਲ ਇੰਗਲੈਂਡ ਵਿਚ 2022 'ਚ ਕਿਰਾਏ ਦੀ ਅਦਾਇਗੀ ਕਾਰਨ ਹੋਈ ਬਹਿਸ ਦੌਰਾਨ ਸਿੱਖ ਟੈਕਸੀ ਡਰਾਈਵਰ ਦਾ ਕਤਲ ਕਰਨ ਵਾਲੇ ਵਿਅਕਤੀ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਵੁਲਵਰਹੈਂਪਟਨ ਕ੍ਰਾਊਨ ਕੋਰਟ 'ਚ ਇਸ ਹਫਤੇ ਟੋਮਾਜ਼ ਮਰਗੋਲ (36) ਨੂੰ ਅਨਖ ਸਿੰਘ (59) ਦੇ ਕਤਲ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਗਿਆ। ਉਸ ਨੂੰ ਅਗਲੇ ਮਹੀਨੇ ਸਜ਼ਾ ਸੁਣਾਈ ਜਾਵੇਗੀ।

ਵੁਲਵਰਹੈਂਪਟਨ ਪੁਲਿਸ ਸੀ.ਆਈ.ਡੀ. ਦੇ ਜਾਂਚ ਅਧਿਕਾਰੀ ਮਿਸ਼ੇਲ ਸ਼ਰਗੁਡ ਨੇ ਕਿਹਾ, 'ਇਹ ਹਿੰਸਾ ਦੀ ਸੰਵੇਦਨਸ਼ੀਲ ਤੇ ਦੁਖਾਂਤਕ ਘਟਨਾ ਸੀ। ਉਨ੍ਹਾਂ ਕਿਹਾ,'ਸਿੰਘ ਕਾਨੂੰਨ ਦੀ ਪਾਲਣਾ ਕਰਨ ਵਾਲਾ ਚੰਗੇ ਅਕਸ ਵਾਲਾ ਵਿਅਕਤੀ ਸੀ ਜੋ ਆਪਣਾ ਕੰਮ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਔਖੀ ਘੜੀ ਵਿਚ ਸਾਡੀ ਸਿੰਘ ਦੇ ਪਰਿਵਾਰ ਨਾਲ ਹਮਦਰਦੀ ਹੈ।' ਕੋਰਟ ਨੂੰ ਦੱਸਿਆ ਗਿਆ ਕਿ 30 ਅਕਤੂਬਰ 2022 ਨੂੰ ਸਵੇਰੇ ਅਨਖ ਸਿੰਘ ਨਾਈਨ ਐਲਮਜ਼ ਸੜਕ 'ਤੇ ਗੰਭੀਰ ਹਾਲਤ ਵਿਚ ਡਿੱਗਿਆ ਪਿਆ ਸੀ ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ। ਸਿੰਘ ਨੇ ਮਰਗੋਲ ਨੂੰ ਆਪਣੀ ਟੈਕਸੀ ਵਿਚ ਬਿਠਾਇਆ ਸੀ। ਇਸ ਦੌਰਾਨ ਦੋਵਾਂ ਦੀ ਭਾੜੇ ਦੀ ਅਦਾਇਗੀ ਸਬੰਧੀ ਬਹਿਸ ਹੋ ਗਈ ਅਤੇ ਉਸ ਨੇ ਸਿੰਘ ਉੱਤੇ ਹਮਲਾ ਕਰ ਦਿੱਤਾ।

### ਭਾਰਤੀ ਸਫਾਰਤਖਾਨੇ ਅੱਗੇ ਰੋਸ ਵਿਖਾਵਾ

**ਵੈਨਕੂਵਰ:** ਕੈਨੇਡਾ ਰਹਿੰਦੇ ਗਰਮ ਖਿਆਲੀਆਂ ਨੇ ਸਿੱਖਸ ਫਾਰ ਜਸਟਿਸ ਦੇ ਆਗੂ ਦੀ ਅਗਵਾਈ ਹੇਠ ਵੈਨਕੂਵਰ ਸਥਿਤ ਭਾਰਤੀ ਦੂਤਾਵਾਸ ਦੇ ਉਪ ਦਫਤਰ ਮੂਹਰੇ ਰੋਸ ਵਿਖਾਵਾ ਕੀਤਾ ਤੇ ਕੈਨੇਡਾ ਰਹਿੰਦੇ ਸਿੱਖਾਂ ਦੇ ਮਾਮਲਿਆਂ 'ਚ ਦਖਲ ਬੰਦ ਕਰਨ ਲਈ ਕਿਹਾ। ਤਕਰੀਬਨ 200 ਲੋਕ ਜਿਨ੍ਹਾਂ ਨੇ ਹੱਥਾਂ 'ਚ ਭਾਰਤ ਵਿਰੋਧੀ ਨਾਅਰਿਆਂ ਵਾਲੇ ਝੰਡੇ ਤੇ ਤਖਤੀਆਂ ਫੜੀਆਂ ਹੋਈਆਂ ਸਨ, ਕੁਝ ਦਿਨ ਪਹਿਲਾਂ ਮਾਰੇ ਗਏ ਸਰੀ ਗੁਰਦੁਆਰੇ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਸਾਜ਼ਿਸ਼ ਬੇਪਰਦ ਕਰਨ ਦੀ ਮੰਗ ਕਰ ਰਹੇ ਸਨ। ਸਿੱਖਸ ਫਾਰ ਜਸਟਿਸ ਦੇ ਸਕੱਤਰ ਜਤਿੰਦਰ ਸਿੰਘ ਗਰੇਵਾਲ ਦੀ ਅਗਵਾਈ 'ਚ ਕੀਤੇ ਵਿਖਾਵੇ ਦੌਰਾਨ ਭਾਰਤ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਇਸ ਵਿਖਾਵੇ 'ਚ ਅਮਰੀਕਾ ਤੇ ਇੰਗਲੈਂਡ ਤੋਂ ਆਏ ਲੋਕ ਵੀ ਸ਼ਾਮਲ ਹੋਏ। ਵਿਖਾਵਾਕਾਰੀਆਂ ਨੇ ਕੈਨੇਡਾ ਪੁਲਿਸ ਤੋਂ ਮੰਗ ਕੀਤੀ ਕਿ ਉਹ ਕਾਤਲਾਂ ਨੂੰ ਫੜਨ ਤੇ ਸਾਜ਼ਿਸ਼ ਨੂੰ ਬੇਨਕਾਬ ਕਰਨ 'ਚ ਦੇਰੀ ਨਾ ਕਰੇ।

## ਪੰਜਾਬ 'ਚ ਅਮਨ-ਕਾਨੂੰਨ ਦੀ ਸਥਿਤੀ ਵਿਗੜੀ: ਰਾਜਨਾਥ



**ਚੰਡੀਗੜ੍ਹ:** ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅਮਨ-ਕਾਨੂੰਨ ਦੀ ਸਥਿਤੀ 'ਤੇ ਸੂਬਾ ਸਰਕਾਰ ਨੂੰ ਅਸਿੱਧੇ ਢੰਗ ਨਾਲ ਘੇਰਦਿਆਂ ਕਿਹਾ ਕਿ ਪੰਜਾਬ ਵਿਚ ਕਾਨੂੰਨ ਵਿਵਸਥਾ ਵਿਗੜਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਕਾਨੂੰਨ ਵਿਵਸਥਾ ਦੇ ਮੁੱਦੇ 'ਤੇ ਕੇਂਦਰ ਨੂੰ ਪੰਜਾਬ ਸਰਕਾਰ ਦਾ ਪੂਰਾ ਸਹਿਯੋਗ ਮਿਲਦਾ ਸੀ, ਜਿਸ ਕਰਕੇ ਕਾਨੂੰਨ ਵਿਵਸਥਾ ਨੂੰ ਸੰਭਾਲ ਲਿਆ ਜਾਂਦਾ ਸੀ। ਹੁਣ ਪੰਜਾਬ 'ਚ ਸਰਕਾਰ ਬਦਲ ਚੁੱਕੀ ਹੈ, ਜੋ ਕਿ ਕਾਨੂੰਨ ਵਿਵਸਥਾ ਦੇ ਮੁੱਦੇ 'ਤੇ ਨਾ ਤਾਂ ਕੇਂਦਰ ਸਰਕਾਰ ਦਾ ਸਹਿਯੋਗ ਕਰ ਰਹੀ ਹੈ ਤੇ ਨਾ ਹੀ ਸਹਿਯੋਗ ਲੈ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ 'ਚ ਕਾਨੂੰਨ ਵਿਵਸਥਾ ਸੰਭਾਲਣ ਲਈ ਪੰਜਾਬ ਸਰਕਾਰ ਨੂੰ ਪਹਿਲਕਦਮੀ ਕਰਨ ਦੀ ਲੋੜ ਹੈ। ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਚੰਡੀਗੜ੍ਹ ਦੇ ਸੈਕਟਰ-34 ਗਰਾਊਂਡ ਵਿਚ ਮੋਦੀ ਸਰਕਾਰ ਦੇ ਨੌਂ ਸਾਲਾਂ ਦੀਆਂ ਪ੍ਰਾਪਤੀਆਂ ਸਬੰਧੀ ਭਾਜਪਾ ਦੀ ਰੈਲੀ ਨੂੰ ਸੰਬੋਧਨ ਕੀਤਾ। ਕੇਂਦਰੀ ਰੱਖਿਆ ਮੰਤਰੀ ਨੇ ਕਾਂਗਰਸ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਕਾਂਗਰਸ ਦੀ ਅਣਗਹਿਲੀ ਕਾਰਨ ਪੰਜਾਬ ਤੋਂ ਚਾਰ-ਪੰਜ ਕਿਲੋਮੀਟਰ ਦੂਰੀ 'ਤੇ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ 'ਚ ਚਲਾ ਗਿਆ। ਸ੍ਰੀ ਕਰਤਾਰਪੁਰ ਸਾਹਿਬ ਭਾਰਤ ਦਾ ਹਿੱਸਾ ਨਾ ਹੋਣ ਕਰਕੇ ਪੰਜਾਬੀਆਂ ਦੇ ਮਨਾਂ 'ਚ ਇਕ ਦਰਦ ਸੀ ਜਿਸ ਨੂੰ ਪ੍ਰਧਾਨ ਮੰਤਰੀ ਨੇ ਸਮਝਿਆ ਅਤੇ ਅੱਜ ਕਰਤਾਰਪੁਰ ਸਾਹਿਬ ਵੀ ਭਾਰਤ ਨਾਲ ਜੁੜ ਚੁੱਕਿਆ ਹੈ। ਕਾਂਗਰਸ ਸਰਕਾਰ ਸਮੇਂ ਦੇਸ਼ ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਸੀ, ਜਿਸ ਕਰਕੇ ਕਈ ਵਾਰ ਕਾਂਗਰਸੀ ਆਗੂਆਂ ਤੇ ਮੰਤਰੀਆਂ ਤੱਕ ਨੂੰ ਜੇਲ੍ਹਾਂ ਵਿਚ ਜਾਣਾ ਪਿਆ ਹੈ ਪਰ ਮੋਦੀ ਸਰਕਾਰ ਦੇ ਰਾਜ 'ਚ ਭ੍ਰਿਸ਼ਟਾਚਾਰ ਨੂੰ ਖਤਮ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੁਝ ਸਾਲ ਪਹਿਲਾਂ ਤੱਕ ਭਾਰਤ ਵਿਸ਼ਵ ਦੇ ਮੰਚਾਂ 'ਤੇ ਬੋਲਦਾ ਸੀ ਤਾਂ ਉਸ ਨੂੰ ਕੋਈ ਗੰਭੀਰਤਾ ਨਾਲ ਨਹੀਂ ਲੈਂਦਾ ਸੀ ਪਰ ਅੱਜ ਜਦੋਂ ਭਾਰਤ ਕੁਝ ਵੀ ਬੋਲਦਾ ਹੈ ਤਾਂ ਬਾਕੀ ਦੇਸ਼ ਕੰਨ ਖੋਲ੍ਹ ਕੇ ਸੁਣਦੇ ਹਨ।

## ਸ਼੍ਰੋਮਣੀ ਕਮੇਟੀ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਦਿਹਾੜਾ ਮਨਾਇਆ

**ਮੁਹਾਲੀ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਥਾਨਕ ਇਤਿਹਾਸਕ ਗੁਰਦੁਆਰਾ ਫਤਹਿ-ਏ-ਜੰਗ ਸਾਹਿਬ ਚੱਪੜਚਿੜੀ ਵਿਚ ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਦਿਹਾੜਾ ਮਨਾਇਆ। ਇਸ ਮੌਕੇ ਸਵੇਰੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਮਗਰੋਂ ਸਾਰਾ ਦਿਨ ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰੀ ਜਥਿਆਂ ਨੇ ਕਥਾ, ਕੀਰਤਨ ਤੇ ਗੁਰਮਤਿ ਵਿਚਾਰਾਂ ਕੀਤੀਆਂ।

ਇਸ ਮੌਕੇ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਇਸ ਪਵਿੱਤਰ ਅਸਥਾਨ 'ਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਸੂਬਾ ਸਰਹਿੰਦ ਨੂੰ ਮੌਤ ਦੇ ਘਾਟ ਉਤਾਰ ਕੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਤੇ ਅਦੁੱਤੀ ਸ਼ਹਾਦਤ ਦਾ ਬਦਲਾ ਲੈ ਕੇ ਪਹਿਲੇ ਖ਼ਾਲਸਾ ਰਾਜ ਦੀ ਨੀਂਹ ਰੱਖੀ ਅਤੇ ਲੋਕਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ।

'ਆਪ' ਉਤੇ ਨਿਸ਼ਾਨਾ ਸੇਧਦਿਆਂ ਉਨ੍ਹਾਂ ਕਿਹਾ ਕਿ ਸਾਫ ਤੌਰ 'ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਨੀਅਤ ਵਿਚ ਖੋਟ ਦਿਖਾਈ ਦੇ ਰਹੀ ਹੈ। ਭਗਵੰਤ ਮਾਨ ਪੰਜਾਬ ਦੇ ਖਰਚੇ 'ਤੇ ਆਪਣੇ ਗੁਰੂ ਅਰਵਿੰਦ ਕੇਜਰੀਵਾਲ ਨੂੰ ਹਵਾਈ ਝੂਟਿਆਂ ਰਾਹੀਂ ਖ਼ੁਸ਼ ਕਰਦਿਆਂ ਸੂਬੇ ਨੂੰ ਆਰਥਿਕ ਬਰਬਾਦੀ ਵੱਲ ਧੱਕ ਰਹੇ ਹਨ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਕੌਰ ਲਾਂਡਰਾਂ ਤੇ ਚਰਨਜੀਤ ਸਿੰਘ ਕਾਲੇਵਾਲ ਨੇ ਚੱਪੜਚਿੜੀ ਜੰਗੀ ਮੈਦਾਨ ਦੇ ਇਤਿਹਾਸ ਤੋਂ ਜਾਣੂ ਕਰਵਾਇਆ।

## ਐਨ.ਐਸ.ਜੀ. ਸਿਖਲਾਈ ਕੇਂਦਰ ਲਈ ਜ਼ਮੀਨ ਐਕੁਆਇਰ ਖਿਲਾਫ ਰੋਹ ਭਖਿਆ

**ਪਠਾਨਕੋਟ:** ਕੌਮਾਂਤਰੀ ਸਰਹੱਦ ਨੇੜਲੇ ਪਿੰਡ ਸਕੋਲ ਦੀ 103 ਏਕੜ ਜ਼ਮੀਨ ਵਿਚ ਕੇਂਦਰ ਸਰਕਾਰ ਵੱਲੋਂ ਬਣਾਏ ਜਾ ਰਹੇ ਕੌਮੀ ਸੁਰੱਖਿਆ ਗਾਰਡ (ਐਨ.ਐਸ.ਜੀ.) ਦੇ ਸਿਖਲਾਈ ਕੇਂਦਰ ਦਾ ਵਿਰੋਧ ਸ਼ੁਰੂ ਹੋ ਗਿਆ ਹੈ। ਸੰਯੁਕਤ ਕਿਸਾਨ ਮੋਰਚਾ ਅਤੇ ਕਿਸਾਨ-ਮਜ਼ਦੂਰ ਜਥੇਬੰਦੀਆਂ ਨੇ ਸਿਖਲਾਈ ਕੇਂਦਰ ਲਈ ਜ਼ਮੀਨ ਐਕੁਆਇਰ ਕਰਨ ਖ਼ਿਲਾਫ਼ ਡੀ.ਸੀ. ਦਫਤਰ ਦਾ ਘਿਰਾਓ ਕੀਤਾ।

ਕਿਸਾਨਾਂ ਨੇ ਦੋਸ਼ ਲਾਇਆ ਕਿ ਸਰਕਾਰ ਜ਼ਮੀਨ ਐਕੁਆਇਰ ਕਰਕੇ ਆਬਾਦਕਾਰਾਂ ਨੂੰ ਉਜਾੜਨਾ ਚਾਹੁੰਦੀ ਹੈ। ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਐਨ.ਐਸ.ਜੀ. ਦਾ ਸਿਖਲਾਈ ਕੇਂਦਰ ਖੋਲ੍ਹਣ ਲਈ ਪਿੰਡ ਸਕੋਲ ਦੀ 103 ਏਕੜ ਜ਼ਮੀਨ ਕੇਂਦਰ ਨੂੰ ਦੇਣ ਜਾ ਰਹੀ ਹੈ, ਜਿਸ ਦਾ ਉਹ ਵਿਰੋਧ ਕਰਦੇ ਹਨ। ਉਨ੍ਹਾਂ ਕਿਹਾ ਕਿ 103 ਏਕੜ ਜ਼ਮੀਨ ਪਿੰਡ ਸਕੋਲ ਦੇ ਲੋਕਾਂ ਨੇ ਬੜੀ ਮੁਸ਼ਕਲ ਨਾਲ ਉਪਜਾਊ ਭੂਮੀ ਵਿਚ ਆਬਾਦ ਕੀਤੀ ਸੀ। ਸਰਕਾਰ ਹੁਣ ਇਕੋ ਝਟਕੇ ਨਾਲ ਆਬਾਦਕਾਰਾਂ ਤੋਂ ਇਹ ਜ਼ਮੀਨਾਂ ਖੋਹਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮਿਆਂ ਵਿਚ ਸਰਕਾਰ ਨੇ ਹੀ ਲੋਕਾਂ ਨੂੰ ਪਿੰਡ ਸਕੋਲ ਆਬਾਦ ਕਰਨ ਲਈ ਪ੍ਰੇਰਿਆ ਸੀ। ਬੇਆਬਾਦ ਜ਼ਮੀਨਾਂ ਆਬਾਦ ਕਰਨ ਲਈ ਸਰਕਾਰ ਨੇ ਮੁਆਵਜ਼ੇ ਵੀ ਦਿੱਤੇ ਸਨ। ਉਸ ਵੇਲੇ ਤਾਂ ਬੀ.ਐਸ.ਐਫ. ਨੇ ਵੀ ਪਿੰਡ ਸਕੋਲ ਵਿਚ ਰਹਿਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਮਗਰੋਂ ਲੋਕਾਂ ਨੇ ਜਾਨ-ਮਾਲ ਦਾ ਖਤਰਾ ਉਠਾ ਕੇ ਪਿੰਡ ਆਬਾਦ ਕੀਤਾ। ਉਨ੍ਹਾਂ ਕਿਹਾ ਕਿ ਹੁਣ ਉਹ ਉਜਾੜਾ ਸਹਿਣ ਨਹੀਂ ਕਰਨਗੇ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਧਰਨਾਕਾਰੀਆਂ ਕੋਲੋਂ ਮੰਗ ਪੱਤਰ ਲਿਆ ਅਤੇ ਉਨ੍ਹਾਂ ਦੀਆਂ ਮੰਗਾਂ ਪੰਜਾਬ ਸਰਕਾਰ ਤੱਕ ਪਹੁੰਚਾਉਣ ਦਾ ਭਰੋਸਾ ਦਿੱਤਾ।

## ਵਿਦਿਆਰਥੀਆਂ ਨਾਲ ਧੋਖਾਧੜੀ ਕਰਨ ਵਾਲਾ ਏਜੰਟ ਕੈਨੇਡਾ 'ਚ ਗ੍ਰਿਫਤਾਰ




**ਵੈਨਕੂਵਰ:** ਸੈਂਕੜੇ ਭਾਰਤੀ ਵਿਦਿਆਰਥੀਆਂ ਨੂੰ ਫਰਜ਼ੀ ਦਸਤਾਵੇਜ਼ਾਂ ਉਤੇ ਕੈਨੇਡਾ ਭੇਜਣ ਵਾਲੇ ਟਰੈਵਲ ਏਜੰਟ ਬ੍ਰਿਜੇਸ਼ ਮਿਸ਼ਰਾ ਨੂੰ ਕੈਨੇਡਾ 'ਚ ਗ੍ਰਿਫਤਾਰ ਕਰ ਲਿਆ ਗਿਆ ਹੈ। ਏਜੰਸੀ ਨੇ ਗ੍ਰਿਫਤਾਰੀ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਬ੍ਰਿਜੇਸ਼ ਮਿਸ਼ਰਾ ਖ਼ਿਲਾਫ਼ ਕੈਨੇਡਾ ਆਵਾਸ ਕੰਟਰੋਲ ਕਾਨੂੰਨ ਤਹਿਤ ਪੰਜ ਦੋਸ਼ ਆਇਦ ਕੀਤੇ ਗਏ ਹਨ। ਸੂਤਰਾਂ ਅਨੁਸਾਰ ਉਸ ਤੋਂ ਪੁੱਛਗਿੱਛ ਦੌਰਾਨ ਪਤਾ ਲਾਇਆ ਜਾਵੇਗਾ ਕਿ ਉਸ ਵੱਲੋਂ ਤਿਆਰ ਕੀਤੇ ਜਾਂਦੇ ਜਾਅਲੀ ਦਸਤਾਵੇਜ਼ਾਂ ਵਿਚ ਕੈਨੇਡਾ ਦੇ ਵਿੱਦਿਅਕ ਅਦਾਰਿਆਂ ਅਤੇ ਆਵਾਸ ਵਿਭਾਗ ਦੇ ਕਿਸੇ ਮੁਲਾਜ਼ਮ ਦੀ ਸ਼ਮੂਲੀਅਤ ਤਾਂ ਨਹੀਂ ਸੀ। ਕੈਨੇਡਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਦੌਰਾਨ ਉਹ ਫੜਿਆ ਗਿਆ। ਉਸ 'ਤੇ ਕੈਨੇਡਾ ਵਿਚ ਉੱਚ ਸਿੱਖਿਆ ਸੰਸਥਾਵਾਂ ਲਈ ਭਾਰਤੀ ਵਿਦਿਆਰਥੀਆਂ ਨੂੰ ਫਰਜ਼ੀ ਪੱਤਰ ਜਾਰੀ ਕਰਨ ਵਿਚ ਸ਼ਾਮਲ ਹੋਣ ਦਾ ਦੋਸ਼ ਹੈ। ਜਲੰਧਰ 'ਚ ਈ.ਐਮ.ਐਸ.ਏ. ਨਾਮ ਦੀ ਇਮੀਗ੍ਰੇਸ਼ਨ ਏਜੰਸੀ ਚਲਾਉਣ ਵਾਲਾ ਮਿਸ਼ਰਾ ਵਿਦਿਆਰਥੀਆਂ ਨਾਲ ਹੋਈ ਧੋਖਾਧੜੀ ਦਾ ਮਾਮਲਾ ਉਜਾਗਰ ਹੋਣ ਤੋਂ ਕੁਝ ਸਮਾਂ ਪਹਿਲਾਂ ਗਾਇਬ ਹੋ ਗਿਆ ਸੀ। ਫਰਜ਼ੀ ਦਸਤਾਵੇਜ਼ਾਂ 'ਤੇ ਕੈਨੇਡਾ ਆਉਣ ਅਤੇ ਕਾਲਜਾਂ 'ਚ ਜਾਅਲੀ ਪੱਤਰ ਜਮ੍ਹਾਂ ਕਰਾਉਣ ਕਰ ਕੇ ਪੰਜਾਬ ਅਤੇ ਹੋਰ ਸੂਬਿਆਂ ਦੇ ਸੈਂਕੜੇ ਵਿਦਿਆਰਥੀਆਂ 'ਤੇ ਕੈਨੇਡਾ ਤੋਂ ਦੇਸ਼ ਨਿਕਾਲੇ ਦੀ ਤਲਵਾਰ ਲਟਕ ਰਹੀ ਹੈ। ਕੈਨੇਡਾ ਬਾਰਡਰ ਸਰਵਿਸਜ਼ ਏਜੰਸੀ ਨੇ ਮਿਸ਼ਰਾ ਖ਼ਿਲਾਫ਼ ਕਾਰਵਾਈ ਕੀਤੀ ਹੈ। ਉਸ 'ਤੇ ਲਾਇਸੈਂਸ ਤੋਂ ਬਿਨਾਂ ਇਮੀਗ੍ਰੇਸ਼ਨ ਸਲਾਹ ਦੇਣ ਅਤੇ ਹੋਰਾਂ ਦੀ ਗੁੰਮਰਾਹਕੁਨ ਕਾਊਂਸਲਿੰਗ ਕਰਨ ਦੇ ਦੋਸ਼ ਲੱਗੇ ਹਨ। ਬ੍ਰਿਜੇਸ਼ ਮਿਸ਼ਰਾ ਇਸ ਸਮੇਂ ਬ੍ਰਿਟਿਸ਼ ਕੋਲੰਬੀਆ 'ਚ ਹਿਰਾਸਤ 'ਚ ਹੈ। ਸੂਤਰਾਂ ਮੁਤਾਬਕ ਕੈਨੇਡਾ ਬਾਰਡਰ ਸਰਵਿਸਜ਼ ਏਜੰਸੀ ਨੇ ਉਸ ਨੂੰ ਬ੍ਰਿਟਿਸ਼ ਕੋਲੰਬੀਆ ਦੀ ਪੁਲਿਸ ਹਵਾਲੇ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਸ਼ੀਨ ਫਰੇਜ਼ਰ ਨੇ ਏਜੰਟਾਂ ਦੀ ਧੋਖਾਧੜੀ ਦਾ ਸ਼ਿਕਾਰ ਬਣੇ ਵਿਦਿਆਰਥੀਆਂ ਨੂੰ ਰਾਹਤ ਦਿੰਦਿਆਂ ਉਨ੍ਹਾਂ ਦੀ ਵਤਨ ਵਾਪਸੀ 'ਤੇ ਅਜੇ ਰੋਕ ਲਗਾ ਦਿੱਤੀ ਹੈ।

### ਇਟਲੀ ਸੜਕ ਹਾਦਸੇ 'ਚ ਪੰਜਾਬੀ ਨੌਜਵਾਨ ਦੀ ਮੌਤ

**ਅਜਨਾਲਾ:** ਪਿੰਡ ਈਸਾਪੁਰ ਦੇ ਨੌਜਵਾਨ ਦੀ ਇਟਲੀ ਵਿਚ ਸੜਕ ਹਾਦਸੇ ਦੌਰਾਨ ਮੌਤ ਹੋ ਗਈ। ਅਮਰਾਜ ਸਿੰਘ ਸ਼ੈਰੀ ਪੁੱਤਰ ਹਰਿੰਦਰ ਸਿੰਘ ਪਿਛਲੇ ਕਈ ਸਾਲਾਂ ਤੋਂ ਇਟਲੀ ਵਿਚ ਆਪਣਾ ਕੰਮਕਾਰ ਕਰਦਾ ਸੀ ਅਤੇ ਕੰਮ ਤੋਂ ਵਾਪਸ ਆਉਂਦੇ ਸਮੇਂ ਉਸ ਦੀ ਕਾਰ ਹਾਦਸੇ ਦਾ ਸ਼ਿਕਾਰ ਹੋ ਗਈ, ਜਿਸ ਕਾਰਨ ਉਸ ਦੀ ਮੌਤ ਹੋ ਗਈ।

### ਐਚ-1ਬੀ ਵੀਜ਼ੇ ਅਮਰੀਕਾ ਵਿਚ ਹੀ ਨਵਿਆਏ ਜਾਣਗੇ

**ਵਾਸ਼ਿੰਗਟਨ:** ਅਮਰੀਕਾ ਐਚ-1ਬੀ ਵੀਜ਼ੇ ਦੇਸ਼ 'ਚ ਹੀ ਨਵਿਆਏ ਜਾਣ ਦੀ ਸ਼ੁਰੂਆਤ ਕਰਨ ਜਾ ਰਿਹਾ ਹੈ। ਇਸ ਅਹਿਮ ਫੈਸਲੇ ਨਾਲ ਅਮਰੀਕਾ 'ਚ ਰਹਿ ਰਹੇ ਹਜ਼ਾਰਾਂ ਭਾਰਤੀ ਮਾਹਿਰਾਂ ਨੂੰ ਇਥੇ ਠਹਿਰਨ 'ਚ ਸਹਾਇਤਾ ਮਿਲੇਗੀ ਅਤੇ ਉਨ੍ਹਾਂ ਨੂੰ ਆਪਣੇ ਵਰਕ ਵੀਜ਼ੇ ਨਵਿਆਉਣ ਲਈ ਵਤਨ ਨਹੀਂ ਪਰਤਣਾ ਪਵੇਗਾ। ਅਮਰੀਕੀ ਪ੍ਰਸ਼ਾਸਨ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਸ਼ਟਰਪਤੀ ਜੋਅ ਬਾਇਡਨ ਵਿਚਕਾਰ ਵਾਰਤਾ ਤੋਂ ਪਹਿਲਾਂ ਇਹ ਫੈਸਲਾ ਲਿਆ ਗਿਆ ਹੈ। ਅਧਿਕਾਰੀ ਨੇ ਕਿਹਾ ਕਿ ਅਮਰੀਕਾ ਨੇ ਪਿਛਲੇ ਸਾਲ ਭਾਰਤੀ ਵਿਦਿਆਰਥੀਆਂ ਨੂੰ ਸਵਾ ਲੱਖ ਵੀਜ਼ੇ ਜਾਰੀ ਕੀਤੇ ਸਨ ਜੋ ਇਕ ਰਿਕਾਰਡ ਹੈ।

# ਪੰਜਾਬ 'ਚ ਸਰਕਾਰ ਤੇ ਰਾਜਪਾਲ ਵਿਚਾਲੇ ਟਕਰਾਅ ਹੋਰ ਤਿੱਖਾ ਹੋਇਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਕੌਮੀ ਪੱਧਰ 'ਤੇ ਭਾਜਪਾ ਦੀ ਕੇਂਦਰੀ ਹਕੂਮਤ ਨਾਲ ਟਕਰਾਅ ਦਾ ਅਸਰ ਹੁਣ ਪੰਜਾਬ 'ਚ ਵੀ ਦਿਖਾਈ ਦੇਣ ਲੱਗਿਆ ਹੈ। ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦੇ ਰੌਂਅ ਤੋਂ ਪੰਜਾਬ ਵਿਧਾਨ ਸਭਾ ਵਿਚ ਪਾਸ ਕੀਤੇ ਚਾਰ ਬਿੱਲਾਂ ਦੇ ਭਵਿੱਖ 'ਤੇ ਵੀ ਸੁਆਲੀਆ ਨਿਸ਼ਾਨ ਲੱਗਦਾ ਨਜ਼ਰ ਆ ਰਿਹਾ ਹੈ। ਰਾਜਪਾਲ ਨੇ ਪ੍ਰੈੱਸ ਕਾਨਫਰੰਸ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ 'ਤੇ ਵੀ ਉਂਗਲ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਉਹ ਬਿੱਲਾਂ ਨੂੰ ਲੈ ਕੇ ਕਾਨੂੰਨੀ ਮਸ਼ਵਰਾ ਲੈਣਗੇ। ਜੇ ਕੁਝ ਵੀ ਗੈਰ ਸੰਵਿਧਾਨਿਕ ਪਾਇਆ ਗਿਆ ਤਾਂ ਉਹ ਬਿੱਲ ਰੱਦ ਕਰ ਦੇਣਗੇ। ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਪਲਟਵਾਰ ਕਰਦਿਆਂ ਉਨ੍ਹਾਂ ਨੂੰ ਜ਼ਾਬਤੇ ਵਿਚ ਰਹਿਣ ਦੀ ਨਸੀਹਤ ਦਿੱਤੀ। ਮੁੱਖ ਮੰਤਰੀ ਵੱਲੋਂ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਲਾਏ ਇਲਜ਼ਾਮਾਂ 'ਤੇ ਰਾਜਪਾਲ ਨੇ ਸਫਾਈ ਦਿੱਤੀ। ਇਸ ਮਗਰੋਂ ਮੁੱਖ ਮੰਤਰੀ ਅਤੇ ਰਾਜਪਾਲ ਵਿਚਾਲੇ ਟਕਰਾਅ ਹੁਣ ਹੋਰ ਤਿੱਖਾ ਹੋ ਗਿਆ ਹੈ।



ਉਨ੍ਹਾਂ ਕਿਹਾ ਕਿ ਜੇ ਭਗਵੰਤ ਮਾਨ ਨੇ ਸਦਨ ਤੋਂ ਬਾਹਰ ਉਨ੍ਹਾਂ ਖ਼ਿਲਾਫ਼ ਮਾੜੀ ਸ਼ਬਦਾਵਲੀ ਵਰਤੀ ਤਾਂ ਉਹ ਮਾਣਹਾਨੀ ਦੇ ਕੇਸ ਬਾਰੇ ਸੋਚਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪੰਜਾਬ 'ਵਰਸਿਟੀ ਨੂੰ 2017-18 ਤੋਂ 2022-23 ਦੌਰਾਨ 696 ਕਰੋੜ ਦੇਣੇ ਸਨ ਪਰ ਸਿਰਫ 203 ਕਰੋੜ ਰੁਪਏ ਜਾਰੀ ਕੀਤੇ ਗਏ। ਉਨ੍ਹਾਂ ਚੁਣੌਤੀ ਦਿੱਤੀ ਕਿ ਪੰਜਾਬ ਸਰਕਾਰ ਅਜਿਹਾ ਕੋਈ ਇਕ ਵੀ ਨੁਕਤਾ ਦੱਸੇ ਜੋ ਸਰਕਾਰ ਦੇ ਕੰਮਾਂ ਵਿਚ ਬੇਲੋੜੇ ਦਖਲ ਵੱਲ ਇਸ਼ਾਰਾ ਕਰਦਾ ਹੋਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪੰਜਾਬ ਟੈਕਨੀਕਲ 'ਵਰਸਿਟੀ ਦੇ ਵੀਸੀ ਦੀ ਭਾਲ ਲਈ ਜੋ ਕਮੇਟੀ ਬਣਾਈ ਸੀ, ਉਹ ਯੂ.ਜੀ.ਸੀ. ਦੇ ਦਿਸ਼ਾ ਨਿਰਦੇਸ਼ਾਂ ਦੀ ਪੂਰਤੀ ਨਹੀਂ ਕਰਦੀ ਸੀ। ਉਨ੍ਹਾਂ ਨੇ ਫਿਰ ਵੀ ਆਪਣੀ ਟਿੱਪਣੀ ਸਮੇਤ ਪੀ.ਟੀ.ਯੂ. ਦੇ ਵੀ.ਸੀ. ਦੀ ਨਿਯੁਕਤੀ 'ਤੇ ਸਹੀ ਪਾਈ। ਰਾਜਪਾਲ ਨੇ ਮੁੱਖ ਮੰਤਰੀ ਦਾ ਨਾਮ ਲਏ ਬਿਨਾਂ ਕਿਹਾ 'ਜਿਸ ਸਕੂਲ 'ਚ ਉਹ ਪੜ੍ਹ ਰਹੇ ਹਨ, ਮੈਂ ਉਸ ਸਕੂਲ ਦਾ ਹੈੱਡਮਾਸਟਰ ਸੇਵਾਮੁਕਤ ਹੋਇਆ ਹਾਂ।' ਚੇਤੇ ਰਹੇ ਕਿ ਰਾਜਪਾਲ ਵੱਲੋਂ ਲਿਖੇ ਪੱਤਰਾਂ ਨੂੰ ਮੁੱਖ ਮੰਤਰੀ ਨੇ ਸਦਨ ਵਿਚ 'ਲਵ ਲੈਟਰ' ਦਾ ਨਾਮ ਦਿੱਤਾ ਸੀ। ਰਾਜਪਾਲ ਨੇ ਕਿਹਾ ਕਿ ਉਨ੍ਹਾਂ ਨੇ ਤਾਂ ਸੁਪਰੀਮ ਕੋਰਟ ਦੇ ਹੁਕਮਾਂ ਮੁਤਾਬਕ ਹੀ ਪੱਤਰ ਲਿਖੇ ਹਨ।

ਰਾਜਪਾਲ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਦਾ ਹੈਲੀਕਾਪਟਰ ਨਹੀਂ ਵਰਤਣਗੇ ਅਤੇ ਪੰਜਾਬ ਦਾ ਦੌਰਾ ਸੜਕੀ ਰਸਤੇ ਹੀ ਕਰਨਗੇ। ਚੇਤੇ ਰਹੇ ਕਿ ਮੁੱਖ ਮੰਤਰੀ ਨੇ ਕਿਹਾ ਸੀ ਕਿ ਰਾਜਪਾਲ ਹੈਲੀਕਾਪਟਰ ਵੀ ਸਰਕਾਰ ਦਾ ਵਰਤਦੇ ਨੇ ਅਤੇ ਉਨ੍ਹਾਂ (ਮੁੱਖ ਮੰਤਰੀ) ਨੂੰ ਗਾਲ੍ਹਾਂ ਵੀ ਕੱਢਦੇ ਹਨ। ਰਾਜਪਾਲ ਨੇ ਕਿਹਾ ਕਿ ਜਦੋਂ ਉਨ੍ਹਾਂ ਦੇ ਪੰਜਾਬ ਦੌਰਿਆਂ ਨਾਲ ਸਰਕਾਰ ਦੀ ਪੋਲ ਖੁੱਲ੍ਹਦੀ ਹੈ ਤਾਂ ਸਰਕਾਰ ਘਬਰਾਉਂਦੀ ਹੈ।

## ਰਾਜਪਾਲ ਜਾਣਬੁੱਝ ਕੇ ਟਕਰਾਅ ਪੈਦਾ ਕਰ ਰਹੇ: ਕੰਗ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਲੋਂ ਚੰਡੀਗੜ੍ਹ 'ਚ ਸੂਬਾ ਸਰਕਾਰ ਸਬੰਧੀ ਦਿੱਤੇ ਬਿਆਨਾਂ 'ਤੇ 'ਆਪ' ਨੇ ਪਲਟਵਾਰ ਕੀਤਾ ਹੈ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਪੰਜਾਬ ਦੇ ਰਾਜਪਾਲ ਭਾਜਪਾ ਦੇ ਇਸ਼ਾਰੇ 'ਤੇ ਪੰਜਾਬ 'ਵਰਸਿਟੀ ਵਿਚੋਂ ਹਰਿਆਣਾ ਨੂੰ ਹਿੱਸਾ ਦੇਣ ਦੀ ਗੱਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਰਾਜਪਾਲ ਨੇ ਅਧਿਕਾਰਤ ਤੌਰ 'ਤੇ ਸਵੀਕਾਰ ਕਰ ਲਿਆ ਹੈ ਕਿ ਪੰਜਾਬ ਵਿਧਾਨ ਸਭਾ 'ਚ 'ਮੇਰੀ ਸਰਕਾਰ' ਨਾ ਬੋਲਣਾ ਉਨ੍ਹਾਂ ਦੀ ਗਲਤੀ ਸੀ। ਸ੍ਰੀ ਕੰਗ ਨੇ ਕਿਹਾ ਕਿ ਰਾਜਪਾਲ ਜਾਣਬੁੱਝ ਕੇ ਪੰਜਾਬ ਸਰਕਾਰ ਨਾਲ ਟਕਰਾਅ ਪੈਦਾ ਕਰ ਰਹੇ ਹਨ।

# ਵਿਜੀਲੈਂਸ ਵੱਲੋਂ 40,000 ਰੁਪਏ ਰਿਸ਼ਵਤ ਲੈਂਦਾ ਲਾਈਨਮੈਨ ਕਾਬੂ

**ਫਾਜ਼ਿਲਕਾ:** ਪੰਜਾਬ ਵਿਜੀਲੈਂਸ ਬਿਊਰੋ ਨੇ ਫਾਜ਼ਿਲਕਾ ਜ਼ਿਲ੍ਹੇ ਦੇ ਖੂਈ ਖੇੜਾ ਵਿਚ ਤਾਇਨਾਤ ਪੀ.ਐਸ.ਪੀ.ਸੀ.ਐਲ. ਦੇ ਲਾਈਨਮੈਨ ਮਹਿੰਦਰ ਕੁਮਾਰ ਨੂੰ 40,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਕਾਬੂ ਕੀਤਾ ਹੈ ਜਿਸ ਦੀ ਸ਼ਿਕਾਇਤ ਪਿੰਡ ਬਾਜੀਦਪੁਰ ਕੱਟਿਆਂਵਾਲੀ ਦੇ ਪ੍ਰਦੀਪ ਕੁਮਾਰ ਨੇ ਕੀਤੀ ਸੀ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਪ੍ਰਦੀਪ ਕੁਮਾਰ ਨੇ ਵਿਜੀਲੈਂਸ ਬਿਊਰੋ ਫਿਰੋਜ਼ਪੁਰ ਰੇਂਜ ਦੇ ਫਾਜ਼ਿਲਕਾ ਯੂਨਿਟ ਕੋਲ ਪਹੁੰਚ ਕਰਕੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਲਾਈਨਮੈਨ ਮਹਿੰਦਰ ਕੁਮਾਰ ਨੇ ਬਾਲਾਜੀ ਮਿਲਕ ਸੈਂਟਰ ਦੇ ਅਪਰੈਲ 2023 ਮਹੀਨੇ ਵਿਚ 73,790 ਰੁਪਏ ਦੇ ਆਏ ਬਿਜਲੀ ਬਿੱਲ ਦਾ ਨਿਪਟਾਰਾ ਕਰਨ ਬਦਲੇ ਰਿਸ਼ਵਤ ਵਜੋਂ 40,000 ਰੁਪਏ ਮੰਗੇ ਸਨ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਨੂੰ ਇਸ ਤੋਂ ਪਹਿਲਾਂ ਫਰਵਰੀ ਮਹੀਨੇ 52,360 ਰੁਪਏ ਬਿਜਲੀ ਦਾ ਬਿੱਲ ਆਇਆ ਸੀ ਅਤੇ ਉਕਤ ਲਾਈਨਮੈਨ ਨੇ ਇਸ ਬਿਜਲੀ ਦੇ ਬਿੱਲ ਨੂੰ ਠੀਕ ਕਰਵਾਉਣ ਬਦਲੇ ਉਸ ਤੋਂ 21,000 ਰੁਪਏ ਲਏ ਸਨ ਪਰ ਜਦੋਂ ਉਸ ਦਾ ਅਪਰੈਲ ਮਹੀਨੇ ਦਾ ਬਿਜਲੀ ਦਾ ਬਿੱਲ 73,790 ਰੁਪਏ ਆਇਆ ਤਾਂ ਉਸ ਨੂੰ ਪਤਾ ਲੱਗਿਆ ਕਿ ਇਸ ਵਿਚ ਫਰਵਰੀ ਮਹੀਨੇ ਦਾ ਬਿੱਲ ਵੀ ਜੋੜਿਆ ਹੋਇਆ ਸੀ। ਇਸ ਲਈ ਉਸ ਨੇ ਦੁਬਾਰਾ ਲਾਈਨਮੈਨ ਨਾਲ ਸੰਪਰਕ ਕੀਤਾ ਤਾਂ ਲਾਈਨਮੈਨ ਨੇ ਉਸ (ਸ਼ਿਕਾਇਤਕਰਤਾ) ਤੋਂ ਹੋਰ 40,000 ਰੁਪਏ ਦੀ ਮੰਗ ਕੀਤੀ। ਜਾਂਚ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿਚ ਸ਼ਿਕਾਇਤਕਰਤਾ ਤੋਂ 40,000 ਰੁਪਏ ਦੀ ਰਿਸ਼ਵਤ ਲੈਂਦਿਆਂ ਮੌਕੇ 'ਤੇ ਹੀ ਕਾਬੂ ਕਰ ਲਿਆ।

# ਕਰਜ਼ਾ ਹੱਦ ਕਟੌਤੀ: ਪੰਜਾਬ ਵੱਲੋਂ ਕੇਂਦਰ ਅੱਗੇ ਵਿੱਤੀ ਸੰਕਟ ਦਾ ਵਾਸਤਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਮੌਜੂਦਾ ਸੂਬਾਈ ਵਿੱਤੀ ਸੰਕਟ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੂੰ ਕਰਜ਼ਾ ਲੈਣ ਦੀ ਸੀਮਾ 'ਤੇ ਲਾਏ ਕੱਟ ਨੂੰ ਵਾਪਸ ਲੈਣ ਲਈ ਕਿਹਾ ਹੈ। ਕਰਜ਼ੇ ਦੇ ਜਾਲ ਵਿਚ ਫਸੇ ਪੰਜਾਬ ਲਈ ਕੇਂਦਰ ਸਰਕਾਰ ਵੱਲੋਂ ਕਰਜ਼ਾ ਲੈਣ ਦੀ ਸੀਮਾ 'ਚ ਕੀਤੀ ਵੱਡੀ ਕਟੌਤੀ ਕਿਸੇ ਝਟਕੇ ਤੋਂ ਘੱਟ ਨਹੀਂ ਹੈ।



ਪੰਜਾਬ ਸਰਕਾਰ ਦਾ ਮੰਨਣਾ ਹੈ ਕਿ ਕਰਜ਼ਾ ਲੈਣ ਦੀ ਸੀਮਾ ਵਿਚ 18 ਹਜ਼ਾਰ ਕਰੋੜ ਦੀ ਕਟੌਤੀ ਸੂਬੇ ਨੂੰ ਲੀਹੋਂ ਲਾਹ ਸਕਦੀ ਹੈ। ਉਂਜ ਇਹ ਤੱਥ ਕਿਸੇ ਤੋਂ ਲੁਕਿਆ ਨਹੀਂ ਹੈ ਕਿ ਕਰਜ਼ਾ ਚੁੱਕ ਕੇ ਸੂਬੇ ਦੀ ਆਰਥਿਕਤਾ ਨੂੰ ਸਹਾਰਾ ਦਿੱਤਾ ਜਾ ਰਿਹਾ ਹੈ। ਪੰਜਾਬ ਸਰਕਾਰ ਦੀ ਕਰਜ਼ਾ ਚੁੱਕਣ ਦੀ ਸੀਮਾ 39 ਹਜ਼ਾਰ ਕਰੋੜ ਰੁਪਏ ਸਾਲਾਨਾ ਬਣਦੀ ਹੈ, ਪਰ ਕੇਂਦਰੀ ਵਿੱਤ ਮੰਤਰਾਲੇ ਨੇ ਪੰਜਾਬ ਦੀ ਇਸ ਹੱਦ ਵਿਚ 18,000 ਕਰੋੜ ਦੀ ਸਾਲਾਨਾ ਕਟੌਤੀ ਕੀਤੀ ਸੀ, ਜਿਸ ਮਗਰੋਂ ਪੰਜਾਬ ਸਰਕਾਰ ਸਿਰਫ 21 ਹਜ਼ਾਰ ਕਰੋੜ ਰੁਪਏ ਸਾਲਾਨਾ ਕਰਜ਼ਾ ਚੁੱਕਣ ਦੇ ਯੋਗ ਰਹਿ ਗਈ ਹੈ। ਕੇਂਦਰ ਸਰਕਾਰ ਨੇ ਖ਼ਦਸ਼ਾ ਜ਼ਾਹਿਰ ਕੀਤਾ ਸੀ ਕਿ ਪੰਜਾਬ ਸਰਕਾਰ ਰਾਜ ਪੈਨਸ਼ਨ ਫੰਡ ਰੈਗੂਲੇਟਰੀ ਅਤੇ ਵਿਕਾਸ ਅਥਾਰਿਟੀ ਨੂੰ ਸਾਲਾਨਾ 3000 ਕਰੋੜ ਰੁਪਏ ਦਾ ਯੋਗਦਾਨ ਦੇਣਾ ਬੰਦ ਕਰ ਦੇਵੇਗੀ। ਪੰਜਾਬ ਸਰਕਾਰ ਨੇ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕੀਤਾ ਹੈ।

ਪੰਜਾਬ ਸਰਕਾਰ ਨੇ ਕੇਂਦਰੀ ਵਿੱਤ ਮੰਤਰਾਲੇ ਨੂੰ ਪੱਤਰ ਲਿਖ ਕੇ ਭਰੋਸਾ ਦਿੱਤਾ ਹੈ ਕਿ ਪੰਜਾਬ ਸਰਕਾਰ ਰਾਜ ਪੈਨਸ਼ਨ ਫੰਡ ਰੈਗੂਲੇਟਰੀ ਅਤੇ ਵਿਕਾਸ ਅਥਾਰਿਟੀ ਨੂੰ ਸਾਲਾਨਾ 3000 ਕਰੋੜ ਰੁਪਏ ਦਾ ਆਪਣਾ ਹਿੱਸਾ ਦੇ ਰਹੀ ਹੈ ਅਤੇ ਇਹ ਫੰਡ ਦਿੱਤਾ ਜਾ ਰਿਹਾ ਹੈ। ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਨੂੰ ਪੰਜਾਬ ਦੀ ਕਰਜ਼ਾ ਸੀਮਾ 'ਤੇ ਲਾਏ ਕੱਟ ਨੂੰ ਹਟਾਉਣ ਦੀ ਅਪੀਲ ਕੀਤੀ ਹੈ। ਵਿੱਤ ਵਿਭਾਗ ਨੇ ਇਸ ਦੀ ਪੁਸ਼ਟੀ ਵੀ ਕੀਤੀ ਹੈ। ਚੇਤੇ ਰਹੇ ਕਿ ਰਾਜਸਥਾਨ, ਝਾਰਖੰਡ, ਛੱਤੀਸਗੜ੍ਹ, ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਨੇ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕੀਤਾ ਹੈ ਜਿਸ ਮਗਰੋਂ ਕੇਂਦਰ ਸਰਕਾਰ ਨੇ ਕੇਰਲਾ, ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਦੀ ਕਰਜ਼ਾ ਸੀਮਾ 'ਤੇ ਕੱਟ ਲਾ ਦਿੱਤਾ ਸੀ। ਸੂਤਰਾਂ ਮੁਤਾਬਕ ਜੇਕਰ ਕਰਜ਼ਾ ਸੀਮਾ 'ਤੇ ਕਟੌਤੀ ਵਾਪਸ ਨਾ ਲਈ ਗਈ ਤਾਂ ਸੂਬਾ ਸਰਕਾਰ ਨੂੰ ਵਿੱਤੀ ਤੌਰ 'ਤੇ ਅਗਲੇ ਕਦਮ ਪੁੱਟਣੇ ਮੁਸ਼ਕਲ ਹੋ ਜਾਣਗੇ।

# ਪੰਜਾਬ ਦੀ ਜ਼ਮੀਨ ਸਸਤੇ ਭਾਅ ਲੀਜ਼ 'ਤੇ ਦੇਣ ਵਾਲਿਆਂ ਦੀ ਆਵੇਗੀ ਸ਼ਾਮਤ

**ਸੰਗਰੂਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਗੋਆ ਵਿਚ ਪੰਜਾਬ ਦੀ ਤਕਰੀਬਨ 9 ਏਕੜ ਜ਼ਮੀਨ ਸਸਤੇ ਭਾਅ ਲੀਜ਼ 'ਤੇ ਦੇਣ ਵਾਲਿਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਇਸ ਜ਼ਮੀਨ ਨਾਲ ਸਬੰਧਤ ਸਾਰੀਆਂ ਫਾਈਲਾਂ ਕਢਵਾ ਰਹੇ ਹਨ। ਇਹ ਜ਼ਮੀਨ ਛੇਤੀ ਹੀ ਖਾਲੀ ਕਰਵਾ ਲਈ ਜਾਵੇਗੀ ਅਤੇ ਇਸ ਵਿਚ ਸ਼ਾਮਲ ਕਿਸੇ ਵੀ ਆਗੂ ਨੂੰ ਬਖ਼ਸ਼ਿਆ ਨਹੀਂ ਜਾਵੇਗਾ।



ਮੁੱਖ ਮੰਤਰੀ ਇੱਥੇ 1.12 ਕਰੋੜ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਜ਼ਿਲ੍ਹਾ ਲਾਇਬ੍ਰੇਰੀ ਦਾ ਰਸਮੀ ਉਦਘਾਟਨ ਕਰਨ ਮੌਕੇ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਆਈ.ਏ.ਐਸ. ਅਤੇ ਪੀ.ਸੀ.ਐਸ. ਸਣੇ ਹੋਰ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਦੀ ਮੁਫ਼ਤ ਕੋਚਿੰਗ ਦੇਣ ਲਈ ਸੂਬੇ ਵਿਚ ਅੱਠ ਕੋਚਿੰਗ ਸੈਂਟਰ ਖੋਲ੍ਹੇ ਜਾਣਗੇ। ਉਨ੍ਹਾਂ ਵਿਰੋਧੀ ਪਾਰਟੀਆਂ 'ਤੇ ਵਿਅੰਗ ਕੱਸਦਿਆਂ ਕਿਹਾ ਕਿ ਇਨ੍ਹਾਂ ਨੇ ਵੱਡੇ ਵੱਡੇ ਫਾਰਮ ਹਾਊਸ ਅਤੇ ਮੈਰਿਜ ਪੈਲੇਸ ਬਣਵਾ ਲਏ। ਇਨ੍ਹਾਂ ਨੇ ਲੋਕਾਂ ਦੇ ਪੈਸੇ ਨਾਲ ਕਿੱਥੇ ਕੀ ਬਣਾਇਆ ਅਤੇ ਪਹਾੜਾਂ 'ਚ ਕੀ ਪਿਆ ਹੈ, ਸਾਰਾ ਕੁਝ ਕਢਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਭ੍ਰਿਸ਼ਟਾਚਾਰ ਵਿਚ ਸ਼ਾਮਲ ਸਨ। ਪੰਜਾਬ ਤੇ ਪੰਜਾਬੀਆਂ ਵਿਰੁੱਧ ਧ੍ਰੋਹ ਕਮਾਉਣ ਵਾਲਿਆਂ ਖ਼ਿਲਾਫ਼ ਕਾਰਵਾਈ ਕਰ ਕੇ ਜਵਾਬਦੇਹੀ ਤੈਅ ਕੀਤੀ ਜਾਵੇਗੀ। ਇਸ ਦੌਰਾਨ ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਭ੍ਰਿਸ਼ਟਾਚਾਰ ਖ਼ਿਲਾਫ਼ ਜੰਗ ਵਿੱਢਣ ਦਾ ਸੱਦਾ ਵੀ ਦਿੱਤਾ। ਮਾਨ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਆਗੂਆਂ ਤੋਂ ਹਾਰ ਬਰਦਾਸ਼ਤ ਨਹੀਂ ਹੋ ਰਹੀ ਪਰ ਪੰਜਾਬੀਆਂ ਨੂੰ ਚਿੰਤਾ ਕਰਨ ਦੀ ਲੋੜ ਨਹੀਂ। ਇਹ ਸਾਰੇ ਬਹੁਤ ਛੇਤੀ ਸ਼ਾਂਤ ਹੋ ਜਾਣਗੇ।

# ਮੁੱਖ ਮੰਤਰੀ ਲੋਕਾਂ ਦਾ ਧਿਆਨ ਭਟਕਾਉਣ ਦੀ ਬਜਾਇ ਵਾਅਦੇ ਪੂਰੇ ਕਰਨ: ਲੱਖੋਵਾਲ

**ਰੂਪਨਗਰ:** ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਲੱਖੋਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਗੁਰਦੁਆਰਾ ਐਕਟ 1925 ਵਿਚ ਸੋਧ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਐਕਟ ਵਿਚ ਜੇਕਰ ਕਿਸੇ ਸੋਧ ਦੀ ਲੋੜ ਹੈ ਤਾਂ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿਚ ਮਤਾ ਪਾਸ ਕਰਨ ਉਪਰੰਤ ਸਿਰਫ ਕੇਂਦਰ ਸਰਕਾਰ ਹੀ ਉਸ ਵਿੱਚ ਸੋਧ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਗੁਰਬਾਣੀ ਚੈਨਲ ਮੁਫਤ ਕਰਨ ਦੀ ਗੱਲ ਆਖੀ ਗਈ ਹੈ, ਜਦੋਂ ਕਿ ਪੀ.ਟੀ.ਸੀ. ਵੱਲੋਂ ਵੀ ਗੁਰਬਾਣੀ ਦਾ ਪ੍ਰਸਾਰਨ ਬਿਲਕੁਲ ਮੁਫ਼ਤ ਕੀਤਾ ਜਾ ਰਿਹਾ ਹੈ ਤੇ ਇਸ ਸਬੰਧੀ ਸ਼੍ਰੋਮਣੀ ਕਮੇਟੀ ਜਾਂ ਲੋਕਾਂ ਵੱਲੋਂ ਪੀ.ਟੀ.ਸੀ. ਨੂੰ ਕੋਈ ਪੈਸਾ ਅਦਾ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਚਾਹੀਦਾ ਹੈ ਕਿ ਉਹ ਅਜਿਹੀਆਂ ਕਾਰਵਾਈਆਂ ਕਰ ਕੇ ਲੋਕਾਂ ਦਾ ਧਿਆਨ ਭਟਕਾਉਣ ਦੀ ਬਜਾਇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਨੂੰ ਤਰਜੀਹ ਦੇਣ।

# ਨੀਲੇ ਕਾਰਡ ਧਾਰਕਾਂ ਵੱਲੋਂ ਸਰਕਾਰ ਖਿਲਾਫ ਮੋਰਚਾ

**ਮੋਰਿੰਡਾ:** ਪੰਜਾਬ ਸਰਕਾਰ ਵੱਲੋਂ ਸ਼ਹਿਰ ਦੇ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲਗਭਗ 2000 ਦੇ ਕਰੀਬ ਵਿਅਕਤੀਆਂ ਦੇ ਆਟਾ-ਦਾਲ ਸਕੀਮ ਦੇ ਕਾਰਡ ਕੱਟੇ ਜਾਣ ਦੇ ਵਿਰੋਧ ਵਿਚ ਰੋਸ ਧਰਨਾ ਦਿੱਤਾ ਗਿਆ। ਇਸ ਮੌਕੇ ਪੁਲਿਸ ਤੇ ਪ੍ਰਸ਼ਾਸਨ ਵੱਲੋਂ ਧਰਨਾਕਾਰੀਆਂ ਦੀ ਇਕ ਕਮੇਟੀ ਬਣਾ ਕੇ ਸਥਾਨਕ ਵਿਧਾਇਕ ਨਾਲ ਗੱਲ ਕਰਵਾਉਣ ਦਾ ਭਰੋਸਾ ਦੇਣ ਮਗਰੋਂ ਇਹ ਰੋਸ ਧਰਨਾ ਸਮਾਪਤ ਕੀਤਾ ਗਿਆ।



ਪੀੜਤਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਖੁਰਾਕ ਸਪਲਾਈ ਵਿਭਾਗ ਵੱਲੋਂ ਕਥਿਤ ਮਿਲੀਭੁਗਤ ਕਰ ਕੇ ਗਰੀਬ ਅਤੇ ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਨਾਲ ਸਬੰਧਤ 2000 ਦੇ ਕਰੀਬ ਦਿਹਾੜੀਦਾਰਾਂ ਦੇ ਆਟਾ-ਦਾਲ ਸਕੀਮ ਅਧੀਨ ਬਣੇ ਹੋਏ ਰਾਸ਼ਨ ਕਾਰਡ ਕੱਟ ਦਿੱਤੇ ਗਏ। ਧਰਨਾਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਨੂੰ ਵੀ ਲਿਖਤੀ ਰੂਪ ਵਿਚ ਕੱਟੇ ਰਾਸ਼ਨ ਕਾਰਡ ਮੁੜ ਬਹਾਲ ਕਰਵਾਉਣ ਦੀ ਬੇਨਤੀ ਕੀਤੀ ਗਈ ਸੀ ਅਤੇ ਹਲਕਾ ਵਿਧਾਇਕ ਵੱਲੋਂ ਉਨ੍ਹਾਂ ਨੂੰ ਆਪਣੇ ਦਫਤਰ ਵਿਚ ਮਿਲਣ ਲਈ ਸੱਦਿਆ ਗਿਆ ਸੀ।

ਆਪਣੇ ਨਾਲ ਹੋਈ ਧੱਕੇਸ਼ਾਹੀ ਸਬੰਧੀ ਪਹਿਲਾਂ ਉਹ ਨਗਰ ਕੌਂਸਲ ਦੇ ਦਫਤਰ ਗਏ ਪਰ ਉਥੋਂ ਉਨ੍ਹਾਂ ਨੂੰ ਵਿਧਾਇਕ ਦੇ ਦਫਤਰ ਵਿਚ ਭੇਜ ਦਿੱਤਾ ਗਿਆ। ਪਿੰਡ ਲੁਠੇੜੀ 'ਚ ਲੱਗੇ ਜਨ ਸੁਣਵਾਈ ਕੈਂਪ ਵਿਚ ਹੋਣ ਕਾਰਨ ਵਿਧਾਇਕ ਉਨ੍ਹਾਂ ਨੂੰ ਨਹੀਂ ਮਿਲ ਸਕੇ। ਇਸ ਤੋਂ ਤੰਗ ਆਏ ਲੋਕਾਂ ਨੇ ਤਪਦੀ ਗਰਮੀ ਵਿਚ ਕਾਈਨੌਰ ਚੌਕ ਵਿਚ ਧਰਨਾ ਦੇ ਦਿੱਤਾ। ਉਨ੍ਹਾਂ ਮੌਕੇ 'ਤੇ ਪਹੁੰਚੇ ਅਧਿਕਾਰੀਆਂ ਨੂੰ ਮੰਗ ਪੱਤਰ ਦੇ ਕੇ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕਰ ਕੇ ਦੁਬਾਰਾ ਕਾਰਡ ਬਣਾਉਣ ਅਤੇ ਕਣਕ ਦੀ ਸਪਲਾਈ ਪਹਿਲਾਂ ਵਾਂਗ ਜਾਰੀ ਕਰਨ ਦੀ ਮੰਗ ਕੀਤੀ।

ਖੁਰਾਕ ਸਪਲਾਈ ਅਫਸਰ ਦਵਿੰਦਰ ਸਿੰਘ ਨੇ ਦੱਸਿਆ ਕਿ ਸ਼ਹਿਰ ਵਿਚੋਂ 1700 ਖਪਤਕਾਰਾਂ ਦੇ ਕਾਰਡ ਕੱਟੇ ਗਏ ਹਨ। ਉੱਧਰ, ਐਸ.ਡੀ.ਐਮ. ਮੋਰਿੰਡਾ ਦੀਪਾਂਕਰ ਗਰਗ ਨੇ ਦੱਸਿਆ ਕਿ ਪੂਰੀ ਪ੍ਰਕਿਰਿਆ ਉਪਰੰਤ ਹੀ ਇਹ ਨਾਮ ਕੱਟੇ ਗਏ ਹਨ। ਉਨ੍ਹਾਂ ਦੱਸਿਆ ਕਿ ਉਹ ਕੱਟੇ ਗਏ ਕਾਰਡਾਂ ਦੀ ਮੁੜ ਜਾਂਚ ਕਰਵਾਉਣ ਲਈ ਸਰਕਾਰੀ ਹਦਾਇਤਾਂ ਦੀ ਉਡੀਕ ਵਿਚ ਹਨ ਅਤੇ ਜਿਵੇਂ ਹੀ ਉਨ੍ਹਾਂ ਨੂੰ ਹਦਾਇਤਾਂ ਮਿਲਦੀਆਂ ਹਨ ਉਹ ਪੂਰੇ ਪਾਰਦਰਸ਼ੀ ਢੰਗ ਨਾਲ ਪੜਤਾਲ ਕਰ ਕੇ ਲੋਕਾਂ ਨੂੰ ਇਨਸਾਫ ਦੇਣਗੇ।

# ਨਸ਼ਿਆਂ ਦੀ ਵਰਤੋਂ ਨੂੰ ਅਪਰਾਧ ਮੁਕਤ ਕਰਨ ਦੀ ਤਿਆਰੀ

**ਚੰਡੀਗੜ੍ਹ:** ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਦੀ ਵਰਤੋਂ ਨੂੰ ਅਪਰਾਧ ਮੁਕਤ ਕਰਨ ਲਈ ਨੀਤੀ ਲਿਆਉਣ 'ਤੇ ਵਿਚਾਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਪਰਾਧ ਮੁਕਤ ਕਰਨ ਦਾ ਇਹ ਭਾਵ ਨਹੀਂ ਹੈ ਕਿ ਨਸ਼ੇ ਕਾਨੂੰਨੀ ਹੋ ਜਾਣਗੇ, ਇਹ ਗੈਰ-ਕਾਨੂੰਨੀ ਤੇ ਰੋਕ-ਅਧੀਨ ਹੀ ਰਹਿਣਗੇ। ਇਸ ਨੀਤੀ ਦਾ ਮਕਸਦ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲੇ ਮਰੀਜ਼ਾਂ ਜੋ ਮਾਮੂਲੀ ਮਾਤਰਾ ਵਿਚ ਨਸ਼ੀਲੇ ਪਦਾਰਥਾਂ ਨਾਲ ਫੜੇ ਜਾਣਗੇ, ਨੂੰ ਜੇਲ੍ਹਾਂ ਵਿਚ ਸੁੱਟਣ ਦੀ ਬਜਾਏ ਇਲਾਜ ਕਰਵਾਉਣ ਤੇ ਮੁੜ ਵਸੇਬੇ ਲਈ ਨਸ਼ਾ ਛੁਡਾਊ ਕੇਂਦਰਾਂ ਵਿਚ ਭੇਜਣਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਨਸ਼ਾ ਤਸਕਰੀ ਵਿਚ ਸ਼ਾਮਲ ਵਿਅਕਤੀਆਂ ਨਾਲ ਪੁਲਿਸ ਵੱਲੋਂ ਸਖ਼ਤੀ ਨਾਲ ਹੀ ਨਿਪਟਿਆ ਜਾਵੇਗਾ।

# ਭਾਰਤ-ਅਮਰੀਕਾ ਸਬੰਧਾਂ ਦਾ ਨਵਾਂ ਤੇ ਸ਼ਾਨਦਾਰ ਸਫਰ ਸ਼ੁਰੂ: ਮੋਦੀ



**ਵਾਸ਼ਿੰਗਟਨ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਭਾਰਤ-ਅਮਰੀਕਾ ਸਬੰਧਾਂ ਦਾ ਇਕ ਨਵਾਂ ਤੇ ਸ਼ਾਨਦਾਰ ਸਫਰ ਸ਼ੁਰੂ ਹੋ ਗਿਆ ਹੈ ਅਤੇ ਦੁਨੀਆਂ ਦੋ ਮਹਾਨ ਲੋਕਤੰਤਰਾਂ ਨੂੰ ਆਪਣੇ ਰਿਸ਼ਤੇ ਮਜ਼ਬੂਤ ਕਰਦਿਆਂ ਦੇਖ ਰਹੀ ਹੈ। ਆਪਣੇ ਸੰਬੋਧਨ ਦੌਰਾਨ ਮੋਦੀ ਨੇ ਕਿਹਾ ਕਿ ਭਾਰਤ-ਅਮਰੀਕਾ ਵਿਚਕਾਰ ਭਾਈਵਾਲੀ ਦੀ ਪੂਰੀ ਸਮਰੱਥਾ ਅਜੇ ਤੱਕ ਸਾਹਮਣੇ ਨਹੀਂ ਆਈ ਹੈ ਅਤੇ ਦੋਵੇਂ ਮੁਲਕਾਂ ਦੇ ਸਬੰਧ 21ਵੀਂ ਸਦੀ 'ਚ ਦੁਨੀਆ ਨੂੰ ਮੁੜ ਤੋਂ ਬਿਹਤਰ ਬਣਾਉਣ 'ਤੇ ਕੇਂਦਰਿਤ ਹਨ।

ਉਨ੍ਹਾਂ ਤਕਨਾਲੋਜੀ ਟਰਾਂਸਫਰ, ਮੈਨੂਫੈਕਚਰਿੰਗ ਨੂੰ ਹੁਲਾਰਾ ਦੇਣ ਅਤੇ ਸਨਅਤੀ ਸਪਲਾਈ ਚੇਨ ਨੂੰ ਮਜ਼ਬੂਤ ਬਣਾਉਣ ਲਈ ਹੋਏ ਸਮਝੌਤਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਆਲਮੀ ਮੁੱਦਿਆਂ 'ਤੇ ਦੋਵੇਂ ਮੁਲਕਾਂ ਦੇ ਰਵੱਈਏ 'ਚ ਸਮਾਨਤਾ ਦਿਖੀ ਹੈ ਅਤੇ ਉਨ੍ਹਾਂ ਦੇ ਵਧਦੇ ਸਬੰਧ 'ਮੇਕ ਇਨ ਇੰਡੀਆ ਅਤੇ ਮੇਕ ਫਾਰ ਦਿ ਵਰਲਡ' ਨਾਲ ਜੁੜੀਆਂ ਕੋਸ਼ਿਸ਼ਾਂ ਨੂੰ ਹੱਲਾਸ਼ੇਰੀ ਦੇਣਗੇ।

ਸ੍ਰੀ ਮੋਦੀ ਨੇ ਕਿਹਾ ਕਿ ਭਾਰਤ ਲੋਕਤੰਤਰ ਦੀ ਜਨਨੀ ਹੈ ਤਾਂ ਅਮਰੀਕਾ ਆਧੁਨਿਕ ਲੋਕਤੰਤਰ ਦਾ ਚੈਂਪੀਅਨ ਹੈ ਅਤੇ ਦੁਨੀਆ ਇਨ੍ਹਾਂ ਦੋਵੇਂ ਮਹਾਨ ਲੋਕਤੰਤਰਾਂ ਵਿਚਕਾਰ ਦੁਵੱਲੇ ਰਿਸ਼ਤਿਆਂ ਨੂੰ ਮਜ਼ਬੂਤ ਹੁੰਦਾ ਦੇਖ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤ 'ਚ ਵੱਧ ਤੋਂ ਵੱਧ ਨਿਵੇਸ਼ ਕਰਨ ਦਾ ਢੁਕਵਾਂ ਸਮਾਂ ਹੈ। ਦੋਵੇਂ ਮੁਲਕ ਬਿਹਤਰ ਭਵਿੱਖ ਲਈ ਮਜ਼ਬੂਤ ਕਦਮ ਚੁੱਕ ਰਹੇ ਹਨ। ਉਨ੍ਹਾਂ ਐਲਾਨ ਕੀਤਾ ਕਿ ਭਾਰਤੀ ਮੂਲ ਦੇ ਲੋਕਾਂ ਨੂੰ ਐੱਚ-1ਬੀ ਵੀਜ਼ੇ ਦੇ ਨਵੀਨੀਕਰਨ ਲਈ ਅਮਰੀਕਾ ਨਹੀਂ ਛੱਡਣਾ ਪਵੇਗਾ। ਹਾਲ ਅੰਦਰ ਅਤੇ ਬਾਹਰ ਮੌਜੂਦ ਪਰਵਾਸੀ ਭਾਰਤੀਆਂ ਨੇ ਇਸ ਐਲਾਨ ਦਾ ਤਾੜੀਆਂ ਮਾਰ ਕੇ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਦੇਸ਼ ਸਿਆਟਲ 'ਚ ਇਕ ਅਤੇ ਦੋ ਹੋਰ ਅਮਰੀਕੀ ਸ਼ਹਿਰਾਂ 'ਚ ਦੋ ਨਵੇਂ ਕੌਂਸੁਲੇਟ ਖੋਲ੍ਹੇਗਾ। ਉਨ੍ਹਾਂ ਦੱਸਿਆ ਕਿ ਅਮਰੀਕਾ ਵੀ ਅਹਿਮਦਾਬਾਦ ਅਤੇ ਬੰਗਲੂਰੂ 'ਚ ਨਵੇਂ ਕੌਂਸੁਲੇਟ ਖੋਲ੍ਹ ਰਿਹਾ ਹੈ।

## ਭਾਰਤ ਤੇ ਅਮਰੀਕਾ ਦੀ ਦੋਸਤੀ ਦੁਨੀਆ ਦਾ ਸਭ ਤੋਂ ਅਹਿਮ ਰਿਸ਼ਤਾ: ਬਾਇਡਨ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਤਿਹਾਸਕ ਫੇਰੀ ਦੌਰਾਨ ਅਮਰੀਕਾ ਅਤੇ ਭਾਰਤ ਨੇ ਆਪਣੀ ਰਣਨੀਤਕ ਤਕਨਾਲੋਜੀ ਭਾਈਵਾਲੀ ਨੂੰ ਹੋਰ ਵਧਾਉਣ ਲਈ ਕਈ ਅਹਿਮ ਸਮਝੌਤਿਆਂ ਉਤੇ ਦਸਤਖ਼ਤ ਕੀਤੇ ਅਤੇ ਦੋਵਾਂ ਦੇਸ਼ਾਂ ਵਿਚਾਲੇ ਦੋਸਤੀ ਦੁਨੀਆਂ ਦੇ ਸਭ ਤੋਂ ਮਹੱਤਵਪੂਰਨ ਸਬੰਧਾਂ 'ਚੋਂ ਇਕ ਹੈ। ਬਾਇਡਨ ਦੀ ਟਿੱਪਣੀ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਅਤੇ ਅਮਰੀਕਾ ਵਿਚਾਲੇ ਦੋਸਤੀ ਵਿਸ਼ਵ ਹਿੱਤ 'ਚ ਹੈ ਅਤੇ ਇਹ ਸਾਡੇ ਗ੍ਰਹਿ ਨੂੰ ਨਾ ਸਿਰਫ ਬਿਹਤਰ, ਸਗੋਂ ਹੋਰ ਟਿਕਾਊ ਵੀ ਬਣਾਏਗੀ।

## ਮੋਦੀ ਨੂੰ ਮਿਸ਼ਰ ਦਾ ਸਰਵਉੱਚ ਸਨਮਾਨ


**ਕਾਹਿਰਾ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਸ਼ਰ ਦੇ ਸਰਵਉੱਚ ਸਨਮਾਨ 'ਆਰਡਰ ਆਫ ਦਿ ਨਾਇਲ' ਨਾਲ ਸਨਮਾਨਿਤ ਕੀਤਾ ਗਿਆ ਹੈ। ਰਾਸ਼ਟਰਪਤੀ ਅਬਦੇਲ ਫਤਹਿ ਅਲ-ਸੀਸੀ ਨੇ ਪ੍ਰਧਾਨ ਮੰਤਰੀ ਨੂੰ ਇਹ ਸਨਮਾਨ ਉਨ੍ਹਾਂ ਦੀ ਮਿਸ਼ਰ ਯਾਤਰਾ ਦੌਰਾਨ ਦਿੱਤਾ। ਪ੍ਰਧਾਨ ਮੰਤਰੀ ਨੇ ਟਵੀਟ ਕੀਤਾ, 'ਬਹੁਤ ਹੀ ਨਿਰਮਾਣਤਾ ਨਾਲ ਮੈਂ 'ਆਰਡਰ ਆਫ ਦਿ ਨਾਇਲ' ਸਵੀਕਾਰ ਕਰਦਾ ਹਾਂ। ਮੈਂ ਇਸ ਸਨਮਾਨ ਲਈ ਮਿਸ਼ਰ ਸਰਕਾਰ ਤੇ ਇੱਥੋਂ ਦੇ ਲੋਕਾਂ ਦਾ ਧੰਨਵਾਦ ਕਰਦਾ ਹਾਂ। ਇਹ ਭਾਰਤ ਤੇ ਸਾਡੇ ਦੇਸ਼ ਦੇ ਲੋਕਾਂ ਪ੍ਰਤੀ ਉਨ੍ਹਾਂ ਦੀ ਗਰਮਜੋਸ਼ੀ ਤੇ ਪਿਆਰ ਨੂੰ ਦਰਸਾਉਂਦਾ ਹੈ।'

## ਟਾਈਟੈਨਿਕ ਦਾ ਮਲਬਾ ਦੇਖਣ ਗਏ ਪੰਜ ਜਣਿਆਂ ਦੀ ਮੌਤ



**ਓਟਵਾ:** ਟਾਈਟੈਨਿਕ ਜਹਾਜ਼ ਦਾ ਮਲਬਾ ਦੇਖਣ ਅਟਲਾਂਟਿਕ ਸਾਗਰ ਅੰਦਰ ਗਈ ਟਾਈਟਨ ਪਣਡੁੱਬੀ 'ਚ ਸਵਾਰ ਪੰਜ ਵਿਅਕਤੀਆਂ ਦੀ ਮੌਤ ਹੋ ਗਈ ਹੈ। ਅਮਰੀਕੀ ਸਾਹਿਲੀ ਗਾਰਡ ਰੀਅਰ ਐਡਮਿਰਲ ਜੌਹਨ ਮੌਗਰ ਨੇ ਮੌਤਾਂ ਦੀ ਪੁਸ਼ਟੀ ਕੀਤੀ ਹੈ। ਇਸ ਤੋਂ ਪਹਿਲਾਂ ਅਮਰੀਕਾ ਆਧਾਰਿਤ ਕੰਪਨੀ ਓਸ਼ਨਗੇਟ ਐਕਸਪੀਡਿਸ਼ਨਜ਼ ਨੇ ਇਕ ਬਿਆਨ 'ਚ ਕਿਹਾ ਸੀ ਕਿ ਪਣਡੁੱਬੀ 'ਚ ਸਵਾਰ ਪੰਜ ਵਿਅਕਤੀਆਂ ਦੀ ਮੌਤ ਹੋਣ ਦਾ ਖਦਸ਼ਾ ਹੈ। ਮ੍ਰਿਤਕਾਂ 'ਚ ਅਰਬਪਤੀ ਅਤੇ ਮਾਹਿਰ ਹਾਮਿਸ਼ ਹਾਰਡਿੰਗ, ਪੌਲ ਹੈਨਰੀ ਨਾਰਗਿਓਲੇਟ, ਪਾਕਿਸਤਾਨ ਦੇ ਅਮੀਰ ਪਰਿਵਾਰ ਦਾ ਸ਼ਾਹਜ਼ਾਦਾ ਦਾਊਦ ਅਤੇ ਉਸ ਦਾ ਪੁੱਤਰ ਸੁਲੇਮਾਨ ਦਾਊਦ ਅਤੇ ਓਸ਼ਨਗੇਟ ਕੰਪਨੀ ਦਾ ਸੀ.ਈ.ਓ. ਤੇ ਟਾਇਟਨ ਪਾਇਲਟ ਸਟੌਕਟਨ ਰਸ਼ ਸ਼ਾਮਲ ਹਨ। ਖ਼ਬਰ ਏਜੰਸੀ ਸਿਨਹੂਆ ਮੁਤਾਬਕ ਪਣਡੁੱਬੀ ਪੂਰਬੀ ਕੈਨੇਡਾ ਦੇ ਨਿਊਫਾਊਂਡਲੈਂਡ ਤੱਟ ਤੋਂ 600 ਕਿਲੋਮੀਟਰ ਦੂਰ ਅਟਲਾਂਟਿਕ ਸਾਗਰ 'ਚ ਲਾਪਤਾ ਹੋ ਗਈ ਸੀ।

# ਕੋਵਿਡ: ਅਮਰੀਕੀ ਏਜੰਸੀਆਂ ਵੱਲੋਂ ਵਾਇਰਸ ਦੇ ਲੈਬ 'ਚੋਂ ਲੀਕ ਹੋਣ ਬਾਰੇ ਦਾਅਵੇ ਖਾਰਜ



**ਵਾਸ਼ਿੰਗਟਨ:** ਅਮਰੀਕੀ ਅਧਿਕਾਰੀਆਂ ਨੇ ਇਕ ਖੁਫੀਆ ਰਿਪੋਰਟ ਜਾਰੀ ਕਰ ਕੇ ਉਨ੍ਹਾਂ ਲੋਕਾਂ ਵੱਲੋਂ ਚੁੱਕੇ ਗਏ ਕੁਝ ਨੁਕਤਿਆਂ ਨੂੰ ਖਾਰਜ ਕਰ ਦਿੱਤਾ ਹੈ ਜਿਨ੍ਹਾਂ ਦਲੀਲ ਦਿੱਤੀ ਸੀ ਕਿ ਕੋਵਿਡ-19 ਚੀਨ ਦੀ ਇਕ ਲੈਬ 'ਚੋਂ ਲੀਕ ਹੋਇਆ ਸੀ। ਰਿਪੋਰਟ ਵਿਚ ਇਕ ਵਾਰ ਮੁੜ ਦੁਹਰਾਇਆ ਗਿਆ ਹੈ ਕਿ ਅਮਰੀਕੀ ਖੁਫੀਆ ਏਜੰਸੀਆਂ ਦੀ ਰਾਇ ਇਸ ਬਾਰੇ ਵੰਡੀ ਹੋਈ ਹੈ ਕਿ ਮਹਾਮਾਰੀ ਦੀ ਸ਼ੁਰੂਆਤ ਕਿਵੇਂ ਹੋਈ।

ਰਿਪੋਰਟ ਅਮਰੀਕੀ ਕਾਂਗਰਸ ਦੇ ਕਹਿਣ ਉਤੇ ਜਾਰੀ ਕੀਤੀ ਗਈ। ਕਾਂਗਰਸ ਨੇ ਮਾਰਚ ਵਿਚ ਇਕ ਬਿੱਲ ਪਾਸ ਕਰ ਕੇ ਵੂਹਾਨ ਇੰਸਟੀਚਿਊਟ ਆਫ ਵਾਇਰੋਲੋਜੀ ਨਾਲ ਸਬੰਧਤ ਖੁਫੀਆ ਰਿਪੋਰਟ ਨੂੰ ਜਨਤਕ ਕਰਨ ਲਈ ਅਮਰੀਕੀ ਖੁਫੀਆ ਏਜੰਸੀਆਂ ਨੂੰ 90 ਦਿਨਾਂ ਦਾ ਸਮਾਂ ਦਿੱਤਾ ਸੀ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰਸ਼ਾਸਨ ਤਹਿਤ ਕੰਮ ਕਰਨ ਵਾਲੇ ਖੁਫੀਆ ਅਧਿਕਾਰੀਆਂ 'ਤੇ ਸੰਸਦ ਮੈਂਬਰ ਵਾਇਰਸ ਦੇ ਪੈਦਾ ਹੋਣ ਸਬੰਧੀ ਹੋਰ ਜਾਣਕਾਰੀ ਜਾਰੀ ਕਰਨ ਦਾ ਦਬਾਅ ਬਣਾਉਂਦੇ ਰਹੇ ਹਨ। ਹਾਲਾਂਕਿ ਅਧਿਕਾਰੀਆਂ ਦੀ ਦਲੀਲ ਰਹੀ ਹੈ ਕਿ ਸੁਤੰਤਰ ਸਮੀਖਿਆ ਵਿਚ ਚੀਨ ਵੱਲੋਂ ਅੜਿੱਕਾ ਪਾਉਣ ਕਾਰਨ ਇਹ ਪਤਾ ਲਾਉਣਾ ਸ਼ਾਇਦ ਅਸੰਭਵ ਹੋ ਗਿਆ ਹੈ ਕਿ ਮਹਾਮਾਰੀ ਦੀ ਸ਼ੁਰੂਆਤ ਕਿਵੇਂ ਹੋਈ। ਨਵੀਂ ਰਿਪੋਰਟ ਨੇ ਰਿਪਬਲਿਕਨ ਪਾਰਟੀ ਨਾਲ ਜੁੜੇ ਕੁਝ ਲੋਕਾਂ ਨੂੰ ਨਾਰਾਜ਼ ਕਰ ਦਿੱਤਾ ਹੈ। ਉਨ੍ਹਾਂ ਦੀ ਦਲੀਲ ਹੈ ਕਿ ਪ੍ਰਸ਼ਾਸਨ ਗਲਤ ਤਰੀਕੇ ਨਾਲ ਖੁਫੀਆ ਸੂਚਨਾਵਾਂ ਤੇ ਖੋਜਕਰਤਾਵਾਂ ਨੂੰ ਰੋਕ ਰਿਹਾ ਹੈ। ਇਸ ਸਾਲ ਦੇ ਸ਼ੁਰੂ ਵਿਚ ਊਰਜਾ ਵਿਭਾਗ ਦੀ ਖੁਫੀਆ ਸ਼ਾਖਾ ਨੇ ਰਿਪੋਰਟ ਜਾਰੀ ਕਰ ਕੇ ਲੈਬਾਰਟਰੀ ਸਬੰਧੀ ਘਟਨਾ ਦੀ ਦਲੀਲ ਦਿੱਤੀ ਸੀ।

# ਭਾਰਤ-ਅਮਰੀਕਾ ਛੇ ਵਪਾਰਕ ਵਿਵਾਦਾਂ ਦੇ ਨਿਬੇੜੇ ਲਈ ਸਹਿਮਤ

**ਵਾਸ਼ਿੰਗਟਨ:** ਭਾਰਤ ਤੇ ਅਮਰੀਕਾ ਵਿਸ਼ਵ ਵਪਾਰ ਸੰਗਠਨ (ਡਬਲਿਊ.ਟੀ.ਓ.) ਵਿਚ ਛੇ ਵਪਾਰਕ ਵਿਵਾਦਾਂ ਨੂੰ ਖਤਮ ਕਰਨ ਲਈ ਸਹਿਮਤ ਹੋ ਗਏ ਹਨ। ਇਸ ਦੇ ਨਾਲ ਹੀ ਭਾਰਤ ਕਈ ਅਮਰੀਕੀ ਵਸਤਾਂ ਉਤੇ ਲਾਈ ਕਸਟਮ ਡਿਊਟੀ ਨੂੰ ਵੀ ਹਟਾਏਗਾ। ਇਨ੍ਹਾਂ ਪਦਾਰਥਾਂ ਵਿਚ ਬਦਾਮ, ਅਖਰੋਟ ਤੇ ਸੇਬ ਸ਼ਾਮਲ ਹਨ।

ਇਨ੍ਹਾਂ ਛੇ ਵਪਾਰਕ ਝਗੜਿਆਂ ਵਿਚੋਂ ਤਿੰਨ ਦੀ ਕਾਰਵਾਈ ਭਾਰਤ ਵੱਲੋਂ ਤੇ ਤਿੰਨ ਦੀ ਅਮਰੀਕਾ ਵੱਲੋਂ ਅਰੰਭੀ ਗਈ ਸੀ। ਇਸ ਬਾਰੇ ਐਲਾਨ ਕਰਦਿਆਂ ਅਮਰੀਕਾ ਦੀ ਵਪਾਰ ਪ੍ਰਤੀਨਿਧੀ ਕੈਥਰੀਨ ਟਾਈ ਨੇ ਕਿਹਾ ਕਿ ਟੈਕਸ ਵਿਚ ਇਹ ਕਟੌਤੀ ਅਮਰੀਕੀ ਖੇਤੀ ਉਤਪਾਦਕਾਂ ਤੇ ਨਿਰਮਾਤਾਵਾਂ ਲਈ ਭਾਰਤ ਵਿਚ ਮੌਕਿਆਂ ਨੂੰ ਬਹਾਲ ਕਰੇਗਾ ਤੇ ਇਨ੍ਹਾਂ ਦਾ ਵਿਸਤਾਰ ਵੀ ਹੋਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੀ ਮੀਟਿੰਗ ਤੋਂ ਬਾਅਦ ਜਾਰੀ ਕੀਤੇ ਗਏ ਇਕ ਸਾਂਝੇ ਬਿਆਨ 'ਚ ਵਪਾਰ ਪ੍ਰਤੀਨਿਧੀ ਨੇ ਕਿਹਾ ਕਿ ਦੋਵੇਂ ਮੁਲਕ ਦੁਵੱਲੇ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਕਦਮ ਚੁੱਕ ਰਹੇ ਹਨ ਤਾਂ ਕਿ ਵਪਾਰਕ ਸਬੰਧਾਂ ਨੂੰ ਵੀ ਮਜ਼ਬੂਤ ਕੀਤਾ ਜਾ ਸਕੇ। ਭਾਰਤ ਦੇ ਵਣਜ ਤੇ ਉਦਯੋਗ ਮੰਤਰੀ ਪਿਊਸ਼ ਗੋਇਲ ਨੇ ਵੀ ਵਪਾਰਕ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਲਈ ਚੁੱਕੇ ਜਾ ਰਹੇ ਇਨ੍ਹਾਂ ਕਦਮਾਂ ਦਾ ਸਵਾਗਤ ਕੀਤਾ।

## ਬਦਲਾਅ ਵਾਲੀ ਤਕਨਾਲੋਜੀ ਵਿਕਸਤ ਕਰਾਂਗੇ: ਬਾਇਡਨ

**ਵਾਸ਼ਿੰਗਟਨ:** ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਹੈ ਕਿ ਭਾਰਤ ਅਤੇ ਅਮਰੀਕਾ ਨਵੀਆਂ ਤਕਨਾਲੋਜੀਆਂ ਨੂੰ ਡਿਜ਼ਾਈਨ ਅਤੇ ਵਿਕਸਤ ਕਰਨ ਲਈ ਰਲ ਕੇ ਕੰਮ ਕਰਨਗੇ ਜੋ ਦੁਨੀਆਂ ਭਰ 'ਚ ਲੋਕਾਂ ਦੀ ਜ਼ਿੰਦਗੀ 'ਚ ਬਦਲਾਅ ਲਿਆਏਗੀ। ਬਾਇਡਨ ਨੇ ਕਿਹਾ ਕਿ ਭਾਰਤ-ਅਮਰੀਕੀ ਭਾਈਵਾਲੀ ਨੂੰ ਪਰਿਭਾਸ਼ਿਤ ਕਰਨ 'ਚ ਤਕਨੀਕੀ ਸਹਿਯੋਗ ਇਕ ਅਹਿਮ ਹਿੱਸਾ ਹੋਵੇਗਾ। ਉਨ੍ਹਾਂ ਕਿਹਾ ਕਿ ਨਿੱਜੀ ਅਤੇ ਜਨਤਕ ਭਾਈਵਾਲਾਂ ਨੂੰ ਅੱਗੇ ਵਧਾ ਰਹੇ ਹਾਂ ਜਿਸ 'ਚ ਭਾਰਤ ਅਤੇ ਅਮਰੀਕੀ ਪੁਲਾੜ ਯਾਤਰੀਆਂ, ਭਾਰਤੀ ਪੁਲਾੜ ਯਾਤਰੀਆਂ ਅਤੇ ਕਾਰੋਬਾਰੀਆਂ, ਵਿਗਿਆਨਕਾਂ ਅਤੇ ਵਿਦਿਆਰਥੀਆਂ ਵਿਚਕਾਰ ਇਕ ਨਵਾਂ ਪ੍ਰੋਗਰਾਮ ਸ਼ੁਰੂ ਕਰਨਾ ਸ਼ਾਮਲ ਹੈ।

# ਮੋਦੀ ਨੇ ਬਾਇਡਨ ਨੂੰ ਦਿੱਤਾ ਪੰਜਾਬ ਦਾ ਘਿਓ ਤੇ ਉੱਤਰਾਖੰਡ ਦੇ ਚੌਲ

**ਵਾਸ਼ਿੰਗਟਨ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੂੰ 'ਦਸ ਦਾਨਮ' ਦੇ ਨਾਲ ਹੱਥ ਨਾਲ ਬਣਿਆ ਚੰਦਨ ਦਾ ਵਿਸ਼ੇਸ਼ ਬਕਸਾ ਵੀ ਭੇਟ ਕੀਤਾ ਹੈ ਜਿਸ ਨੂੰ ਜੈਪੁਰ ਦੇ ਇਕ ਪ੍ਰਮੁੱਖ ਸ਼ਿਲਪਕਾਰ ਨੇ ਬਣਾਇਆ ਹੈ। ਇਸ ਵਿਚ ਭਗਵਾਨ ਗਣੇਸ਼ ਦੀ ਚਾਂਦੀ ਦੀ ਮੂਰਤੀ ਤੇ ਦੀਵਾ ਹੈ ਜੋ ਕੋਲਕਾਤਾ ਦੇ ਇਕ ਸੁਨਿਆਰੇ ਦੀ ਪੰਜਵੀਂ ਪੀੜ੍ਹੀ ਵੱਲੋਂ ਹੱਥ ਨਾਲ ਬਣਾਇਆ ਗਿਆ ਹੈ। ਮੋਦੀ ਨੇ 80 ਸਾਲਾ ਬਾਇਡਨ ਨੂੰ 'ਦਸ ਦਾਨਮ' ਵਜੋਂ ਚਾਂਦੀ ਦੀਆਂ 10 ਛੋਟੀਆਂ ਡੱਬੀਆਂ ਦਿੱਤੀਆਂ ਹਨ। ਇਸ ਵਿਚ ਗੋਦਾਨ ਵਜੋਂ ਗਾਂ ਦੀ ਥਾਂ ਚਾਂਦੀ ਦਾ ਨਾਰੀਅਲ, ਭੂਦਾਨ ਲਈ ਜਮੀਨ ਦੀ ਥਾਂ ਕਰਨਾਟਕ ਦੇ ਚੰਦਨ ਦਾ ਟੁੱਕੜਾ ਤੇ ਹੋਰਨਾਂ ਡੱਬੀਆਂ ਵਿਚ ਪੰਜਾਬ ਦਾ ਘਿਓ, ਰਾਜਸਥਾਨ ਤੋਂ ਹੱਥ ਦੇ ਬਣੇ ਸੋਨੇ ਤੇ ਚਾਂਦੀ ਦੇ ਸਿੱਕੇ, ਗੁਜਰਾਤ ਦਾ ਨਮਕ, ਮਹਾਰਾਸ਼ਟਰ ਦਾ ਗੁੜ, ਵਸਤਰ ਦਾਨ ਵਜੋਂ ਝਾਰਖੰਡ ਦਾ ਟਸਰ ਰੇਸ਼ਮ ਤੇ ਉੱਤਰਾਖੰਡ ਦੇ ਚਾਵਲ ਸ਼ਾਮਲ ਹਨ। ਸਿੱਧੂ ਗ੍ਰੰਥ ਵਿਚ ਵਰਣਤ ਸ਼ਲੋਕ ਵਿਚ ਗਾਂ, ਜਮੀਨ, ਤਿਲ, ਸੋਨਾ, ਘਿਓ, ਵਸਤਰ, ਧਾਨ, ਗੁੜ, ਚਾਂਦੀ ਤੇ ਨਮਕ ਨੂੰ ਦਸ ਦਾਨਮ ਦੱਸਿਆ ਗਿਆ ਹੈ, ਜੋ 80 ਸਾਲ 8 ਮਹੀਨੇ ਦੀ ਉਮਰ ਪੂਰੀ ਕਰ ਚੁੱਕੇ ਵਿਅਕਤੀ ਨੂੰ ਸਨਮਾਨ ਵਜੋਂ ਦਿੱਤਾ ਜਾਂਦਾ ਹੈ।

## ਸਵਿਸ ਬੈਂਕਾਂ 'ਚ ਭਾਰਤੀਆਂ ਦਾ ਪੈਸਾ 11 ਫੀਸਦੀ ਘਟਿਆ

**ਨਵੀਂ ਦਿੱਲੀ:** ਸਵਿਸ ਬੈਂਕਾਂ ਵਿਚ ਭਾਰਤੀ ਵਿਅਕਤੀਆਂ ਤੇ ਫਰਮਾਂ ਦਾ ਜਮ੍ਹਾਂ ਪੈਸਾ 2022 ਦੌਰਾਨ 11 ਫੀਸਦ ਘਟ ਕੇ 3.42 ਅਰਬ ਸਵਿਸ ਫਰੈਂਕ (30 ਹਜ਼ਾਰ ਕਰੋੜ) ਰਹਿ ਗਿਆ ਹੈ। ਇਸ ਤੋਂ ਇਕ ਸਾਲ ਪਹਿਲਾਂ 2021 ਵਿਚ ਸਵਿਸ ਬੈਂਕਾਂ ਵਿਚ ਭਾਰਤੀ ਗਾਹਕਾਂ ਨੇ 3.83 ਅਰਬ ਸਵਿਸ ਫਰੈਂਕ ਦੀ ਰਾਸ਼ੀ ਜਮ੍ਹਾਂ ਕਰਵਾਈ ਹੋਈ ਸੀ ਜੋ 14 ਵਰ੍ਹਿਆਂ ਵਿਚ ਸਭ ਤੋਂ ਵੱਧ ਸੀ। ਸਵਿਟਜ਼ਰਲੈਂਡ ਦੇ ਸੈਂਟਰਲ ਬੈਂਕ ਵੱਲੋਂ ਜਾਰੀ ਕੀਤੇ ਗਏ ਸਾਲਾਨਾ ਅੰਕੜੇ ਦੱਸਦੇ ਹਨ ਕਿ ਪਿਛਲੇ ਸਾਲ ਸਵਿਸ ਬੈਂਕਾਂ ਵਿਚ ਭਾਰਤੀਆਂ ਵੱਲੋਂ ਜਮ੍ਹਾਂ ਕਰਵਾਈ ਜਾਣ ਵਾਲੀ ਰਾਸ਼ੀ ਵੀ ਕਰੀਬ 34 ਫੀਸਦ ਘਟ ਕੇ 39.4 ਕਰੋੜ ਫਰੈਂਕ ਰਹਿ ਗਈ ਹੈ। ਇਸ ਤੋਂ ਪਹਿਲਾਂ 2021 ਵਿਚ ਇਹ ਸੱਤ ਸਾਲ ਦੇ ਸਿਖਰਲੇ ਪੱਧਰ 60.2 ਕਰੋੜ ਫਰੈਂਕ 'ਤੇ ਸੀ। ਸਵਿਸ ਨੈਸ਼ਨਲ ਬੈਂਕ (ਐਸ.ਐਨ.ਬੀ.) ਨੂੰ ਸਵਿਟਜ਼ਰਲੈਂਡ ਦੇ ਬੈਂਕਾਂ ਵੱਲੋਂ ਦਿੱਤੀਆਂ ਗਈਆਂ ਸੂਚਨਾਵਾਂ ਦੇ ਆਧਾਰ 'ਤੇ ਜਾਰੀ ਅੰਕੜਿਆਂ ਵਿਚ ਭਾਰਤੀ ਖਾਤਾਧਾਰਕਾਂ ਵੱਲੋਂ ਜਮ੍ਹਾਂ ਕੀਤੇ ਗਏ ਕਥਿਤ ਕਾਲੇ ਧਨ ਦਾ ਕੋਈ ਜ਼ਿਕਰ ਨਹੀਂ ਹੈ।

# ਰੂਸ ਅਤੇ ਬਾਗੀ ਹੋਈ ਵੈਗਨਰ ਫੌਜ ਵਿਚਾਲੇ ਸਮਝੌਤਾ ਸਿਰੇ ਚੜ੍ਹਿਆ



**ਮਾਸਕੋ:** ਰੂਸ ਅਤੇ ਵੈਗਨਰ ਪ੍ਰਾਈਵੇਟ ਫੌਜ ਵਿਚਾਲੇ ਸਮਝੌਤਾ ਹੋ ਗਿਆ ਹੈ ਅਤੇ ਇਸ ਦੇ ਨਾਲ ਹੀ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਅੱਗੇ ਪੈਦਾ ਹੋਈ ਚੁਣੌਤੀ ਵੀ ਖਤਮ ਹੋ ਗਈ ਹੈ। ਰੂਸ ਨੇ ਕਿਹਾ ਕਿ ਸਰਕਾਰ ਖ਼ਿਲਾਫ਼ ਬਗਾਵਤ ਕਰਨ ਵਾਲੇ ਪ੍ਰਾਈਵੇਟ ਫੌਜ 'ਵੈਗਨਰ' ਗਰੁੱਪ ਦੇ ਕਮਾਂਡਰ ਯੇਵਗੇਨੀ ਪ੍ਰਿਗੋਜ਼ਿਨ ਅਤੇ ਵੈਗਨਰ ਲੜਾਕਿਆਂ 'ਤੇ ਮੁਕੱਦਮਾ ਨਹੀਂ ਚਲਾਇਆ ਜਾਵੇਗਾ। ਰੂਸ ਖ਼ਿਲਾਫ਼ ਹਥਿਆਰਬੰਦ ਬਗਾਵਤ ਕਰਨ ਵਾਲੇ ਯੇਵਗੇਨੀ ਪ੍ਰਿਗੋਜ਼ਿਨ ਨੇ ਆਪਣੇ ਲੜਾਕਿਆਂ ਨੂੰ ਮਾਸਕੋ ਵੱਲ ਮਾਰਚ ਕਰਨ ਦਾ ਹੁਕਮ ਦਿੱਤਾ ਸੀ ਪਰ ਬਾਅਦ ਵਿਚ ਅਚਾਨਕ ਉਸ ਨੇ ਕ੍ਰੈਮਲਿਨ ਨਾਲ ਸਮਝੌਤਾ ਕਰਕੇ ਲੜਾਕਿਆਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ, ਤਾਂ ਕਿ ਰੂਸੀ ਨਾਗਰਿਕਾਂ ਦਾ ਖ਼ੂਨ ਨਾ ਡੁੱਲ੍ਹੇ। ਸਮਝੌਤੇ ਵਿਚ ਯੇਵਗੇਨੀ ਪ੍ਰਿਗੋਜ਼ਿਨ ਦੇ ਜਲਾਵਤਨ ਹੋ ਕੇ ਬੇਲਾਰੂਸ ਜਾਣ ਦੀ ਗੱਲ ਸ਼ਾਮਲ ਹੈ।

ਇਸ ਸੰਖੇਪ ਬਗਾਵਤ ਨੇ ਹਾਲਾਂਕਿ ਰੂਸੀ ਸਰਕਾਰੀ ਬਲਾਂ ਵਿਚ ਕਮਜ਼ੋਰੀਆਂ ਨੂੰ ਨਸ਼ਰ ਕਰ ਦਿੱਤਾ ਹੈ। ਯੇਵਗੇਨੀ ਪ੍ਰਿਗੋਜ਼ਿਨ ਦੀ ਕਮਾਨ ਹੇਠ ਵੈਗਨਰ ਗਰੁੱਪ ਦੇ ਸੈਨਿਕ ਰੂਸੀ ਸ਼ਹਿਰ ਰੋਸਤੋਵ-ਆਨ-ਦੌਨ ਵਿਚ ਬਿਨਾਂ ਅੜਿੱਕਾ ਦਾਖ਼ਲ ਹੋਣ ਅਤੇ ਮਾਸਕੋ ਵੱਲ ਸੈਂਕੜੇ ਕਿਲੋਮੀਟਰ ਅੱਗੇ ਵਧਣ ਦੇ ਸਮਰੱਥ ਸਨ। ਇਸ ਦੌਰਾਨ ਰੂਸੀ ਸੈਨਿਕ ਦੇਸ਼ ਦੀ ਰਾਜਧਾਨੀ ਦੀ ਰੱਖਿਆ ਲਈ ਹੱਥੋਪਾਈ ਵੀ ਹੋਏ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ ਸੱਤਾ ਵਿਚ ਦੋ ਦਹਾਕਿਆਂ ਤੋਂ ਵੱਧ ਸਮੇਂ ਕਾਰਜਕਾਲ ਦੌਰਾਨ ਇਹ ਸਭ ਤੋਂ ਵੱਡੀ ਚੁਣੌਤੀ ਸੀ। ਪ੍ਰਿਗੋਜ਼ਿਨ ਨੇ ਆਪਣੇ ਲੜਾਕਿਆਂ ਨੂੰ ਯੂਕਰੇਨ ਵਿਚ ਆਪਣੇ ਕੈਂਪਾਂ ਵਿਚ ਵਾਪਸ ਆਉਣ ਦੇ ਹੁਕਮ ਦਿੱਤੇ ਹਨ, ਜਿੱਥੇ ਉਹ ਰੂਸੀ ਸੈਨਿਕਾਂ ਨਾਲ ਮਿਲ ਕੇ ਲੜ ਰਹੇ ਹਨ।

ਕ੍ਰੈਮਲਿਨ (ਰੂਸੀ ਰਾਸ਼ਟਰਪਤੀ ਦੇ ਭਵਨ) ਦੇ ਤਰਜਮਾਨ ਦਮਿਤਰੀ ਪੈਸਕੋਵ ਵੱਲੋਂ ਐਲਾਨੇ ਸਮਝੌਤੇ ਮੁਤਾਬਕ ਜਲਾਵਤਨ ਹੋ ਕੇ ਪ੍ਰਿਗੋਜ਼ਿਨ ਗੁਆਂਢੀ ਮੁਲਕ ਬੇਲਾਰੂਸ ਜਾਣਗੇ, ਜਿਸ ਨੇ ਯੂਕਰੇਨ 'ਤੇ ਰੂਸ ਦੇ ਹਮਲੇ ਦਾ ਸਮਰਥਨ ਕੀਤਾ ਹੈ। ਉਨ੍ਹਾਂ ਖ਼ਿਲਾਫ਼ ਹਥਿਆਰਬੰਦ ਬਗਾਵਤ ਭੜਕਾਉਣ ਦੇ ਦੋਸ਼ ਹਟਾ ਦਿੱਤੇ ਜਾਣਗੇ ਅਤੇ ਸਰਕਾਰ ਉਸ ਨਾਲ ਬਗਾਵਤ 'ਚ ਸ਼ਾਮਲ ਹੋਏ ਵੈਗਨਰ ਲੜਾਕਿਆਂ 'ਤੇ ਵੀ ਕੋਈ ਮੁਕੱਦਮਾ ਨਹੀਂ ਚਲਾਵੇਗੀ। ਪੈਸਕੋਵ ਨੇ ਇਹ ਵੀ ਕਿਹਾ ਕਿ ਜਿਹੜੇ ਲੜਾਕੇ ਪ੍ਰਿਗੋਜ਼ਿਨ ਨਾਲ ਇਸ ਬਗਾਵਤ ਵਿਚ ਸ਼ਾਮਲ ਨਹੀਂ ਹੋਏ, ਉਨ੍ਹਾਂ ਨੂੰ ਰੱਖਿਆ ਮੰਤਰਾਲੇ ਵੱਲੋਂ ਕਰਾਰ ਦੀ ਪੇਸ਼ਕਸ਼ ਕੀਤੀ ਜਾਵੇਗੀ।

# ਪੰਜਾਬ ਦੇ ਕਿਸਾਨਾਂ ਵੱਲੋਂ ਨਰਮੇ ਦੀ ਖੇਤੀ ਤੋਂ ਹੱਥ ਖੜ੍ਹੇ

**ਚੰਡੀਗੜ੍ਹ:** ਪੰਜਾਬ ਦੇ ਕਿਸਾਨਾਂ ਨੇ ਇਸ ਵਾਰ ਨਰਮੇ ਦੀ ਖੇਤੀ ਕਰਨ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। 'ਆਪ' ਸਰਕਾਰ ਨੇ ਇਸ ਵਾਰ ਨਰਮੇ ਦੇ ਬੀਜ 'ਤੇ 33 ਫੀਸਦੀ ਸਬਸਿਡੀ ਵੀ ਦਿੱਤੀ ਪਰ ਨਰਮੇ ਹੇਠ ਰਕਬਾ ਵਧਣ ਦੀ ਥਾਂ ਘਟ ਗਿਆ ਹੈ। ਵੇਰਵਿਆਂ ਅਨੁਸਾਰ ਪੰਜਾਬ ਵਿਚ ਐਤਕੀਂ 1.75 ਲੱਖ ਹੈਕਟੇਅਰ (4.37 ਲੱਖ ਏਕੜ) ਨਰਮੇ ਹੇਠ ਰਕਬਾ ਆਇਆ ਹੈ। ਨਰਮਾ ਪੱਟੀ ਨੂੰ ਕਦੇ ਵੀ ਏਦਾਂ ਦਾ ਵਰ੍ਹਾ ਨਹੀਂ ਦੇਖਣਾ ਪਿਆ ਕਿ ਜਦੋਂ ਨਰਮੇ ਹੇਠਲਾ ਰਕਬਾ ਬਿਲਕੁਲ ਹੇਠਾਂ ਆ ਗਿਆ ਹੋਵੇ। ਪਿਛਲੇ ਵਰ੍ਹੇ ਵੀ ਨਰਮੇ ਹੇਠ ਰਕਬਾ 2.41 ਲੱਖ ਹੈਕਟੇਅਰ ਸੀ। ਪੰਜਾਬ ਸਰਕਾਰ ਨੇ ਇਸ ਵਾਰ ਬੀਜ 'ਤੇ ਸਬਸਿਡੀ ਤਾਂ ਦਿੱਤੀ ਪਰ ਹਕੀਕਤ ਵਿਚ ਬਿਜਾਂਦ ਵਿਚ ਵਾਧੇ ਲਈ ਉਪਰਾਲੇ ਨਹੀਂ ਕੀਤੇ। ਨਰਮੇ ਹੇਠ ਰਕਬੇ ਦੇ ਘਟਣ ਨਾਲ ਫ਼ਸਲੀ ਵਿਭਿੰਨਤਾ ਦੇ ਟੀਚੇ ਨੂੰ ਵੀ ਸੱਟ ਵੱਜੀ ਹੈ। ਪੰਜਾਬ ਖੇਤੀ 'ਵਰਸਿਟੀ ਵੱਲੋਂ ਪ੍ਰਤੀ ਏਕੜ ਪਿੱਛੇ ਨਰਮੇ ਦੇ ਬੀਜ ਦੇ ਦੋ ਪੈਕੇਟਾਂ ਦੀ ਸਿਫ਼ਾਰਸ਼ ਹੈ। ਪੰਜਾਬ ਵਿਚ ਇਸ ਵਾਰ ਨਰਮੇ ਹੇਠ ਰਕਬਾ 4,37,500 ਏਕੜ ਹੈ ਅਤੇ ਇਸ ਲਿਹਾਜ਼ ਨਾਲ ਸੂਬੇ ਵਿਚ ਨਰਮੇ ਦੇ ਬੀਜ ਦੇ 8.75 ਲੱਖ ਪੈਕੇਟਾਂ ਦੀ ਖਪਤ ਹੋਣੀ ਚਾਹੀਦੀ ਸੀ ਜਦਕਿ ਨਰਮੇ ਦੇ ਬੀਜ ਦੇ 11.25 ਲੱਖ ਪੈਕੇਟਾਂ ਦੀ ਵਿਕਰੀ ਹੋਈ ਹੈ। ਬੀਜ ਦੀ ਵਿਕਰੀ ਦੇ ਲਿਹਾਜ਼ ਨਾਲ ਸੂਬੇ ਵਿਚ ਨਰਮੇ ਹੇਠ 5,62,500 ਏਕੜ ਰਕਬਾ ਆਉਣਾ ਚਾਹੀਦਾ ਸੀ। ਮੋਟੇ ਹਿਸਾਬ ਨਾਲ ਬੀਜਾਂ ਦੀ ਵਿਕਰੀ ਅਤੇ ਨਰਮੇ ਹੇਠਲੇ ਰਕਬਾ ਵਿਚਲੇ ਅੰਤਰ ਤੋਂ ਸਾਫ਼ ਹੈ ਕਿ ਕਰੀਬ ਢਾਈ ਲੱਖ ਪੈਕੇਟ ਗਾਇਬ ਹੋ ਗਏ ਹਨ।



ਪੰਜਾਬ ਵਿਚ ਇਸ ਵਾਰ ਬੀਟੀ ਬੀਜ ਦੇ ਪੈਕੇਟ ਦੀ ਕੀਮਤ 853 ਰੁਪਏ ਸੀ ਅਤੇ ਪੰਜਾਬ ਸਰਕਾਰ ਨੇ ਪ੍ਰਤੀ ਪੈਕਟ 281 ਰੁਪਏ ਸਬਸਿਡੀ ਦਿੱਤੀ ਹੈ ਜੋ 33 ਫ਼ੀਸਦੀ ਬਣਦੀ ਹੈ। ਖੇਤੀ ਮਹਿਕਮੇ ਦੀ ਦਲੀਲ ਹੈ ਕਿ ਬਾਰਸ਼ ਪੈਣ ਕਰਕੇ ਨਰਮਾ ਕਰੰਡ ਹੋ ਗਿਆ ਜਿਸ ਕਰਕੇ ਕਿਸਾਨਾਂ ਨੂੰ ਦੁਬਾਰਾ ਬਿਜਾਂਦ ਕਰਨੀ ਪਈ। ਸੂਤਰ ਆਖਦੇ ਹਨ ਕਿ ਹਰਿਆਣਾ ਤੇ ਰਾਜਸਥਾਨ ਦੇ ਕਿਸਾਨ ਪੰਜਾਬ ਵਿਚੋਂ ਆਪਣੇ ਰਿਸ਼ਤੇਦਾਰ ਕਿਸਾਨਾਂ ਦੇ ਨਾਮ 'ਤੇ ਸਬਸਿਡੀ ਵਾਲਾ ਬੀਜ ਲੈਣ ਵਿਚ ਪੰਜਾਬ ਸਰਕਾਰ ਤੋਂ ਕਾਮਯਾਬ ਹੋਏ ਹਨ।

ਦੂਸਰੀ ਤਰਫ਼ ਖੇਤੀ ਮਹਿਕਮਾ ਆਖਦਾ ਹੈ ਕਿ ਇਸ ਵਾਰ 62,500 ਏਕੜ ਰਕਬਾ ਮੀਂਹ ਕਾਰਨ ਕਰੰਡ ਹੋ ਗਿਆ ਹੈ, ਜਿਸ ਕਰਕੇ ਕਿਸਾਨਾਂ ਨੂੰ ਇਕੋ ਰਕਬੇ ਵਿਚ ਮੁੜ ਬਿਜਾਂਦ ਕਰਨੀ ਪਈ ਹੈ। ਇਸ ਨੂੰ ਸੱਚ ਵੀ ਮੰਨ ਲਈਏ ਤਾਂ 62,500 ਏਕੜ ਰਕਬੇ ਵਿਚ ਵਾਧੂ 1.25 ਲੱਖ ਪੈਕਟ ਲੱਗਿਆ ਹੋਵੇਗਾ। ਗਾਇਬ ਵਾਲੇ ਢਾਈ ਲੱਖ ਪੈਕਟਾਂ ਵਿਚੋਂ 1.25 ਲੱਖ ਪੈਕਟਾਂ ਨੂੰ ਵੀ ਬਾਹਰ ਕੱਢ ਦੇਈਏ ਤਾਂ ਵੀ ਸਵਾ ਲੱਖ ਪੈਕੇਟ ਦਾ ਕੋਈ ਹਿਸਾਬ ਕਿਤਾਬ ਨਹੀਂ ਹੈ।

ਖੇਤੀ ਵਿਭਾਗ ਨੇ 2020 ਵਿਚ ਵੀ 3.30 ਲੱਖ ਹੈਕਟੇਅਰ ਰਕਬੇ ਵਿਚ ਅਸਲੀ ਬਿਜਾਂਦ ਦੀ ਥਾਂ 5 ਲੱਖ ਹੈਕਟੇਅਰ ਰਕਬਾ ਦੱਸਿਆ ਸੀ। ਵਿਭਾਗ ਨੇ ਉਦੋਂ ਤਰਕ ਦਿੱਤਾ ਸੀ ਕਿ ਕਿਸਾਨਾਂ ਨੇ ਹਰਿਆਣਾ ਤੇ ਰਾਜਸਥਾਨ ਵਿਚੋਂ ਬੀਜ ਲਿਆ ਕੇ ਪੰਜਾਬ 'ਚ ਬੀਜਿਆ ਹੈ। ਪੰਜਾਬ ਸਰਕਾਰ ਤੋਂ ਨਰਮੇ ਦਾ ਸਬਸਿਡੀ ਵਾਲਾ ਬੀਜ ਲੈਣ ਵਾਸਤੇ 91,316 ਕਿਸਾਨਾਂ ਨੇ ਅਪਲਾਈ ਕੀਤਾ ਸੀ ਅਤੇ 3.38 ਲੱਖ ਏਕੜ ਰਕਬੇ ਵਿਚ ਸਬਸਿਡੀ ਵਾਲੇ ਬੀਜ ਦੀ ਬਿਜਾਂਦ ਹੋਈ ਹੈ ਜਿਸ ਦਾ ਮਤਲਬ ਹੈ ਕਿ ਸਰਕਾਰ ਨੇ ਨਰਮੇ ਦੇ ਬੀਜ 'ਤੇ ਕਿਸਾਨਾਂ ਨੂੰ ਕਰੀਬ 19 ਕਰੋੜ ਦੀ ਸਬਸਿਡੀ ਦਿੱਤੀ ਹੈ। ਖੇਤੀ ਮਹਿਕਮੇ ਦੇ ਡਾਇਰੈਕਟਰ ਗੁਰਵਿੰਦਰ ਸਿੰਘ ਆਖਦੇ ਹਨ ਕਿ 11.25 ਲੱਖ ਬੀਜ ਦਾ ਪੈਕੇਟ ਤਾਂ ਵਿਕਿਆ ਹੈ ਪਰ ਇਸ ਵਾਰ 25 ਹਜ਼ਾਰ ਹੈਕਟੇਅਰ ਰਕਬਾ ਕਰੰਡ ਹੋ ਗਿਆ ਹੈ ਜਿਸ ਕਰਕੇ ਮੁੜ ਬਿਜਾਈ ਹੋਈ ਹੈ।

ਉਨ੍ਹਾਂ ਕਿਹਾ ਕਿ ਅੱਠ ਤੋਂ ਦਸ ਹਜ਼ਾਰ ਪੈਕੇਟਾਂ ਨਾਲ ਪੰਜਾਬੀ ਕਿਸਾਨਾਂ ਨੇ ਹਰਿਆਣਾ ਤੇ ਰਾਜਸਥਾਨ ਵਿਚ ਬਿਜਾਈ ਕੀਤੀ ਹੋਵੇਗੀ। ਪਿਛਲੇ ਵਰ੍ਹਿਆਂ ਵਿਚ ਨਰਮੇ ਦੀ ਫਸਲ ਨੂੰ ਮਾਰ ਪੈਣ ਕਰਕੇ ਐਤਕੀਂ ਕਿਸਾਨਾਂ ਨੇ ਹੁੰਗਾਰਾ ਨਹੀਂ ਦਿੱਤਾ ਅਤੇ ਅਗਲੇ ਵਰ੍ਹੇ ਰਕਬਾ ਵਧਣ ਦੀ ਉਮੀਦ ਹੈ।

## ਨਕਲੀ ਬੀਜ ਵੇਚਣ ਵਾਲੇ ਬਖ਼ਸ਼ੇ ਨਹੀਂ ਜਾਣਗੇ: ਖੁੱਡੀਆਂ

**ਚੰਡੀਗੜ੍ਹ:** ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਨਕਲੀ ਬੀਜਾਂ ਕਾਰਨ ਕਿਸਾਨਾਂ ਨੂੰ ਹਰ ਸਾਲ ਕਰੋੜਾਂ ਰੁਪਏ ਦਾ ਨੁਕਸਾਨ ਹੁੰਦਾ ਹੈ। ਕਿਸਾਨਾਂ ਨੂੰ ਨੁਕਸਾਨ ਤੋਂ ਬਚਾਉਣ ਲਈ ਨਕਲੀ ਬੀਜ ਵੇਚਣ ਵਾਲਿਆਂ 'ਤੇ ਸ਼ਿਕੰਜਾ ਕੱਸਿਆ ਜਾਵੇਗਾ ਅਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਸੂਬੇ ਦੇ ਕਿਸਾਨਾਂ ਨੂੰ ਨਾ ਸਿਰਫ ਜਾਗਰੂਕ ਕਰਨ ਲਈ ਸੂਚਨਾ ਪਸਾਰ ਲਈ ਨਵੇਂ ਢੰਗ ਵਰਤੇ ਜਾਣਗੇ ਸਗੋਂ ਖੇਤੀਬਾੜੀ ਵਿਗਿਆਨੀਆਂ ਵੱਲੋਂ ਕੀਤੀਆਂ ਨਵੀਆਂ ਖੋਜਾਂ ਨੂੰ ਵੀ ਕਿਸਾਨਾਂ ਤੱਕ ਪਹੁੰਚਾਇਆ ਜਾਵੇਗਾ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਦੇ ਪਲੇਠੇ ਦੌਰੇ ਮੌਕੇ ਸ੍ਰੀ ਖੁੱਡੀਆਂ ਨੇ ਵਿਗਿਆਨੀਆਂ ਨੂੰ ਹਾਸ਼ੀਆਗਤ ਤੇ ਦਰਮਿਆਨੇ ਕਿਸਾਨਾਂ ਨੂੰ ਵਧੀਆ ਸੇਵਾਵਾਂ ਪ੍ਰਦਾਨ ਕਰਕੇ ਉਨ੍ਹਾਂ ਦੀ ਆਮਦਨ ਵਧਾਉਣ ਲਈ ਆਖਿਆ।

# ਪੋਤੇ ਦੀ ਮੌਤ ਪਿੱਛੋਂ ਦਾਦੇ ਨੇ ਵੀ ਜ਼ਹਿਰ ਪੀ ਕੇ ਜਾਨ ਦਿੱਤੀ

**ਸ੍ਰੀ ਗੋਇੰਦਵਾਲ ਸਾਹਿਬ:** ਪਿੰਡ ਵਈਪੁਈ ਦੇ 20 ਸਾਲਾ ਨੌਜਵਾਨ ਦੀ ਪਿੰਡ ਤੋਂ ਕੁਝ ਦੂਰੀ ਖਾਲ੍ਹੀ ਕਮਰੇ ਵਿਚੋਂ ਭੇਤਭਰੀ ਹਾਲਤ ਵਿਚ ਲਾਸ਼ ਬਰਾਮਦ ਹੋਈ ਹੈ। ਮ੍ਰਿਤਕ ਨੌਜਵਾਨ ਘਰੋਂ ਮੋਟਰਸਾਈਕਲ 'ਤੇ ਆਪਣੀ ਮਾਂ ਹਰਜਿੰਦਰ ਕੌਰ ਦੀ ਦਵਾਈ ਲੈਣ ਗਿਆ ਸੀ ਪਰ ਉਹ ਦੇਰ ਰਾਤ ਤੱਕ ਘਰ ਨਹੀਂ ਪਰਤਿਆ।

ਪਿੰਡ ਵਈਪੁਈ ਤੋਂ ਪਿੰਡ ਢੋਟੀਆ ਜਾਂਦੇ ਰਸਤੇ 'ਤੇ ਖਾਲ੍ਹੀ ਕਮਰੇ ਵਿਚੋਂ ਲਾਸ਼ ਬਰਾਮਦ ਹੋਈ। ਨੌਜਵਾਨ ਦੀ ਪਛਾਣ ਦਵਿੰਦਰ ਸਿੰਘ ਪੁੱਤਰ ਮਰਹੂਮ ਦਿਲਬਾਗ ਸਿੰਘ ਵਾਸੀ ਵਈਪੁਈ ਵਜੋਂ ਹੋਈ। ਨੌਜਵਾਨ ਦੇ ਸਰੀਰ 'ਤੇ ਗੰਭੀਰ ਸੱਟਾਂ ਦੇ ਨਿਸ਼ਾਨ ਵੀ ਮਿਲੇ ਹਨ, ਜਿਸ ਤੋਂ ਨੌਜਵਾਨ ਦੇ ਕਤਲ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ। ਇਸ ਦੁਖਦਾਈ ਖਬਰ ਨੂੰ ਸੁਣਦੇ ਸਾਰ ਹੀ ਮ੍ਰਿਤਕ ਦੇ ਦਾਦੇ ਲਖਬੀਰ ਸਿੰਘ ਨੇ ਵੀ ਜ਼ਹਿਰੀਲੀ ਦਵਾਈ ਨਿਗਲ ਲਈ, ਜਿਸ ਕਾਰਨ ਉਸ ਦੀ ਵੀ ਮੌਤ ਹੋ ਗਈ।



ਮੌਕੇ 'ਤੇ ਪਹੁੰਚੀ ਪੁਲਿਸ ਵੱਲੋਂ ਲਾਸ਼ ਕਬਜ਼ੇ ਵਿਚ ਲੈ ਪੋਸਟਮਾਰਟਮ ਕਰਵਾਇਆ। ਮ੍ਰਿਤਕ ਦਵਿੰਦਰ ਸਿੰਘ ਦਾ ਮੋਟਰਸਾਈਕਲ ਵੀ ਗਾਇਬ ਹੈ। ਪੁਲਿਸ ਨੇ ਦੱਸਿਆ ਕਿ ਮੌਤ ਸਬੰਧੀ ਜਾਂਚ ਕੀਤੀ ਜਾ ਰਹੀ ਹੈ। ਪੋਸਟਮਾਰਟਮ ਦੀ ਰਿਪੋਰਟ ਤੋਂ ਬਾਅਦ ਕੁੱਝ ਕਿਹਾ ਜਾ ਸਕਦਾ ਹੈ। ਦਾਦੇ-ਪੋਤੇ ਦੀ ਮੌਤ ਕਾਰਨ ਪਿੰਡ ਵਈਪੁਈ ਵਿਚ ਗਮਗੀਨ ਮਾਹੌਲ ਹੈ।

# ਖੇਤੀ ਮੰਤਰੀ ਵੱਲੋਂ ਗੁਲਾਬੀ ਸੁੰਡੀ ਦੇ ਹਮਲੇ ਵਾਲੇ ਖੇਤਾਂ ਦਾ ਦੌਰਾ

**ਮਾਨਸਾ:** ਮਾਲਵਾ ਖੇਤਰ 'ਚ ਨਰਮੇ ਦੀ ਬੀਟੀ ਫਸਲ 'ਤੇ ਅਗੇਤੇ ਗੁਲਾਬੀ ਸੁੰਡੀ ਦੇ ਹਮਲੇ ਦਾ ਜਾਇਜ਼ਾ ਲੈਣ ਲਈ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਸਮੇਤ ਹੋਰ ਅਧਿਕਾਰੀਆਂ ਨਾਲ ਵੱਖ-ਵੱਖ ਪਿੰਡਾਂ ਵਿਚ ਖੇਤਾਂ ਦਾ ਦੌਰਾ ਕੀਤਾ। ਖੇਤੀ ਮੰਤਰੀ ਨੇ ਮਹਿਕਮੇ ਦੇ ਅਧਿਕਾਰੀਆਂ ਨੂੰ ਨਰਮੇ ਦੀ ਫਸਲ ਬਚਾਉਣ ਲਈ ਹਰ ਰੋਜ਼ ਖੇਤਾਂ ਦਾ ਜਾਇਜ਼ਾ ਲੈਣ ਅਤੇ ਗੁਲਾਬੀ ਸੁੰਡੀ ਸਮੇਤ ਨਰਮੇ ਨੂੰ ਹੋਰਨਾਂ ਜ਼ਹਿਮਤਾਂ ਤੋਂ ਬਚਾਉਣ ਲਈ ਹਰ ਸੰਭਵ ਉਪਰਾਲਾ ਕਰਨ ਦੇ ਹੁਕਮ ਦਿੱਤੇ ਹਨ।

ਖੁੱਡੀਆਂ ਨੇ ਕਿਹਾ ਕਿ ਉਹ ਸਾਉਣੀ ਦੀ ਇਸ ਮੁੱਖ ਫਸਲ ਨੂੰ ਗੁਲਾਬੀ ਸੁੰਡੀ ਦੇ ਹਮਲੇ ਤੋਂ ਬਚਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਨਾਲ ਗੱਲਬਾਤ ਕਰਨਗੇ। ਲੋੜ ਪਈ ਤਾਂ ਉਹ ਸਰਕਾਰ ਵੱਲੋਂ ਗੁਲਾਬੀ ਸੁੰਡੀ ਲਈ ਮੁਫ਼ਤ ਦਵਾਈ ਦੇ ਬੰਦੋਬਸਤ ਕਰਨ ਤੋਂ ਵੀ ਪਿੱਛੇ ਨਹੀਂ ਹਟਣਗੇ। ਉਨ੍ਹਾਂ ਕਿਹਾ ਕਿ ਨਰਮੇ ਦੀ ਫਸਲ ਮਾਲਵੇ ਦੇ ਆਰਥਿਕ ਉਤਰਾਅ-ਚੜ੍ਹਾਅ ਨਾਲ ਜੁੜੀ ਹੋਈ ਹੈ, ਜਿਸ ਨਾਲ ਲੋਕਾਂ ਦੀ ਆਪਸੀ ਭਾਈਚਾਰਕ ਸਾਂਝੀ ਵੀ ਬਣੀ ਹੋਈ ਹੈ। ਇਸ ਕਰਕੇ ਇਹ ਫਸਲ ਬਚਾਉਣ ਲਈ ਖੇਤੀ ਅਧਿਕਾਰੀਆਂ ਸਮੇਤ ਹੋਰਨਾਂ ਮਾਹਿਰਾਂ ਨੂੰ ਖੇਤਾਂ ਵਿਚ ਡੇਰੇ ਲਾਉਣ ਦੇ ਆਦੇਸ਼ ਦਿੱਤੇ ਗਏ ਹਨ।



ਇਸ ਦੌਰਾਨ ਮਾਨਸਾ ਜ਼ਿਲ੍ਹੇ ਦੇ ਸਰਦੂਲਗੜ੍ਹ ਹਲਕੇ ਤੋਂ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਨਰਮੇ ਦੀ ਫਸਲ ਵੱਲ ਵਿਸ਼ੇਸ਼ ਧਿਆਨ ਨਾ ਦੇਣ ਕਾਰਨ ਇਸ ਫਸਲ ਤੋਂ ਕਿਸਾਨਾਂ ਦਾ ਮੋਹ ਭੰਗ ਹੋਣ ਕਾਰਨ ਖੇਤੀ ਵਿਭਿੰਨਤਾ ਨੂੰ ਵੱਡੀ ਸੱਟ ਵੱਜੀ ਹੈ।

# ਸਰਕਾਰ ਟੇਲਾਂ 'ਤੇ ਨਹਿਰੀ ਪਾਣੀ ਪਹੁੰਚਾਉਣ ਲਈ ਯਤਨਸ਼ੀਲ: ਮਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬੇ 'ਚ ਟੇਲਾਂ 'ਤੇ ਆਖਰੀ ਖੇਤਾਂ ਤੱਕ ਨਹਿਰੀ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਫਾਜ਼ਿਲਕਾ ਜ਼ਿਲ੍ਹੇ ਦੇ ਦੂਰ-ਦੁਰਾਡੇ ਇਲਾਕਿਆਂ 'ਚ ਪਹਿਲਾਂ ਹੀ ਪਾਣੀ ਪਹੁੰਚਾਇਆ ਜਾ ਚੁੱਕਾ ਹੈ। ਪੰਜਾਬ ਸਰਕਾਰ ਨੇ ਸੂਬੇ ਦੇ ਨਰਮਾ ਕਾਸ਼ਤਕਾਰਾਂ ਨਾਲ ਇਕ ਅਪਰੈਲ ਤੋਂ ਨਹਿਰੀ ਪਾਣੀ ਦੇਣ ਦਾ ਵਾਅਦਾ ਕੀਤਾ ਸੀ ਅਤੇ ਮਿਥੇ ਸਮੇਂ ਉਤੇ ਉਨ੍ਹਾਂ ਦੇ ਖੇਤਾਂ ਤੱਕ ਪਾਣੀ ਪਹੁੰਚਾ ਕੇ ਇਹ ਵਾਅਦਾ ਇਸ ਵਾਰ ਪੂਰਾ ਕੀਤਾ ਗਿਆ ਹੈ।



ਮੁੱਖ ਮੰਤਰੀ ਨੇ ਤੇਜ਼ੀ ਨਾਲ ਪਾਣੀ ਦਾ ਪੱਧਰ ਡਿੱਗਣ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਸੂਬੇ ਦੇ ਲਗਭਗ ਸਾਰੇ ਬਲਾਕ ਡਾਰਕ ਜ਼ੋਨ ਵਿਚ ਹਨ। ਅਜਿਹਾ ਖੇਤਾਂ ਲਈ ਸੰਕੋਚ ਕੀਤੇ ਬਿਨਾਂ ਪਾਣੀ ਕੱਢਣ ਕਾਰਨ ਵਾਪਰਿਆ ਹੈ। ਇਸ ਰੁਝਾਨ 'ਤੇ ਠੱਲ੍ਹ ਪਾਉਣ ਦੀ ਲੋੜ ਹੈ ਤਾਂ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪਾਣੀ ਦੇ ਸੰਕਟ ਨਾਲ ਨਾ ਜੂਝਣਾ ਪਵੇ। ਇਸ ਲਈ ਨਹਿਰੀ ਪਾਣੀ ਦੀ ਸੁਚੱਜੀ ਵਰਤੋਂ ਕਰਨ ਨਾਲ ਧਰਤੀ ਹੇਠਲੇ ਪਾਣੀ 'ਤੇ ਬੋਝ ਘਟਾਇਆ ਜਾ ਸਕਦਾ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਇਸ ਸਮੇਂ ਪੰਜਾਬ ਆਪਣੇ ਨਹਿਰੀ ਪਾਣੀ ਦੀ ਸਿਰਫ਼ 33 ਫੀਸਦੀ ਤੋਂ 34 ਫੀਸਦੀ ਵਰਤੋਂ ਕਰ ਰਿਹਾ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਇਸ ਵਿਚ ਹੋਰ ਇਜ਼ਾਫਾ ਕੀਤਾ ਜਾਵੇਗਾ। ਜੇਕਰ ਪਹਿਲੇ ਪੜਾਅ 'ਚ ਨਹਿਰੀ ਪਾਣੀ ਦੀ ਵਰਤੋਂ ਨੂੰ 60 ਫੀਸਦੀ ਤੱਕ ਵਧਾ ਦਿੱਤਾ ਜਾਵੇ ਤਾਂ 14 ਲੱਖ ਵਿਚੋਂ ਕਰੀਬ ਚਾਰ ਲੱਖ ਟਿਊਬਵੈੱਲ ਬੰਦ ਹੋ ਸਕਦੇ ਹਨ, ਜਿਸ ਨਾਲ ਪਾਣੀ ਦੀ ਬੱਚਤ ਵਿਚ ਮਦਦ ਮਿਲੇਗੀ।

# ਕਿਸਾਨਾਂ ਨੂੰ ਨਹੀਂ ਮਿਲ ਰਿਹਾ ਮੱਕੀ ਤੇ ਮੂੰਗੀ ਦਾ ਸਮਰਥਨ ਮੁੱਲ

**ਚੰਡੀਗੜ੍ਹ:** ਸੂਬੇ ਦੀਆਂ ਮੰਡੀਆਂ ਵਿਚ ਮੱਕੀ ਤੇ ਮੂੰਗੀ ਦੀ ਫਸਲ ਲੈ ਕੇ ਪੁੱਜ ਰਹੇ ਕਿਸਾਨਾਂ ਨੂੰ ਪੂਰਾ ਭਾਅ ਨਹੀਂ ਮਿਲ ਰਿਹਾ ਜਿਸ ਕਰਕੇ ਉਹ ਐੱਮ.ਐਸ.ਪੀ. ਤੋਂ ਘੱਟ ਭਾਅ ਉਤੇ ਫਸਲ ਵੇਚਣ ਲਈ ਮਜਬੂਰ ਹਨ। ਕਾਸ਼ਤਕਾਰਾਂ ਦਾ ਕਹਿਣਾ ਹੈ ਕਿ ਇਕ ਪਾਸੇ ਸੂਬਾ ਸਰਕਾਰ ਕਿਸਾਨਾਂ ਨੂੰ ਫਸਲੀ ਚੱਕਰ 'ਚੋਂ ਬਾਹਰ ਨਿਕਲਣ ਦੀ ਅਪੀਲ ਕਰ ਰਹੀ ਹੈ ਤੇ ਦੂਜੇ ਪਾਸੇ ਉਨ੍ਹਾਂ ਦੀ ਸਾਰ ਨਹੀਂ ਲੈ ਰਹੀ ਜੋ ਕਣਕ-ਝੋਨੇ ਦੇ ਫਸਲੀ ਚੱਕਰ ਨੂੰ ਛੱਡ ਕੇ ਮੱਕੀ ਦੀ ਫਸਲ ਬੀਜ ਰਹੇ ਹਨ।

ਕਿਸਾਨਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਮੂੰਗੀ ਅਤੇ ਮੱਕੀ ਦੀ ਫਸਲ ਲੈ ਕੇ ਮੰਡੀ ਵਿਚ ਬੈਠਿਆਂ ਨੂੰ ਪੰਜ ਤੋਂ ਸੱਤ ਦਿਨ ਹੋ ਗਏ ਹਨ ਪਰ ਸਰਕਾਰ ਵੱਲੋਂ ਕੋਈ ਵੀ ਅਧਿਕਾਰੀ ਮੂੰਗੀ ਅਤੇ ਮੱਕੀ ਦੀ ਸਰਕਾਰੀ ਖਰੀਦ ਕਰਨ ਨਹੀਂ ਪਹੁੰਚਿਆ, ਜਿਸ ਕਾਰਨ ਵਪਾਰੀ ਆਪਣੀ ਮਰਜ਼ੀ ਅਨੁਸਾਰ ਮੂੰਗੀ 5500 ਤੋਂ ਲੈ ਕੇ 6300 ਅਤੇ ਮੱਕੀ 1300 ਤੋਂ ਲੈ ਕੇ 1500 ਤੱਕ ਖਰੀਦ ਰਹੇ ਹਨ ਜਦੋਂ ਕਿ ਮੂੰਗੀ ਦੀ ਐਮ.ਐਸ.ਪੀ. 7755 ਅਤੇ ਮੱਕੀ ਦਾ 2090 ਰੁਪਏ ਨਿਰਧਾਰਿਤ ਹੈ। ਇਸ ਕਾਰਨ ਕਿਸਾਨਾਂ ਨੂੰ ਵੱਡਾ ਆਰਥਿਕ ਨੁਕਸਾਨ ਹੋ ਰਿਹਾ ਹੈ।

ਉਨ੍ਹਾਂ ਸੂਬਾ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਐਮ.ਐਸ.ਪੀ. ਉਤੇ ਮੂੰਗੀ ਤੇ ਮੱਕੀ ਦੀ ਖਰੀਦ ਨਾ ਕੀਤੀ ਗਈ ਤਾਂ ਅਗਲੀ ਰਣਨੀਤੀ ਤੈਅ ਕਰ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ।



ਸੰਯੁਕਤ ਕਿਸਾਨ ਮੋਰਚਾ ਦੇ ਆਗੂ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਮਾਰਚ 2022 ਵਿਚ ਆਮ ਆਦਮੀ ਪਾਰਟੀ ਦੀ ਪੰਜਾਬ ਵਿਚ ਸਰਕਾਰ ਬਣਦੇ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਫਸਲੀ ਵਿਭਿੰਨਤਾ ਲਿਆਉਣ ਅਤੇ ਪੰਜਾਬ ਦਾ ਪਾਣੀ ਬਚਾਉਣ ਲਈ ਕਿਸਾਨਾਂ ਨੂੰ ਮੱਕੀ ਤੇ ਮੂੰਗੀ ਦੀ ਫਸਲ ਬੀਜਣ ਲਈ ਆਖਿਆ ਸੀ ਤੇ ਫਸਲਾਂ ਨੂੰ ਖਰੀਦਣ ਦੀ ਗਾਰੰਟੀ ਵੀ ਪੰਜਾਬ ਸਰਕਾਰ ਨੇ ਦਿੱਤੀ ਸੀ ਪਰ ਪਿਛਲੇ ਸਾਲ ਵੀ ਕਿਸਾਨਾਂ ਦੀ ਫਸਲ ਦੀ ਖਰੀਦ ਪੰਜਾਬ ਸਰਕਾਰ ਨੇ ਨਹੀਂ ਕੀਤੀ। ਇਸ ਸਾਲ ਵੀ ਖਰੀਦ ਨਾ ਹੋਣ ਕਰ ਕੇ ਕਿਸਾਨਾਂ ਨੂੰ ਮਜਬੂਰੀ ਵੱਸ ਵਪਾਰੀਆਂ ਨੂੰ ਘੱਟ ਰੇਟ 'ਤੇ ਫਸਲ ਵੇਚਣੀ ਪੈ ਰਹੀ ਹੈ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 1 ਜੁਲਾਈ, 2023*

# ਵੰਗਾਰ ਵਾਲੀ ਸਿਆਸਤ

ਭਾਰਤ ਦੀ ਕੇਂਦਰੀ ਸੱਤਾ ਉਤੇ ਪਿਛਲੇ ਨੌਂ ਸਾਲਾਂ ਤੋਂ ਕਾਬਜ਼ ਭਾਰਤੀ ਜਨਤਾ ਪਾਰਟੀ ਨੇ 2024 ਵਿਚ ਆ ਰਹੀਆਂ ਲੋਕ ਸਭਾ ਚੋਣਾਂ ਲਈ ਆਪਣੀ ਨੀਤੀਆਂ ਅਤੇ ਰਣਨੀਤੀਆਂ ਘੜਨੀਆਂ ਆਰੰਭ ਕਰ ਦਿੱਤੀਆਂ ਹਨ; ਦੂਜੇ ਪਾਸੇ ਵਿਰੋਧੀ ਧਿਰ ਨੇ ਵੀ ਸਰਗਰਮੀ ਦਿਖਾਉਣੀ ਸ਼ੁਰੂ ਕੀਤੀ ਹੈ। ਪਿਛਲੇ ਨੌਂ ਸਾਲਾਂ ਦੌਰਾਨ ਵਿਰੋਧੀ ਧਿਰ ਵਾਲੀਆਂ ਬਹੁਤੀਆਂ ਪਾਰਟੀਆਂ ਨੂੰ ਇਹ ਚਾਨਣ ਹੋ ਗਿਆ ਹੈ ਕਿ ਜੇ 2024 ਵਾਲੀਆਂ ਚੋਣਾਂ ਵਿਚ ਵੀ ਭਾਰਤੀ ਜਨਤਾ ਪਾਰਟੀ ਨੂੰ ਹਰਾਇਆ ਨਾ ਜਾ ਸਕਿਆ ਤਾਂ ਸ਼ਾਇਦ ਸੱਤਾਧਾਰੀ, ਵਿਰੋਧੀ ਧਿਰ ਨੂੰ ਉਠਣ ਜੋਗੀ ਵੀ ਨਾ ਛੱਡਣ। ਇਸੇ ਡਰ ਵਿਚੋਂ ਹੁਣ ਵਿਰੋਧੀ ਧਿਰ ਨੇ ਇਕੱਠੇ ਹੋ ਕੇ ਭਾਰਤੀ ਜਨਤਾ ਪਾਰਟੀ ਨੂੰ ਵੰਗਾਰਨ ਲਈ ਕੋਈ ਮੰਚ ਬਣਾਉਣ ਵੱਲ ਧਿਆਨ ਦਿੱਤਾ ਹੈ। ਇਸ ਸਿਲਸਿਲੇ ਤਹਿਤ ਹੀ ਪਟਨਾ ਵਿਚ ਵਿਰੋਧੀ ਪਾਰਟੀਆਂ ਦੀ ਮੀਟਿੰਗ ਵਿਚ ਭਾਰਤੀ ਜਨਤਾ ਪਾਰਟੀ ਵਿਰੁੱਧ ਸਾਂਝਾ ਮੁਹਾਜ਼ ਬਣਾਉਣ ਦੇ ਮੁੱਦੇ ‘ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਵਿਚਾਰ-ਵਟਾਂਦਰੇ ਵਿਚ 15 ਪਾਰਟੀਆਂ ਦੇ ਚੋਟੀ ਦੇ ਆਗੂਆਂ ਨੇ ਸ਼ਿਰਕਤ ਕੀਤੀ। ਵਿਰੋਧੀ ਪਾਰਟੀ ਦੀ ਇਹ ਪਹਿਲਕਦਮੀ ਭਰਤੀ ਜਨਤਾ ਪਾਰਟੀ ਦੀ ਹੁਣ ਤਕ ਸਫਲ ਰਹੀ ਚੋਣ ਯਾਤਰਾ ਨੂੰ ਰੋਕਣ ਦੇ ਯਤਨ ਵਜੋਂ ਬਹੁਤ ਅਹਿਮੀਅਤ ਰੱਖਦੀ ਹੈ। ਇਹ ਕੰਮ ਹੈ ਤਾਂ ਬਹੁਤ ਕਠਿਨ ਪਰ ਜਿਸ ਤਰ੍ਹਾਂ ਇਸ ਦੀ ਸ਼ੁਰੂਆਤ ਹੋਈ ਹੈ, ਉਸ ਤੋਂ ਘੱਟੋ-ਘੱਟ ਇਹ ਆਸ ਬੱਝ ਰਹੀ ਹੈ ਕਿ ਨਵਾਂ ਮੰਚ ਕਿਸੇ ਨਾ ਕਿਸੇ ਰੂਪ ਵਿਚ ਭਾਰਤੀ ਜਨਤਾ ਪਾਰਟੀ ਦੀ ਚੋਣ ਮੁਹਿੰਮ ਨੂੰ ਵੰਗਾਰੇਗਾ ਜ਼ਰੂਰ।ਇਹ ਵੀ ਯਾਦ ਰੱਖਣ ਵਾਲਾ ਤੱਥ ਹੈ ਕਿ 2014 ਦੀ ਜਿੱਤ ਤੋਂ ਬਾਅਦ 2019 ਵਾਲੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੀਆਂ ਕੁੱਲ ਸੀਟਾਂ ਅਤੇ ਵੋਟਾਂ ਵਧੀਆਂ ਹਨ। ਇਨ੍ਹਾਂ ਜਿੱਤਾਂ ਨੇ ਵਿਰੋਧੀ ਪਾਰਟੀਆਂ, ਖ਼ਾਸ ਕਰ ਕੇ ਦੇਸ਼ ਦੀ ਸਭ ਤੋਂ ਪੁਰਾਣੀ ਸਿਆਸੀ ਪਾਰਟੀ ਕਾਂਗਰਸ ਦੀ ਤਾਕਤ ਨੂੰ ਵੱਡੇ ਪੱਥਰ ‘ਤੇ ਖ਼ੋਰਾ ਲਾਇਆ ਹੈ।

ਪਟਨਾ ਵਿਚ ਇਕੱਠੀਆਂ ਹੋਈਆਂ ਪਾਰਟੀਆਂ ਵਿਚਕਾਰ ਬਹੁਤ ਸਾਰੇ ਵਿਚਾਰਧਾਰਕ ਵਖਰੇਵੇਂ ਹਨ ਪਰ ਮੀਟਿੰਗ ਵਿਚ ਇਨ੍ਹਾਂ ਵਖਰੇਵਿਆਂ ਨੂੰ ਇਕ ਪਾਸੇ ਰੱਖਣ ਦਾ ਯਤਨ ਕੀਤਾ ਗਿਆ। ਉਂਝ, ਕਈ ਵਖਰੇਵਿਆਂ ਦਾ ਪਰਛਾਵਾਂ ਮੀਟਿੰਗ ‘ਤੇ ਪ੍ਰਤੱਖ ਦਿਖਾਈ ਦਿੱਤਾ। ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਦੁਆਰਾ ਦਿੱਲੀ ਬਾਰੇ ਲਾਗੂ ਕੀਤੇ ਆਰਡੀਨੈਂਸ ਕਾਰਨ ਆਮ ਆਦਮੀ ਪਾਰਟੀ ਅਤੇ ਕਾਂਗਰਸ ਵਿਚਕਾਰ ਆਪਸੀ ਟਕਰਾਅਚੱਲ ਰਿਹਾ ਹੈ ਅਤੇ ਫਿਲਹਾਲ ਇਸ ਦਾ ਕੋਈ ਹੱਲ ਨਿੱਕਲਦਾ ਨਜ਼ਰ ਨਹੀਂ ਆ ਰਿਹਾ।ਕਾਂਗਰਸ ਦੀ ਪੰਜਾਬ ਇਕਾਈ ਇਹ ਪੱਖ ਰੱਖ ਰਹੀ ਹੈ ਕਿ ਜਦੋਂ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਪਾਰਟੀ ਆਗੂਆਂ ਨੂੰ ਲਗਾਤਾਰ ਜ਼ਲੀਲ ਕਰਨ ‘ਤੇ ਉਤਰੀ ਹੋਈ ਹੈ ਤਾਂ ਆਰਡੀਨੈਂਸ ਦੇ ਮਸਲੇ ਉਤੇ ਆਮ ਆਦਮੀ ਪਾਰਟੀ ਦਾ ਸਾਥ ਕਿਉਂ ਦਿੱਤਾ ਜਾਵੇ? ਪਾਰਟੀ ਆਗੂ ਇਹ ਸਵਾਲ ਵੀ ਕਰ ਰਹੇ ਹਨ ਕਿ ਜਦੋਂ ਕੇਂਦਰ ਸਰਕਾਰ ਨੇ ਜੰਮੂ ਕਸ਼ਮੀਰ ਵਿਚ ਧਾਰਾ 370 ਖਤਮ ਕਰ ਕੇ ਰਾਜਾਂ ਦੇ ਅਧਿਕਾਰਾਂ ‘ਤੇ ਹੱਕਾਂ ਉਤੇ ਡਾਕਾ ਮਾਰਨ ਦੀ ਸ਼ੁਰੂਆਤ ਕੀਤੀ ਸੀ ਤਾਂ ਆਮ ਆਦਮੀ ਪਾਰਟੀ ਨੇ ਉਸ ਵਕਤ ਭਾਰਤੀ ਜਨਤਾ ਪਾਰਟੀ ਦਾ ਸਾਥ ਕਿਸ ਆਧਾਰ ‘ਤੇ ਦਿੱਤਾ ਸੀ? ਹੁਣ ਜਦੋਂ ਕੇਂਦਰ ਸਰਕਾਰ ਉਹੀ ਵਧੀਕੀ ਦਿੱਲੀ ਨਾਲ ਕਰ ਰਹੀ ਹੈ ਤਾਂ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਦੇਸ਼ ਦੇ ਫੈਡਰਲ ਢਾਂਚੇ ਦਾ ਚੇਤਾ ਆ ਗਿਆ ਹੈ। ਖੈਰ! ਕੁਝ ਵੀ ਹੋਵੇ, ਅਜਿਹੇ ਵਖਰੇਵਿਆਂ ਜਾਂ ਮੱਤਭੇਦਾਂ ਨੂੰ ਲਾਂਭੇ ਰੱਖ ਕੇ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਸਿਰ ਜੋੜਨ ਦੀ ਜ਼ਰੂਰਤ ਹੈ ਤਾਂ ਕਿ ਭਾਰਤੀ ਜਨਤਾ ਪਾਰਟੀ ਨੂੰ ਸੱਤਾ ਤੋਂ ਲਾਹਿਆ ਜਾ ਸਕੇ। ਵਿਰੋਧੀ ਪਾਰਟੀਆਂ ਇਸ ਮਸਲੇ ‘ਤੇ ਇਕਮਤ ਹਨ ਕਿ ਭਾਰਤੀ ਜਨਤਾ ਪਾਰਟੀ ਜਿਸ ਢੰਗ ਨਾਲ ਦੇਸ਼ ਦਾ ਢਾਂਚਾ ਬਦਲ ਰਹੀ ਹੈ, ਉਸ ਨੂੰ ਠੱਲ੍ਹਿਆ ਜਾਣਾ ਜ਼ਰੂਰੀ ਹੈ। ਇਸੇ ਕਾਰਨ ਵਿਰੋਧੀ ਧਿਰ ਦੇ ਕਈ ਆਗੂਆਂ ਦੀ ਦਲੀਲ ਹੈ ਕਿ ਸਾਰੀਆਂ ਪਾਰਟੀਆਂ ਨੂੰ ਆਪਣੀ ਪਹੁੰਚ ਵਿਚ ਲਚਕ ਲਿਆਉਣੀ ਪਵੇਗੀ ਤਾਂ ਕਿ ਭਾਰਤੀ ਜਨਤਾ ਪਾਰਟੀ ਨੂੰ ਡਟ ਕੇ ਟਾਕਰਾ ਦਿੱਤਾ ਜਾ ਸਕੇ।

ਕੇਂਦਰੀ ਗ੍ਰਹਿ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੇ ਸਰਕਰਦਾ ਆਗੂ ਅਮਿਤ ਸ਼ਾਹ ਨੇ ਭਾਵੇਂ ਵਿਰੋਧੀ ਪਾਰਟੀਆਂ ਦੀ ਇਸ ਮੀਟਿੰਗ ਨੂੰ ਫੋਟੋ ਖਿਚਵਾਉਣ ਦਾ ਮੌਕਾ ਹੀ ਦੱਸਿਆ ਹੈ ਪਰ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਵੱਖ-ਵੱਖ ਵਿਚਾਧਾਰਾਵਾਂ ਵਾਲੀਆਂ ਪਾਰਟੀਆਂ ਸਿਆਸੀ ਮੰਚ ਉਤੇ ਇਕੱਠੀਆਂ ਹੁੰਦੀਆਂ ਰਹੀਆਂ ਹਨ ਅਤੇ ਕਈ ਵਾਰ ਸਾਂਝੇ ਮੁਹਾਜ਼ ਵੀ ਬਣਾਉਂਦੀਆਂ ਰਹੀਆਂ ਹਨ। ਇਨ੍ਹਾਂ ਵਿਚੋਂ ਕਈ ਪਾਰਟੀਆਂ, ਕਾਂਗਰਸ ਵਿਰੁੱਧ ਸਾਂਝੇ ਮੁਹਾਜ਼ਾਂ ਵਿਚ ਸ਼ਾਮਿਲ ਸਨ ਪਰ ਬਦਲੇ ਹਾਲਾਤ ਹੁਣ ਵਿਰੋਧੀ ਧਿਰ ਤੋਂ ਵੱਖਰੀ ਪਹੁੰਚ ਦੀ ਮੰਗ ਕਰ ਰਹੇ ਹਨ। ਇਕਹਕੀਕਤ ਇਹ ਵੀ ਹੈ ਕਿ ਵਿਰੋਧੀ ਪਾਰਟੀਆਂ ਵਿਚੋਂ ਬਹੁਤੀਆਂ ਪਾਰਟੀਆਂ ਉਹ ਹਨ ਜੋ ਸਿਰਫ ਜਿੱਤਣ ਖਾਤਰ ਚੋਣਾਂ ਲੜਦੀਆਂ ਆ ਰਹੀਆਂ ਹਨ। ਇਨ੍ਹਾਂ ਦੀ ਪਹੁੰਚ ਮੁੱਖ ਸਿਆਸੀ ਪਾਰਟੀਆਂ- ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ, ਤੋਂ ਕਿਸੇ ਵੀ ਲਿਹਾਜ ਵੱਖਰੀ ਨਹੀਂ ਦਿਸਦੀ ਪਰ ਜਿਸ ਤਰ੍ਹਾਂ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ- ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.),ਹਰ ਸੰਸਥਾ ਨੂੰ ਆਪਣੇ ਗੋਡੇ ਹੇਠ ਕਰ ਰਹੀਆਂ ਹਨ ਅਤੇ ਅਵਾਮ ਦੀ ਜ਼ੁਬਾਨਬੰਦੀ ਕੀਤੀ ਜਾ ਰਹੀ ਹੈ, ਇਸ ਸੂਰਤ ਵਿਚ ਹੁਣ ਲੋੜ ਇਸ ਗੱਲ ਦੀ ਹੈ ਭਾਰਤੀ ਜਨਤਾ ਪਾਰਟੀ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਘੱਟੋ-ਘੱਟ ਸਿਆਸੀ ਪ੍ਰੋਗਰਾਮ ਬਣਾ ਕੇ ਸਾਂਝੇ ਤੌਰ ‘ਤੇ ਲੋਕ ਸਭਾ ਚੋਣਾਂ ਲੜੀਆਂ ਜਾਣ। ਸਿਰਫ ਇਸ ਸੂਰਤ ਵਿਚ ਹੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਵੰਡਪਾਊ ਤੇ ਮਾਰੂ ਸਿਆਸਤ ਨੂੰ ਭਾਂਜ ਦਿੱਤੀ ਜਾ ਸਕਦੀ ਹੈ। ਹੁਣ ਹਾਲਾਤ ਇਹ ਹਨ ਕਿ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਧਨਾਢਾਂ/ਕਾਰੋਬਾਰੀਆ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਨਾਲ ਲੈਸ ਕਰ ਰਹੀ ਹੈ ਅਤੇ ਬਦਲੇ ਵਿਚ ਇਹ ਲੋਕ ਇਸ ਧਿਰ ਦੀ ਹਮਾਇਤ ‘ਤੇ ਹਨ। ਇਸ ਲਈ ਵਿਰੋਧੀ ਧਿਰ ਨੂੰ ਅਜਿਹਾ ਸਿਆਸੀਜ਼ਰੂਰ ਖੜ੍ਹਾ ਕਰਨਾ ਚਾਹੀਦਾ ਜੋ ਭਾਰਤੀ ਜਨਤਾ ਪਾਰਟੀ ਨੂੰ ਹਰ ਪੱਖ ਤੋਂ ਵੰਗਾਰ ਪਾਵੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਗਦਾਰਾਂ ਨੂੰ ਸਨਮਾਨ*

ਲਈਏ ਦੇਖ ਇਤਹਾਸ ਦੇ ਫੋਲ ਵਰਕੇ ਪਹਿਲੋਂ ਜਿਹੇ ਵਰਤਾਰੇ ਹੀ ਅੱਜ ਦੇ ਨੇ।
ਸ਼ਿਸਤਾਂ ਬੱਝਦੀਆਂ ਹੁੰਦੀਆਂ ਹੋਰ ਪਾਸੇ ‘ਤੀਰ’ ਹੋਰ ਹੀ ਕਿਧਰੇ ਵੱਜਦੇ ਨੇ।
ਹੱਡ-ਭੰਨ ਮੁਸ਼ੱਕਤਾਂ ਕਰਨ ਵਾਲ਼ੇ ਰਹਿਣ ਭੁੱਖੇ ਤੇ ਵਿਹਲੜ ਹੀ ਰੱਜਦੇ ਨੇ।
ਮੀਂਹ ਸੁਣੀ ਦਾ ਕਿਧਰੇ ਹੋਰ ਵਰ੍ਹਦਾ ਬੱਦਲ਼ ਹੋਰ ਹੀ ਕਿੱਧਰੇ ਗੱਜਦੇ ਨੇ।
ਕਾਰੇ ਦੇਖ ਕੇ ਰੋਜ਼ ਸਿਆਸਤਾਂ ਦੇ ਨਿਰੇ ਜਾਪਦੇ ਖੇਡ ਮਦਾਰੀਆਂ ਦੇ।
ਹੱਥ ਮਾਰਦੇ ਮੱਥੇ ‘ਤੇ ਦੇਸ਼ ਵਾਸੀ ਮਿਲਦੇ ਦੇਖ ਇਨਾਮ ਗੱਦਾਰੀਆਂ ਦੇ !

# ਮਾਰੂ ਸਿਆਸਤ ਦੇ ਦੌਰ ਵਿਚ ਪਟਨਾ ਮੀਟਿੰਗ ਦੀ ਅਹਿਮੀਅਤ

ਪਟਨਾ ਵਿਚ 23 ਜੂਨ ਨੂੰ ਨਿਤੀਸ਼ ਕੁਮਾਰ ਦੀ ਪਹਿਲਕਦਮੀ ‘ਤੇ ਭਾਜਪਾ ਵਿਰੋਧੀ 15 ਪਾਰਟੀਆਂ ਦੀ ਹੋਈ ਮੀਟਿੰਗ ਦੇ ਵੱਖ-ਵੱਖ ਪੱਖਾਂ ‘ਤੇ ਚਰਚਾ ਕਰਦਿਆਂ ਇਸ ਦੀ ਅਹਿਮੀਅਤ ਸਮਝਣੀ ਜ਼ਰੂਰੀ ਹੈ। ਭਾਜਪਾ ਵਿਰੋਧੀ ਪਾਰਟੀਆਂ ਦੀ ਇਸ ਇਕੱਤਰਤਾ ਦੌਰਾਨ ‘ਆਪ’ ਵੱਲੋਂ ਕਾਂਗਰਸ ਅੱਗੇ ਰੱਖੀ ਆਰਡੀਨੈਂਸ ਦੀ ਹਮਾਇਤ ਵਾਲੀ ਸ਼ਰਤ ਨੇ ਭਾਵੇਂ ਮਾਹੌਲ ਨੂੰ ਥੋੜ੍ਹਾ ਬਦਰੰਗ ਜਿਹਾ ਕੀਤਾ ਪਰ ਕੁੱਲ ਮਿਲਾ ਕੇ ਇਸ ਮੀਟਿੰਗ ਨੇ ਇਹ ਸੰਕੇਤ ਦਿੱਤਾ ਕਿ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਖਿਲਾਫ ਸਾਂਝਾ ਮੁਹਾਜ਼ ਬਣਨ ਦੀਆਂ ਸੰਭਾਵਨਾਵਾਂ ਮੌਜੂਦ ਹਨ। ਇਹਨਾਂ



15 ਪਾਰਟੀਆਂ ਜਨਤਾ ਦਲ (ਯੂ), ਆਰ.ਜੇ.ਡੀ., ਕਾਂਗਰਸ, ਟੀ.ਐਮ.ਸੀ., ਡੀ.ਐਮ.ਕੇ, ਸਮਾਜਵਾਦੀ ਪਾਰਟੀ, ਐਨ.ਸੀ.ਪੀ., ਸ਼ਿਵ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਸੈਨਾ (ਠਾਕਰੇ), ਆਮ ਆਦਮੀ ਪਾਰਟੀ, ਜੇ.ਐਮ.ਐਮ., ਨੈਸ਼ਨਲ ਕਾਨਫਰੰਸ, ਪੀ.ਡੀ.ਪੀ., ਸੀ.ਪੀ.ਆਈ.(ਐਮ.), ਸੀ.ਪੀ.ਆਈ. ਅਤੇ ਸੀ.ਪੀ.ਆਈ.(ਐਮ.ਐਲ.)-ਲਿਬਰੇਸ਼ਨ ਵੱਲੋਂ ਹੁਣ ਅਗਲੀ ਰਣਨੀਤੀ ਘੜਨ ਲਈ ਜੁਲਾਈ ਦੇ ਦੂਜੇ ਹਫਤੇ ਸ਼ਿਮਲਾ ਵਿਚ ਮੀਟਿੰਗ ਰੱਖੀ ਗਈ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪਟਨਾ ਮੀਟਿੰਗ ਵਿਚ ਸ਼ਾਮਲ ਹੋਈਆਂ 15 ਪਾਰਟੀਆਂ ਵਿਚੋਂ ਲਿਬਰੇਸ਼ਨ ਵਰਗੀਆਂ ਇੱਕ-ਦੋ ਪਾਰਟੀਆਂ ਨੂੰ ਛੱਡ ਕੇ ਬਾਕੀ ਸਭ ਦਾ ਕਿਰਦਾਰ ਲੋਕ ਵਿਰੋਧੀ ਰਿਹਾ ਹੈ। ਇਹਨਾਂ ਵਿਚੋਂ ਜਿਹੜੀਆਂ ਪਾਰਟੀਆਂ ਖੁਦ ‘ਸੱਤਾ’ ਵਿਚ ਰਹੀਆਂ ਹਨ, ਉਹਨਾਂ ਨੇ ਲੋਕਾਂ ਦੀ ਥਾਂ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਲਈ ਕੰਮ ਕੀਤਾ ਹੈ ਤੇ ਹੁਣ ਵੀ ਇਹਨਾਂ ਪਾਰਟੀਆਂ ਵੱਲੋਂ ਭਾਜਪਾ ਖਿਲਾਫ ਬਦਲ ਉਸਾਰਨ ਦਾ ਇੱਕੋ-ਇੱਕ ਮੰਤਵ ਖੁਦ ‘ਸੱਤਾ’ ਦਾ ਕੇਂਦਰ ਬਣਨਾ ਹੈ। ਸਾਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਦੇ ਗੱਠਜੋੜ ਰਾਹੀਂ ਫਾਸ਼ੀਵਾਦ ਨੂੰ ਹਰਾਉਣਾ ਸੌਖਾ ਨਹੀਂ ਕਿਉਂਕਿ ਆਰ.ਐਸ.ਐਸ. ਨੇ ‘ਸੱਤਾ’ ਦੇ ਹਰ ਅਦਾਰੇ ਵਿਚ ਆਪਣੇ ਵਰਕਰ ਫਿੱਟ ਕਰ ਲਏ ਹਨ ਪਰ ਫਿਰ ਵੀ ਭਾਜਪਾ ਵਰਗੀ ਹਕੂਮਤ ਖਿਲਾਫ ਉਸਰ ਰਹੇ ਗੱਠਜੋੜ ਦੀ ਅਹਿਮੀਅਤ ਸਮਝਣੀ ਜ਼ਰੂਰੀ ਹੈ।

ਪਟਨਾ ਵਿਚ ਮੀਟਿੰਗ ਰੱਖਣ ਦੇ ਦੋ ਮੁੱਖ ਕਾਰਨ ਸਨ: ਪਹਿਲਾ ਇਹ ਕਿ ਮੀਟਿੰਗ ਦਾ ਕਰਤਾ-ਧਰਤਾ ਨਿਤੀਸ਼ ਕੁਮਾਰ ਸੀ, ਇਸ ਕਰ ਕੇ ਉਸ ਦੇ ਘਰ ਵਿਚ ਮੀਟਿੰਗ ਹੋਈ; ਦੂਜਾ ਇਹ ਕਿ ਇੰਦਰਾ ਗਾਂਧੀ ਦੀ ਸਰਕਾਰ ਖਿਲਾਫ ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਵਾਲੇ ‘ਸੰਪੂਰਨ ਕ੍ਰਾਂਤੀ’ ਅੰਦੋਲਨ ਦਾ ਧੁਰਾ ਬਿਹਾਰ ਬਣਿਆ ਸੀ। ਇਸੇ ਕਰ ਕੇ ਉਸ ਦਿਨ ਐਨ.ਸੀ.ਪੀ. ਮੁਖੀ ਸ਼ਰਦ ਪਵਾਰ ਨੇ ਕਿਹਾ ਕਿ ‘ਜੈ ਪ੍ਰਕਾਸ਼ ਦੇ ਅੰਦੋਲਨ ਵਾਂਗ ਸਾਡੇ ਸਾਂਝੇ ਫਰੰਟ ਨੂੰ ਵੀ ਲੋਕਾਂ ਦਾ ਆਸ਼ੀਰਵਾਦ ਮਿਲੇਗਾ।’ ਹਾਲਾਂਕਿ ਉਸ ਅੰਦੋਲਨ ਨੇ ਕਿੰਨੀ ਕੁ ਕ੍ਰਾਂਤੀ ਲਿਆਂਦੀ, ਉਹ ਸਭ ਦੇ ਸਾਹਮਣੇ ਹੈ। ਉਸ ਅੰਦੋਲਨ ਦੀ ਪੈਦਾਇਸ਼ ਲਾਲੂ ਪ੍ਰਸ਼ਾਦ ਯਾਦਵ ਵਰਗੇ ਲੀਡਰਾਂ ਨੇ ਭ੍ਰਿਸ਼ਟਾਚਾਰ ਦੀਆਂ ਹੱਦਾਂ ਟੱਪੀਆਂ ਹਨ।

ਭਾਰਤ ਵੱਖ-ਵੱਖ ਕੌਮਾਂ, ਧਰਮਾਂ ਦੇ ਲੋਕਾਂ ਦਾ ਸਮੂਹ ਹੈ ਜਿਸ ਦੇ ਹਰ ਖਿੱਤੇ ਦੀ ਆਪਣੀ ਬੋਲੀ ਅਤੇ ਆਪਣੀ ਭਾਸ਼ਾ ਹੈ। ਇਸੇ ਕਰ ਕੇ ਭਾਰਤ ਵਿਚ ਖੇਤਰੀ ਪਾਰਟੀਆਂ ਦੀ ਭੂਮਿਕਾ ਬੜੀ ਅਹਿਮ ਰਹੀ ਹੈ। ਕਾਂਗਰਸ ਦੀ ਤਾਨਾਸ਼ਾਹ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਥੋਪੀ ਐਮਰਜੈਂਸੀ ਖਿਲਾਫ ਵੀ ਖੇਤਰੀ ਪਾਰਟੀਆਂ ਨੇ ਅਹਿਮ ਭੂਮਿਕਾ ਨਿਭਾਈ ਸੀ। ਹੁਣ ਜਦ ਭਾਜਪਾ ਤੇ ਆਰ.ਐਸ.ਐਸ. ਵੱਲੋਂ ਭਾਰਤ ਵਿਚ ਹਿੰਦੂਤਵ ਦੀ ਰਾਜਨੀਤੀ ਕਰਦਿਆਂ ਧਰਮ ਦੇ ਆਧਾਰ ‘ਤੇ ਧਰੁਵੀਕਰਨ ਕੀਤਾ ਜਾ ਰਿਹਾ ਹੈ। ਹਿੰਦੂਤਵ ਫਾਸ਼ੀਵਾਦ ਦੇ ਏਜੰਡੇ ਨੂੰ ਲਾਗੂ ਕਰਦਿਆਂ ਭਾਜਪਾ ਦੇਸ਼ ਵਿਚ ਅਜਿਹਾ ਮਹੌਲ ਸਿਰਜ ਰਹੀ ਹੈ ਜਿਸ ਨਾਲ ਧਾਰਮਿਕ ਘੱਟਗਿਣਤੀ ਭਾਈਚਾਰੇ ਖਾਸਕਰ ਮੁਸਲਿਮ ਭਾਈਚਾਰਾ ਅਸਹਿਜ ਮਹਿਸੂਸ ਕਰ ਰਹੇ ਹਨ ਤਾਂ ਅਜਿਹੇ ਵਿਚ ਭਾਜਪਾ ਖਿਲਾਫ ਹਰ ਤਰ੍ਹਾਂ ਦਾ ਸਾਂਝਾ ਮੁਹਾਜ਼ ਖੜ੍ਹਾ ਕੀਤਾ ਜਾਣਾ ਚਾਹੀਦਾ ਹੈ।

ਇਸ ਮੀਟਿੰਗ ਦੌਰਾਨ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਇਹ ਸ਼ਬਦ ਹਕੀਕਤ ਹਨ ਕਿ ‘ਜੇ ਇਸ ਤਾਨਾਸ਼ਾਹ ਸਰਕਾਰ (ਮੋਦੀ ਸਰਕਾਰ) ਦੀ ਐਤਕੀਂ ਵਾਪਸੀ ਹੋਈ ਤਾਂ ਭਵਿੱਖ ਵਿਚ ਕੋਈ ਚੋਣਾਂ ਨਹੀਂ ਹੋਣਗੀਆਂ।’ ਅਸਲ ਵਿਚ ਇਹ ਕਈ ਵਾਰ ਸਿੱਧ ਹੋ ਚੁੱਕਾ ਹੈ ਕਿ ਭਾਜਪਾ ਖਿਲਾਫ ਤੱਤੇ ਬਿਆਨ ਦੇਣ ਵਾਲੇ ਅਤੇ ਭਾਜਪਾ ਦੇ ਕੱਟੜ ਵਿਰੋਧੀ ਹੋਣ ਦਾ ਦਾਅਵਾ ਕਰਨ



ਵਾਲੇ ਚੋਣਾਂ ਦੌਰਾਨ ਜਾਣੇ-ਅਣਜਾਣੇ ਰੂਪ ਵਿਚ ਭਾਜਪਾ ਦੇ ਪੱਖ ਵਿਚ ਭੁਗਤਦੇ ਰਹੇ ਹਨ। ਭਾਜਪਾ ਦਾ ਕੱਟੜ ਵਿਰੋਧੀ ਹੋਣ ਦਾ ਦਾਅਵਾ ਕਰਨ ਵਾਲੇ ਅਸਦ-ਉਦ-ਦੀਨ ਓਵੈਸੀ ਦੀ ਸਿਆਸਤ ਭਾਜਪਾ ਦੇ ਪੱਖ ਵਿਚ ਭੁਗਤਦੀ ਆ ਰਹੀ ਹੈ। ਗੁਜਰਾਤ ਚੋਣਾਂ ਵਿਚ ਆਮ ਆਦਮੀ ਪਾਰਟੀ ਦਾ ਤੀਜੀ ਧਿਰ ਵਜੋਂ ਚੋਣ ਲੜਨਾ ਭਾਜਪਾ ਵਿਰੋਧੀ ਵੋਟਰਾਂ ਨੂੰ ਦੋ ਥਾਂ ਵੰਡਣ ਵਿਚ ਕਾਮਯਾਬ ਰਿਹਾ ਹੈ, ਇਸ ਲਈ ਗੁਜਰਾਤ ਵਿਚ ‘ਆਪ’ ਦੀ ਚੋਣ ਮੁਹਿੰਮ ਦਾ ਸਭ ਤੋਂ ਵੱਧ ਸੇਕ ਕਾਂਗਰਸ ਨੂੰ ਲੱਗਿਆ ਹੈ।

ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਪਟਨਾ ਮੀਟਿੰਗ ਵਿਚ ਸ਼ਾਮਲ ਤਾਂ ਹੋਏ ਪਰ ਪਟਨਾ ਮੀਟਿੰਗ ਦੇ ਪ੍ਰਬੰਧਕਾਂ ਦੀ ਇੱਛਾ ਸੀ ਕਿ ਮੀਟਿੰਗ ਉਪਰੰਤ ਭਾਜਪਾ ਖਿਲਾਫ ਹਮਲਾਵਰ ਮਾਹੌਲ ਵਾਲੀ ਪ੍ਰੈੱਸ ਕਾਨਫਰੰਸ ਕੀਤੀ ਜਾਵੇ ਪਰ ਪ੍ਰੈੱਸ ਕਾਨਫਰੰਸ ਤੋਂ ਪਹਿਲਾਂ ਹੀ ‘ਆਪ’ ਦੇ ਦੋਵੇਂ ਮੁੱਖ ਮੰਤਰੀ ਅਤੇ ਤਾਮਿਲ ਨਾਡੂ ਦਾ ਮੁੱਖ ਮੰਤਰੀ ਐਮ.ਕੇ. ਸਟਾਲਿਨ ਉੱਥੋਂ ਤੁਰਦੇ ਬਣੇ। ਅਰਵਿੰਦ ਕੇਜਰੀਵਾਲ ਨੇ ਇਸ ਗੱਲ ’ਤੇ ਵਿਸ਼ੇਸ਼ ਜ਼ੋਰ ਦਿੱਤਾ ਕਿ ਕਾਂਗਰਸ ਪਾਰਟੀ ਦਿੱਲੀ ਆਰਡੀਨੈਂਸ ਨੂੰ ਲੈ ਕੇ ਜਨਤਕ ਤੌਰ ’ਤੇ ਆਪਣਾ ਸਟੈਂਡ ਸਪਸ਼ਟ ਕਰੇ। ਕੇਜਰੀਵਾਲ ਨੇ ਸਾਫ਼ ਕਰ ਦਿੱਤਾ ਕਿ ਜੇ ਅਜਿਹਾ ਨਹੀਂ ਹੁੰਦਾ ਤਾਂ ਉਨ੍ਹਾਂ ਦੀ ਪਾਰਟੀ ਲਈ ਵਿਰੋਧੀ ਧਿਰਾਂ ਦੀਆਂ ਭਵਿੱਖੀ ਬੈਠਕਾਂ ਵਿਚ ਸ਼ਾਮਲ ਹੋਣਾ ਸੰਭਵ ਨਹੀਂ ਹੋਵੇਗਾ। ‘ਆਪ’ ਵੱਲੋਂ ਜਾਰੀ ਪੈਂਫਲੈਟ-ਕਮ-ਪ੍ਰੈੱਸ ਨੋਟ ਵਿਚ ਲਿਖਿਆ ਗਿਆ ਹੈ ਕਿ ਕੇਂਦਰ ਸਰਕਾਰ ਵੱਲੋਂ ਲਿਆਂਦਾ ‘ਕਾਲਾ ਆਰਡੀਨੈਂਸ’ ਸਿਰਫ ਦਿੱਲੀ ਸਰਕਾਰ ਦੇ ਲੋਕਤੰਤਰਕ ਅਧਿਕਾਰਾਂ ਨੂੰ ਹੀ ਨਹੀਂ ਖੋਂਹਦਾ ਬਲਕਿ ਭਾਰਤ ਦੇ ਲੋਕਤੰਤਰ ਤੇ ਸੰਵਿਧਾਨਕ ਸਿਧਾਂਤਾ ਲਈ ਖਤਰਾ ਹੈ। ‘ਆਪ’ ਅਨੁਸਾਰ ਪਟਨਾ ਮੀਟਿੰਗ ਵਿਚ ਸ਼ਾਮਲ 15 ਪਾਰਟੀਆਂ ਵਿਚੋਂ 12 ਪਾਰਟੀਆਂ ਦੇ ਮੈਂਬਰ ਰਾਜ ਸਭਾ ਵਿਚ ਮੌਜੂਦਾ ਹਨ ਜਿਨ੍ਹਾਂ ਵਿਚੋਂ 11 ਨੇ ‘ਆਪ’ ਦੀ ਹਮਾਇਤ ਦਾ ਐਲਾਨ ਕਰ ਦਿੱਤਾ ਹੈ ਪਰ ਹੁਣ ਕਾਂਗਰਸ ਤੈਅ ਕਰੇ ਕਿ ਉਹ ਦਿੱਲੀ ਦੀ ਜਨਤਾ ਨਾਲ ਹੈ ਜਾਂ ਮੋਦੀ ਸਰਕਾਰ ਨਾਲ ਹੈ?

ਆਰਡੀਨੈਂਸ ਬਾਰੇ ਸਿਧਾਂਤਕ ਤੌਰ ‘ਤੇ ‘ਆਪ’ ਦੀ ਗੱਲ ਠੀਕ ਹੈ ਕਿਉਂਕਿ ਕੇਂਦਰ ਸਰਕਾਰ ਵੱਲੋਂ ਆਰਡੀਨੈਂਸ ਰਾਜਾਂ ਦੇ ਸੰਘੀ ਢਾਂਚੇ ਦੀ ਬੁਨਿਆਦ ਦੇ ਖਿਲਾਫ ਹੈ ਤੇ ਇਹ ਰਾਜਾਂ ਦੇ ਅਧਿਕਾਰਾਂ ‘ਤੇ ਹਮਲੇ ਦੇ ਨਾਲ-ਨਾਲ ਤਾਕਤਾਂ ਦੇ ਕੇਂਦਰੀਕਰਨ ਖਿਲਾਫ ਹੈ ਪਰ ਹੁਣ ਲੋਕਤੰਤਰ ਦਾ ਪਾਠ ਪੜ੍ਹਾਉਣ ਵਾਲੀ ‘ਆਪ’ ਜਦ ਜੰਮੂ ਕਸ਼ਮੀਰ ਦੇ ਵੱਧ ਅਧਿਕਾਰ ਖੋਹ ਕੇ ਉਸ ਨੂੰ ਯੂ.ਟੀ. ਬਣਾਇਆ ਜਾ ਰਿਹਾ ਸੀ, ਉਸ ਸਮੇਂ ਭਾਜਪਾ ਦੇ ਪੱਖ ਵਿਚ ਖੜ੍ਹ ਗਈ ਸੀ।

ਕੇਂਦਰ ਵਿਚ ਰਹੀਆਂ ਕਾਂਗਰਸ ਸਰਕਾਰਾਂ ਵੀ ਰਾਜਾਂ ਦੇ ਅਧਿਕਾਰਾਂ ਨੂੰ ਕੁਚਲਦੀਆਂ ਰਹੀਆਂ ਹਨ, ਇਸ ਕਰ ਕੇ ਹੋ ਸਕਦਾ ਸਿਆਸੀ ਗਿਣਤੀਆਂ ਵਿਚੋਂ ਕਾਂਗਰਸ ਇਸ ਮਾਮਲੇ ਵਿਚ ਕੋਈ ਸਪੱਸ਼ਟ ਸਟੈਂਡ ਨਾ ਲਵੇ ਪਰ ‘ਆਪ’ ਜਿਵੇਂ ਇਸ ਮੁੱਦੇ ਨੂੰ ਏਕਤਾ ਲਈ ਸ਼ਰਤ ਵਜੋਂ ਲਿਆ ਰਹੀ ਹੈ, ਉਸ ਤੋਂ ‘ਆਪ’ ਦੀ ਮਨਸ਼ਾ ਵੀ ਸ਼ੱਕੀ ਜਾਪ ਰਹੀ ਹੈ।

ਅੰਦਰੂਨੀ ਸੰਕਟ ਦਾ ਸਾਹਮਣਾ ਕਰ ਰਹੀ ਕਾਂਗਰਸ ਪਾਰਟੀ ਆਪਣੇ ਸਿਆਸੀ ਆਧਾਰ ਨੂੰ ਲਗਾਤਾਰ ਖੋਰਾ ਲਗਾ ਰਹੀ ਹੈ। ‘ਆਪ’ ਦਾ ਮੰਤਵ ਕਾਂਗਰਸ ਦੀ ਜਗ੍ਹਾ ਹਾਸਲ ਕਰਨਾ ਨਜ਼ਰ ਆ ਰਿਹਾ ਹੈ। 2014 ਦੀਆਂ ਚੋਣਾਂ ਦੇ ਮੁਕਾਬਲੇ 2019 ਵਿਚ ਕਾਂਗਰਸ ਦੀ ਹਾਲਤ ਹੋਰ ਜ਼ਿਆਦਾ ਪਤਲੀ ਪਈ ਸੀ। 2019 ਦੀਆਂ ਲੋਕ ਸਭਾ ਚੋਣਾਂ ‘ਚ ਭਾਜਪਾ ਨੂੰ 38 ਫੀਸਦ ਵੋਟਾਂ ਪਈਆਂ ਸਨ ਜਦਕਿ ਦੂਜੇ ਨੰਬਰ ‘ਤੇ ਰਹੀ ਕਾਂਗਰਸ ਨੂੰ 20 ਫੀਸਦ ਵੋਟਾਂ ਪਈਆਂ ਸਨ। ਇਹ ਤੱਥ ਹੀ ਹੈ ਕਿ ਕਾਂਗਰਸ ਪਾਰਟੀ ਵਿਰੋਧੀ ਧਿਰ ਵਾਲੀ ਭੂਮਿਕਾ ਨਿਭਾਉਣ ਦੇ ਸਮਰੱਥ ਵੀ ਨਹੀਂ ਹੈ ਤੇ ਹੁਣ ਉਸ ਵਿਚ ਭਾਜਪਾ ਵਰਗੀ ਸਾਧਨ-ਸੰਪਨ ਪਾਰਟੀ ਦਾ ਮੁਕਾਬਲਾ ਕਰਨ ਦੀ ਸਥਿਤੀ ਨਹੀਂ ਹੈ। ਅਜਿਹੇ ਵਿਚ ਮੋਦੀ ਵਰਗੀ ਤਾਨਾਸ਼ਾਹ ਹਕੂਮਤ ਖਿਲਾਫ ਸਾਂਝਾ ਗੱਠਜੋੜ ਬਣਨ ਦੀਆਂ ਸੰਭਾਵਨਾਵਾਂ ਪਈਆਂ ਹਨ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਇਸ ਗੱਠਜੋੜ ਦਾ ਕਰਤਾ-ਧਰਤਾ ਨਿਤੀਸ਼ ਕੁਮਾਰ ਕੋਈ ਭਰੋਸੇਯੋਗ ਵਿਅਕਤੀ ਨਹੀਂ ਹੈ ਬਲਕਿ ਸਿਆਸਤ ਵਿਚ ਯੂ-ਟਰਨ ਮਾਰਨ ਲਈ ਮਸ਼ਹੂਰ ਹੈ। 2015 ਵਿਚ ਨਿਤੀਸ਼ ਕੁਮਾਰ ਨੇ ਭਾਜਪਾ ਖਿਲਾਫ ਮਹਾਂ-ਗੱਠਜੋੜ ਬਣਾ ਕੇ ਭਾਜਪਾ ਨੂੰ ਟੱਕਰ ਦਿੱਤੀ ਸੀ ਪਰ ਬਾਅਦ ਵਿਚ ਉਹੀ ਨਿਤੀਸ਼ ਭਾਜਪਾ ਦੀ ਗੋਦੀ ਵਿਚ ਜਾ ਬੈਠਾ ਸੀ। 2019 ਦੀਆਂ ਲੋਕ ਸਭਾ ਚੋਣਾਂ ਸਮੇਂ ਇਸ ਨੇ ਮੋਦੀ ਏਜੰਡੇ ਨੂੰ ਪੂਰੀ ਹਵਾ ਦਿੱਤੀ ਸੀ, ਇਸੇ ਦੀ ਪਾਰਟੀ ਨਾਲ ਸਾਂਝ ਭਿਆਲੀ ਦੌਰਾਨ ਭਾਜਪਾ ਨੇ ਬਿਹਾਰ ਦੀਆਂ 40 ਵਿਚੋਂ 39 ਸੀਟਾਂ ‘ਤੇ ਹੂੰਝਾ ਫੇਰ ਜਿੱਤ ਹਾਸਲ ਕੀਤੀ ਸੀ। ਜ਼ਾਹਿਰ ਹੈ ਕਿ ਨਿਤੀਸ਼ ਕੁਮਾਰ ਨੂੰ ਭਾਜਪਾ ਦੇ ਫਿਰਕੂ ਏਜੰਡੇ ਤੋਂ ਕੋਈ ਸਮੱਸਿਆ ਨਹੀਂ ਹੈ ਬਲਕਿ ਉਹ ਤਾਂ ‘ਸੱਤਾ’ ਦਾ ਕੇਂਦਰ ਬਣਨ ਦੀ ਵਿਅਕਤੀਗਤ ਲੜਾਈ ਲੜ ਰਿਹਾ ਹੈ।

ਜਦ ਤੋਂ ਮੋਦੀ ਸਰਕਾਰ ਸੱਤਾ ਵਿਚ ਆਈ ਹੈ, ਤਦ ਤੋਂ ਲੋਕ ਪੱਖੀ ਧਿਰਾਂ ਤਾਂ ਸਰਕਾਰ ਖਿਲਾਫ ਤਿੱਖੇ ਸੰਘਰਸ਼ ਲੜ ਰਹੀਆਂ ਹਨ ਪਰ ਮੋਦੀ ਸਰਕਾਰ ਨੇ ਜਾਂਚ ਏਜੰਸੀਆਂ ਰਾਹੀਂ, ਬੁਰੀ ਤਰ੍ਹਾਂ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਡੁੱਬੀਆਂ ਵਿਰੋਧੀ ਅਤੇ ਖੇਤਰੀ ਪਾਰਟੀਆਂ ਦੀ ਬਾਂਹ ਮਰੋੜ ਰੱਖੀ ਹੈ ਜਿਸ ਕਾਰਨ ਉਹ ਸਰਕਾਰ ਖਿਲਾਫ ਸੰਘਰਸ਼ ਤਾਂ ਕੀ ਕਰਨਾ, ਮੀਡੀਆ ਵਿਚ ਬੋਲਣ ਤੋਂ ਵੀ ਝਿਜਕਦੀਆਂ ਹਨ। ਭਾਜਪਾ ਨੇ ਕਈ ਸੂਬਿਆਂ ਵਿਚ ਲੀਡਰਾਂ ਦੀ ਖਰੀਦੋ-ਫਰੋਖਤ ਰਾਹੀਂ ਵੀ ਸਰਕਾਰਾਂ ਬਣਾਈਆਂ ਹਨ। ਇਸ ਲਈ ਜ਼ਰੂਰੀ ਨਹੀਂ ਕਿ ਸ਼ਿਮਲਾ ਮੀਟਿੰਗ ਵਿਚ ਵੀ 15 ਪਾਰਟੀਆਂ ਹੀ ਪਹੁੰਚਣ। ਇਹ ਤੱਥ ਹੈ ਕਿ ਦੇਸ਼ ਦੀਆਂ ਕਈ ਖੇਤਰੀ ਪਾਰਟੀਆਂ ਭਾਜਪਾ ਵਿਰੋਧੀ ਹੋਣ ਦਾ ਦਾਅਵਾ ਤਾਂ ਕਰਦੀਆਂ ਹਨ ਪਰ ਉਹ ਭਾਜਪਾ ਦਾ ਖੁੱਲ੍ਹੇਆਮ ਵਿਰੋਧ ਤੋਂ ਬਚਦੇ ਹਨ। ਖੱਬੇ ਪੱਖੀ ਸੰਸਦੀ ਪਾਰਟੀਆਂ ਵੀ ਬਿੱਲੀ ਨੂੰ ਵੇਖ ਕਬੂਤਰ ਵੱਲੋਂ ਅੱਖਾਂ ਮੀਚ ਲੈਣ ਵਾਲੀ ਕਹਾਣੀ ਦੀਆਂ ਪਾਤਰ ਬਣੀਆਂ ਹੋਈਆਂ ਹਨ।

ਕਈ ਪਾਰਟੀਆਂ ਪਟਨਾ ਮੀਟਿੰਗ ਤੋਂ ਕਿਨਾਰਾ ਕਰ ਗਈਆਂ ਜਿਵੇਂ ਤਿਲੰਗਾਨਾ ਦੀ ਸੱਤਾਧਾਰੀ ਪਾਰਟੀ ਭਾਰਤੀ ਰਾਸ਼ਟਰ ਸਮਿਤੀ (ਬੀ.ਆਰ.ਐੱਸ.) ਤੇ ਉਸ ਦੇ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ, ਉੜੀਸਾ ਦੀ ਸੱਤਾਧਾਰੀ ਧਿਰ ਬੀਜੂ ਜਨਤਾ ਦਲ (ਬੀ.ਜੇ.ਡੀ.) ਤੇ ਉਸ ਦੇ ਮੁੱਖ ਮੰਤਰੀ ਬੀਜੂ ਪਟਨਾਇਕ, ਆਂਧਰਾ ਪ੍ਰਦੇਸ਼ ਦੀ ਸੱਤਾਧਾਰੀ ਧਿਰ ਵਾਈ.ਐੱਸ.ਆਰ. ਕਾਂਗਰਸ ਤੇ ਉਸ ਦੇ ਮੁੱਖ ਮੰਤਰੀ ਵਾਈ.ਐੱਸ. ਜਗਨਮੋਹਨ ਰੈੱਡੀ, ਬਹੁਜਨ ਸਮਾਜ ਪਾਰਟੀ ਦੀ ਮੁਖੀ ਤੇ ਸਾਬਕਾ ਮੁੱਖ ਮੰਤਰੀ ਮਾਇਆਵਤੀ, ਰਾਸ਼ਟਰੀ ਲੋਕ ਦਲ ਦੇ ਮੁਖੀ ਜੈਯੰਤ ਚੌਧਰੀ ਆਦਿ।

ਨਿਤੀਸ਼, ਰਾਹੁਲ, ਮਮਤਾ ਵਰਗਿਆਂ ਦੀ ਅਗਵਾਈ ਹੇਠ ਬਣਨ ਵਾਲੇ ਗੱਠਜੋੜ ਤੋਂ ਕਿਸੇ ‘ਬਦਲਾਅ’ ਦੀ ਆਸ ਨਹੀਂ ਕੀਤੀ ਜਾ ਸਕਦੀ ਪਰ ਇੱਕ ਤਾਨਾਸ਼ਾਹ ਹਕੂਮਤ ਖਿਲਾਫ ਇਸ ਤਰ੍ਹਾਂ ਦੇ ਗੱਠਜੋੜ ਅਹਿਮ ਹੁੰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਜਪਾ ਵਰਗੀ ਤਾਨਾਸ਼ਾਹ ਹਕੂਮਤ ਦਾ ਠੋਸ ਬਦਲ ਇਨਕਲਾਬੀ ਸੱਤਾ ਤਬਦੀਲੀ ਹੀ ਹੋਵੇਗੀ ਪਰ ਮੌਕੇ ਦੀ ਸਥਿਤੀ ਅਨੁਸਾਰ ਇਸ ਤਰ੍ਹਾਂ ਦੇ ਗੱਠਜੋੜਾਂ ਦੀ ਵੀ ਅਹਿਮੀਅਤ ਹੁੰਦੀ ਹੈ।

# ਵਿਦੇਸ਼ਾਂ 'ਚ ਖਾਲਿਸਤਾਨ ਹਮਾਇਤੀਆਂ ਦੇ ਕਤਲਾਂ ਦਾ ਵਰਤਾਰਾ

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

18 ਜੂਨ ਨੂੰ ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਵਿਚ ਖਾਲਿਸਤਾਨ ਹਮਾਇਤੀ ਹਰਦੀਪ ਸਿੰਘ ਨਿੱਜਰ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਪਿਛਲੇ ਡੇਢ ਮਹੀਨੇ 'ਚ ਵਿਦੇਸ਼ਾਂ ਵਿਚ ਤਿੰਨ ਸਿਰਕੱਢ ਖਾਲਿਸਤਾਨ ਹਮਾਇਤੀਆਂ ਦੇ ਮਾਰੇ ਜਾਣ ਵਿਚ ਸਾਂਝੇ ਪੈਟਰਨ ਦੀ ਪੈੜ ਤੋਂ ਪਰਵਾਸੀ ਸਿੱਖ ਭਾਈਚਾਰਾ ਕਾਫ਼ੀ ਫ਼ਿਕਰਮੰਦ ਹੈ ਅਤੇ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਪਾਕਿਸਤਾਨ ਵਿਚ ਖਾਲਿਸਤਾਨੀ ਆਗੂ ਪਰਮਜੀਤ ਸਿੰਘ ਪੰਜਵੜ ਤੇ ਕੈਨੇਡਾ ਵਿਚ ਹਰਦੀਪ ਸਿੰਘ ਨਿੱਜਰ ਦਾ 'ਅਣਪਛਾਤਿਆਂ' ਵੱਲੋਂ ਗੋਲੀਆਂ ਮਾਰ ਕੇ ਕਤਲ ਅਤੇ ਇੰਗਲੈਂਡ ਵਿਚ ਅਵਤਾਰ ਸਿੰਘ ਖੰਡਾ ਦੀ 'ਮੌਤ' (ਜਿਸ ਬਾਰੇ ਖਾਲਿਸਤਾਨ ਹਮਾਇਤੀਆਂ ਦਾ ਮੰਨਣਾ ਹੈ ਕਿ ਉਸ ਨੂੰ ਸਾਜ਼ਿਸ਼ ਤਹਿਤ ਮਾਰਿਆ ਗਿਆ) ਨੂੰ ਇਸ ਕਰ ਕੇ ਵੀ ਗੰਭੀਰਤਾ ਨਾਲ ਲੈਣਾ ਜ਼ਰੂਰੀ ਹੈ ਕਿਉਂਕਿ ਇਕ ਖ਼ਾਸ ਹਿੱਸਾ ਇਨ੍ਹਾਂ ਕਤਲਾਂ ਦਾ ਜਸ਼ਨ ਮਨਾ ਕੇ ਇਕ ਤਰੀਕੇ ਨਾਲ ਇਸ ਪਿੱਛੇ ਖੁਫ਼ੀਆ ਏਜੰਸੀਆਂ ਦਾ ਹੱਥ ਹੋਣ ਦੇ ਸ਼ੱਕ ਨੂੰ ਡੂੰਘਾ ਕਰ ਰਿਹਾ ਹੈ ਅਤੇ ਉਨ੍ਹਾਂ ਸਾਰਿਆਂ ਨੂੰ ਮੂੰਹ ਬੰਦ ਕਰ ਲੈਣ ਦੀ ਅਸਿੱਧੀ ਚਿਤਾਵਨੀ ਵੀ ਦੇ ਰਿਹਾ ਹੈ ਜੋ ਭਾਰਤ ਦੀ ਮੌਜੂਦਾ ਹਕੂਮਤ ਦੇ ਆਲੋਚਕ ਹਨ। ਇਸ ਵਿਚ ਸਭ ਤੋਂ ਘਿਨਾਉਣੀ ਭੂਮਿਕਾ ਭਾਰਤੀ ਮੀਡੀਆ ਦੀ ਹੈ ਜੋ ਇਨ੍ਹਾਂ ਕਤਲਾਂ ਦੀ ਤਹਿ ਤੱਕ ਜਾ ਕੇ ਤੱਥਪੂਰਨ ਰਿਪੋਰਟਿੰਗ ਕਰਨ ਦੀ ਬਜਾਇ ਸਰਕਾਰੀ ਏਜੰਸੀਆਂ ਦੇ ਮਨਘੜਤ ਬਿਰਤਾਂਤਾਂ ਅਤੇ ਪ੍ਰੈੱਸ ਨੋਟਾਂ ਨੂੰ ਹੂ-ਬ-ਹੂ ਦੁਹਰਾਉਣ ਤੱਕ ਨਿੱਘਰ ਗਿਆ ਹੈ।

ਹਰਦੀਪ ਸਿੰਘ ਨਿੱਜਰ ਮਹਿਜ਼ ਖਾਲਿਸਤਾਨ ਹਮਾਇਤੀ ਨਹੀਂ ਸੀ। ਉਹ ਕੈਨੇਡਾ ਦੇ ਇਕ ਮੁੱਖ ਸਿੱਖ ਗੁਰਦੁਆਰੇ ਦਾ ਪ੍ਰਧਾਨ ਸੀ ਅਤੇ ਸਮਾਜ ਸੇਵੀ ਸਰਗਰਮੀਆਂ ਤੇ ਅਨਿਆਂ ਵਿਰੁੱਧ ਰੋਸ ਮੁਜ਼ਾਹਰਿਆਂ 'ਚ ਸਦਾ ਅੱਗੇ ਹੋ ਕੇ ਕੰਮ ਕਰਦਾ ਸੀ। ਇਹ ਸੱਚ ਹੈ ਕਿ 1980-90ਵਿਆਂ ਦੇ ਦੌਰ 'ਚ ਨਿੱਜਰ ਵੀ ਹੋਰ ਸਿੱਖ ਨੌਜਵਾਨਾਂ ਦੀ ਤਰ੍ਹਾਂ ਖਾਲਿਸਤਾਨੀ ਸਰਗਰਮੀਆਂ ਨਾਲ ਜੁੜਿਆ ਰਿਹਾ ਸੀ। 1997 'ਚ ਕੈਨੇਡਾ ਆਉਣ ਤੋਂ ਬਾਅਦ ਵੀ ਉਹ ਖਾਲਿਸਤਾਨ ਦਾ ਹਮਾਇਤੀ ਸੀ ਅਤੇ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਦਿਆਂ ਭਾਰਤੀ ਰਾਜ ਦੀਆਂ ਵਧੀਕੀਆਂ ਵਿਰੁੱਧ ਨਿਧੜਕ ਹੋ ਕੇ ਬੋਲਦਾ ਸੀ। ਉਹ 'ਸਿੱਖ ਫਾਰ ਜਸਟਿਸ' ਨਾਲ ਜੁੜਿਆ ਹੋਇਆ ਸੀ (ਜਿਸ ਉੱਪਰ ਭਾਰਤ ਸਰਕਾਰ ਨੇ ਪਾਬੰਦੀ ਲਗਾਈ ਹੋਈ ਹੈ) ਅਤੇ ਉਹ ਖਾਲਿਸਤਾਨ ਲਈ ਰਿਫਰੈਂਡਮ ਮੁਹਿੰਮ ਚਲਾਉਣ 'ਚ ਸਰਗਰਮ ਭੂਮਿਕਾ ਨਿਭਾ ਰਿਹਾ ਸੀ। ਇਹ ਕੈਨੇਡਾ ਵਿਚ ਉਸ ਦੀਆਂ ਖੁੱਲ੍ਹੀਆਂ ਸਰਗਰਮੀਆਂ ਹਨ ਜੋ ਕਿਸੇ ਵੀ ਲਿਹਾਜ਼ ਨਾਲ ਗ਼ੈਰ-ਕਾਨੂੰਨੀ ਘੇਰੇ 'ਚ ਨਹੀਂ ਆਉਂਦੀਆਂ। ਭਾਰਤੀ ਏਜੰਸੀਆਂ ਅਤੇ ਗੋਦੀ ਮੀਡੀਆ ਵੱਲੋਂ ਸੁਣਾਏ ਜਾ ਰਹੇ ਬਿਰਤਾਂਤ ਤੋਂ ਸਿਵਾਇ ਉਸ ਦੇ ਕਿਸੇ ਦਹਿਸ਼ਤਵਾਦੀ ਕਾਰਵਾਈ 'ਚ ਸ਼ਾਮਲ ਹੋਣ ਦਾ ਕੋਈ ਸਬੂਤ ਨਹੀਂ ਜਦਕਿ ਭਾਰਤ ਦੇ ਸਰਕਾਰੀ ਬਿਰਤਾਂਤ ਦਾ ਦਾਅਵਾ ਹੈ ਕਿ ਨਿੱਜਰ ਕੈਨੇਡਾ ਆਧਾਰਿਤ ਪਾਬੰਦੀਸ਼ੁਦਾ ਖਾਲਿਸਤਾਨ ਟਾਈਗਰ ਫੋਰਸ ਦਾ ਮੁਖੀ ਸੀ; ਕਿ ਉਹ ਭਾਰਤ ਦੇ 'ਮੋਸਟ ਵਾਂਟਿਡ ਦਹਿਸ਼ਤਗਰਦਾਂ' ਵਿਚੋਂ ਇਕ ਸੀ; ਕਿ ਪਟਿਆਲਾ ਦੇ ਸੱਤਿਆ ਨਰੈਣ ਮੰਦਰ ਦੇ ਬਾਹਰ ਬੰਬ ਧਮਾਕਾ ਕਰਾਉਣ, ਆਪਣੇ ਪਿੰਡ ਦੇ ਮੰਦਰ ਦੇ ਪੁਜਾਰੀ ਦਾ ਕਤਲ ਕਰਾਉਣ, ਹਿੰਦੂ ਆਗੂਆਂ ਦੇ ਕਤਲਾਂ ਦੀ ਸਾਜ਼ਿਸ਼ ਰਚਣ ਅਤੇ ਦਸੰਬਰ 2015 'ਚ ਕੈਨੇਡਾ ਵਿਚ ਹਥਿਆਰਬੰਦ ਸਿਖਲਾਈ ਕੈਂਪ ਜਥੇਬੰਦ ਕਰਨ ਆਦਿ ਕੇਸਾਂ 'ਚ ਉਸ ਵਿਰੁੱਧ ਐੱਫ.ਆਈ.ਆਰ. ਦਰਜ ਹਨ। ਇਹ ਵੀ ਕਿ ਭਾਰਤ ਦੀ ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) ਨੇ ਉਸ ਨੂੰ ਦਹਿਸ਼ਤਵਾਦੀ ਕਾਰਵਾਈਆਂ ਲਈ ਨਾਮਜ਼ਦ ਕਰ ਕੇ ਅਤੇ ਉਸ ਦੇ ਸਿਰ ਦਾ ਮੁੱਲ ਦਸ ਲੱਖ ਰੱਖ ਕੇ ਭਗੌੜਾ ਕਰਾਰ ਦਿੱਤਾ ਹੋਇਆ ਸੀ।

ਪਰ ਕੀ ਐੱਨ.ਆਈ.ਏ. ਅਤੇ ਭਾਰਤ ਦੀਆਂ ਹੋਰ ਜਾਂਚ ਏਜੰਸੀਆਂ ਦੀ 'ਜਾਂਚ' ਉੱਪਰ ਭਰੋਸਾ ਕੀਤਾ ਜਾ ਸਕਦਾ ਹੈ ਜਿਨ੍ਹਾਂ ਦੀ ਪੱਖਪਾਤੀ ਭੂਮਿਕਾ ਹਮੇਸ਼ਾ ਹੀ ਸਵਾਲਾਂ ਦੇ ਘੇਰੇ 'ਚ ਰਹੀ ਹੈ? ਨਿੱਜਰ ਜਾਂ ਵਿਦੇਸ਼ਾਂ ਵਿਚ ਬੈਠੇ ਕਿਸੇ ਹੋਰ ਖਾਲਿਸਤਾਨ ਹਮਾਇਤੀ ਵਿਰੁੱਧ ਦਹਿਸ਼ਤਵਾਦੀ ਕਾਰਵਾਈਆਂ 'ਚ ਸ਼ਾਮਲ ਹੋਣ ਦੇ ਐੱਨ.ਆਈ.ਏ. ਕੋਲ ਜੇ ਕੋਈ ਠੋਸ ਸਬੂਤ ਸਨ/ਹਨ ਤਾਂ ਭਾਰਤ ਸਰਕਾਰ ਉਨ੍ਹਾਂ ਵਿਰੁੱਧ ਦੋਸ਼ ਸਾਬਤ ਕਰ ਕੇ ਸੰਬੰਧਤ ਸਰਕਾਰਾਂ ਨੂੰ ਉਨ੍ਹਾਂ ਵਿਰੁੱਧ ਉਚਿਤ ਕਾਰਵਾਈ ਲਈ ਜ਼ੋਰ ਪਾ ਸਕਦੀ ਸੀ/ਹੈ। ਇਸ ਕੋਲ ਐਨੀ ਤਾਕਤ ਹੈ, ਇਸ ਨੂੰ ਕੌਣ ਰੋਕਦਾ ਹੈ? ਬਿਨਾ ਸਬੂਤਾਂ ਤੋਂ ਕੌਣ ਮੰਨ ਲਵੇਗਾ ਕਿ ਭਾਰਤ ਸਰਕਾਰ ਅਤੇ ਇਸ ਦੀਆਂ ਏਜੰਸੀਆਂ ਦੇ ਦਾਅਵਿਆਂ ਦੀ ਕੋਈ ਭਰੋਸੇਯੋਗਤਾ ਹੈ ਅਤੇ ਉਨ੍ਹਾਂ ਵੱਲੋਂ ਲਗਾਏ ਜਾ ਰਹੇ ਦੋਸ਼ ਸਹੀ ਹਨ? ਭਾਰਤੀ ਪੁਲਿਸ ਅਤੇ ਏਜੰਸੀਆਂ ਦਹਿਸ਼ਤਵਾਦੀ ਸਾਜ਼ਿਸ਼ਾਂ ਦੇ ਝੂਠੇ ਦੋਸ਼ ਲਗਾ ਕੇ ਬੇਕਸੂਰਾਂ ਨੂੰ 10-10, 15-15 ਸਾਲ ਜੇਲ੍ਹਾਂ 'ਚ ਸਾੜਨ ਲਈ ਬਦਨਾਮ ਹਨ। ਜਿੱਥੋਂ ਤੱਕ ਕੈਨੇਡਾ 'ਚ ਹਥਿਆਰਬੰਦ ਸਿਖਲਾਈ ਕੈਂਪਾਂ ਦਾ ਸਵਾਲ ਹੈ ਇਸ ਬਿਰਤਾਂਤ ਨੂੰ ਤਾਂ ਖ਼ੁਦ ਕੈਨੇਡਾ ਦੇ ਅਧਿਕਾਰੀਆਂ ਨੇ ਉਦੋਂ ਹੀ ਰੱਦ ਕਰ ਦਿੱਤਾ ਸੀ।



ਖੱਬਿਓਂ: ਹਰਦੀਪ ਸਿੰਘ ਨਿੱਜਰ, ਅਵਤਾਰ ਸਿੰਘ ਖੰਡਾ ਅਤੇ ਪਰਮਜੀਤ ਸਿੰਘ ਪੰਜਵੜ।

ਮੋਦੀ ਸਰਕਾਰ ਨੇ ਤਾਂ ਮੁਲਕ ਦੇ ਚੋਟੀ ਦੇ ਬੁੱਧੀਜੀਵੀਆਂ, ਚਿੰਤਕਾਂ, ਪੱਤਰਕਾਰਾਂ, ਵਕੀਲਾਂ ਅਤੇ ਹੱਕਾਂ ਦੇ ਕਾਰਕੁਨਾਂ ਨੂੰ ਵੀ ਨਹੀਂ ਬਖ਼ਸ਼ਿਆ। ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਦੀ ਜਾਂਚ ਕਰਤਾ ਵੀ ਇਹੀ ਐੱਨ.ਆਈ.ਏ. ਹੈ ਜਿਸ ਨੇ ਅੱਜ ਤੱਕ ਇਕ ਵੀ ਭਗਵੇਂ ਦਹਿਸ਼ਤਗਰਦ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਪਰ ਹਕੂਮਤ ਦੇ ਇਸ਼ਾਰੇ 'ਤੇ 80-80 ਸਾਲ ਦੇ ਬਜ਼ੁਰਗ ਬੁੱਧੀਜੀਵੀਆਂ ਤੇ ਕਾਰਕੁਨਾਂ ਅਤੇ ਜਾਨਲੇਵਾ ਬਿਮਾਰੀਆਂ ਤੋਂ ਪੀੜਤ 90% ਅਪਾਹਜ ਪ੍ਰੋਫੈਸਰ ਸਾਈਬਾਬਾ ਵਰਗਿਆਂ ਨੂੰ ਬਿਨਾ ਮੁਕੱਦਮਾ ਚਲਾਏ ਜੇਲ੍ਹਾਂ 'ਚ ਮਾਰਨ ਲਈ ਬਜ਼ਿੱਦ ਹੈ ਅਤੇ ਉਨ੍ਹਾਂ ਦੀ ਜ਼ਮਾਨਤ ਵੀ ਨਹੀਂ ਹੋਣ ਦੇ ਰਹੇ। ਕੀ ਮਹਿਜ਼ ਇਕ ਸਰਕਾਰੀ ਏਜੰਸੀ ਵੱਲੋਂ ਲਗਾਏ ਦੋਸ਼ਾਂ ਨੂੰ ਭਰੋਸੇਯੋਗ ਮੰਨਿਆ ਜਾ ਸਕਦਾ ਹੈ ਜਦੋਂ ਤੱਕ ਉਹ ਅਦਾਲਤ ਵਿਚ ਸਾਬਤ ਨਹੀਂ ਹੋ ਜਾਂਦੇ?

ਦਹਿਸ਼ਤਵਾਦ ਬਾਬਤ ਭਾਰਤੀ ਰਾਜ ਦੇ ਦੋਹਰੇ ਮਿਆਰ ਜੱਗ-ਜ਼ਾਹਿਰ ਹਨ। ਧਾਰਮਿਕ ਘੱਟਗਿਣਤੀਆਂ, ਆਦਿਵਾਸੀਆਂ, ਦਲਿਤਾਂ, ਕਸ਼ਮੀਰੀ ਅਤੇ ਹੋਰ ਕੌਮੀਅਤਾਂ ਦੇ ਲੋਕਾਂ ਨੂੰ ਮਹਿਜ਼ ਕਿਸੇ ਪਾਬੰਦੀਸ਼ੁਦਾ ਜਥੇਬੰਦੀ ਨਾਲ ਸੰਬੰਧਤ ਹੋਣ ਦੇ ਦੋਸ਼ ਦੇ ਆਧਾਰ 'ਤੇ ਹੀ ਬਿਨਾ ਜ਼ਮਾਨਤ, ਬਿਨਾ ਮੁਕੱਦਮੇ ਜੇਲ੍ਹ 'ਚ ਸਾੜਿਆ ਜਾਂਦਾ ਹੈ ਜਦਕਿ ਉਹ ਕਿਸੇ ਹਿੰਸਾ ਵਿਚ ਸ਼ਾਮਲ ਹੀ ਨਹੀਂ ਹੁੰਦੇ। ਦੂਜੇ ਪਾਸੇ, ਸੱਤਾਧਾਰੀ ਆਰ.ਐੱਸ.ਐੱਸ.-ਭਾਜਪਾ ਨਾਲ ਸੰਬੰਧਤ ਜੋ ਸ਼ਖ਼ਸ ਦਹਿਸ਼ਤਵਾਦੀ ਬੰਬ-ਧਮਾਕਿਆਂ ਅਤੇ ਹੋਰ ਮਨੁੱਖਤਾ ਵਿਰੋਧੀ ਘਿਨਾਉਣੇ ਜੁਰਮਾਂ ਦੇ ਕੇਸਾਂ ਵਿਚ ਅਦਾਲਤ ਅੰਦਰ ਦੋਸ਼ੀ ਸਾਬਤ ਹੋ ਚੁੱਕੇ ਹਨ ਜਾਂ ਮੁਕੱਦਮਿਆਂ 'ਚ ਨਾਮਜ਼ਦ ਹਨ ਜਾਂ ਜਿਨ੍ਹਾਂ ਵਿਰੁੱਧ ਪਬਲਿਕ ਡੋਮੇਨ 'ਚ ਢੇਰਾਂ ਦੇ ਢੇਰ ਸਬੂਤ ਹਨ, ਉਨ੍ਹਾਂ ਨੂੰ ਕਾਂਗਰਸ ਦੀ ਮੁਸਲਮਾਨਾਂ ਨੂੰ ਖ਼ੁਸ਼ ਕਰਨ ਦੀ ਨੀਤੀ ਦੇ ਸਤਾਏ ਬੇਕਸੂਰ ਸੰਸਕਾਰੀ ਹਿੰਦੂ ਦੱਸਿਆ ਜਾ ਰਿਹਾ ਹੈ। ਸਾਧਵੀ ਪ੍ਰੱਗਿਆ, ਮਾਇਆ ਕੋਡਨਾਨੀ, ਬਾਬੂ ਬਜਰੰਗੀ ਵਰਗੇ ਦਹਿਸ਼ਤਗਰਦ ਅਤੇ ਬ੍ਰਿਜ ਭੂਸ਼ਣ ਸਿੰਘ ਵਰਗੇ ਬਲਾਤਕਾਰੀ ਨਾ ਸਿਰਫ਼ ਰਾਜਸੀ ਸਰਪ੍ਰਸਤੀ ਤੇ ਰਾਜਕੀ ਸੁਰੱਖਿਆ ਮਾਣ ਰਹੇ ਹਨ ਸਗੋਂ 'ਚੁਣੇ ਹੋਏ' ਨੁਮਾਇੰਦੇ ਬਣਾ ਕੇ ਸੰਸਦ-ਵਿਧਾਨ ਸਭਾਵਾਂ 'ਚ ਲੋਕਾਂ ਦੇ ਸਿਰ ਉੱਪਰ ਵੀ ਬਿਠਾ ਦਿੱਤੇ ਗਏ ਹਨ। ਅਜਿਹੀਆਂ ਦਰਜਨਾਂ ਮਿਸਾਲਾਂ ਹਨ।

ਜਿੱਥੋਂ ਤੱਕ ਧਰਮ ਆਧਾਰਿਤ ਰਾਜ ਖਾਲਿਸਤਾਨ ਬਣਾਉਣ ਦੀ ਸੋਚ ਦਾ ਸਵਾਲ ਹੈ, ਇਸ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ ਪਰ ਇਹ ਵੀ ਤੱਥ ਹੈ ਕਿ ਖਾਲਿਸਤਾਨ ਦੀ ਮੰਗ ਨੇ ਭਾਰਤੀ ਹੁਕਮਰਾਨ ਜਮਾਤ ਦੀਆਂ ਬਦਨੀਤੀਆਂ ਅਤੇ ਵਧੀਕੀਆਂ 'ਚੋਂ ਜ਼ੋਰ ਫੜਿਆ। ਜਿਨ੍ਹਾਂ ਨੌਜਵਾਨਾਂ ਨੇ 1984 'ਚ ਪੰਜਾਬ ਉੱਪਰ ਫ਼ੌਜੀ ਹਮਲੇ, ਸਿੱਖ ਭਾਈਚਾਰੇ ਦੀ ਨਸਲਕੁਸ਼ੀ ਅਤੇ ਰਾਜਕੀ ਦਹਿਸ਼ਤਵਾਦ ਹੱਥੋਂ ਨਿੱਤ ਦਿਨ ਦੀ ਜ਼ਲਾਲਤ ਅਤੇ ਜਬਰ ਤੋਂ ਤੰਗ ਆ ਕੇ ਹਥਿਆਰ ਚੁੱਕੇ, ਉਨ੍ਹਾਂ ਦਹਿ-ਹਜ਼ਾਰਾਂ ਨੂੰ ਤਾਂ ਸਟੇਟ ਨੇ ਝੂਠੇ ਮੁਕਾਬਲਿਆਂ 'ਚ ਗ਼ੈਰ-ਅਦਾਲਤੀ ਕਤਲਾਂ ਅਤੇ ਜੇਲ੍ਹਬੰਦੀਆਂ ਰਾਹੀਂ ਸਜ਼ਾਵਾਂ ਦੇ ਦਿੱਤੀਆਂ ਪਰ ਜਿਨ੍ਹਾਂ ਹੁਕਮਰਾਨਾਂ ਨੇ ਪੂਰਾ ਇਕ ਦਹਾਕਾ ਪੰਜਾਬ ਨੂੰ ਕਤਲੋਗ਼ਾਰਤ ਅਤੇ ਰਾਜਕੀ ਦਹਿਸ਼ਤਵਾਦ ਰਾਹੀਂ ਤਬਾਹ ਅਤੇ ਬਰਬਾਦ ਕੀਤਾ, ਉਨ੍ਹਾਂ ਨੂੰ ਕੀ ਸਜ਼ਾ ਮਿਲੀ? ਉਨ੍ਹਾਂ ਦੀ ਜਵਾਬਦੇਹੀ ਕਿਉਂ ਨਹੀਂ? ਜੇ ਇਸ ਨੰਗੇ-ਚਿੱਟੇ ਅਨਿਆਂ ਤੋਂ ਬਦਜ਼ਨ ਸਿੱਖ ਭਾਈਚਾਰੇ ਦੇ ਇਕ ਹਿੱਸੇ 'ਚ ਭਾਰਤੀ ਰਾਜ ਵਿਰੁੱਧ ਇਸ ਕਦਰ ਰੋਸ ਅਤੇ ਬੇਭਰੋਸਗੀ ਹੈ ਕਿ ਉਨ੍ਹਾਂ ਨੂੰ ਧਾਰਮਿਕ ਕੱਟੜਵਾਦੀ ਨਜ਼ਰੀਏ ਕਾਰਨ ਆਪਣਾ ਭਵਿੱਖ ਵੱਖਰੇ ਸਿੱਖ ਰਾਜ 'ਚ ਹੀ ਨਜ਼ਰ ਆ ਰਿਹਾ ਹੈ; ਜੇ ਉਹ ਇਸ ਨੂੰ ਲੈ ਕੇ ਪੁਰਅਮਨ ਤਰੀਕੇ ਨਾਲ ਰਾਇ-ਸ਼ੁਮਾਰੀ ਕਰਵਾਉਣ ਉੱਪਰ ਜ਼ੋਰ ਦੇ ਰਹੇ ਹਨ ਤਾਂ ਇਸ ਦਾ ਮੁਕਾਬਲਾ ਰਾਜਨੀਤਕ ਤੌਰ 'ਤੇ ਕਰ ਕੇ ਇਸ ਨੂੰ ਬੇਅਸਰ ਕਰਨ 'ਚ 'ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ' ਨੂੰ ਕੀ ਮੁਸ਼ਕਿਲ ਹੈ? ਇਸ ਖ਼ਾਤਰ ਝੂਠੇ ਬਿਰਤਾਂਤ ਘੜ-ਘੜ ਕੇ ਪ੍ਰਚਾਰਨੇ, ਖਾਲਿਸਤਾਨ ਨੂੰ ਬਹੁਤ ਵੱਡਾ ਵੱਖਵਾਦੀ ਹਊਆ ਬਣਾ ਕੇ ਪੇਸ਼ ਕਰਨਾ ਅਤੇ ਰਾਜਨੀਤਕ ਹਿਤ ਸਾਧਣ ਲਈ ਇਸ ਨੂੰ ਰਾਸ਼ਟਰਵਾਦ ਭੜਕਾਉਣ ਲਈ ਵਰਤਣਾ, ਨੌਜਵਾਨਾਂ ਨੂੰ ਫੜ-ਫੜ ਕੇ ਦਹਿਸ਼ਤਵਾਦੀ ਕਾਨੂੰਨਾਂ ਤਹਿਤ ਜੇਲ੍ਹਾਂ 'ਚ ਸੁੱਟਣਾ ਅਤੇ ਜਾਇਜ਼ ਰੋਸ ਨੂੰ ਵੀ ਜਾਬਰ ਤਰੀਕਿਆਂ ਨਾਲ ਕੁਚਲ ਕੇ ਮੁਲਕ ਦੀ ਏਕਤਾ-ਅਖੰਡਤਾ ਦੀ ਰਾਖੀ ਦਾ ਨਾਟਕ ਕਰਨਾ ਕਿਵੇਂ ਸਹੀ ਹੈ?

ਪਰ ਕੀ ਖਾਲਿਸਤਾਨ ਦੀ ਸੋਚ ਅਤੇ ਇਸ ਦਾ ਪ੍ਰਚਾਰ ਹੀ ਵੱਖਵਾਦ ਹੈ? ਕੀ ਸਿਰਫ਼ ਤੇ ਸਿਰਫ਼ ਇਹੀ ਮੁਲਕ ਦੀ 'ਏਕਤਾ-ਅਖੰਡਤਾ' ਲਈ ਖ਼ਤਰਾ ਹੈ? 1925 'ਚ ਆਪਣੀ ਸਥਾਪਨਾ ਦੇ ਸਮੇਂ ਤੋਂ ਹੀ ਆਰ.ਐੱਸ.ਐੱਸ. ਭਾਰਤ ਨੂੰ 'ਹਿੰਦੂ ਰਾਸ਼ਟਰ' ਬਣਾਉਣ ਦਾ ਟੀਚਾ ਮਿੱਥ ਕੇ ਕੰਮ ਰਿਹਾ ਹੈ। ਹਿੰਦੂਤਵ ਦੇ ਸਿਧਾਂਤਕਾਰਾਂ ਨੇ ਆਪਣੀਆਂ ਲਿਖਤਾਂ ਵਿਚ ਪੂਰੀ ਤਰ੍ਹਾਂ ਸਾਫ਼-ਸਪਸ਼ਟ ਲਿਖਿਆ ਹੈ ਕਿ ਹਿੰਦੂ ਰਾਸ਼ਟਰ ਕੀ ਹੈ ਅਤੇ ਉਸ ਵਿਚ 'ਬਾਹਰਲਿਆਂ' ਯਾਨੀ ਘੱਟਗਿਣਤੀਆਂ ਦਾ ਦਰਜਾ ਕੀ ਹੋਵੇਗਾ। ਆਰ.ਐੱਸ.ਐੱਸ. ਅਤੇ ਇਸ ਦੀਆਂ ਸਹਾਇਕ ਜਥੇਬੰਦੀਆਂ ਦਹਾਕਿਆਂ ਤੋਂ ਹਿੰਦੂ ਰਾਸ਼ਟਰ ਦੇ ਪ੍ਰਚਾਰ-ਪ੍ਰਸਾਰ 'ਚ ਜੁਟੀਆਂ ਹੋਈਆਂ ਹਨ। ਕਾਂਗਰਸ ਜਾਂ ਕਿਸੇ ਵੀ ਹੋਰ ਕਥਿਤ 'ਧਰਮਨਿਰਪੱਖ' ਸਰਕਾਰ ਨੇ ਕਦੇ ਵੀ ਭਾਈਚਾਰਿਆਂ 'ਚ ਜ਼ਹਿਰ ਫੈਲਾਉਣ ਅਤੇ ਫਿਰਕੂ ਨਫ਼ਰਤ ਰਾਹੀਂ ਸਮਾਜ ਦੀ ਏਕਤਾ ਨੂੰ ਤੋੜਨ ਦੀ ਇਸ ਅਤਿਅੰਤ ਖ਼ਤਰਨਾਕ ਸਾਜ਼ਿਸ਼ ਦਾ ਗੰਭੀਰ ਨੋਟਿਸ ਨਹੀਂ ਸੀ ਲਿਆ ਸਗੋਂ ਇਸ ਪਾਟਕ-ਪਾਊ ਸਿਆਸਤ ਨੂੰ ਪ੍ਰਫੁਲਤ ਹੋਣ ਦੀ ਖੁੱਲ੍ਹੀ ਛੁੱਟੀ ਦਿੱਤੀ ਗਈ। 1947 'ਚ ਫਿਰਕੂ ਕਤਲੇਆਮ, ਗਾਂਧੀ ਦੇ ਕਤਲ ਤੋਂ ਲੈ ਕੇ ਰੱਥ ਯਾਤਰਾ ਕੱਢਣ, ਬਾਬਰੀ ਮਸਜਿਦ ਨੂੰ ਢਾਹੁਣ ਅਤੇ ਗੁਜਰਾਤ ਵਿਚ ਹਜ਼ਾਰਾਂ ਮੁਸਲਮਾਨਾਂ ਦੇ ਕਤਲੇਆਮ, ਇਸਾਈਆਂ ਦੀ ਸਾੜਫੂਕ ਤੇ ਕਤਲ ਅਤੇ ਦਹਿਸ਼ਤਵਾਦੀ ਬੰਬ-ਧਮਾਕਿਆਂ 'ਚ ਸੈਂਕੜੇ ਲੋਕਾਂ ਦੀਆਂ ਜਾਨਾਂ ਲੈਣ ਦੇ ਲਗਾਤਾਰ ਦਹਿਸ਼ਤਵਾਦੀ ਸਿਲਸਿਲੇ ਪਿੱਛੇ ਹਿੰਦੂਤਵੀ ਜਥੇਬੰਦੀਆਂ ਦਾ ਹੱਥ ਰਿਹਾ ਹੈ ਪਰ ਇਨ੍ਹਾਂ ਉੱਪਰ ਕਦੇ ਦਹਿਸ਼ਤਵਾਦ ਵਿਰੋਧੀ ਕਾਨੂੰਨ ਨਹੀਂ ਲਗਾਏ ਗਏ।

ਮਈ 2014 ਤੋਂ ਲੈ ਕੇ ਇਹ ਪਾਟਕ-ਪਾਊ ਸਿਆਸਤ ਘੱਟਗਿਣਤੀਆਂ ਵਿਰੁੱਧ ਜ਼ਹਿਰੀਲਾ ਪ੍ਰਚਾਰ ਕਰ ਕੇ ਅਤੇ ਹਿੰਸਕ ਹਮਲਿਆਂ ਰਾਹੀਂ ਭੜਕਾਹਟ ਪੈਦਾ ਕਰ ਕੇ ਭਾਈਚਾਰਕ ਸਾਂਝ ਤੇ ਏਕਤਾ ਨੂੰ ਹੋਰ ਵੀ ਜੋਸ਼-ਖ਼ਰੋਸ਼ ਨਾਲ ਤਹਿਸ-ਨਹਿਸ ਕਰ ਰਹੀ ਹੈ। ਮੁਸਲਮਾਨਾਂ ਵਿਰੁੱਧ ਜ਼ਹਿਰੀਲਾ ਪ੍ਰਚਾਰ ਕਰਦੇ ਵੀਡੀਓ ਕਲਿੱਪ ਸੋਸ਼ਲ ਮੀਡੀਆ ਨੈੱਟਵਰਕ ਰਾਹੀਂ ਕਰੋੜਾਂ ਲੋਕਾਂ ਦੇ ਦਿਮਾਗਾਂ 'ਚ ਦਿਨ-ਰਾਤ ਜ਼ਹਿਰ ਭਰ ਰਹੇ ਹਨ। ਪੁਲਿਸ ਅਧਿਕਾਰੀਆਂ ਦੀ ਮੌਜੂਦਗੀ 'ਚ 'ਧਰਮ ਸੰਸਦਾਂ' ਅੰਦਰ ਮੁਸਲਮਾਨਾਂ ਔਰਤਾਂ ਦੇ ਬਲਾਤਕਾਰ ਅਤੇ ਮੁਸਲਮਾਨਾਂ ਦੇ ਕਤਲੇਆਮ ਦੇ ਸੱਦੇ, ਮੁਹੱਲਿਆਂ-ਬਾਜ਼ਾਰਾਂ 'ਚ ਟੰਗੇ 'ਹਿੰਦੂ ਰਾਸ਼ਟਰ' ਦੇ ਬੈਨਰ, ਹਿੰਦੂ ਤਿਓਹਾਰਾਂ ਮੌਕੇ ਤਲਵਾਰਾਂ-ਤ੍ਰਿਸ਼ੂਲਾਂ ਨਾਲ ਲੈਸ ਹੋ ਕੇ ਮੁਸਲਿਮ ਮੁਹੱਲਿਆਂ 'ਚ ਬਹੁਗਿਣਤੀ ਧੌਂਸ ਦਾ ਨੰਗਾ ਨਾਚ, 'ਦੇਸ਼ ਕੇ ਗ਼ੱਦਾਰੋਂ ਕੋ-ਗੋਲੀ ਮਾਰੋ ਸਾਲੋਂ ਕੋ' ਦੇ ਬੇਖ਼ੌਫ਼ ਨਾਅਰੇ, ਗੋਦੀ ਮੀਡੀਆ-ਆਈ.ਟੀ. ਸੈੱਲ-ਯੂਟਿਊਬਰਾਂ ਦੇ ਮਾਧਿਅਮ ਦਿਨ-ਰਾਤ ਘੱਟਗਿਣਤੀਆਂ ਵਿਰੁੱਧ ਨਫ਼ਰਤ ਦਾ ਹੜ੍ਹ, ਕੀ ਇਹ ਸਭ ਮੁਲਕ ਦੀ ਏਕਤਾ-ਅਖੰਡਤਾ ਨੂੰ ਮਜ਼ਬੂਤ ਕਰ ਰਿਹਾ ਹੈ? ਕੀ ਇਹ ਸਭ ਤੋਂ ਵੱਡਾ ਖ਼ਤਰਾ ਨਹੀਂ ਹੈ? ਕਿੰਨੀਆਂ ਰਿਪੋਰਟਾਂ ਛਪ ਚੁੱਕੀਆਂ ਹਨ ਕਿ ਅਮਰੀਕਾ ਅਤੇ ਹੋਰ ਮੁਲਕਾਂ 'ਚੋਂ ਉਨ੍ਹਾਂ ਗਰੁੱਪਾਂ/ਸੰਸਥਾਵਾਂ ਵੱਲੋਂ ਭਾਰਤ ਵਿਚ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਲਈ ਹਜ਼ਾਰਾਂ ਕਰੋੜ ਰੁਪਏ ਫੰਡ ਭੇਜੇ ਜਾ ਰਹੇ ਹਨ ਜੋ ਹਿੰਦੂ ਨਾਵਾਂ ਹੇਠ ਬਣਾਈਆਂ ਗਈਆਂ ਹਨ ਅਤੇ ਜੋ ਸਮਾਜ ਭਲਾਈ ਦੇ ਨਾਂ ਹੇਠ ਪੈਸਾ ਇਕੱਠਾ ਕਰ ਕੇ ਵਿਆਪਕ ਪੈਮਾਨੇ 'ਤੇ ਦੁਰਵਰਤੋਂ ਕਰ ਰਹੀਆਂ ਹਨ। ਕੀ ਐੱਨ.ਆਈ.ਏ. ਜਾਂ ਕਿਸੇ ਹੋਰ ਖੁਫ਼ੀਆ ਏਜੰਸੀ ਜਾਂ ਪੁਲਿਸ ਨੇ ਐਸੀ ਕਿਸੇ ਸੰਸਥਾ ਜਾਂ ਇਸ ਦੇ ਸਰਗਨਿਆਂ ਵਿਰੁੱਧ ਯੂ.ਏ.ਪੀ.ਏ. ਜਾਂ ਮਨੀ ਲਾਂਡਰਿੰਗ ਕਾਨੂੰਨ ਲਗਾ ਕੇ ਕਾਰਵਾਈ ਕਰਨ ਦੀ ਹਿੰਮਤ ਕੀਤੀ ਹੈ ਜੋ ਕਥਿਤ ਖਾਲਿਸਤਾਨੀਆਂ, ਮਾਓਵਾਦੀਆਂ, ਕਸ਼ਮੀਰੀਆਂ, ਮੁਸਲਮਾਨਾਂ, ਆਦਿਵਾਸੀਆਂ, ਦਲਿਤਾਂ ਅਤੇ ਹੱਕਾਂ ਦੇ ਕਾਰਕੁਨਾਂ ਉੱਪਰ ਆਮ ਲਗਾਏ ਜਾ ਰਹੇ ਹਨ? ਕੀ ਇਕ ਵੀ ਹਿੰਦੂਤਵੀ ਦਹਿਸ਼ਤਗਰਦ ਜਾਂ ਭਗਵੇ ਦੰਗਈ ਦੀ ਜਾਇਦਾਦ ਕੁਰਕ ਕੀਤੀ ਗਈ ਹੈ, ਅਜਿਹੇ ਕਿਸੇ ਇਕ ਵੀ ਸ਼ਖ਼ਸ ਦਾ ਘਰ ਹਕੂਮਤੀ ਬੁਲਡੋਜ਼ਰ ਨੇ ਤੋੜਿਆ ਹੈ ਜਿਵੇਂ ਮੁਸਲਮਾਨਾਂ ਅਤੇ ਗ਼ਰੀਬਾਂ ਦੇ ਤੋੜੇ ਜਾ ਰਹੇ ਹਨ?

ਪੰਜਵੜ, ਖੰਡਾ ਅਤੇ ਨਿੱਜਰ ਦੇ ਕਤਲ ਤੋਂ ਬਾਅਦ ਖ਼ਾਸ ਨਿਊਜ਼ ਚੈਨਲ, ਭਗਵੇ ਟਵਿੱਟਰ ਹੈਂਡਲ ਅਤੇ ਯੂਟਿਊਬ ਚੈਨਲ ਲਗਾਤਾਰ ਹੁੱਬ-ਹੁੱਬ ਕੇ ਪ੍ਰਚਾਰ ਰਹੇ ਹਨ ਕਿ ਇਨ੍ਹਾਂ ਖਾਲਿਸਤਾਨੀਆਂ ਨੇ ਵਿਦੇਸ਼ਾਂ 'ਚ ਤਿਰੰਗੇ ਝੰਡੇ ਦਾ ਅਪਮਾਨ ਕੀਤਾ ਸੀ, ਉਸ ਦਾ ਸਬਕ ਇਨ੍ਹਾਂ ਨੂੰ ਭਾਰਤ ਨੇ ਸਿਖਾ ਦਿੱਤਾ ਗਿਆ ਹੈ। ਭਾਰਤ ਸਰਕਾਰ, ਏਜੰਸੀਆਂ ਅਤੇ ਉਹ ਸਾਰੀਆਂ ਰਾਜਕੀ ਸੰਸਥਾਵਾਂ ਇਸ ਪ੍ਰਚਾਰ ਨੂੰ ਨਜ਼ਰਅੰਦਾਜ਼ ਕਰ ਕੇ ਆਖ਼ਿਰ ਕੀ ਸੰਦੇਸ਼ ਦੇਣਾ ਚਾਹੁੰਦੀਆਂ ਹਨ ਜਿਨ੍ਹਾਂ ਦੀ ਸੰਵਿਧਾਨਕ ਜ਼ਿੰਮੇਵਾਰੀ ਮੁਲਕ 'ਚ ਅਮਨ-ਕਾਨੂੰਨ, ਸਮਾਜਿਕ ਸਦਭਾਵਨਾ ਕਾਇਮ ਰੱਖਣ ਦੀ ਹੈ? ਕੀ ਜਾਂਚ ਏਜੰਸੀਆਂ ਦਾ ਰਵੱਈਆ ਪੱਖਪਾਤੀ, ਸਿਲੈਕਟਿਵ ਅਤੇ ਖ਼ਾਸ ਰਾਜਨੀਤਕ ਏਜੰਡੇ ਤੋਂ ਪ੍ਰੇਰਿਤ ਨਹੀਂ ਹੈ? ਕੀ ਇਹ ਖ਼ਾਮੋਸ਼ੀ ਅਸਿੱਧੇ ਰੂਪ 'ਚ ਉਸ ਦਾ ਇਕਬਾਲ ਨਹੀਂ ਹੈ ਕਿ ਇਹ ਭਾੜੇ ਦੇ ਕਾਤਲਾਂ ਵੱਲੋਂ ਕੀਤੀ 'ਟਾਰਗੈੱਟ ਕਿਲਿੰਗ' ਹੈ ਜਿਵੇਂ ਇਨ੍ਹਾਂ ਦੇ ਹਮਾਇਤੀ ਨਿਊਜ਼ ਚੈਨਲ ਅਤੇ ਹੈਂਡਲ ਪ੍ਰਚਾਰ ਰਹੇ ਹਨ ਅਤੇ ਜਿਵੇਂ ਖਾਲਿਸਤਾਨ ਪੱਖੀ ਜਥੇਬੰਦੀਆਂ ਦੋਸ਼ ਲਾ ਰਹੀਆਂ ਹਨ? ਸਵਾਲ ਤਾਂ ਇਹ ਵੀ ਹੈ ਕਿ ਇਹ ਟਾਰਗੈੱਟ ਕਿਲਿੰਗ ਜਦੋਂ ਵੱਖਵਾਦ ਨੂੰ ਕਮਜ਼ੋਰ ਕਰਨ ਦੀ ਬਜਾਇ ਹੋਰ ਜ਼ਿਆਦਾ ਬੇਗਾਨਗੀ ਅਤੇ ਬੇਭਰੋਸਗੀ ਪੈਦਾ ਕਰ ਰਹੀਆਂ ਹਨ ਤਾਂ ਇਹ ਭਾਰਤ ਨੂੰ ਇਕਜੁੱਟ ਰੱਖਣ ਦੇ ਹਿਤ 'ਚ ਕਿਵੇਂ ਹਨ? ਦੁਨੀਆ ਦੇਖ ਰਹੀ ਹੈ ਕਿ ਭਾਰਤ ਦੇ ਆਮ ਲੋਕ, ਚਾਹੇ ਉਹ ਕਿਸੇ ਵੀ ਧਰਮ ਦੇ ਹੋਣ, ਅਮਨ ਅਤੇ ਭਾਈਚਾਰਕ ਸਦਭਾਵਨਾ ਨਾਲ ਰਹਿਣਾ ਚਾਹੁੰਦੇ ਹਨ ਪਰ ਵਾਹਦ ਦੇਸ਼ਭਗਤ ਹੋਣ ਦੀ ਦਾਅਵੇਦਾਰ ਸੱਤਾਧਾਰੀ ਧਿਰ ਜਿਸ ਦੀ ਖ਼ੁਦ ਦੀ ਦੇਸ਼ਭਗਤੀ ਸਵਾਲਾਂ 'ਚ ਘਿਰੀ ਹੋਈ ਹੈ ਅਤੇ ਜਿਸ ਦਾ ਰਾਜਨੀਤਕ ਨਜ਼ਰੀਆ ਭਾਰਤ ਦੀ ਸਾਰਿਆਂ ਨੂੰ ਆਪਣੇ 'ਚ ਸਮੋਣ ਦੀ ਸੰਵਿਧਾਨਕ ਧਾਰਨਾ ਦੇ ਸਿੱਧਾ ਵਿਰੋਧ ਵਿਚ ਹੈ, ਉਹ ਘੱਟਗਿਣਤੀਆਂ ਨੂੰ ਦਬਾ ਕੇ, ਬਹੁਗਿਣਤੀ ਅਤੇ ਘੱਟਗਿਣਤੀਆਂ ਦਰਮਿਆਨ ਫਿਰਕੂ ਪਾਟਕ ਪਾ ਕੇ ਅਤੇ ਪਿਛਾਂਹਖਿੱਚੂ ਕਦਰਾਂ-ਕੀਮਤਾਂ ਦਾ ਗੁਣਗਾਣ ਕਰ ਕੇ ਮੁਲਕ ਨੂੰ ਕਿਸ ਤਰ੍ਹਾਂ ਦੀ ਏਕਤਾ 'ਚ ਪਰੋ ਰਹੀ ਹੈ? ਇਹ ਹਕੀਕਤ ਹਿੰਦੂ ਭਾਈਚਾਰੇ ਦੇ ਲੋਕਾਂ ਨੂੰ ਵੀ ਸਮਝ ਲੈਣੀ ਚਾਹੀਦੀ ਹੈ ਅਤੇ ਇਸ ਭਰਮ 'ਚੋਂ ਨਿਕਲਣਾ ਚਾਹੀਦਾ ਹੈ ਕਿ ਹਿੰਦੂਤਵ ਦੀ ਰਾਜਨੀਤਕ ਵਿਚਾਰਧਾਰਾ ਆਰਥਕ, ਸਮਾਜਿਕ-ਸਭਿਆਚਾਰਕ, ਧਾਰਮਿਕ ਜਾਂ ਰਾਜਨੀਤਕ ਕਿਸੇ ਵੀ ਪੱਖੋਂ ਬਹੁਗਿਣਤੀ ਹਿੰਦੂ ਭਾਈਚਾਰੇ ਦੀ ਭਲਾਈ ਅਤੇ ਇਸ ਮੁਲਕ ਨੂੰ ਇਕਜੁੱਟ ਰੱਖਣ ਲਈ ਹੈ। ਇਸ ਦੇ ਉਲਟ ਮੁਲਕ ਨੂੰ ਦਿਨੋ-ਦਿਨ ਬਰਬਾਦੀ ਅਤੇ ਫਿਰਕੂ ਖ਼ਾਨਾਜੰਗੀ ਹੋਣ ਵੱਲ ਧੱਕਿਆ ਜਾ ਰਿਹਾ ਹੈ। ਇਸ ਦੀ ਤਾਜ਼ਾ ਮਿਸਾਲ ਖ਼ਾਨਾਜੰਗੀ 'ਚ ਸੜ ਰਿਹਾ ਮਨੀਪੁਰ ਹੈ।

ਕਤਲ ਤੋਂ ਪਹਿਲਾਂ ਹਰਦੀਪ ਸਿੰਘ ਨਿੱਜਰ ਨੇ ਆਪਣੀ ਜਾਨ ਨੂੰ ਖ਼ਤਰੇ ਦਾ ਸਾਫ਼ ਜ਼ਿਕਰ ਕੀਤਾ ਸੀ ਕਿ ਸੀ.ਐੱਸ.ਆਈ.ਐੱਸ. ਦੇ ਅਧਿਕਾਰੀਆਂ ਨੇ ਉਸ ਨੂੰ ਸੁਚੇਤ ਰਹਿਣ ਲਈ ਕਿਹਾ ਹੈ। ਸੀਨੀਅਰ ਪੱਤਰਕਾਰ ਗੁਰਪ੍ਰੀਤ ਸਿੰਘ ਨਾਲ ਰੇਡੀਓ ਟਾਕ ਵਿਚ ਅਤੇ ਕੁਝ ਦਿਨ ਪਹਿਲਾਂ ਆਪਣੇ ਆਖ਼ਰੀ ਭਾਸ਼ਣ ਵਿਚ ਨਿੱਜਰ ਨੇ 'ਹਿੱਟ ਲਿਸਟ' 'ਤੇ ਹੋਣ ਅਤੇ ਇਨ੍ਹਾਂ ਕਤਲਾਂ 'ਚ ਸਾਂਝਾ ਪੈਟਰਨ ਹੋਣ ਦਾ ਜ਼ਿਕਰ ਕੀਤਾ ਸੀ। ਇਸ ਖ਼ੁਲਾਸੇ ਤੋਂ ਬਾਅਦ ਉਸ ਦਾ ਕਤਲ ਹੋ ਜਾਣਾ ਅਤੇ ਕੈਨੇਡਾ ਦੇ ਸੁਰੱਖਿਆ-ਤੰਤਰ ਦਾ ਕੁਝ ਨਾ ਕਰ ਸਕਣਾ ਮਨੁੱਖੀ ਹੱਕਾਂ ਲਈ ਵਚਨਬੱਧ ਹੋਣ ਦੇ ਦਾਅਵੇਦਾਰ ਕੈਨੇਡਾ ਉੱਪਰ ਵੱਡਾ ਸਵਾਲੀਆ ਚਿੰਨ੍ਹ ਲਾਉਣ ਵਾਲਾ ਕਾਂਡ ਹੈ। ਕੈਨੇਡਾ ਸਰਕਾਰ ਲਈ ਫ਼ੈਸਲਾ ਲੈਣ ਦੀ ਘੜੀ ਹੈ: ਕੀ ਕਥਿਤ ਦੋਸ਼ੀਆਂ ਨੂੰ ਭਾੜੇ ਦੇ ਕਾਤਲਾਂ ਕੋਲੋਂ ਕਤਲ ਕਰਵਾਉਣ ਵਾਲੀਆਂ ਤਾਕਤਾਂ ਦੀ ਘਿਨਾਉਣੀ ਭੂਮਿਕਾ ਉੱਪਰ ਪਰਦਾ ਪਾਉਣਾ ਹੈ ਜਾਂ ਮਨੁੱਖੀ ਹੱਕਾਂ ਪ੍ਰਤੀ ਵਚਨਬੱਧਤਾ ਦਿਖਾਉਂਦੇ ਹੋਏ ਬਾਰੀਕੀ 'ਚ ਜਾਂਚ ਰਾਹੀਂ ਅਜਿਹੀਆਂ ਸਾਜ਼ਿਸ਼ਾਂ ਦਾ ਸੱਚ ਸਾਹਮਣੇ ਲਿਆਉਣਾ ਹੈ?

ਪਰਵਾਸੀ ਸਿੱਖ ਭਾਈਚਾਰੇ ਅਤੇ ਹੋਰ ਜਾਗਰੂਕ ਹਲਕਿਆਂ 'ਚ ਇਸ ਕਤਲ ਨੂੰ ਲੈ ਕੇ ਗੰਭੀਰ ਸਵਾਲ ਹਨ। ਵਰਲਡ ਸਿੱਖ ਆਰਗੇਨਾਈਜੇਸ਼ਨ ਕੈਨੇਡਾ ਨੇ ਵੀ ਮੰਗ ਕੀਤੀ ਹੈ ਕਿ ਇਹ ਜਾਂਚ ਕਰਾਈ ਜਾਵੇ ਕਿ ਕੀ ਇਸ ਪਿੱਛੇ ਭਾਰਤ ਦਾ ਕੋਈ ਹੱਥ ਹੈ? ਇਹ ਇਕ ਪਰਵਾਸੀ ਭਾਈਚਾਰੇ ਦੀ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਉੱਪਰ ਭਰੋਸੇ ਦਾ ਸਵਾਲ ਹੈ। ਕੈਨੇਡਾ ਸਰਕਾਰ ਨੂੰ ਬਾਹਰੀ ਦਬਾਵਾਂ ਤੋਂ ਮੁਕਤ ਹੋ ਕੇ ਆਪਣੇ ਨਾਗਰਿਕਾਂ ਦੀ ਜ਼ਿੰਦਗੀ ਦੀ ਸੁਰੱਖਿਆ ਦੇ ਸਰੋਕਾਰ ਤਹਿਤ ਇਸ ਕਤਲ ਦੀ ਨਿਰਪੱਖ ਜਾਂਚ ਕਰਾਉਣੀ ਚਾਹੀਦੀ ਹੈ ਅਤੇ ਸੱਚ ਦੁਨੀਆ ਅੱਗੇ ਪੇਸ਼ ਕਰਨਾ ਚਾਹੀਦਾ ਹੈ।

# ਮਾਲਵੇ ਦਾ ਰੌਬਿਨ ਹੁਡ: ਬੂੜ ਸਿੰਘ ਧਾੜਵੀ ਰੋਡਿਆਂ ਵਾਲਾ

**ਗੁਰਦੇਵ ਸਿੰਘ ਸਿੱਧੂ**
**ਫੋਨ: 94170-49417**

ਰੌਬਿਨ ਹੁਡ ਮੱਧਕਾਲੀਨ ਬਰਤਾਨਵੀ ਲੋਕ ਕਹਾਣੀਆਂ ਦਾ ਉਘਾ ਨਾਇਕ ਹੈ। ਉਸ ਨੂੰ ਤੀਰਅੰਦਾਜ਼ੀ ਅਤੇ ਤਲਵਾਰਬਾਜ਼ੀ ਵਿਚ ਬੇਮਿਸਾਲ ਮੁਹਾਰਤ ਪ੍ਰਾਪਤ ਸੀ। ਧਨਾਢਾਂ ਦੀ ਅਣਉਚਿਤ ਸਾਧਨਾਂ ਰਾਹੀਂ ਇਕੱਠੀ ਕੀਤੀ ਪੂੰਜੀ ਉਨ੍ਹਾਂ ਤੋਂ ਖੋਹ ਕੇ ਲੋੜਵੰਦਾਂ ਅਤੇ ਗ਼ਰੀਬ ਗੁਰਬਿਆਂ ਵਿਚ ਵੰਡਣੀ ਉਸ ਦੀ ਖਾਸੀਅਤ ਮੰਨੀ ਜਾਂਦੀ ਹੈ। ਇਸ ਕਲਪਿਤ ਨਾਇਕ ਨੂੰ ਬਰਤਾਨੀਆ ਵਿਚ ਇੰਨੀ ਲੋਕਪ੍ਰਿਯਤਾ ਮਿਲੀ ਕਿ ਉਸ ਬਾਰੇ ਅਨੇਕਾਂ ਗੀਤ ਲਿਖੇ ਗਏ ਅਤੇ ਫਿਲਮਾਂ ਬਣਾਈਆਂ ਗਈਆਂ। ਲੋਕ-ਹਿਤ ਵਿਚ ਪ੍ਰਸ਼ਾਸਨ ਦਾ ਵਿਰੋਧ ਕਰਨ ਵਾਸਤੇ ਨਿਤਰਨ ਵਾਲੇ ਵਿਅਕਤੀ ਨੂੰ ਅੱਜ ਵੀ 'ਰੌਬਿਨ ਹੁਡ' ਕਹਿ ਕੇ ਯਾਦ ਕੀਤਾ ਜਾਂਦਾ ਹੈ। ਪੰਜਾਬੀ ਜੀਵਨ ਵਿਚ ਰੌਬਿਨ ਹੁਡ ਵਰਗੇ ਪਾਤਰਾਂ ਦੀ ਕਮੀ ਨਹੀਂ। ਮੱਧਕਾਲ ਵਿਚ ਦੁੱਲਾ ਭੱਟੀ ਇਸ ਦੀ ਮਿਸਾਲ ਹੈ ਅਤੇ ਉਨ੍ਹੀਵੀਂ ਸਦੀ ਵਿਚ ਜਿਉਣਾ ਮੌੜ, ਸੁੱਚਾ ਸਿੰਘ ਸੂਰਮਾ, ਹਰਫੂਲ ਸਿੰਘ ਜਿਲਾਣੀ ਵਾਲਾ ਆਦਿ ਅਜਿਹੇ ਲੋਕ ਨਾਇਕ ਹੋਏ ਹਨ। ਹਥਲੇ ਲੇਖ ਦਾ ਪਾਤਰ ਬੂੜ ਸਿੰਘ ਵੀ ਇਸੇ ਵਰਗ ਵਿਚ ਆਉਂਦਾ ਹੈ।

ਉਹ ਦਿਨ ਆਉਣ ਵਾਲੇ ਹਨ ਜਿਨ੍ਹੀਂ ਦਿਨੀ ਇਕ ਸਦੀ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿਚ ਸਿੱਖਾਂ ਨੇ ਅੰਗਰੇਜ਼ ਸਰਕਾਰ ਖਿਲਾਫ਼ ਲੰਮੀ ਲੜਾਈ ਲੜੀ ਜਿਸ ਨੂੰ ਜੈਤੋ ਦਾ ਮੋਰਚਾ ਕਿਹਾ ਗਿਆ। ਇਸ ਮੋਰਚੇ ਬਾਰੇ ਜਾਣਕਾਰੀ ਹਾਸਲ ਕਰਨ ਵਾਸਤੇ ਪੁਰਾਤਨ ਰਿਕਾਰਡ ਦੀ ਫਰੋਲਾ ਫਰਾਲੀ ਕਰਦਿਆਂ ਉਨ੍ਹੀਵੀਂ ਸਦੀ ਦੀ ਅੰਤਲੀ ਚੌਥਾਈ ਦੇ ਇਕ ਅਣਗੌਲੇ ਨਾਇਕ ਦੀ ਸੂਹ ਮਿਲੀ।

ਅੰਗਰੇਜ਼ ਸਰਕਾਰ ਵੱਲੋਂ 9 ਜੁਲਾਈ 1923 ਨੂੰ ਮਹਾਰਾਜਾ ਰਿਪੁਦਮਨ ਸਿੰਘ ਨੂੰ ਨਾਭੇ ਦੀ ਰਾਜਗੱਦੀ ਤੋਂ ਜ਼ਬਰਦਸਤੀ ਲਾਹੁਣ ਦੀ ਘਟਨਾ ਜੈਤੋ ਦੇ ਅਕਾਲੀ ਮੋਰਚੇ ਦੀ ਜੜ੍ਹ ਬਣੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 9 ਸਤੰਬਰ ਦਾ ਦਿਨ 'ਨਾਭਾ ਦਿਵਸ' ਵਜੋਂ ਮਨਾਉਣ ਦਾ ਸੱਦਾ ਦਿੱਤਾ ਤਾਂ ਸਿੱਖ ਸੰਗਤਾਂ ਇਸ ਦਿਹਾੜੇ ਨੂੰ ਵੱਡੀ ਪੱਧਰ ਉੱਤੇ ਮਨਾਉਣ ਦੀ ਤਿਆਰੀ ਕਰਨ ਵਾਸਤੇ ਥਾਂ ਪੁਰ ਥਾਂ, ਵਿਸ਼ੇਸ਼ ਕਰਕੇ ਨਾਭਾ ਰਿਆਸਤ ਵਿਚ, ਦੀਵਾਨ ਸਜਾਉਣ ਲੱਗੀਆਂ। ਜੈਤੋ ਇਲਾਕੇ ਦੇ ਸਥਾਨਕ ਅਕਾਲੀ ਜਥੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਸਮੇਤ ਤਿੰਨ ਰੋਜ਼ਾ ਦੀਵਾਨ 25, 26 ਅਤੇ 27 ਅਗਸਤ 1923 ਨੂੰ ਕਸਬੇ ਨੇੜਲੇ ਇਤਿਹਾਸਕ ਗੁਰਦੁਆਰਾ ਗੰਗਸਰ ਸਾਹਿਬ ਵਿਚ ਸਜਾਉਣ ਦੀ ਵਿਉਂਤ ਬਣਾਈ। ਪ੍ਰਸ਼ਾਸਕ ਦੇ ਹੁਕਮ ਅਨੁਸਾਰ ਪੁਲੀਸ ਨੇ ਦੀਵਾਨ ਨਾ ਹੋਣ ਦੇਣ ਵਾਸਤੇ ਅੱਡੀ ਚੋਟੀ ਦਾ ਜ਼ੋਰ ਲਾਇਆ ਪਰ ਲੋਕਾਂ ਦੇ ਹੜ੍ਹ ਅੱਗੇ ਬੇਵੱਸ ਰਹੀ। ਅੰਤਲੇ ਦਿਨ ਆਈ ਸੰਗਤ ਬੇਹਿਸਾਬੀ ਸੀ। ਇਸ ਲਈ ਗੁਰਦੁਆਰੇ ਦੀ ਇਮਾਰਤ ਛੋਟੀ ਹੋਣ ਕਾਰਨ ਦੀਵਾਨ ਗੁਰਦੁਆਰੇ ਤੋਂ ਬਾਹਰ ਖੁੱਲ੍ਹੇ ਮੈਦਾਨ ਵਿਚ ਸਜਾਇਆ ਗਿਆ। ਬੁਲਾਰਿਆਂ ਨੇ ਸਿੱਖ ਮਹਾਰਾਜੇ ਨੂੰ ਗੱਦੀ ਤੋਂ ਲਾਹੁਣ ਦੀ ਜ਼ਿੰਮੇਵਾਰ ਅੰਗਰੇਜ਼ ਸਰਕਾਰ ਨੂੰ ਤਾਂ ਖਰੀਆਂ ਖੋਟੀਆਂ ਸੁਣਾਉਣੀਆਂ ਹੀ ਸਨ, ਉਨ੍ਹਾਂ ਨੇ ਸਰਕਾਰ ਦੀ ਸ਼ਹਿ ਉੱਤੇ ਧੱਕਾ ਕਰ ਰਹੀ ਸਥਾਨਕ ਪੁਲੀਸ ਦੀ ਵੀ ਚੰਗੀ ਲਾਹ-ਪਾਹ ਕੀਤੀ, ਪੁਲੀਸ ਅਧਿਕਾਰੀਆਂ ਨੂੰ ਨਿੱਜੀ ਚੋਭਾਂ ਵੀ ਲਾਈਆਂ। ਬੌਖਲਾਈ ਪੁਲੀਸ ਨੇ ਸਭ ਤੋਂ ਤੇਜ਼ ਤਰਾਰ ਬੁਲਾਰੇ ਇੰਦਰ ਸਿੰਘ ਮੌੜ ਨੂੰ ਗ੍ਰਿਫ਼ਤਾਰ ਕਰ ਲਿਆ ਤਾਂ ਹੋਰ ਆਗੂਆਂ ਨੇ ਐਲਾਨ ਕਰ ਦਿੱਤਾ ਕਿ ਜਿੰਨੀ ਦੇਰ ਜਥੇਦਾਰ ਮੌੜ ਨੂੰ ਰਿਹਾਅ ਨਹੀਂ ਕੀਤਾ ਜਾਂਦਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਅਤੇ ਦੀਵਾਨ ਲਗਾਤਾਰ ਜਾਰੀ ਰਹੇਗਾ। ਦੀਵਾਨ ਦੀ ਸਮਾਪਤੀ ਉਪਰੰਤ ਜਦ ਸੰਗਤ ਵਿੱਛੜ ਗਈ ਅਤੇ ਕੀਤੇ ਗਏ ਐਲਾਨ ਨੂੰ ਅਮਲ ਵਿਚ ਲਿਆਉਣ ਵਾਲੇ ਥੋੜ੍ਹੀ ਗਿਣਤੀ 'ਚ ਸਿੰਘ ਰਹਿ ਗਏ ਤਾਂ ਪੁਲੀਸ ਨੇ ਗੁਰਦੁਆਰਾ ਗੰਗਸਰ ਨੂੰ ਘੇਰਾ ਪਾ ਲਿਆ। ਅਗਲੇ ਦਿਨ ਪੁਲੀਸ ਦੀ ਇਸ ਕਾਰਵਾਈ ਬਾਰੇ ਲੋਕਾਂ ਨੂੰ ਪਤਾ ਲੱਗਾ ਤਾਂ ਲੋਕ ਆਉਣੇ ਸ਼ੁਰੂ ਹੋਏ ਪਰ ਪੁਲੀਸ ਨੇ ਕਿਸੇ ਨੂੰ ਗੁਰਦੁਆਰੇ ਦੇ ਨੇੜੇ ਨਾ ਜਾਣ ਦਿੱਤਾ।


ਕਿੱਸਾ
ਬੂੜਸਿੰਘ ਧਾੜਵੀ
ਪਿੰਡ ਰੋਡੇ ਵਾਲੇ ਦਾ
ਕ੍ਰਿਤ ਸ਼ਿੱਬੂਰਾਮ
ਜਿਸਨੂੰ
ਸੁੱਧ ਕਰਕੇ
ਰਾਇਸਾਹਿਬ ਮੁਨਸ਼ੀ ਗੁਲਾਬ ਸਿੰਘ
ਐਂਡ ਸਨਜ਼ ਦੇ
ਮੁਫ਼ੀਦ ਆਮ ਪ੍ਰੈਸ ਲਾਹੌਰ ਵਿਚ ਛਪਵਾਯਾ
ਸੰਮਤ ਸ੍ਰੀ ਗੁਰੂ ਨਾਨਕ ਜੀ ੪੩੨

ਗੁਰਦੁਆਰੇ ਨੂੰ ਘੇਰਾ ਪਿਆਂ ਦੋ ਹਫ਼ਤੇ ਲੰਘ ਗਏ। ਅਗਸਤ ਦੇ ਦੀਵਾਨ ਦੇ ਦਿਨੀਂ ਇਕੱਠਾ ਹੋਇਆ ਰਾਸ਼ਨ ਖ਼ਤਮ ਹੋਣ ਕੰਢੇ ਪੁੱਜ ਗਿਆ ਤਾਂ ਲੰਗਰ ਮਸਤਾਨਾ ਹੋਣ ਲੱਗਾ। ਕਈ ਦਿਨ ਇਕ ਡੰਗ ਰੋਟੀ ਖਾਣ ਦੀ ਨੌਬਤ ਆ ਗਈ। ਗੁਰਦੁਆਰੇ ਵਿਚ ਘਿਰੇ ਸਿੰਘਾਂ ਦੀ ਇਸ ਤਰਸਯੋਗ ਹਾਲਤ ਦੀ ਖ਼ਬਰ ਬਾਹਰ ਗਈ ਤਾਂ ਕੁਝ ਸਿਰੜੀ ਅਤੇ ਸਿਰਲੱਥ ਸਿੰਘਾਂ ਨੇ ਜਾਨ ਉੱਤੇ ਖੇਡ ਕੇ ਰਾਸ਼ਨ ਗੁਰਦੁਆਰੇ ਅੰਦਰ ਸੁੱਟਣ ਦਾ ਨਿਸ਼ਚਾ ਕਰ ਲਿਆ। 14 ਸਤੰਬਰ ਦੇ ਵੱਡੇ ਤੜਕੇ ਦੋ ਕੁ ਦਰਜਨ ਸਿੱਖ ਗੁਰਦੁਆਰੇ ਦੇ ਨੇੜੇ ਦਿਸੇ ਤਾਂ ਪੁਲੀਸ ਨਾਲ ਮੁੱਠ-ਭੇੜ ਸ਼ੁਰੂ ਹੋ ਗਈ। ਇਕ ਦਾਅ ਵਜੋਂ ਸਿੱਖ ਪਿੱਛੇ ਹਟਦੇ ਗਏ ਤਾਂ ਦਬਾਅ ਬਣਾਈ ਰੱਖਣ ਲਈ ਪਿੱਛੇ ਲੱਗੀ ਪੁਲੀਸ ਗੁਰਦੁਆਰੇ ਤੋਂ ਦੂਰ ਚਲੀ ਗਈ। ਮੌਕਾ ਤਾੜ ਕੇ ਸਿੱਖਾਂ ਦਾ ਵੱਡਾ ਜਥਾ ਰਾਸ਼ਨ ਲੈ ਕੇ ਆਇਆ ਅਤੇ ਪੁਲੀਸ ਦੀ ਹੋਰ ਟੁਕੜੀ ਵੱਲੋਂ ਰੋਕੇ ਜਾਣ ਦੇ ਬਾਵਜੂਦ ਰਾਸ਼ਨ ਗੁਰਦੁਆਰੇ ਅੰਦਰ ਸੁੱਟਣ ਵਿਚ ਕਾਮਯਾਬ ਹੋ ਗਿਆ। ਪੁਲੀਸ ਮੁਕਾਬਲੇ ਵਿਚ ਕੁਝ ਸਿੱਖ ਜ਼ਖਮੀ ਹੋਏ, ਦਰਜਨ ਭਰ ਗ੍ਰਿਫ਼ਤਾਰ ਵੀ ਹੋਏ ਪਰ ਵੱਡੀ ਗਿਣਤੀ ਪੁਲੀਸ ਨੂੰ ਝਕਾਨੀ ਦੇ ਕੇ ਨਿਕਲਣ ਵਿਚ ਸਫਲ ਰਹੀ।

ਸਿੱਖ ਜਥੇ ਵੱਲੋਂ ਕੀਤੀ ਇਸ ਨਿਧੜਕ ਵਾਰਦਾਤ ਨੇ ਰਿਆਸਤੀ ਅਹਿਲਕਾਰਾਂ ਨੂੰ ਚਿੰਤਾ ਵਿਚ ਪਾ ਦਿੱਤਾ। ਘਟਨਾ ਦੇ ਮਹੱਤਵ ਨੂੰ ਵੇਖਦਿਆਂ ਇਸ ਦੀ ਪੜਤਾਲ ਉੱਚ-ਅਧਿਕਾਰੀ ਅੰਗਰੇਜ਼ ਪੁਲੀਸ ਅਫ਼ਸਰ ਨੇ ਆਪ ਕੀਤੀ। ਉਸ ਨੇ ਇਸ ਘਟਨਾ ਲਈ ਜ਼ਿੰਮੇਵਾਰ ਜਥੇ ਨੂੰ 'ਡੁਰਲੀ ਜਥਾ' ਨਾਂ ਦਿੱਤਾ, ਵਾਰਦਾਤ ਵਿਚ ਸ਼ਾਮਿਲ ਵਿਅਕਤੀਆਂ ਦੀ ਨਿਸ਼ਾਨਦੇਹੀ ਕੀਤੀ ਪਰ ਉੱਘੜਵਾਂ ਨਾਂ ਦੱਸਿਆ 'ਦੁੱਲਾ ਸਿੰਘ ਰੋਡੇ'। ਉਸ ਨੇ ਬੜੇ ਫਖਰ ਨਾਲ ਲਿਖਿਆ ਕਿ ਦੁੱਲਾ ਸਿੰਘ ਇਕ 'ਬਦਮਾਸ਼ ਡਾਕੂ' ਦਾ ਪੁੱਤਰ ਹੈ ਜਿਸ ਨੂੰ 23 ਸਾਲ ਪਹਿਲਾਂ ਫਿਰੋਜ਼ਪੁਰ ਦੇ ਪੁਲੀਸ ਸੁਪਰਡੈਂਟ ਕਰਨਲ ਗ੍ਰੈਗਸਨ ਨੇ ਮੁਕਾਬਲੇ ਵਿਚ ਮਾਰ ਮੁਕਾਇਆ ਸੀ। ਆਜ਼ਾਦੀ ਘੁਲਾਟੀਆਂ ਬਾਰੇ ਅੰਗਰੇਜ਼ ਅਫ਼ਸਰਾਂ ਦੀਆਂ ਟਿੱਪਣੀਆਂ ਪੜ੍ਹਦਿਆਂ ਮੈਂ ਏਨਾ ਕੁ ਜਾਣ ਗਿਆ ਸਾਂ ਕਿ ਅੰਗਰੇਜ਼ ਜਿਸ ਦੇਸ਼ਭਗਤ ਨੂੰ ਜ਼ਿਆਦਾ ਖ਼ਤਰਨਾਕ ਸਮਝਦੇ, ਉਸ ਨੂੰ ਬਦਨਾਮ ਕਰਨ ਵਾਸਤੇ ਉਸ ਲਈ ਭੈੜੇ ਤੋਂ ਭੈੜਾ ਵਿਸ਼ੇਸਣ ਵਰਤਦੇ ਸਨ। ਇਸ ਲਈ ਦੁੱਲਾ ਸਿੰਘ ਦੇ ਪਿਤਾ ਬਾਰੇ ਅੰਗਰੇਜ਼ ਅਫ਼ਸਰ ਦੀ ਟਿੱਪਣੀ ਨੇ ਉਸ ਬਾਰੇ ਜਾਣਨ ਦੀ ਜਗਿਆਸਾ ਪੈਦਾ ਕਰ ਦਿੱਤੀ।

ਅੰਗਰੇਜ਼ ਅਫ਼ਸਰ ਨੇ ਦੁੱਲਾ ਸਿੰਘ ਦੇ ਪਿਤਾ ਦਾ ਨਾਉਂ ਨਹੀਂ ਸੀ ਲਿਖਿਆ। ਇਸ ਲਈ ਪਹਿਲਾ ਕੰਮ ਦੁੱਲਾ ਸਿੰਘ ਦੇ ਪਿਤਾ ਦਾ ਨਾਉਂ ਪਤਾ ਕਰਨਾ ਸੀ। ਵਿਸਾਖਾ ਸਿੰਘ ਸੰਤ ਸਿਪਾਹੀ ਦੀ ਵੱਡ-ਆਕਾਰੀ ਰਚਨਾ 'ਮਾਲਵਾ ਇਤਿਹਾਸ' 'ਤੇ ਨਜ਼ਰ ਮਾਰੀ ਤਾਂ ਬੂੜ ਸਿੰਘ ਨਾਂ ਝੱਟ ਲੱਭ ਗਿਆ। ਲੇਖਕ ਨੇ ਬੂੜ ਸਿੰਘ ਬਾਰੇ ਇਹ ਹੋਰ ਜਾਣਕਾਰੀ ਵੀ ਦਰਜ ਕੀਤੀ ਸੀ, "ਸ. ਬੂੜ ਸਿੰਘ ਆਪਣੇ ਜ਼ਮਾਨੇ ਦੇ ਪ੍ਰਸਿੱਧ ਬਹਾਦਰ ਆਦਮੀ ਤੇ ਧਾੜਵੀ ਸਨ। ਪੰਜਾਬ ਦੀਆਂ ਜੇਲ੍ਹਾਂ ਵਿਚ ਮਿੱਟੀ ਦੇ ਠੂਠੇ ਭੰਨਵਾ ਕੇ ਸਾਰੇ ਕੈਦੀਆਂ ਲਈ ਲੋਹੇ ਦੇ ਬਾਟੇ ਪ੍ਰਵਾਨ ਕਰਾਉਣੇ ਆਪ ਦਾ ਹੀ ਸ਼ਾਨਦਾਰ ਕਾਰਨਾਮਾ ਸੀ। ਇਸ ਕੰਮ ਵਿਚ ਆਪ ਨੇ ਸਾਰੇ ਕੈਦੀਆਂ ਦੀ ਅਗਵਾਈ ਕੀਤੀ।" ਇਹ ਸਤਰਾਂ ਪੜ੍ਹਦਿਆਂ ਹੀ ਅਚੇਤ ਮਨ ਦੀਆਂ ਤਹਿਆਂ ਵਿਚੋਂ ਇਹ ਨਾਂ ਉੱਭਰਿਆ। ਯਾਦ ਆਇਆ ਕਿ ਇਸ ਨਾਂ ਦੇ ਡਾਕੂ ਬਾਰੇ ਲਿਖਿਆ ਇਕ ਕਿੱਸਾ ਮੇਰੇ ਕਿੱਸਾ ਸੰਗ੍ਰਹਿ ਵਿਚ ਉਪਲਬਧ ਹੈ। ਫਰੋਲਾ ਫਰਾਲੀ ਕੀਤੀ ਤਾਂ ਸ਼ਿਬੂ ਰਾਮ ਲਿਖਤ ਅਤੇ ਅਗਸਤ 1901 ਵਿਚ ਪ੍ਰਕਾਸ਼ਿਤ ਕਿੱਸਾ ਮਿਲ ਗਿਆ, ਨਾਂ ਸੀ 'ਬੂੜ ਸਿੰਘ ਧਾੜਵੀ' ਜੋ ਪਿੰਡ ਰੋਡੇ, ਜ਼ਿਲ੍ਹਾ ਫਿਰੋਜ਼ਪੁਰ, (ਵਰਤਮਾਨ ਜ਼ਿਲ੍ਹਾ ਮੋਗਾ) ਦੇ ਵਸਨੀਕ ਖੜਕ ਸਿੰਘ ਦਾ ਪੁੱਤਰ ਸੀ।

ਉਨ੍ਹੀਂ ਦਿਨੀਂ ਖੇਤੀ ਵਾਸਤੇ ਨਹਿਰੀ ਪਾਣੀ ਇਕ ਨਿਆਮਤ ਸੀ ਜਿਸ ਕਾਰਨ ਪਾਣੀ ਦੀ ਵਾਰੀ ਤੋਂ ਅਕਸਰ ਲੜਾਈਆਂ ਹੋ ਜਾਂਦੀਆਂ ਸਨ। ਅਜਿਹੇ ਇਕ ਝਗੜੇ ਵਿਚ ਬੂੜ ਸਿੰਘ ਤੋਂ ਕਤਲ ਹੋ ਗਿਆ ਤਾਂ ਪੁਲੀਸ ਦੀ ਕਾਰਵਾਈ ਤੋਂ ਡਰਦਾ ਉਹ ਫਰਾਰ ਹੋ ਗਿਆ। ਫਰਾਰੀ ਦੌਰਾਨ ਉਸ ਦਾ ਮੇਲ ਡਾਕੂਆਂ ਨਾਲ ਹੋਇਆ ਤਾਂ ਉਨ੍ਹਾਂ ਨਾਲ ਰਲ ਗਿਆ। ਰੱਜੇ-ਪੁੱਜੇ ਘਰ ਵਿਚ ਜਨਮਿਆ ਬੂੜ ਸਿੰਘ ਜਿੰਨਾ ਡੀਲ ਡੌਲ ਪੱਖੋਂ ਦਰਸ਼ਨੀ ਸੀ, ਨਿਡਰਤਾ ਅਤੇ ਹੌਸਲੇ ਵਿਚ ਉਸ ਤੋਂ ਵੀ ਦੁੱਗਣਾ ਚੌਗੁਣਾ। ਛੇਤੀ ਹੀ ਆਪਣੇ ਟੋਲੇ ਵਿਚ ਸਰਦਾਰ ਮੰਨਿਆ ਜਾਣ ਲੱਗਾ। ਮਨ ਵਿਚ ਠਾਣੀ ਕਿ ਜਿਉਣੇ ਮੌੜ ਅਤੇ 'ਚਿਤੂ ਮਿਤੂ ਵਾਂਗ ਚਾ ਕਢਾਈਏ ਨਾਮ ਨੂੰ।' ਉਸ ਨੇ ਦੂਰ ਦੂਰ ਤੱਕ ਡਾਕੇ ਮਾਰੇ। ਜਿੱਥੇ ਕਿਤੇ ਵੀ ਪਤਾ ਲੱਗਦਾ ਕਿ ਕੋਈ ਸ਼ਾਹੂਕਾਰ ਲੋਕਾਂ ਦਾ ਖ਼ੂਨ ਪੀ ਕੇ ਤਿਜੋਰੀਆਂ ਭਰੀ ਬੈਠਾ ਹੈ, ਬੂੜ ਸਿੰਘ ਉੱਥੇ ਜਾ ਪੁੱਜਦਾ। ਪਿੰਡ ਸਲੀਨੇ ਦਾ ਠਾਕਰ ਬਾਣੀਆ, ਫਤਿਹਗੜ੍ਹ ਦਾ ਰਲੀ, ਸੋਢੀਵਾਲੇ ਦੇ ਸ਼ਾਹੂਕਾਰ ਤਾਂ ਨੇੜੇ ਹੀ ਸਨ, ਉਸ ਨੇ ਰਿਆਸਤ ਪਟਿਆਲਾ ਵਿਚ ਮਹਿਲ ਪਿੰਡ ਦੇ ਬਾਣੀਆਂ ਨੂੰ ਵੀ ਨਾ ਬਖਸ਼ਿਆ। ਉਹ ਸ਼ਾਹੂਕਾਰ ਤੋਂ ਧਨ ਲੁੱਟਦਾ ਪਰ ਇਸ ਗੱਲ ਦਾ ਧਿਆਨ ਰੱਖਦਾ ਕਿ ਕਿਸੇ ਦੀ ਜਾਨ ਨਾ ਜਾਵੇ। ਧਨਾਢ ਵਿਅਕਤੀ ਨੂੰ "ਬਾਰ ਬਾਰ ਬੂੜਾ ਏਹੋ ਮੁੱਖ ਤੋਂ ਪੁਕਾਰਦਾ" "ਜਾਨ ਤੇਰੀ ਛੱਡੀ ਦੇਖੀਂ ਜਾਈਂ ਨਾ ਤੂੰ ਠਾਣੇ ਵਿਚ।" ਇਸ ਤਰ੍ਹਾਂ ਬੂੜ ਸਿੰਘ ਨੇ "ਦੋਹੀ ਫੇਰੀ ਜਿਉਣੇ ਮੌੜ ਵਾਂਗ, ਲੁਟਿਆ ਅਲਾਕਾ ਕੋਈ ਮੂਲ ਨਾ ਹਟਾਂਵਦਾ।"

ਇਨ੍ਹਾਂ ਵਾਰਦਾਤਾਂ ਦੀ ਖ਼ਬਰ ਸਰਕਾਰ ਨੂੰ ਮਿਲੀ ਤਾਂ "ਬੋਲੇ ਅੰਗਰੇਜ਼ ਜੱਟ ਆਕੀ ਹੋਇਆ ਦੁੱਲੇ ਵਾਂਗ" ਪਰ "ਹੱਥ ਨਹੀਂ ਪਾਂਦੇ ਸਾਰੇ ਜਾਨ ਨੂੰ ਬਚਾਂਵਦੇ।" ਸਰਕਾਰ ਨੇ ਜ਼ੋਰ ਪਾਇਆ ਤਾਂ ਅੰਤ ਕਈ ਥਾਣਿਆਂ ਦੀ ਪੁਲੀਸ ਉਸ ਦੇ ਪਿੱਛੇ ਲੱਗ ਗਈ ਪਰ "ਭਾਲ ਰਿਹਾ ਠਾਣਾ ਨਾਹੀਂ ਲੱਗਦਾ ਸੀ ਪਤਾ ਕਿਤੋਂ" ਸਾਰੇ ਹੈਰਾਨ ਪ੍ਰੇਸ਼ਾਨ "ਅਕਲ ਹੋਵੇ ਦੰਗ ਕਿਤੋਂ ਹੱਥ ਬੀ ਨਾ ਆਇਆ ਹੈ।" ਬੂੜ ਸਿੰਘ ਦੇ ਕਿਸੇ ਪਿੰਡ ਵਿਚ ਹੋਣ ਦੀ ਸੂਹ ਮਿਲਣ ਉੱਤੇ ਪੁਲੀਸ ਉੱਥੇ ਪੁੱਜਦੀ ਤਾਂ "ਦੱਸਦਾ ਨਾ ਪਿੰਡ ਵਿਚੋਂ ਕੋਈ ਹਾਲ ਜੀ। ਲਾਇ ਕੇ ਤੇ ਜੋਰ ਸਾਰਾ ਰਹੇ ਭਾਲ ਜੀ।"

ਆਖ਼ਰ ਪਿੰਡ ਦੇ ਜ਼ੈਲਦਾਰ ਵੱਲੋਂ ਕੀਤੀ ਮੁਖ਼ਬਰੀ ਉੱਤੇ ਪੁਲੀਸ ਨੇ ਉਸ ਘਰ ਨੂੰ ਘੇਰਾ ਪਾ ਲਿਆ ਜਿੱਥੇ ਬੂੜ ਸਿੰਘ ਲੁਕਿਆ ਹੋਇਆ ਸੀ। ਦੋਵਾਂ ਪਾਸਿਆਂ ਤੋਂ ਧੂੰਆਂਧਾਰ ਗੋਲੀਬਾਰੀ ਹੋਈ ਜਿਸ ਤੋਂ ਇਉਂ ਲੱਗੇ ਜਿਵੇਂ "ਹੋਈ ਹੈ ਲੜਾਈ ਨਾਲ ਸਿੰਘਾਂ ਦੇ ਫਰੰਗੀਆਂ ਦੀ", ਦੂਰ "ਕੰਬਦਾ ਖਲੋਤਾ ਸਾਹਿਬ ਪੇਸ਼ ਨਹੀਂ ਜਾਂਵਦੀ ਹੈ", ਅੰਤ "ਅੱਗ ਲਾ" ਕੋਠੇ ਤਾਈਂ ਸਾਰੇ ਹੈਂ ਪੁਕਾਰਦੇ।" ਸੜਦੇ ਮਕਾਨ ਵਿਚੋਂ ਬੂੜ ਸਿੰਘ ਨੇ ਬਾਹਰ ਨਿਕਲਣ ਦਾ ਚਾਰਾ ਕੀਤਾ ਪਰ ਮਾਰਿਆ ਗਿਆ।

ਬੂੜ ਸਿੰਘ ਨੂੰ "ਬੂੜਾ ਸ਼ੇਰ ਝੱਲ ਦਾ" ਕਹਿ ਕੇ ਕਵੀ ਉਸ ਦੀ ਵਡਿਆਈ ਇਸ ਗੱਲੋਂ ਕਰਦਾ ਹੈ:

ਸ਼ਾਹੂਕਾਰ ਲੁੱਟੇ, ਨਾ ਗਰੀਬ ਨੂੰ ਲਗਾਵੇ ਹੱਥ
ਐਸਾ ਭਾਰੀ ਦਿਸਦਾ ਜਹਾਨ ਵਿਚ ਸੂਰਮਾ।
ਇਹੋ ਕਾਰਨ ਸੀ ਕਿ ਜਦ
ਭੌਰ ਵਜੂਦੋਂ ਉਡ ਕੇ ਗਿਆ ਸੁਰਗ ਨੂੰ ਧਾਇ।
ਸੋਗ ਪਿਆ ਕੁਲ ਦੇਸ ਤੇ ਜਿਸ ਦੀ ਹੱਦ ਨਾ ਕਾਇ।

ਕਵੀ ਦੁੱਖ ਪ੍ਰਗਟਾਉਂਦਾ ਹੈ ਕਿ "ਸ਼ਿਬੂ ਰਾਮਾ ਫੇਰ ਸ਼ੇਰ ਜੰਮਨਾ ਨਾ ਜੱਗ ਵਿਚ।"

ਬਾਪ ਤੋਂ ਵਿਰਾਸਤ ਵਿਚ ਮਿਲੀ ਸੂਰਮਗਤੀ ਹੀ ਸੀ ਜਿਸ ਦੇ ਬਲ ਉੱਤੇ ਦੁੱਲਾ ਸਿੰਘ ਨੇ 14 ਸਤੰਬਰ 1923 ਨੂੰ ਗੁਰਦੁਆਰਾ ਗੰਗਸਰ ਸਾਹਿਬ ਅੰਦਰ ਪੁਲੀਸ ਵੱਲੋਂ ਘੇਰ ਕੇ ਰੱਖੇ ਭੁੱਖਣ ਭਾਣੇ ਸਿੰਘਾਂ ਨੂੰ ਆਪਣੀ ਜਾਨ ਤੋਂ ਬੇਪਰਵਾਹ ਹੋ ਕੇ ਰਾਸ਼ਨ ਪੁੱਜਦਾ ਕੀਤਾ। ਨਿਰਸੰਦੇਹ ਬੂੜ ਸਿੰਘ ਅਤੇ ਦੁੱਲਾ ਸਿੰਘ ਵਰਗੇ ਸੂਰਮੇ ਪੰਜਾਬੀ ਨਾਬਰੀ ਦੇ ਪ੍ਰਤੀਕ ਹਨ।

---

## ਕਾਵਿ ਕਿਆਰੀ

### *ਸ਼ਹੀਦ ਹਰਦੀਪ ਸਿੰਘ ਨਿੱਝਰ*

ਜਦ ਤੱਕ ਧਰਤ ਅਬਾਦ ਰਹੂ, ਹਰਦੀਪ ਸਿਆਂ
ਨਾਂ ਤੇਰਾ ਸਦਾ ਯਾਦ ਰਹੂ, ਹਰਦੀਪ ਸਿਆਂ।

ਜਦ ਤੱਕ ਸਿੰਘਾਂ ਦੇ ਸਿਰ 'ਤੇ, ਦਸਤਾਰ ਰਹੂ
ਜਦ ਤੱਕ ਦੁਨੀਆ 'ਤੇ ਜਿਉਂਦਾ, ਸਰਦਾਰ ਰਹੂ।

ਜਦ ਤਕ ਫਲਿਆ ਸਿੱਖੀ ਵਾਲਾ ਬਾਗ ਰਹੂ, ਹਰਦੀਪ ਸਿਆਂ
ਨਾਂ ਉਦੋਂ ਤੱਕ ਯਾਦ ਰਹੂ, ਹਰਦੀਪ ਸਿਆਂ।

ਜਦ ਤੱਕ ਇੱਥੇ ਧਰਤੀ 'ਤੇ ਅਸਮਾਨ ਰਹੂ
ਜਦ ਤੱਕ ਪੰਛੀਆਂ ਰੁੱਖਾਂ ਦੇ ਵਿਚ ਜਾਨ ਰਹੂ।

ਜਦ ਤੱਕ ਚੰਨ ਵਿਚਾਲੇ ਕਾਲਾ, ਦਾਗ ਰਹੂ, ਹਰਦੀਪ ਸਿਆਂ
ਨਾਂ ਉਦੋਂ ਤੱਕ ਯਾਦ ਰਹੂ, ਹਰਦੀਪ ਸਿਆਂ।

ਸਰੀ ਗੁਰੂ ਘਰ ਜਦ ਵੀ ਲੰਗਰ ਲੱਗਣਗੇ
ਤੇਰੇ ਨਾਂ ਦੇ ਸਦਾ ਜੈਕਾਰੇ ਗੱਜਣਗੇ।

ਨਵੀਂ ਇਮਾਰਤ ਜਦ ਵੀ ਸੰਗਤਾਂ ਆਉਣਗੀਆਂ
ਕਰ ਕਰ ਚੇਤੇ ਤੇਰੇ ਸੋਹਲੇ ਗਾਉਣਗੀਆਂ।

ਵਿੱਚ ਦੀਵਾਨਾਂ ਛਿੜਦਾ ਬਾਣੀ, ਰਾਗ ਰਹੂ, ਹਰਦੀਪ ਸਿਆਂ
ਸਿੱਖ ਕੌਮ ਤੈਨੂੰ, ਯਾਦ ਕਰੂ, ਹਰਦੀਪ ਸਿਆਂ।

ਬਖਤ ਯੋਧਿਆ ਪਾਤਾ ਸੀ ਤੂੰ ਗਿੱਦੜਾਂ ਨੂੰ
ਸਦਾ ਹਕੂਮਤ ਯਾਦ ਕਰੂਗੀ ਨਿੱਜਰਾਂ ਨੂੰ

ਦਿੱਲੀ 'ਤੇ ਮੰਡਰਾਉਂਦਾ ਸਿੱਖੀ ਨਾਗ ਰਹੂ, ਹਰਦੀਪ ਸਿਆਂ
ਖਾਲਸਾ ਤੈਨੂੰ ਯਾਦ ਕਰੂ, ਹਰਦੀਪ ਸਿਆਂ।

ਜਦ ਜਦ ਵੈਰੀ, ਸਾਨੂੰ ਆ ਕੇ, ਵੱਢਦੇ ਰਹੇ
ਡਾਨਸੀਵਾਲੀਆ ਅਸੀਂ ਹੋਰ ਵੀ, ਵਧਦੇ ਰਹੇ।

ਦਿੱਲੀ ਉੱਤੇ ਚੜ੍ਹ ਕੇ ਆਉਂਦਾ ਪੰਜਾਬ ਰਹੂ, ਹਰਦੀਪ ਸਿਆਂ
ਕੌਮ ਉਦੋਂ ਤੈਨੂੰ ਯਾਦ ਕਰੂ, ਹਰਦੀਪ ਸਿਆਂ।

***-ਕੁਲਵੀਰ ਸਿੰਘ ਡਾਨਸੀਵਾਲ***

---

### *.ਗ਼ਜ਼ਲ*

ਵਿਕਣੇ ਵਾਲੇ ਟਿਕ ਜਾਂਦੇ ਨੇ, ਅੜਨੇ ਵਾਲ਼ੇ ਝੜ ਜਾਂਦੇ ਨੇ,
ਸੱਚ ਦੇ ਆਸ਼ਿਕ ਔਖੇ ਵੇਲੇ, ਨਾਲ਼ ਸੱਚ ਦੇ ਖੜ ਜਾਂਦੇ ਨੇ।

ਸੱਚੋ ਸੱਚੀ ਪੱਤਰਕਾਰੀ, ਜਾਨ ਅਤੇ ਈਮਾਨ ਦਾ ਜੋਖ਼ਮ
ਬਦੋ ਬਦੀ ਕਈ ਤਲੀਆਂ ਉੱਤੇ,
ਆਣ ਕਰੋੜਾਂ ਧਰ ਜਾਂਦੇ ਨੇ।

ਧਾਰ ਸ਼ਬਦਾਂ ਦੀ ਬੜੀ ਕਟੀਲੀ, ਏਹੋ ਬੁਝਾਵੇ ਲਾਵੇ ਤੀਲੀ,
ਰਾਜਨੀਤੀ ਦੇ ਚਾਣਕਿਆ ਵੀ,
ਇਸ ਦੇ ਵਾਰ ਤੋਂ ਡਰ ਜਾਂਦੇ ਨੇ।

ਲੱਕੜੀ ਤੋਂ ਹੈ ਬਣਦਾ ਕਾਗਜ਼,
ਕਾਗਜ਼ ਤੋਂ ਫਿਰ ਉੱਤਪੰਨ ਮਾਇਆ,
ਸਰੀਰ ਮਿੱਟੀ ਦੇ ਆਖ਼ਰ ਵੇਲੇ,
ਲੱਕੜਾਂ ਵਿਚ ਹੀ ਸੜ ਜਾਂਦੇ ਨੇ।

ਬੋਦਲਾਂ ਦੇ ਸੁੱਖਵਿੰਦਰਾ ਕ੍ਰਾਂਤੀ,
ਕਲ਼ਮਾਂ ਤੋਂ ਤਲਵਾਰਾਂ ਤੀਕਰ,
ਟਾਮੇ ਟਾਮੇ ਕ੍ਰਾਂਤੀਆਂ ਦੇ ਅੰਬਰੀਂ,
ਬਣ ਕੇ ਤਾਰੇ ਚੜ੍ਹ ਜਾਂਦੇ ਨੇ।

***-ਸੁੱਖਵਿੰਦਰ ਬੋਦਲਾਂਵਾਲਾ (ਯੂ ਐਸ ਏ)***
***ਫੋਨ: 360-281-2624***

---

### *ਸ਼ੇਰ-ਏ-ਪੰਜਾਬ*

ਮਹਾਂ ਸਿੰਘ ਤੇ ਰਾਜ ਕੌਰ ਦਾ,
ਪੁੱਤ ਸੀ ਭਾਗਾਂ ਵਾਲਾ
ਰਣ ਨੂੰ ਜਿੱਤਣ ਵਾਲਾ ਜੰਮਿਆ,
ਸ਼ਹਿਰ ਗੁੱਜਰਾਂਵਾਲਾ।

ਤੇਰਾਂ ਨਵੰਬਰ ਸਤਾਰਾਂ ਸੌ ਅੱਸੀ,
ਜਨਮ ਰਾਜੇ ਦਾ ਹੋਇਆ
ਲੇਖਾਂ ਵਿੱਚ ਸੀ ਲਿਖਿਆ,
ਉਹਦੇ ਹੱਥ 'ਚ ਰਾਜ ਸਮੋਇਆ।

ਸਿੱਖ, ਹਿੰਦੂ ਤੇ ਮੁਸਲਮਾਨਾਂ ਨੂੰ,
ਬੰਨ੍ਹਿਆ ਵਿੱਚ ਇੱਕ ਧਾਗੇ
ਅੰਗਰੇਜ਼ਾਂ ਤੇ ਰੋਅਬ ਸੀ ਉਹਦਾ,
ਆਉਂਦੇ ਨਾ ਉਹ ਲਾਗੇ।

ਸਿੱਖ-ਮਿਸਲਾਂ ਨੂੰ 'ਕੱਠਿਆਂ ਕੀਤਾ, ਕੀਤੀ ਦੂਰ-ਅੰਦੇਸ਼ੀ
ਉਹਦੀ ਸੈਨਾ ਵਿੱਚ ਫ਼ੌਜੀ ਸਨ, ਦੇਸੀ ਅਤੇ ਵਿਦੇਸ਼ੀ।

ਸਾਫ਼ ਤੇ ਸੱਚੀ-ਸੁੱਚੀ ਹੈਸੀ, ਓਸ ਰਾਜੇ ਦੀ ਨੀਤੀ
ਹਰਿਮੰਦਰ ਦੀ ਨਾਲ ਸੋਨੇ ਦੇ, ਖੁੱਲ੍ਹ ਕੇ ਸੇਵਾ ਕੀਤੀ।

ਸਭ ਧਰਮਾਂ ਦੇ ਸਭ ਲੋਕਾਂ ਦਾ, ਕਰਦਾ ਸੀ ਸਤਿਕਾਰ
ਭਲਾ ਮੰਗੇ ਸਰਬੱਤ ਦਾ, ਕਰਦਾ ਰਹਿੰਦਾ ਪਰਉਪਕਾਰ।

ਚੇਚਕ ਕਾਰਨ ਬਚਪਨ ਵਿੱਚ,
ਇੱਕ ਅੱਖ 'ਤੇ ਹਮਲਾ ਹੋਇਆ
ਮੰਗੀ ਮਾਫ਼ੀ ਗਲ ਪੱਲਾ ਪਾ,
ਜਾ ਤਖ਼ਤ ਦੇ ਸਾਹਵੇਂ ਖਲੋਇਆ।

ਅਫ਼ਗਾਨ, ਪਠਾਣ, ਫ਼ਰੰਗੀ ਵਿਰੋਧੀ,
ਜਿੱਤੀਆਂ ਸਭ ਮੁਹਿੰਮਾਂ
ਜੋ ਅੜਿਆ ਸੋ ਝੜਿਆ, ਕੀ-ਕੀ ਦੱਸਾਂ ਕਿੰਨਾ-ਕਿੰਨਾ।

ਜੂਨ ਅਠਾਰਾਂ ਸੌ ਉਨਤਾਲੀ, ਦਿਨ ਸਤਾਈਵਾਂ ਆਇਆ
ਚਮਕ ਰਹੇ ਪੰਜਾਬ ਦੇ ਸੂਰਜ, ਉੱਤੇ ਬੱਦਲ ਛਾਇਆ।

ਸਤੀ ਹੋਈਆਂ ਕੁਝ ਰਾਣੀਆਂ,
ਉਹਦੀ ਅਰਥੀ ਉੱਤੇ ਆ ਕੇ
ਦਿੱਤਾ ਸਬੂਤ ਪਿਆਰ ਦਾ ਏਦਾਂ,
ਆਪਣਾ-ਆਪ ਮਿਟਾ ਕੇ।

ਮਹਾਂਬਲੀ ਤੇ ਪਰਉਪਕਾਰੀ, ਸੀ ਸਾਡਾ ਮਹਾਰਾਜਾ
ਅਟਕ ਵੀ ਰੋਕ ਨਾ ਸਕਿਆ ਉਹਨੂੰ, ਲਾਵੇ ਕੌਣ ਅੰਦਾਜ਼ਾ।

***-ਪ੍ਰੋ. ਨਵ ਸੰਗੀਤ ਸਿੰਘ***



ਪੰਜਾਬੀ ਮਾਂ ਬੋਲੀ ਤੇ ਪੰਜਾਬੀ ਭਾਈਚਾਰੇ ਦੀ ਸੇਵਾ ਲਈ ਸ. ਅਮੋਲਕ ਸਿੰਘ ਜੰਮੂ ਵਲੋਂ ਲਾਇਆ 'ਪੰਜਾਬ ਟਾਈਮਜ਼' ਨਾਂ ਦਾ ਬੂਟਾ ਹੁਣ 24 ਵਰ੍ਹਿਆਂ ਦਾ ਹੋ ਗਿਆ ਹੈ। ਮੇਰੀ ਕਾਮਨਾ ਹੈ ਕਿ ਇਹ ਬੂਟਾ ਹੋਰ ਵਧੇ ਫੁੱਲੇ। ਪੰਜਾਬ ਟਾਈਮਜ਼ ਅਮਰੀਕਾ ਵਿਚ ਛਪਦਾ ਇਕੋ ਇਕ ਪੰਜਾਬੀ ਅਖਬਾਰ ਹੈ, ਜੋ ਕਰੋਨਾ ਕਾਲ ਤੋਂ ਮਗਰੋਂ ਵੀ ਲਗਾਤਾਰ ਛਪ ਰਿਹਾ ਹੈ ਅਤੇ ਇਸ ਨੇ ਆਪਣੀ ਨਿਰਪੱਖਤਾ ਕਾਰਨ ਭਾਈਚਾਰੇ ਵਿਚ ਆਪਣੀ ਖਾਸ ਥਾਂ ਬਣਾਈ ਹੋਈ ਹੈ। ਅਖਬਾਰ ਪੜ੍ਹਨ ਦੇ ਸ਼ੌਕੀਨਾਂ ਨੂੰ ਹਰ ਬੁੱਧਵਾਰ ਇਸ ਦੀ ਉਡੀਕ ਰਹਿੰਦੀ ਹੈ ਕਿ ਕਦੋਂ ਦਿਨ ਚੜ੍ਹੇ ਤੇ ਅਖਬਾਰ ਉਨ੍ਹਾਂ ਦੇ ਹੱਥਾਂ ਵਿਚ ਆਵੇ। ਸ. ਅਮੋਲਕ ਸਿੰਘ ਜੰਮੂ ਤੋਂ ਬਾਅਦ ਅਖਬਾਰ ਦੀ ਜ਼ਿੰਮੇਵਾਰੀ ਸੰਭਾਲ ਰਹੇ ਉਨ੍ਹਾਂ ਦੇ ਪਤਨੀ ਜਸਪ੍ਰੀਤ ਕੌਰ ਤੇ ਸਮੂਹ ਜੰਮੂ ਪਰਿਵਾਰ ਨੂੰ 8 ਜੁਲਾਈ ਨੂੰ ਕਰਵਾਈ ਜਾ ਰਹੀ 'ਪੰਜਾਬ ਟਾਈਮਜ਼' ਨਾਈਟ ਦੀਆਂ ਵਧਾਈਆਂ।

**ਅਜੇ ਤਨਵੀਰ**





**Personal Injury and Wrongful Death Attorneys**

Case Results*

**$10 MILLION**
Motorcycle vs. Truck Collision

**$8 MILLION**
Wrongful Death


**$5.25 MILLION**
Traumatic Brain Injury

**$1.1 MILLION**
Burn Injury

**$1.1 MILLION**
Pedestrian vs. Motor Vehicle Collision

*Past Performance Not a Guarantee of Future Results

Offices in San Francisco and Union City



WILLIAM E. WEISS
Of Counsel

No Fees Unless Recovery for Your Injuries is Made

**CONTACT US AT:**

**Phone:** (510) 474-0028 • **E-mail:** info@thebainsfirm.com

www.thebainsfirm.com



**ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !**

**CALIFORNIA**
**IMMIGRATION SERVICES INC.**
Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES

* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ



ROSY (Kanwal) KAUR
Immigration Consultant
408-422-8585
510-573-3666

**Address:**
**Fremont Office:**
4127 Bay Street, Unit 5, Fremont CA, 94538
**Tracy Office:**
1660 W Linne Rd. Unit J24, Tracy CA, 95377

Website: www.caials.com e-mail: rosy@caials.com


ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।



**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)
**Now we have two locations:**
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.

**Ph: (408) 737-7100**

www.homeopathicvibes.com

*We sell and ship homeopathic remedies through out North America.*



**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**
FAX: 209.982.9997
www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

ਨਿਰਵਿਘਨ ਪ੍ਰਕਾਸ਼ਨ ਦੇ 24ਵੇਂ ਸਾਲ 'ਚ (ਪਹਿਲੀ ਜਨਵਰੀ 2000-2023)

# ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 24ਵੀਂ ਵਰ੍ਹੇਗੰਢ

# 'ਪੰਜਾਬ ਟਾਈਮਜ਼ ਨਾਈਟ'

**8 ਜੁਲਾਈ 2023 ਸਨਿਚਰਵਾਰ ਸ਼ਾਮੀ 6:30 ਵਜੇ**


**Atlantis Banquets**
1273 N. Rand Road,
Arlington Heights, IL 60004




ਪ੍ਰੋ. ਜੋਗਿੰਦਰ ਸਿੰਘ ਰਮਦੇਵ



ਸ. ਅਮੋਲਕ ਸਿੰਘ ਜੰਮੂ



ਅਯੁਧਿਆ ਸਲਵਾਨ



ਸਵਰਨਜੀਤ ਸਿੰਘ ਢਿੱਲੋਂ



ਗੁਰਿੰਦਰ ਸਿੰਘ ਗਿੱਲ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਜਸਵੀਰ ਕੌਰ ਢਿੱਲੋਂ


ਡਾ. ਇਨਕਲਾਬੀ ਥਾਂਦੀ


ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਅਮੋਲਕ ਸਿੰਘ ਗਾਖਲ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਜਗਦੀਸ਼ਰ ਸਿੰਘ ਕਲੇਰ


ਗੁਰਚਰਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਡਾ. ਤੇਜਿੰਦਰ ਸਿੰਘ ਮੰਡੇਰ


ਦਰਸ਼ਨ ਸਿੰਘ ਗਰੇਵਾਲ


ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ


ਜੱਸੀ ਗਿੱਲ


ਜੈਦੇਵ ਸਿੰਘ ਭੱਠਲ


ਪਰਮਿੰਦਰ ਸਿੰਘ ਵਾਲੀਆ


ਸਰਵਣ ਸਿੰਘ ਟਿਵਾਣਾ


ਮਨਦੀਪ ਸਿੰਘ ਭੂਰਾ


ਰਘਬੀਰ ਸਿੰਘ ਘੁੰਨ


ਅਵਤਾਰ ਸਿੰਘ ਸਪਰਿੰਗਫੀਲਡ


ਗੁਲਜ਼ਾਰ ਸਿੰਘ ਮੁਲਤਾਨੀ


ਗੁਰਵੀਰ ਸਿੰਘ ਗਿੱਲ


ਜਸਕਰਨ ਸਿੰਘ ਧਾਲੀਵਾਲ

ਪੰਜਾਬ ਟਾਈਮਜ਼
ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ
Published simultaneously from Chicago, California & New York.
Ph: 847-359-0746
*e-mail: punjabtimes1@gmail.com, website: www.punjabtimesusa.com*

# PUNJAB TIMES NIGHT 2023

## ਵਿਸ਼ੇਸ਼ ਮਹਿਮਾਨ


ਮੇਜਰ ਗੁਰਚਰਨ ਸਿੰਘ ਝੱਜ
(ਗੈਸਟ ਆਫ ਆਨਰ )


ਵਰਿਆਮ ਸਿੰਘ ਸੰਧੂ
(ਮੁੱਖ ਬੁਲਾਰਾ)


ਦਰਸ਼ਨ ਸਿੰਘ ਧਾਲੀਵਾਲ
(ਚੀਫ਼ ਗੈਸਟ)

## ਪਹੁੰਚ ਰਹੀਆਂ ਮੁੱਖ ਸ਼ਖਸੀਅਤਾਂ



ਲਾਜ ਨੀਲਮ ਸੈਣੀ
(ਸ਼ਾਇਰਾ)


ਜਗਜੀਤ ਨੌਸ਼ਹਿਰਵੀ
(ਸਾਹਿਤਕਾਰ)


ਸੁਖਦੇਵ ਸਾਹਿਲ
(ਕਲਾਸੀਕਲ ਗਾਇਕ)


ਓਂਕਾਰਪ੍ਰੀਤ ਸਿੰਘ
(ਸ਼ਾਇਰ)


ਕੁਲਵਿੰਦਰ
(ਸ਼ਾਇਰ)


ਕੁਲਵਿੰਦਰ ਖਹਿਰਾ
(ਸ਼ਾਇਰ)


ਰਵਿੰਦਰ
ਸਹਿਰਾਅ
(ਸ਼ਇਰ)


ਅਸ਼ੋਕ ਭੌਰਾ
(ਲੇਖਕ)


ਗੁਰਲੀਨ ਕੌਰ

## ਵਿਸ਼ੇਸ਼ ਸਹਿਯੋਗੀ


ਡਾ. ਹਰਜਿੰਦਰ
ਸਿੰਘ ਖਹਿਰਾ


ਜੈਰਾਮ ਸਿੰਘ ਕਾਹਲੋਂ


ਗੁਰਮੁਖ ਸਿੰਘ
ਭੁੱਲਰ


ਸੁਰਿੰਦਰ ਸਿੰਘ
ਭਾਟੀਆ


ਸੁਖਪਾਲ ਗਿੱਲ

**ਪੰਜਾਬ ਟਾਈਮਜ਼ ਦੀ 24ਵੀਂ ਵਰ੍ਹੇਗੰਢ ਮੌਕੇ 8 ਜੁਲਾਈ ਨੂੰ ਕਰਵਾਈ ਜਾ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਸ਼ਾਇਰ, ਸਾਹਿਤਕਾਰ, ਗੀਤਕਾਰ ਅਤੇ ਗਾਇਕ ਤੁਹਾਡਾ ਮਨੋਰੰਜਨ ਕਰਨਗੇ।**

**ਸਹਿਯੋਗੀ ਸੰਸਥਾਵਾਂ:** ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ ਐਚ ਓ) ਸ਼ਿਕਾਗੋ; ਪੰਜਾਬੀ ਅਮੈਰੀਕਨ ਆਰਗੇਨਾਈਜੇਸ਼ਨ ਸ਼ਿਕਾਗੋ (ਪਾਓ); ਫਾਈਵ ਰਿਵਰਜ਼ ਐਂਟਰਟੇਨਮੈਂਟ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ, ਇੰਡੀਆਨਾ; ਪੰਜਾਬੀ ਅਮੈਰੀਕਨ ਯੂਥ ਕਲੱਬ ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਪੰਜਾਬ ਸਪੋਰਟਸ ਕਲੱਬ ਐਟਲਾਂਟਾ; ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ, ਸਵੇਰਾ ਇੰਕ।

ਮੀਡੀਆ ਪਾਰਟਨਰ: ਰੇਡੀਓ ਚੰਨ ਪ੍ਰਦੇਸੀ, ਦੇਸੀ ਜੰਕਸ਼ਨ, ਢੋਲ ਰੇਡੀਓ, ਪੀ.ਟੀ.ਸੀ।

# ਸੰਗੀਤ ਦਾ ਸਫਰ ਅਤੇ ਮੰਜੇ ਜੋੜ ਲੱਗਦਾ ਸਪੀਕਰ



ਕਲਾ ਪਰਿਕਰਮਾ

ਸੰਗੀਤ ਰੂਹਾਂ ਨੂੰ ਝੰਜੋੜਦਾ ਹੈ। ਕੰਬਣੀ ਛੇੜਦਾ ਹੈ। ਇਹ ਮਨੁੱਖ ਦੇ ਜਨਮ ਤੋਂ ਮਰਨ ਤੱਕ ਦਾ ਅਟੁੱਟ ਜੋੜ ਹੈ। ਨਵਜੰਮੇ ਬੱਚੇ ਦੇ ਰੋਣ ਦੀ ਪਹਿਲੀ ਹੂੰਗਰ ਨੂੰ ਹੀ 'ਖੁਸ਼-ਆਮਦੀਦ' ਕਿਹਾ ਜਾਂਦੈ, ਧੜਕਦੀ ਜ਼ਿੰਦਗੀ ਦੀ ਨਿਸ਼ਾਨੀ। ਸ਼ਾਇਦ ਹੀ ਕੋਈ ਖ਼ੁਸ਼ੀ ਜਾਂ ਗ਼ਮੀ ਦਾ ਪਲ ਹੋਵੇ, ਜਦੋਂ ਸੰਗੀਤ ਨੇ ਸਾਨੂੰ ਆਪਣੀ ਬੁੱਕਲ ਵਿਚ ਨਾ ਲਪੇਟਿਆ ਹੋਵੇ। ਇਸ ਦਾ ਵਿਸ਼ਾਲ ਘੇਰਾ ਸੁਖਦ ਪਲਾਂ ਮੌਕੇ ਅਸਮਾਨੀ ਗੁੱਡੀ ਚਾੜ੍ਹਦੈ ਤੇ ਗ਼ਮਗੀਨ ਛਿਣਾਂ ਵੇਲੇ ਮੱਲ੍ਹਮ ਲਗਾਉਂਦੈ। ਢਾਰਸ ਬੱਝਦੀ ਐ। ਜ਼ਿੰਦਾ-ਦਿਲੀ ਫਿਰ ਸੁਪਨਾ ਦਿਖਾਉਂਦੀ ਐ। ਕਲਪਨਾ ਕਰ ਕੇ ਦੇਖੀਏ ਕਿ ਧੁਨਾਂ ਤੋਂ ਬਿਨਾ ਨਿਤਾਪ੍ਰਤੀ ਕਿਵੇਂ ਦੀ ਹੋਵੇਗੀ। ਸੋਚ ਪਤਾਲਾਂ ਵਿਚ ਚੁੱਭੀ ਮਾਰਦੀ ਹੈ। ਖਿਆਲੀਂ ਖਲਾਅ ਨਜ਼ਰ ਆਵੇਗਾ। ਇੰਨੀ ਵੱਡੀ ਚੁੱਪ ਵਸਦੇ ਘਰਾਂ ਦਾ ਸ਼ਿੰਗਾਰ ਨਹੀਂ ਹੁੰਦੀ।



**ਜਗਜੀਤ ਸਿੰਘ ਲੋਹਟਬੱਦੀ**
**ਫੋਨ: +91-89684-33500**

ਸੁਰ ਆਪੇ ਦਾ ਪ੍ਰਗਟਾਅ ਹੈ। ਆਦਿ ਕਾਲ ਵਿਚ ਮਾਨਵ, ਜੰਗਲੀ ਜੀਵਾਂ ਵਰਗੀ ਹੂਕ ਨਾਲ ਹੀ ਆਪਣੀ ਹੋਂਦ ਦਾ ਅਹਿਸਾਸ ਕਰਾਉਂਦਾ ਸੀ। ਸਮਾਜਿਕ ਪ੍ਰਾਣੀ ਹੋਣ ਨਾਲ ਉਸ ਦੀ ਆਵਾਜ਼ ਵਿਚ ਨਿਖਾਰ ਆਉਂਦਾ ਗਿਆ ਤੇ ਉਸ ਦਾ ਗੁਣਗੁਣਾਉਣਾ ਇਨਸਾਨ ਅਤੇ ਹੈਵਾਨ ਵਿਚਲੀ ਸੂਖਮ ਲਕੀਰ ਦਾ ਪਾੜਾ ਵਧਾਉਣ ਲੱਗਿਆ। ਮੁੱਢਲੀਆਂ ਲੋੜਾਂ ਦੀ ਪੂਰਤੀ ਹੋਣਾ ਖ਼ੁਸ਼ੀ ਦਾ ਸਬਬ ਬਣਦਾ ਹੈ। ਨੱਚ, ਟੱਪ, ਗਾ ਕੇ ਉਸ ਦੇ ਵਲਵਲੇ ਰੰਗੀਨ ਜ਼ਿੰਦਗੀ ਦਾ ਸੁਨੇਹਾ ਦਿੰਦੇ ਹਨ।

ਸਮਾਂ ਅੱਗੇ ਵਧਿਆ ਤਾਂ ਸੱਭਿਅਕ ਸਮਾਜ ਵਿਚ ਸਾਂਝ ਦਾ ਖਿਆਲ ਅੰਗੜਾਈ ਲੈਣ ਲੱਗਾ। ਕਬੀਲਿਆਂ ਵਿਚ ਰਾਤਾਂ ਨੂੰ ਅੱਗ ਬਾਲ ਕੇ ਉਸ ਦੇ ਦੁਆਲੇ ਝੁਰਮਟ ਵਿਚ ਬੈਠਿਆਂ ਢੋਲ ਢਮੱਕੇ ਨਾਲ ਅੰਦਰਲੇ ਹਾਵ ਭਾਵਾਂ ਦੀ ਪੇਸ਼ਕਾਰੀ ਸੰਗੀਤ ਦਾ ਹੀ ਆਗਾਜ਼ ਸੀ। ਧੁਰ ਅੰਦਰੋਂ ਉੱਠਦੀ ਹੂਕ। ਹੌਲੀ-ਹੌਲੀ ਮੇਲਿਆਂ ਮੁਸਾਹਬਿਆਂ ਵਿਚ ਗਮੰਤਰੀਆਂ ਦੀ ਧਾਂਕ ਜੰਮਣ ਲੱਗੀ। ਚੰਨ ਚਾਨਣੀਆਂ ਰਾਤਾਂ ਨੂੰ ਸੱਭਿਆਚਾਰ ਦੇ ਕਈ ਰੰਗ ਵਰਤਦੇ। ਮਨੁੱਖ ਨੂੰ ਅਹਿਸਾਸ ਹੋਇਆ ਕਿ ਗੀਤ ਸੰਗੀਤ ਰੂਹ ਦੀ ਖ਼ੁਰਾਕ ਐ... ਇਸ ਤੋਂ ਵਿਹੂਣਾ ਜੀਵਨ ਫਿੱਕਾ। ਇਸੇ ਸੰਵੇਦਨਾ ਨੇ ਉਸ ਦੀ ਜ਼ਿੰਦਗੀ ਵਿਚ ਖਲਬਲੀ ਜਿਹੀ ਮਚਾ ਦਿੱਤੀ ਤੇ ਸੰਗੀਤਕ ਧੁਨਾਂ ਦੀ ਮ੍ਰਿਗ ਤ੍ਰਿਸ਼ਨਾ ਨੇ ਅਗਲੇਰੀਆਂ ਵਾਟਾਂ ਦਾ ਮੁੱਢ ਬੰਨ੍ਹ ਦਿੱਤਾ।

ਥੋੜ੍ਹੀ ਜਿਹੀ ਪਿਛਲ ਝਾਤੀ ਮਾਰੀਏ ਤਾਂ ਮਨ ਵਿਚ ਝਰਨਾਹਟ ਛਿੜਦੀ ਹੈ। ਗ੍ਰਾਮੋਫੋਨ ਜਾਦੂਈ ਕ੍ਰਿਸ਼ਮਾ ਸੀ। ਸਮਝ ਤੋਂ ਪਰ੍ਹੇ। ਇੱਕ ਛੋਟੇ ਜਿਹੇ ਚੌਖਟੇ ਵਿਚੋਂ ਮਨੁੱਖੀ ਆਵਾਜ਼ਾਂ ਦਾ ਆਗਮਨ। ਸੱਚਮੁੱਚ ਅਚੰਭਾ, ਬੇਯਕੀਨੀ, ਪਰ ਹਕੀਕਤ ਤੋਂ ਕਿਵੇਂ ਮੁਨਕਰ ਹੋਇਆ ਜਾ ਸਕਦੈ। ਮੂੰਹੋਂ-ਮੂੰਹ ਗੱਲਾਂ। ਤਰ੍ਹਾਂ ਤਰ੍ਹਾਂ ਦੇ ਵਿਸ਼ਲੇਸ਼ਣ:

ਛੜਾ ਦਿੱਲੀਉਂ ਮਸ਼ੀਨ ਲਿਆਇਆ,
ਚੰਦ ਕੁਰ ਵਿਚ ਬੋਲਦੀ

'ਹਿਜ਼ ਮਾਸਟਰ'ਜ਼ ਵੌਇਸ' (ਐੱਚ. ਐੱਮ. ਵੀ.) ਦੇ ਕੁੱਤੇ ਵਾਲੇ ਕਾਲੇ ਤਵੇ ਨੇ ਗਾਣਿਆਂ ਦਾ ਜਾਦੂ ਲੋਕਾਂ ਦੇ ਸਿਰ ਚੜ੍ਹ ਬੋਲਣ ਲਾ ਦਿੱਤਾ। ਸੋਹਣਾ ਸਪੀਕਰ ਵਾਲਾ ਕਿਸੇ ਨਾਇਕ ਤੋਂ ਘੱਟ ਨਹੀਂ ਸੀ। ਮਸ਼ੀਨ ਨੂੰ ਚਾਬੀ ਦੇ ਕੇ ਚਲਾਉਂਦਾ। ਓਲੇ-ਦੁਆਲੇ ਜਵਾਕਾਂ ਦੀ ਭੀੜ ਜੁੜਦੀ। ਜਿਉਂ ਹੀ ਦੋ ਤਿੰਨ ਗੀਤਾਂ ਬਾਅਦ ਤਵੇ ਦੀ ਹਿੱਕ 'ਤੇ ਚਲਦੀ ਸੂਈ ਖੁੰਢੀ ਹੋ ਜਾਂਦੀ ਤੇ ਘੈੜ-ਘੈੜ ਦੀ ਆਵਾਜ਼ ਆਉਣ ਲੱਗਦੀ, ਮੁੰਡੀਰ ਦੇ ਮੂੰਹ 'ਤੇ ਲਾਲੀ ਆ ਜਾਂਦੀ। ਸੁੱਟੀ ਹੋਈ ਪੁਰਾਣੀ ਸੂਈ ਨੂੰ ਚੁੱਕ ਕੇ ਜਿਵੇਂ ਕੋਈ ਖ਼ਜ਼ਾਨਾ ਮਿਲ ਗਿਆ ਹੋਵੇ।

ਕੱਚੇ ਕੋਠਿਆਂ 'ਤੇ ਵਾਣ ਦੇ ਮੰਜੇ ਜੋੜ ਕੇ ਉੱਪਰ ਲੱਗਿਆ ਧੂਤੂ ਪਿੰਡ ਵਿਚ ਖ਼ੁਸ਼ੀ ਦੇ ਆਗਮਨ ਦਾ ਪ੍ਰਤੀਕ ਬਣਦਾ। ਕਿਸੇ ਮੱਸ ਫੁੱਟ ਗੱਭਰੂ ਦਾ ਵਿਆਹ ਜਾਂ ਲੋਹੜੀ ਦਾ ਸ਼ਗਨ ਨਵੇਂ ਮਹਿਮਾਨ ਨੂੰ 'ਜੀ ਆਇਆਂ' ਆਖਣ ਲਈ ਪੱਬਾਂ ਭਾਰ ਹੁੰਦੇ। ਯਮਲੇ ਜੱਟ ਦੀ ਹੇਕ ਅਤੇ ਲੋਗੜੀ ਦੇ ਫੁੱਲਾਂ ਨਾਲ ਸ਼ਿੰਗਾਰੇ ਤੂੰਬੇ ਦੀ ਟੁਣਕਾਰ ਜਦੋਂ ਆਗਾਜ਼ ਵਿਚ 'ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਐ, ਰੀਝਾਂ ਲਾ ਲਾ ਵਿੰਹਦੀ ਦੁਨੀਆ ਸਾਰੀ ਐ' ਦਾ ਰਾਗ ਅਲਾਪਦੀ ਤਾਂ ਪੌਣਾਂ ਵਿਚ ਸੁਗੰਧੀ ਜਿਹੀ ਘੁਲ ਜਾਂਦੀ। ਖ਼ੁਸ਼ੀ ਦੀ ਖ਼ਬਰ ਪੂਰੇ ਪਿੰਡ ਵਿਚ ਫੈਲ ਜਾਂਦੀ। ਐੱਲ.ਪੀ. ਰਿਕਾਰਡ 'ਤੇ ਝਰੀਟੇ ਅਤੇ ਸੁਰਿੰਦਰ ਛਿੰਦੇ ਦੇ ਗਾਏ 'ਜਿਊਣਾ ਮੌੜ' ਨੇ ਪੰਜਾਬੀਆਂ ਦੇ ਅਣਖੀਲੇ ਸੁਭਾਅ ਨੂੰ ਹਰ ਘਰ ਦੀਆਂ ਸਵਾਤਾਂ ਦਾ ਸ਼ਿੰਗਾਰ ਬਣਾ ਧਰਿਆ।

ਉੱਧਰ ਮਾਣਕ ਦੀ ਗਾਈ 'ਹੀਰ ਦੀ ਕਲੀ' ਵਾਕਿਆ ਈ ਦੂਰੋਂ ਨਾਥ ਦੇ ਟਿੱਲੇ ਤੋਂ 'ਸਲੇਟੀ' ਦੀ ਸੂਰਤ ਦੇ ਪ੍ਰਤੱਖ ਦੀਦਾਰ ਕਰਾ ਦਿੰਦੀ ਸੀ। ਕਿੱਸੇ ਸਰਵਣ ਭਗਤ, ਇੰਦਰ ਬੇਗੋ, ਮਿਰਜ਼ਾ ਸਾਹਿਬਾਂ ਵਿਰਸੇ ਦੀ ਗਵਾਹੀ ਭਰਦੇ ਲੱਗਦੇ। ਮੁਹੰਮਦ ਸਦੀਕ ਤੇ ਰਣਜੀਤ ਕੌਰ ਦੇ ਡਿਊਟ ਸੁਣ ਕੇ ਗੱਭਰੂ, ਮੁਟਿਆਰਾਂ ਆਪਣੇ ਆਪ ਨੂੰ ਹੀਰਾਂ ਰਾਂਝਿਆਂ ਨਾਲ ਤਸ਼ਬੀਹਾਂ ਦਿੰਦੇ। ਨਰਿੰਦਰ ਬੀਬਾ ਦੀ ਲੰਮੀ ਹੇਕ ਸਾਹਮਣੇ ਲੋਕ ਸਾਹ ਲੈਣਾ ਭੁੱਲ ਜਾਂਦੇ। ਜਿੱਥੇ ਜਗਮੋਹਨ ਕੌਰ 'ਪੂਦਨੇ' ਨਾਲ ਕਰਾਰ ਭਰ ਦਿੰਦੀ ਸੀ; ਉੱਥੇ ਚਾਂਦੀ ਰਾਮ, ਸਵਰਨ ਲਤਾ, ਹਰਚਰਨ ਗਰੇਵਾਲ ਅਤੇ ਸੀਮਾ ਦੀ ਪੇਸ਼ਕਾਰੀ ਪੇਂਡੂ ਪੰਜਾਬ ਦਾ ਮੂੰਹੋਂ ਬੋਲਦਾ ਪ੍ਰਤੀਬਿੰਬ ਸਾਹਮਣੇ ਲਿਆ ਖਲਾਰਦੀ। ਸੁਰਿੰਦਰ ਕੌਰ ਅਤੇ ਆਸਾ ਸਿੰਘ ਮਸਤਾਨਾ ਵਿਰਸੇ ਦੇ ਦੂਤ ਵਜੋਂ ਵਿਚਰੇ।

ਗੱਲ ਕੀ, 'ਗੜਵਾ ਚਾਂਦੀ ਦਾ' ਅਤੇ 'ਮੈਂ ਵੀ ਜੱਟ ਲੁਧਿਆਣੇ ਦਾ' ਹਰ ਨਿਆਣੇ ਸਿਆਣੇ ਦੀ 'ਕਾਲਰ ਟੋਨ' ਬਣ ਚੁੱਕੀ ਸੀ।

ਕਹਿੰਦੇ ਨੇ ਸੰਗੀਤ ਹੱਦਾਂ ਦਾ ਮੁਹਤਾਜ ਨਹੀਂ ਹੁੰਦਾ। ਜ਼ਮੀਨੀ ਵਲਗਣਾਂ ਇਸ ਨੂੰ ਕੈਦ ਨਹੀਂ ਕਰ ਸਕੀਆਂ। ਭਾਸ਼ਾ ਕੋਈ ਵੀ ਹੋਵੇ, ਧੁਨਾਂ ਵਿਚ ਵੰਨਗੀਆਂ ਹੋਣ ਤਾਂ ਪੈਰ ਥਿਰਕਣ ਲੱਗ ਹੀ ਜਾਂਦੇ ਨੇ। ਪੱਛਮੀ ਸੱਭਿਆਚਾਰ ਵਿਚ ਮਾਈਕਲ ਜੈਕਸਨ, ਸ਼ਕੀਰਾ, ਬੀਟਲਜ, ਰੇਹਾਨਾ ਅਤੇ ਐਮੀਨਾਮ ਵਿਸ਼ਵ ਭਰ ਵਿਚ ਨਵੇਲੀਆਂ ਤੇ ਵਿਲੱਖਣ ਪੈੜਾਂ ਦੇ ਗਵਾਹ ਹਨ। ਸਾਡੇ ਆਪਣੇ ਮੁਹੰਮਦ ਰਫ਼ੀ, ਲਤਾ, ਕਿਸ਼ੋਰ ਦਾ, ਆਸ਼ਾ ਭੌਂਸਲੇ ਅਤੇ ਮਹਿੰਦਰ ਕਪੂਰ ਇਸੇ ਸੰਗੀਤ ਦੀ ਮਾਲਾ ਦੇ ਸੁੱਚੇ ਮੋਤੀ ਹੀ ਤਾਂ ਹਨ ਜਿਨ੍ਹਾਂ ਨੇ ਦੁਨੀਆ ਨੂੰ ਇੱਕ ਪਰਿਵਾਰ ਵਿਚ ਪਰੋਅ ਦਿੱਤਾ।

ਵਾਹਗਿਉਂ ਪਾਰਲਾ ਤਾਂ ਹੈ ਈ ਸਾਡਾ ਆਪਣਾ। ਜਿੰਨੀ ਸ਼ਿੱਦਤ ਨਾਲ ਮਾਣਕ ਦੀ ਤੂੰਬੀ ਲਹਿੰਦੇ ਪੰਜਾਬ ਵਿਚ ਰੂਹਾਂ ਨੂੰ ਵਿੰਨ੍ਹਦੀ ਆ, ਓਨੇ ਹੀ ਵੇਗ ਨਾਲ ਇੱਧਰਲੇ ਪੰਜਾਬ ਵਿਚ ਆਲਮ ਲੁਹਾਰ ਦਾ ਚਿਮਟਾ ਦਿਲਾਂ ਨੂੰ ਧੂਹ ਪਾਉਂਦੈ। ਗੁਲਾਮ ਅਲੀ, ਮਹਿਦੀ ਹਸਨ, ਨੁਸਰਤ ਸਾਹਿਬ, ਸ਼ੌਕਤ ਅਲੀ, ਰੇਸ਼ਮਾ ਅਤੇ ਨੂਰਜਹਾਂ ਸਾਡੀ ਆਪਣੀ ਤਹਿਜ਼ੀਬ ਦੇ ਹੀ ਤਾਂ ਨਾਇਕ ਹਨ। ਮਲਿਕਾ ਪੁਖਰਾਜ ਦਾ 'ਅਭੀ ਤੋ ਮੈਂ ਜਵਾਂ ਹੂੰ' ਸੁਣ ਕੇ ਕੋਈ ਦਿਲ ਅਣਭਿੱਜਿਆ ਰਹਿ ਸਕਦਾ ਹੈ?

ਸੰਗੀਤ ਨੂੰ ਪਵਿੱਤਰ ਲੈਅ ਦਾ ਦਰਜਾ ਪ੍ਰਾਪਤ ਹੈ। ਇਸ ਵਿਚ ਥੋੜ੍ਹਾ ਜਿਹਾ ਵੀ ਗੰਧਲਾਪਣ ਡੂੰਘੀ ਚੀਸ ਦਿੰਦੈ। ਲੱਚਰਤਾ ਅਤੇ ਵੈਲੀਪੁਣਾ ਵੱਡੀ ਸੱਟ ਮਾਰਦੇ ਨੇ। ਜ਼ਮਾਨਾ 'ਤਵੇ' ਤੋਂ 'ਚਿੱਪ' 'ਤੇ ਪਹੁੰਚ ਗਿਐ। 'ਪੌਪ' ਦੇ ਨਾਂ 'ਤੇ 'ਪਾਪ' ਪਰੋਸਿਆ ਜਾ ਰਿਹੈ। 'ਰੈਪ' ਦਾ ਸਮਝ ਤੇ ਸੂਝ ਨਾਲ ਕੋਈ ਰਿਸ਼ਤਾ ਨਹੀਂ। ਲੱਗਦੈ ਅਸੀਂ ਆਪਣੀਆਂ ਜੜ੍ਹਾਂ 'ਤੇ ਹਥਿਆਰ ਚਲਾ ਰਹੇ ਹਾਂ। ਗਲੇ ਦੀਆਂ ਸਰੋਦੀ ਧੁਨਾਂ ਦੀ ਥਾਂ ਚੀਕਾਂ ਮਾਰਦੇ ਯੰਤਰ ਲੈ ਰਹੇ ਨੇ। ਦਿਲੋਂ ਨਿੱਕਲੀ 'ਵਾਹ-ਵਾਹ' ਨੂੰ 'ਵਿਊਜ਼' ਨਾਲ ਨਾਪਿਆ ਜਾ ਰਿਹੈ। ਸਦਾ ਬਹਾਰ ਰਮਜ਼ਾਂ ਦੀ ਜਗ੍ਹਾ ਮਾਅਰਕਿਆਂ ਦੀ ਜਾਅਲਸਾਜ਼ੀ ਹੈ। ਸੱਚਮੁੱਚ ਸੰਗੀਤਕ ਮੰਜ਼ਿਲ ਹਰ ਕਿਸੇ ਦੇ ਵੱਸ ਵਿਚ ਨਹੀਂ।

ਸੰਤਾਲੀ ਦੀ ਵੰਡ ਨੇ ਪੰਜਾਬੀਆਂ ਨੂੰ ਡੂੰਘੇ ਸੱਲ ਦਿੱਤੇ ਨੇ ਪਰ ਅਜੇ ਵੀ ਕੋਈ ਆਸ ਦੀ ਚਿਣਗ ਜਗਦੀ ਰਹਿੰਦੀ ਹੈ। 'ਕਰੀਂ ਕਿਤੇ ਮੇਲ ਰੱਬਾ, ਦਿੱਲੀ ਤੇ ਲਾਹੌਰ ਦਾ।' ਥੋੜ੍ਹਾ ਸਮਾਂ ਪਹਿਲਾਂ ਜਾਗਦੀ ਜ਼ਮੀਰ ਵਾਲੇ ਕੁਝ ਜਗਿਆਸੂਆਂ ਨੇ ਚਿਤਵਿਆ ਸੀ ਕਿ ਚੜ੍ਹਦੇ ਤੇ ਲਹਿੰਦੇ ਪੰਜਾਬ ਦਾ ਸੰਗੀਤਕ ਅਦਾਨ ਪ੍ਰਦਾਨ ਬਿਨਾ ਕਿਸੇ ਰੋਕ ਟੋਕ ਦੇ ਹੋਵੇ। ਜਿੱਥੇ ਉੱਧਰਲੇ ਪਾਸੇ ਅਖਾੜਿਆਂ ਵਿਚ ਮਾਣਕ ਦੀ ਤੂੰਬੀ ਖੜਕੇ ਤੇ ਇੱਧਰ ਸਾਡੀਆਂ ਮਹਿਫ਼ਲਾਂ ਵਿਚ ਆਲਮ ਲੁਹਾਰ ਦਾ ਚਿਮਟਾ। ਆਓ ਜੋਦੜੀ ਕਰੀਏ! ਦੋਹਾਂ ਪਾਸੇ ਸੁਮੱਤ ਦੀ ਬਖ਼ਸ਼ਿਸ਼ ਹੋਵੇ। ਦਿਲਾਂ ਅਤੇ ਦਿਮਾਗ਼ਾਂ ਦੀ ਸਾਂਝ ਦੇ ਗਵਾਹ ਬਣੀਏ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 8 ਜੁਲਾਈ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-593



*ਦੱਸਦੀ ਹੈ ਤਸਵੀਰ ਬੋਲ ਕੇ, ਅੰਗਹੀਣ ਵੀ ਦਿਲ ਰੱਖਦੇ ਨੇ,*
*ਵਿਚ ਭਾਣੇ ਰਹਿ ਕੇ ਵੀ ਉਹ, ਰਿਸ਼ਤਿਆਂ ਜੋਗੀ ਥਾਂ ਰੱਖਦੇ ਨੇ।*
*ਲਾਚਾਰ ਬਿਮਾਰ ਮਾਂ ਦੇ ਮੂੰਹ, ਟੁੰਡੇ ਬਾਹਾਂ ਨਾ.ਲ ਚਮਚਾ ਪਾਵੇ,*
*ਭਾਵੇਂ ਸਰੀਰੋਂ ਖ਼ੁਦ ਆਰੀ ਹੈ, ਬਰਖ਼ੁਰਦਾਰ ਦਾ ਫਰਜ਼ ਨਿਭਾਵੇ।*

### ਕੈਪਸ਼ਨ ਮੁਕਾਬਲਾ-591



ਮਿਹਨਤ ਕਰਦਿਆਂ ਉਮਰ ਹੰਢਾਈ
ਵਾ.ਲ ਵੀ ਹੋ ਗਏ ਕਾਲਿਉਂ ਬੱਗੇ।
ਪਰ ਕਿਰਤ ਦਾ ਲੜ ਨੀਂ ਛੱਡਿਆ
ਹੱਥ ਨੀਂ ਅੱਡਿਆ ਕਿਸੇ ਦੇ ਅੱਗੇ।
ਸੰਤੁਸ਼ਟੀ ਵਾਲਾ ਚਾਨਣ ਮੁੱਖ 'ਤੇ
ਝੋਰਾ ਕਦੇ ਵੀ ਨੇੜ ਨਾ ਲੱਗੇ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਬੁੱਢੀ ਉਮਰੇ ਵੀ ਖਿੜਿਆ ਚੇਹਰਾ,
ਇੱਕ ਜੀਵਨ ਝਾਤ ਦਿਖਾਉਂਦਾ ਹੈ,
ਨਾ.ਲ ਮੁਸ਼ੱਕਤ ਹੈ ਉਮਰ ਲੰਘਾਈ,
ਜਿੱਤ ਸਬਰ ਸੰਤੋਖ ਹੀ ਪਾਉਂਦਾ ਹੈ।

ਨਾ ਕੋਈ ਗਿਲਾ ਸ਼ਿਕਵਾ ਜੱਗ 'ਤੇ,
ਨਾ ਹੀ ਵੱਧ ਮੁਕੱਦਰੋਂ ਚਾਹਿਆ ਹੈ,
ਮਿਲੀ ਜੋ ਰੁੱਖੀ ਮਿੱਸੀ ਹੱਸ ਖਾ ਕੇ,
ਬੱਸ ਰੱਬ ਦਾ ਸ਼ੁਕਰ ਮਨਾਇਆ ਹੈ।
***-ਸੇਵਾ ਸਿੰਘ "ਨੂਰਪੁਰੀ"***

---

ਤੀਲਾ ਤੀਲਾ ਜੋੜ ਕੇ ਮੈਂ
ਰੁਜ਼ਗਾਰ ਬਣਾ ਲਿਆ ਮੇਰਾ।
ਜ਼ਿੰਦਾਦਿਲੀ ਦੀ ਹਾਮੀ ਭਰਦਾ
ਹੱਸੂੰ ਹਸੂੰ ਕਰਦਾ ਚਿਹਰਾ।
ਸਿਰੜ ਨਾਲ ਹੰਢਾਈ ਜ਼ਿੰਦਗੀ
ਡਾਹ ਪਰਬਤ ਵਰਗਾ ਜੇਰਾ।
***-ਹਰਜੋਤ ਕੌਰ***
***ਫੋਨ: 734-883-6704***

---

ਮਨ ਦਰਪਣ ਹੈ ਜੱਗ ਸਾਰਾ
ਘਰ ਦਾ ਭਾਗ ਡਿਉੜੀ ਤੋਂ ਹੀ
ਪਤਾ ਲੱਗ ਜਾਂਦਾ
ਧੁਰ ਅੰਦਰੋਂ ਖੁਸ਼ ਹੇ ਬੇਬੇ
ਬੁੱਢੇ ਬਾਰੇ ਵੀ ਖੁਦ ਹੱਥੀਂ ਕੰਮ ਕਰ
ਰੋਟੀ ਪਾਣੀ ਦਾ ਜੁਗਾੜ ਹੈ ਕਰਦੀ
ਗੁਆਂਢੀਆਂ ਤੋਂ ਦਾਲ ਮੰਗਕੇ ਨੀਂ ਖਾਧੀ
ਸਿਰ ਉੱਚਾ ਅਤੇ ਜ਼ਿੰਦਗੀ ਹੈ ਲੰਮੇਰੀ।
***-ਦਰਸ਼ਨ ਪਾਲ ਦੋਸਾਂਝ***
ਜ਼ਿੰਦਾਦਿਲੀ ਹੀ ਜ਼ਿੰਦਗੀ ਦੀ ਸਜਾਵਟ
ਉਮਰ ਨਾ ਬਣੇ ਕਦੀ ਰੁਕਾਵਟ।
ਰਹੀ ਹਿੰਮਤ ਜਿਨ੍ਹਾਂ ਦੇ ਪੱਲੇ
ਵਧਦੀ ਉਮਰ ਹੋਵੇ ਨਾ ਥਕਾਵਟ।
***-ਸਤੀਸ਼ ਕੌਰ ਥਿੰਦ***
***ਫੋਨ: 925-858-1214***

**To Advertise with Punjab Times Call:**
**847-359-0746**
**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**ਫੋਨ: 847-359-0746**

# ਮੋਦੀ ਦਾ ਅਮਰੀਕਾ ਦੌਰਾ ਅਤੇ ਪੱਖਪਾਤੀ ਭਾਰਤੀ ਮੀਡੀਆ

**ਚਿਰਾਂ ਤੋਂ ਚਰਚਾ ਚੱਲ ਰਹੀ ਹੈ ਕਿ ਮੋਦੀ ਸਰਕਾਰ ਨੇ ਭਾਰਤੀ ਮੀਡੀਆ ਦੇ ਵੱਡੇ ਹਿੱਸੇ ਨੂੰ ਆਪਣੇ ਕਾਬੂ ਹੇਠ ਕਰ ਲਿਆ ਹੋਇਆ ਹੈ। ਇਸ ਦਾ ਤਾਜ਼ਾ ਸਬੂਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੌਰਾਨ ਦੌਰਾਨ ਮਿਲਿਆ ਹੈ। ਭਾਰਤੀ ਮੀਡੀਆ ਦੇ ਇਨ੍ਹਾਂ ਹਿੱਸਿਆਂ ਨੇ ਉਹੀ ਕੁਝ ਦਿਖਾਇਆ ਜੋ ਮੋਦੀ ਸਰਕਾਰ ਚਾਹੁੰਦੀ ਸੀ ਪਰ ਇਸ ਲੇਖ ਵਿਚ ਰਾਵਿੰਦਰ ਪਟਵਾਲ ਨੇ ਉਹ ਸਭ ਕੁਝ ਸਾਹਮਣੇ ਲਿਆਉਣ ਦਾ ਯਤਨ ਕੀਤਾ ਹੈ ਜਿਸ ਦੀ ਚਰਚਾ ਭਾਰਤ ਦੇ ਇਸ ਮੁੱਖਧਾਰਾ ਮੀਡੀਆ ਨੇ ਉਕਾ ਹੀ ਨਹੀਂ ਕੀਤੀ। ਇਸ ਖਾਸ ਲੇਖ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।**










*ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਵਾਹਨਾਂ ਉਤੇ ਲੱਗੇ ਬੋਰਡ ਜੋ ਹਕੀਕਤ ਬਿਆਨ ਕਰ ਰਹੇ ਹਨ।*

**ਰਾਵਿੰਦਰ ਪਟਵਾਲ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਇਕ ਐਂਕਰ ਪੱਤਰਕਾਰ ਹੈ ਸੁਧੀਰ ਚੌਧਰੀ ਜਿਸ ਤੋਂ ਪੂਰਾ ਮੁਲਕ ਜਾਣੂ ਹੈ। ਪ੍ਰਧਾਨ ਮੰਤਰੀ ਮੋਦੀ ਦੇ ਅਮਰੀਕਾ ਦੌਰੇ ਬਾਰੇ ਉਹ ਕਹਿੰਦਾ ਹੈ, "ਬਾਇਡੇਨ ਮੋਦੀ ਨੂੰ ਮਿਲਣ ਲਈ ਇੰਨੇ ਬੇਚੈਨ ਕਿਉਂ ਹਨ?" ਇੰਡੀਆ ਟੀ.ਵੀ. ਦੇ ਰਜਤ ਸਰਮਾ ਨੇ ਟਵੀਟ ਕੀਤਾ: (1) ਮੋਦੀ ਨੇ ਸੰਯੁਕਤ ਰਾਸ਼ਟਰ ਵਿਚ ਯੋਗ ਕੀਤਾ, ਵਿਸ਼ਵ ਰਿਕਾਰਡ ਬਣਾਇਆ ਪਰ ਕਾਂਗਰਸ ਨੇ ਮੋਦੀ ਦੇ ਯੋਗ ਦਾ ਮਜ਼ਾਕ ਉਡਾਇਆ। (2) ਐਲਨ ਮਸਕ ਨੇ ਕਿਹਾ, ਮੈਂ ਮੋਦੀ ਦਾ ਪ੍ਰਸ਼ੰਸਕ ਹਾਂ; ਅਮਰੀਕੀ ਵਿਗਿਆਨੀਆਂ ਨੇ ਕਿਹਾ, 'ਮੋਦੀ ਲਈ ਸਕਾਈ ਇਜ ਨਾਟ ਦ ਲਿਮਿਟ'। (3) ਬਾਇਡੇਨ ਨੇ ਜ਼ੀ-ਜਿਨ ਪਿੰਗ ਨੂੰ ਕਿਹਾ- 'ਤਾਨਾਸ਼ਾਹ', ਰਾਤ ਨੂੰ ਮੋਦੀ ਨੂੰ ਨਿੱਜੀ ਤੌਰ 'ਤੇ ਰਾਤ ਦੇ ਖਾਣੇ ਲਈ ਸੱਦਾ ਦਿੱਤਾ।

ਅੱਜ ਭਾਰਤੀ ਮੀਡੀਆ ਦੱਸ ਰਿਹਾ ਹੈ ਕਿ ਕਿਵੇਂ ਰਾਸ਼ਟਰਪਤੀ ਬਾਇਡੇਨ ਅਤੇ ਉਨ੍ਹਾਂ ਦੀ ਪਤਨੀ ਨੇ ਰਾਤ ਦੇ ਸ਼ਾਹੀ ਖਾਣੇ ਦਾ ਪ੍ਰਬੰਧ ਕੀਤਾ ਸੀ। ਉਥੇ ਸ਼ਾਕਾਹਾਰੀ ਭੋਜਨ ਦੀ ਕੀ-ਕੀ ਵੰਨਗੀ ਸੀ। ਡੀ.ਡੀ. ਨਿਊਜ਼ ਦਾ ਅਸ਼ੋਕ ਸ੍ਰੀਵਾਸਤਵ ਲਗਾਤਾਰ ਆਪਣੇ ਟਵੀਟਾਂ ਰਾਹੀਂ ਪਲ-ਪਲ ਦੀ ਖ਼ਬਰ ਆਪਣੇ ਫਾਲੋਅਰ ਨੂੰ ਭੇਜ ਰਿਹਾ ਹੈ, ਜਿਵੇਂ ਉਨ੍ਹਾਂ ਨੂੰ ਇਹ ਪਲ ਦੁਬਾਰਾ ਨਹੀਂ ਮਿਲੇਗਾ।

ਪਰ ਸ਼ਾਇਦ ਹੀ ਕੋਈ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਅਮਰੀਕਨ ਮੀਡੀਆ ਵਿਚ ਇਸ ਦੌਰੇ ਨੂੰ ਲੈ ਕੇ ਕੀ ਲਿਖਿਆ ਅਤੇ ਕੀ ਕਿਹਾ ਜਾ ਰਿਹਾ ਹੈ। 70 ਤੋਂ ਜ਼ਿਆਦਾ ਅਮਰੀਕੀ ਸੰਸਦ ਮੈਂਬਰਾਂ ਅਤੇ ਕਾਂਗਰਸਮੈਨਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਘਰੇਲੂ ਨੀਤੀਆਂ ਉੱਪਰ ਸਖ਼ਤ ਇਤਰਾਜ਼ ਦਰਜ ਕਰਾਉਂਦੇ ਹੋਏ ਬਾਇਡੇਨ ਤੋਂ ਮੰਗ ਕੀਤੀ ਗਈ ਹੈ ਕਿ ਉਹ ਭਾਰਤ ਵਿਚ ਲੋਕਤੰਤਰ ਦੇ ਤੇਜ਼ੀ ਨਾਲ ਪਤਨ ਉੱਪਰ ਜਨਤਕ ਅਤੇ ਨਿੱਜੀ ਤੌਰ 'ਤੇ ਚਿੰਤਾ ਜ਼ਾਹਿਰ ਕਰੇ।

ਡੈਮੋਕ੍ਰੇਟਿਕ ਪਾਰਟੀ ਦੇ ਪ੍ਰਮੁੱਖ ਅਮਰੀਕਨ ਨੇਤਾ ਅਤੇ ਦੋ ਵਾਰ ਅਮਰੀਕਨ ਰਾਸ਼ਟਰਪਤੀ ਦੇ ਅਹੁਦੇ ਦੀ ਦੌੜ 'ਚ ਸਿਖ਼ਰ 'ਤੇ ਪਹੁੰਚ ਕੇ ਆਖ਼ਰੀ ਸਮੇਂ 'ਤੇ ਬਾਹਰ ਹੋਏ ਬਰਨੀ ਸੈਂਡਰਸ ਨੇ ਸਪਸ਼ਟ ਸ਼ਬਦਾਂ ਵਿਚ ਮੋਦੀ ਦੀ ਆਲੋਚਨਾ ਕਰਦੇ ਹੋਏ ਟਵੀਟ ਕੀਤਾ, "ਪ੍ਰਧਾਨ ਮੰਤਰੀ ਮੋਦੀ ਦੀ ਸਰਕਾਰ ਨੇ ਪ੍ਰੈੱਸ ਅਤੇ ਸਿਵਲ ਸੁਸਾਇਟੀ ਉੱਪਰ ਬਹੁਤ ਜ਼ੁਲਮ ਕੀਤੇ ਹਨ, ਆਪਣੇ ਸਿਆਸੀ ਵਿਰੋਧੀਆਂ ਨੂੰ ਜੇਲ੍ਹਾਂ ਵਿਚ ਸੁੱਟਿਆ ਹੈ ਅਤੇ ਹਮਲਾਵਰ ਹਿੰਦੂ ਰਾਸ਼ਟਰਵਾਦ ਨੂੰ ਸ਼ਹਿ ਦੇਣ ਦਾ ਕੰਮ ਕਰ ਕੇ ਭਾਰਤ ਦੀਆਂ ਧਾਰਮਿਕ ਘੱਟਗਿਣਤੀਆਂ ਲਈ ਕੋਈ ਥਾਂ ਨਹੀਂ ਛੱਡੀ ਹੈ। ਬਾਇਡੇਨ ਨੂੰ ਮੋਦੀ ਨਾਲ ਮੀਟਿੰਗ ਵਿਚ ਇਹ ਸਵਾਲ ਉਠਾਉਣੇ ਚਾਹੀਦੇ ਹਨ।"

ਮਨੀਪੁਰ ਹਿੰਸਾ ਦਾ ਮੁੱਦਾ ਵੀ ਅਮਰੀਕਾ ਦੀਆਂ ਸੜਕਾਂ 'ਤੇ ਗੂੰਜ ਰਿਹਾ ਹੈ। ਮਨੀਪੁਰ ਮੂਲ ਦੀਆਂ ਪਰਵਾਸੀ ਔਰਤਾਂ, ਬੱਚਿਆਂ ਅਤੇ ਨੌਜਵਾਨਾਂ ਨੇ ਹੱਥਾਂ ਵਿਚ ਤਖ਼ਤੀਆਂ ਲੈ ਕੇ ਸਵਾਲ ਪੁੱਛੇ: "ਪੀਐਮ ਮੋਦੀ ਚੁੱਪ ਕਿਉਂ ਹੈ", "ਮਨੀਪੁਰ ਨੂੰ ਬਚਾਓ" ਅਤੇ "ਅਸੀਂ ਮਨੀਪੁਰ ਵਿਚ ਸ਼ਾਂਤੀ ਚਾਹੁੰਦੇ ਹਾਂ" ਵਰਗੀਆਂ ਮੰਗਾਂ ਵਾਲੀਆਂ ਤਖ਼ਤੀਆਂ ਲਈ ਖੜ੍ਹੇ ਲੋਕ ਜੋ ਸਵਾਲ ਉਠਾ ਰਹੇ ਹਨ, ਉਹ ਭਾਰਤ ਦੀ ਸਾਖ਼ ਨੂੰ ਕਲੰਕਿਤ ਕਰਦੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ 100 ਤੋਂ ਵੱਧ ਮੌਤਾਂ ਨਾਲ ਮੈਤੇਈ ਅਤੇ ਕੁਕੀ ਭਾਈਚਾਰਿਆਂ ਵਿਚਕਾਰ ਪਾੜਾ ਇੰਨਾ ਡੂੰਘਾ ਹੋ ਗਿਆ ਹੈ ਕਿ ਇਸ ਨੂੰ ਪੂਰਨਾ ਲੱਗਭੱਗ ਅਸੰਭਵ ਹੈ। ਮੋਦੀ ਨੇ ਮਨੀਪੁਰ ਨੂੰ ਲੈ ਕੇ ਇਕ ਵਾਰ ਵੀ ਟਵੀਟ ਨਹੀਂ ਕੀਤਾ, ਮੂੰਹ ਖੋਲ੍ਹਣ ਦੀ ਗੱਲ ਤਾਂ ਛੱਡੋ।




*ਮਨੀਪੁਰ ਹਿੰਸਾ ਖਿਲਾਫ ਰੋਸ ਪ੍ਰਗਟ ਕਰ ਰਹੇ ਲੋਕ।*

ਪਿਛਲੀ ਵਾਰ ਜਦੋਂ ਅਮਰੀਕਾ ਦੇ ਸਾਬਕਾ ਰਾਸਟਰਪਤੀ ਡੋਨਾਲਡ ਟਰੰਪ ਨੂੰ ਅਮਰੀਕਾ ਵਿਚ ਮਹਾਦੋਸ਼ ਦੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ ਤਾਂ ਉਸ ਦੇ ਪਰਮ ਮਿੱਤਰ ਮੋਦੀ ਨੇ ਤੁਰੰਤ ਭਾਰਤ ਵਿਚ ਚੁਟਕੀ ਵਿਚ ਉਨ੍ਹਾਂ ਲਈ ਸ਼ਾਨਦਾਰ ਸਵਾਗਤ ਦਾ ਇੰਤਜ਼ਾਮ ਕੀਤਾ ਸੀ। ਦੁਨੀਆ ਦੇ ਸਭ ਤੋਂ ਵੱਡੇ ਕ੍ਰਿਕਟ ਸਟੇਡੀਅਮ, ਵੱਲਭਭਾਈ ਪਟੇਲ ਸਟੇਡੀਅਮ ਜਿਸ ਦਾ ਨਾਂ ਹੁਣ ਨਰਿੰਦਰ ਮੋਦੀ ਦੇ ਨਾਂ 'ਤੇ ਰੱਖਿਆ ਗਿਆ ਹੈ, ਵਿਚ ਟਰੰਪ ਦਾ ਜਿਵੇਂ ਸ਼ਾਨਦਾਰ ਸਵਾਗਤ ਕੀਤਾ ਗਿਆ, ਉਹ ਟਰੰਪ ਲਈ ਅਮਰੀਕਾ ਵਿਚ ਆਪਣੀ ਆਲਮੀ ਸਾਖ਼ ਨੂੰ ਸਾਬਤ ਕਰਨ ਦਾ ਸੰਦ ਸਾਬਤ ਹੋਇਆ ਸੀ ਪਰ ਟਰੰਪ ਦੇ ਦਿੱਲੀ ਦੌਰੇ ਦੌਰਾਨ ਉਤਰ-ਪੂਰਬੀ ਦਿੱਲੀ ਵਿਚ ਹੋਏ ਦੰਗਿਆਂ ਦਾ ਸੇਕ ਉਦੋਂ ਵੀ ਅਮਰੀਕਾ ਦੇ ਨਾਗਰਿਕਾਂ ਨੇ ਮਹਿਸੂਸ ਕੀਤਾ ਸੀ।

ਇਹ ਜੱਗ ਜ਼ਾਹਿਰ ਹੈ ਕਿ 2020 ਤੋਂ ਬਾਅਦ 2023 'ਚ ਵੀ ਭਾਰਤ ਦਾ ਇਕ ਸੂਬਾ ਪੂਰੀ ਤਰ੍ਹਾਂ ਅੱਗ ਦੀ ਲਪੇਟ 'ਚ ਹੈ ਅਤੇ ਮੋਦੀ ਟੋਕੀਓ 'ਚ ਜੀ-7 ਦੀ ਮੀਟਿੰਗ 'ਚ ਮਹਿਮਾਨ ਦੇ ਤੌਰ 'ਤੇ ਜਾਣ ਤੋਂ ਹੀ ਨਹੀਂ ਰੁਕਦਾ ਸਗੋਂ ਆਸਟਰੇਲੀਆ ਵਿਚ ਰੱਦ ਹੋ ਚੁੱਕੀ ਮੀਟਿੰਗ (ਜੋ ਬਾਇਡੇਨ ਦੀ ਘਰੇਲੂ ਆਰਥਿਕ ਸਮੱਸਿਆ ਕਾਰਨ ਸੀ) ਦੇ ਬਾਵਜੂਦ ਤਿੰਨ ਦਿਨ ਲਈ ਖ਼ੁਸ਼ੀ-ਖ਼ੁਸ਼ੀ ਚਲਾ ਗਿਆ। ਅਸੀਂ ਆਮ ਭਾਰਤੀ ਸ਼ਾਇਦ ਇਨ੍ਹਾਂ ਗੱਲਾਂ ਨੂੰ ਇਸ ਕਰ ਕੇ ਨਹੀਂ ਸਮਝ ਸਕਦੇ ਕਿਉਂਕਿ ਗੋਦੀ ਮੀਡੀਆ ਰਾਹੀਂ ਸਾਨੂੰ ਹਮੇਸ਼ਾ ਉਹੀ ਖ਼ਬਰਾਂ ਪਰੋਸੀਆਂ ਜਾਂਦੀਆਂ ਹਨ, ਜਿਸ ਕਾਰਨ ਸਾਡੀ ਸੋਚਣ-ਸਮਝਣ ਦੀ ਤਾਕਤ ਖੁੰਢੀ ਹੁੰਦੀ ਜਾਂਦੀ ਹੈ।

ਅਮਰੀਕਾ ਦੀਆਂ ਸੜਕਾਂ ਉੱਪਰ ਇਕ ਵੈਨ ਨੂੰ ਇਕ ਚਲਦੀ ਫਿਲਮ ਬਣਾ ਦਿੱਤਾ ਗਿਆ ਹੈ। ਇਸ ਵਿਚ ਭਾਰਤ ਵਿਚ ਅੰਤਰਰਾਸ਼ਟਰੀ ਔਰਤ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਉੱਪਰ ਪੀਐੱਮ ਮੋਦੀ ਦੀ ਪਾਰਟੀ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਸਿੰਘ ਉੱਪਰ ਲੱਗੇ ਦੋਸ਼ਾਂ ਬਾਬਤ ਮੋਦੀ ਦੀ ਚੁੱਪ ਨੂੰ ਦਿਖਾਇਆ ਜਾ ਰਿਹਾ ਹੈ। ਆਲਮੀ ਮਨੁੱਖੀ ਅਧਿਕਾਰ ਸੰਗਠਨ ਭਾਰਤ ਵਿਚ ਪਾਬੰਦੀਸ਼ੁਦਾ ਬੀਬੀਸੀ ਦਸਤਾਵੇਜ਼ੀ ਨਿਊਯਾਰਕ ਵਿਚ ਦਿਖਾ ਰਹੇ ਹਨ। ਇਹ ਸਾਰੀਆਂ ਗੱਲਾਂ ਸ਼ਾਇਦ ਹੀ ਭਾਰਤ ਦੇ 10% ਹਿੱਸੇ ਤੱਕ ਪਹੁੰਚਣ। ਅੰਤਰਰਾਸ਼ਟਰੀ ਯੋਗ ਦਿਵਸ 'ਤੇ ਮਿਸਟਰ ਮੋਦੀ ਨੇ ਯੋਗ ਨੂੰ ਲੋਕਾਂ ਨੂੰ ਆਪਸ ਵਿਚ ਜੋੜਨ ਵਾਲਾ ਦੱਸ ਕੇ ਖ਼ੂਬ ਵਾਹ-ਵਾਹ ਖੱਟੀ ਹੈ ਪਰ ਕੁਝ ਲੋਕ ਸਵਾਲ ਕਰ ਰਹੇ ਹਨ ਕਿ ਜੇਕਰ ਯੋਗ ਨਾਲ ਲੋਕਾਂ ਨੂੰ ਜੋੜਿਆ ਜਾ ਸਕਦਾ ਹੈ ਤਾਂ ਤੁਸੀਂ ਮਨੀਪੁਰ ਦੇ ਲੋਕਾਂ ਨੂੰ ਜੋੜਨ ਲਈ ਅਜੇ ਤੱਕ ਇਕ ਵੀ ਕੋਸ਼ਿਸ਼ ਕਿਉਂ ਨਹੀਂ ਕੀਤੀ?

ਸੈਨੇਟਰ ਕੋਰੀ ਬੁਸ ਨੇ ਆਪਣੇ ਟਵੀਟ ਵਿਚ ਤਿੱਖੀ ਆਲੋਚਨਾ ਕਰਦੇ ਹੋਏ ਕਿਹਾ, "ਪ੍ਰਧਾਨ ਮੰਤਰੀ ਮੋਦੀ ਦਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਸ਼ਰਮਨਾਕ ਇਤਿਹਾਸ ਹੈ, ਲੋਕਤੰਤਰ ਨੂੰ ਤਾਕ 'ਤੇ ਰੱਖਣ ਅਤੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਦੇ ਮਾਮਲੇ 'ਚ ਸ਼ਰਮਨਾਕ ਇਤਿਹਾਸ ਰਿਹਾ ਹੈ। ਮੋਦੀ ਅਤੇ ਉਸ ਦੀਆਂ ਨੀਤੀਆਂ ਨੇ ਜਿਨ੍ਹਾਂ ਭਾਈਚਾਰਿਆਂ ਨੂੰ ਸਤਾਇਆ ਹੈ ਉਨ੍ਹਾਂ ਨਾਲ ਇਕਜੁੱਟਤਾ ਦਿਖਾਉਂਦੇ ਹੋਏ ਮੈਂ ਕਾਂਗਰਸ ਦੀ ਸਾਂਝੀ ਸਭਾ ਦੇ ਸੰਬੋਧਨ ਦਾ ਬਾਈਕਾਟ ਕਰ ਰਹੀ ਹਾਂ।"

ਇਕ ਹੋਰ ਔਰਤ ਸੰਸਦ ਮੈਂਬਰ ਰਸ਼ੀਦਾ ਤਲੈਬ ਦਾ ਟਵੀਟ ਗ਼ੌਰ ਕਰਨ ਵਾਲਾ ਹੈ, "ਇਹ ਸ਼ਰਮਨਾਕ ਹੈ ਕਿ ਮੋਦੀ ਨੂੰ ਸਾਡੀ ਕੌਮੀ ਰਾਜਧਾਨੀ ਵਿਚ ਇਕ ਮੰਚ ਦਿੱਤਾ ਜਾ ਰਿਹਾ ਹੈ - ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਗੈਰ-ਜਮਹੂਰੀ ਕਾਰਵਾਈਆਂ, ਮੁਸਲਮਾਨਾਂ ਅਤੇ ਧਾਰਮਿਕ ਘੱਟਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਅਤੇ ਪੱਤਰਕਾਰਾਂ 'ਤੇ ਪਾਬੰਦੀ ਲਗਾਉਣ ਦਾ ਉਸ ਦਾ ਲੰਮਾ ਇਤਿਹਾਸ ਹੈ ਜੋ ਬਿਲਕੁਲ ਹੀ ਸਵੀਕਾਰ ਨਹੀਂ ਕੀਤਾ ਜਾ ਸਕਦਾ। ਮੈਂ ਮੋਦੀ ਵੱਲੋਂ ਕਾਂਗਰਸ ਨੂੰ ਸਾਂਝਾ ਸੰਬੋਧਨ ਕਰਨ ਦਾ ਬਾਈਕਾਟ ਕਰਦੀ ਹਾਂ।"

ਅਰਜੁਨ ਸੇਠੀ ਨਾਂ ਦੇ ਇਕ ਸਮਾਜ ਸੇਵੀ ਨੇ ਪੀਐੱਮ ਮੋਦੀ ਉੱਪਰ ਲੱਗੇ ਦੋਸ਼ਾਂ ਦੀ ਤਸਵੀਰ ਅਮਰੀਕਾ ਦੀਆਂ ਸੜਕਾਂ ਉੱਪਰ ਇਕ ਚਲਦੇ-ਫਿਰਦੇ ਟਰੱਕ ਉੱਪਰ ਵੀਡੀਓ ਦੇ ਮਾਧਿਅਮ ਰਾਹੀਂ ਦਿਖਾਈ ਹੈ। ਮੋਬਾਈਲ ਟਰੱਕ ਵਿਚ ਘੁੰਮਦੇ ਹੋਏ ਬਾਇਡੇਨ ਤੋਂ ਕੁਝ ਸਵਾਲ ਪੁੱਛੇ ਹਨ: 'ਹੇ ਜੋਅ, ਸਵਾਲ: 2005-2014 ਤੱਕ ਮੋਦੀ ਦੇ ਅਮਰੀਕਾ 'ਚ ਦਾਖ਼ਲ ਹੋਣ ਉੱਪਰ ਪਾਬੰਦੀ ਕਿਉਂ ਲਗਾਈ ਗਈ ਸੀ? ਜਵਾਬ: ਧਾਰਮਿਕ ਆਜ਼ਾਦੀ ਦੀ ਗੰਭੀਰ ਉਲੰਘਣਾ ਦਾ ਦੋਸ਼ ਸੀ। ਨਾਲ ਹੀ ਹੇਠਾਂ ਲਿਖਿਆ ਹੈ ਕਿ ਮੋਦੀ ਹੀ ਇਕੱਲਾ ਅਜਿਹਾ ਵਿਅਕਤੀ ਹੈ ਜਿਸ ਨੂੰ ਇਸ ਆਧਾਰ 'ਤੇ ਵੀਜ਼ਾ ਨਹੀਂ ਦਿੱਤਾ ਗਿਆ ਸੀ।

#CrimeMinisterOfIndia
#BrijBhushanSingh
#JusticeDelayedJusticeDenied

ਵਰਗੇ ਹੈਸ਼ਟੈਗ ਨਾਲ ਇਸ ਟਰੱਕ ਨੂੰ ਅਮਰੀਕਨ ਨਾਗਰਿਕ ਨਿਊਯਾਰਕ ਦੀਆਂ ਸੜਕਾਂ ਉੱਪਰ ਦੇਖ ਰਹੇ ਹਨ।

20 ਜੂਨ, 2023 ਨੂੰ ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਨੂੰ ਲਿਖੀ ਚਿੱਠੀ ਵਿਚ ਅਮਰੀਕੀ ਨੁਮਾਇੰਦਾ ਪ੍ਰਮਿਲਾ ਜੈਪਾਲ ਅਤੇ ਸੈਨੇਟਰ ਕ੍ਰਿਸ ਵੇਲ ਹੋਲੇਨ ਦੇ ਨਾਲ 70 ਤੋਂ ਵੱਧ ਨੁਮਾਇੰਦਿਆਂ ਅਤੇ ਸੈਨੇਟਰਾਂ ਨੇ ਉਸ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮਿਲਣੀ ਸਮੇਂ ਮਨੁੱਖੀ ਅਧਿਕਾਰਾਂ ਅਤੇ ਜਮਹੂਰੀ ਅਧਿਕਾਰਾਂ ਬਾਰੇ ਚਰਚਾ ਕਰਨ ਲਈ ਜ਼ੋਰ ਪਾਇਆ ਹੈ। ਚਿੱਠੀ ਵਿਚ ਦੁਨੀਆ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਪੁਰਾਣੇ ਲੋਕਤੰਤਰ ਦਰਮਿਆਨ ਨਜ਼ਦੀਕੀ ਸੰਬੰਧਾਂ ਅਤੇ ਸਾਂਝੇ ਲੋਕਤੰਤਰੀ ਮੁੱਲਾਂ ਦਾ ਹਵਾਲਾ ਦਿੰਦੇ ਹੋਏ ਕਵੈਡ ਦੇ ਮਹੱਤਵਪੂਰਨ ਮੈਂਬਰ ਵਜੋਂ ਭਾਰਤ ਦੀ ਭੂਮਿਕਾ ਨੂੰ ਸਵੀਕਾਰ ਕੀਤਾ ਗਿਆ ਹੈ ਪਰ ਇਸ ਦੇ ਨਾਲ ਹੀ ਚਿੱਠੀ ਵਿਚ ਕਿਹਾ ਗਿਆ ਹੈ ਕਿ ਮਜ਼ਬੂਤ ਅਮਰੀਕੀ-ਭਾਰਤੀ ਸੰਬੰਧਾਂ ਦਾ ਜ਼ੋਰਦਾਰ ਹਮਾਇਤੀ ਹੋਣ ਦੇ ਨਾਲ-ਨਾਲ ਸਾਡਾ ਤਕਾਜ਼ਾ ਇਹ ਵੀ ਹੈ ਕਿ ਦੋਸਤਾਂ ਨੂੰ ਆਪਸ ਵਿਚ ਆਪਣੇ ਮੱਤਭੇਦਾਂ ਬਾਰੇ ਖੁੱਲ੍ਹ ਕੇ ਅਤੇ ਇਮਾਨਦਾਰੀ ਨਾਲ ਗੱਲਬਾਤ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਮੱਤਭੇਦਾਂ ਨੂੰ ਦੂਰ ਕਰਨਾ ਚਾਹੀਦਾ ਹੈ।

ਰਾਸਟਰਪਤੀ ਬਾਇਡੇਨ ਨੂੰ ਲਿਖੇ ਇੱਕ ਪੱਤਰ ਵਿਚ ਅਮਰੀਕੀ ਸੰਸਦ ਮੈਂਬਰਾਂ ਦਾ ਸਪੱਸ਼ਟ ਵਿਚਾਰ ਹੈ ਕਿ "ਅਸੀਂ ਭਾਰਤ ਵਿਚ ਸਿਆਸੀ ਮਾਹੌਲ ਦੇ ਲਗਾਤਾਰ ਸੁੰਗੜਨ ਬਾਰੇ ਕਈ ਨਿਰਪੱਖ ਅਤੇ ਭਰੋਸੇਯੋਗ ਰਿਪੋਰਟਾਂ ਤੋਂ ਜਾਣੂ ਹਾਂ। ਭਾਰਤ ਵਿਚ ਮਨੁੱਖੀ ਹੱਕਾਂ ਬਾਰੇ ਬਦੇਸ਼ ਮੰਤਰਾਲੇ ਦੀ 2022 ਦੀ ਰਿਪੋਰਟ ਰਾਜਨੀਤਕ ਹੱਕਾਂ ਅਤੇ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਪਾਬੰਦੀਆਂ ਨੂੰ ਉਜਾਗਰ ਕਰਦੀ ਹੈ। ਇਸੇ ਤਰ੍ਹਾਂ, ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਦੇ ਸਵਾਲ ਉੱਪਰ ਬਦੇਸ਼ ਵਿਭਾਗ ਦੀ 2022 ਦੀ ਰਿਪੋਰਟ ਵਿਚ ਭਾਰਤ ਵਿਚ ਘੱਟਗਿਣਤੀਆਂ ਵਿਰੁੱਧ ਵਧ ਰਹੀ ਧਾਰਮਿਕ ਅਸਹਿਣਸ਼ੀਲਤਾ ਅਤੇ ਨਿੱਜੀ ਤੇ ਸਰਕਾਰੀ ਚੈਨਲਾਂ ਰਾਹੀਂ ਧਾਰਮਿਕਤਾ ਆਧਾਰਿਤ ਹਿੰਸਾ ਦੀਆਂ ਘਟਨਾਵਾਂ ਦੇਖਣ 'ਚ ਆਈਆਂ ਹਨ।"

ਅਮਰੀਕਨ ਸੰਸਦ ਮੈਂਬਰਾਂ ਨੇ ਆਪਣੀ ਰਿਪੋਰਟ ਵਿਚ ਕਿਹਾ ਕਿ "ਰਿਪੋਰਟਰਜ਼ ਵਿਦਆਊਟ ਬਾਰਡਰਜ਼ ਨੇ ਆਪਣੀ ਰਿਪੋਰਟ ਵਿਚ ਦੱਸਿਆ ਹੈ ਕਿ ਭਾਰਤ ਜਿਸ ਨੂੰ ਪਿਛਲੇ ਸਮੇਂ ਵਿਚ ਇਸ ਦੀ ਸੁਤੰਤਰ ਅਤੇ ਜਿਉਂਦੀ-ਜਾਗਦੀ ਪ੍ਰੈੱਸ ਲਈ ਜਾਣਿਆ ਜਾਂਦਾ ਸੀ, ਅੱਜ ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ ਵਿਚ ਇਸ ਦੀ ਦਰਜਾਬੰਦੀ ਕਾਫ਼ੀ ਗਿਰ ਗਈ ਹੈ। ਇੰਨਾ ਹੀ ਨਹੀਂ, ਐਕਸੈੱਸ ਨਾਓ ਅਨੁਸਾਰ, ਦੁਨੀਆ ਵਿਚ ਸਭ ਤੋਂ ਵੱਧ ਇੰਟਰਨੈੱਟ ਬੰਦ ਕਰਨ ਦੇ ਮਾਮਲੇ ਵਿਚ ਭਾਰਤ ਲਗਾਤਾਰ ਪੰਜ ਸਾਲਾਂ ਤੋਂ ਸਿਖ਼ਰਲੇ ਸਥਾਨ 'ਤੇ ਚਲਿਆ ਆ ਰਿਹਾ ਹੈ।

ਚਿੱਠੀ ਦੇ ਆਖ਼ਰੀ ਪੈਰੇ ਵਿਚ ਲਿਖਿਆ ਹੈ: "ਅਸੀਂ ਅਮਰੀਕਾ ਵਿਚ ਪ੍ਰਧਾਨ ਮੰਤਰੀ ਮੋਦੀ ਦਾ ਸਵਾਗਤ ਕਰਨ ਵਿਚ ਤੁਹਾਡੇ ਨਾਲ ਹਾਂ। ਅਸੀਂ ਭਾਰਤ ਅਤੇ ਸੰਯੁਕਤ ਰਾਜ ਦੇ ਲੋਕਾਂ ਦਰਮਿਆਨ ਡੂੰਘੇ ਅਤੇ ਨਿੱਘੇ ਸਬੰਧਾਂ ਦੇ ਹਮਾਇਤੀ ਹਾਂ। ਅਸੀਂ ਚਾਹੁੰਦੇ ਹਾਂ ਕਿ ਸਾਡਾ ਰਿਸ਼ਤਾ ਆਪਸੀ ਹਿੱਤਾਂ ਤੱਕ ਸੀਮਤ ਨਾ ਹੋਵੇ ਸਗੋਂ ਸਾਂਝੀਆਂ ਕਦਰਾਂ-ਕੀਮਤਾਂ ਵਾਲਾ ਵੀ ਹੋਵੇ। ਅਸੀਂ ਕਿਸੇ ਖ਼ਾਸ ਭਾਰਤੀ ਰਾਜਨੇਤਾ ਜਾਂ ਰਾਜਨੀਤਿਕ ਪਾਰਟੀ ਦੀ ਹਮਾਇਤ ਨਹੀਂ ਕਰਦੇ - ਇਹ ਕੰਮ ਭਾਰਤ ਦੇ ਲੋਕਾਂ ਦਾ ਹੈ - ਪਰ ਅਸੀਂ ਉਨ੍ਹਾਂ ਮਹੱਤਵਪੂਰਨ ਸਿਧਾਂਤਾਂ ਦੇ ਹੱਕ 'ਚ ਹਾਂ ਜੋ ਅਮਰੀਕੀ ਬਦੇਸ਼ ਨੀਤੀ ਦਾ ਮਹੱਤਵਪੂਰਨ ਹਿੱਸਾ ਹੋਣੇ ਚਾਹੀਦੇ ਹਨ। ਅਸੀਂ ਇਹ ਜਾਣਨਾ ਚਾਹੁੰਦੇ ਹਾਂ ਕਿ ਪ੍ਰਧਾਨ ਮੰਤਰੀ ਮੋਦੀ ਦੇ ਨਾਲ ਆਪਣੀ ਗੱਲਬਾਤ ਵਿਚ ਤੁਹਾਨੂੰ ਉਨ੍ਹਾਂ ਸਾਰੇ ਮਹੱਤਵਪੂਰਨ ਮੁੱਦਿਆਂ ਉੱਪਰ ਚਰਚਾ ਕਰਨੀ ਚਾਹੀਦੀ ਹੈ ਜੋ ਸਾਡੇ ਦੋ ਮਹਾਨ ਮੁਲਕਾਂ ਦਰਮਿਆਨ ਸੰਬੰਧਾਂ ਨੂੰ ਸਫ਼ਲ, ਮਜ਼ਬੂਤ ਅਤੇ ਲੰਮਾ ਸਮਾਂ ਨਿਭਣ ਵਾਲੇ ਸੰਬੰਧਾਂ ਵਿਚ ਬਦਲਣ ਵਿਚ ਮਦਦ ਕਰ ਸਕਣ।" (ਇਸ ਤੋਂ ਬਾਅਦ ਦਸਤਖਤ ਕਰਨ ਵਾਲੇ ਨੁਮਾਇੰਦਿਆਂ ਅਤੇ ਸੈਨੇਟਰਾਂ ਦੇ ਨਾਵਾਂ ਦੀ ਸੂਚੀ ਹੈ)।

# ਸੰਤਾਲੀ ਦੀ ਵੰਡ ਦਾ ਅਣਗੌਲਿਆ ਵਰਕਾ

***ਆਜ਼ਾਦੀ ਵੇਲੇ ਹੋਈ ਪੰਜਾਬ ਦੀ ਵੰਡ ਨੇ ਪੰਜਾਬੀਆਂ ਨੂੰ ਅਵੱਲੇ ਜ਼ਖਮ ਦਿੱਤੇ ਹਨ ਜੋ ਅੱਜ ਤੱਕ ਰਿਸ ਰਹੇ ਹਨ। ਸਾਹਿਤਕਾਰਾਂ ਅਤੇ ਕਲਾਕਾਰਾਂ ਨੇ ਇਹ ਦਰਦ ਆਪੋ-ਆਪਣੇ ਢੰਗ ਨਾਲ ਵੰਡਾਇਆ ਹੈ। ਇਸ ਲੇਖ ਵਿਚ ਡਾ. ਧਨਵੰਤ ਕੌਰ ਨੇ ਮਨੋਚਕਿਤਸਕ ਡਾਕਟਰ ਅਨਿਰੁੱਧ ਕਾਲਾ ਦੀ ਲਿਖੀ ਅਤੇ ਡਾ. ਕੁਲਵੀਰ ਗੋਜਰਾ ਦੀ ਅਨੁਵਾਦ ਕੀਤੀ ਕਿਤਾਬ 'ਲਾਹੌਰ ਦਾ ਪਾਗਲਖਾਨਾ' ਬਾਰੇ ਚਰਚਾ ਕੀਤੀ ਹੈ।***

ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਸੰਤਾਲੀ ਦੀ ਵੰਡ ਨੂੰ ਬਿਰਤਾਂਤਾਂ ਨੇ ਇਤਿਹਾਸ ਨਾਲੋਂ ਕਿਤੇ ਵੱਧ ਸੰਵੇਦਨਸ਼ੀਲਤਾ ਨਾਲ ਮਹਿਸੂਸਿਆ, ਸਮਝਿਆ ਅਤੇ ਸਾਂਭਿਆ ਹੈ। ਇਤਿਹਾਸ ਵੱਲੋਂ ਹੋਏ ਬੀਤੇ 'ਤੇ ਘੱਟਾ ਪਾ, ਅੱਗੇ ਵਧਣ ਦੀ ਕਾਹਲ ਅਤੇ ਨਸੀਹਤ ਦੇ ਸਮਵਿੱਥ ਸੰਤਾਲੀ ਦੇ ਸੰਤਾਪਾਂ ਨੂੰ ਨਵੇਂ ਸਿਰਿਉਂ ਪੜ੍ਹਨ ਅਤੇ ਲਿਖਣ ਵਾਲੀਆਂ ਕਲਮਾਂ ਦੀ ਸਿਆਹੀ ਅਜੇ ਸੁੱਕੀ ਨਹੀਂ ਸਗੋਂ ਸੱਚ ਤਾਂ ਇਹ ਹੈ ਕਿ ਪੌਣੀ ਸਦੀ ਦੀ ਅਉਧ ਹੰਢਾਉਂਦਿਆਂ ਜੰਮ ਚੁੱਕੇ ਹਉਕਿਆਂ, ਜਿਊਂਦੀਆਂ ਚੁੱਪਾਂ ਅਤੇ ਡੱਕੇ ਡੁਬੋਏ ਸਵਾਲਾਂ ਨੇ ਸੰਵੇਦਨਸ਼ੀਲ ਅਤੇ ਸਮਰੱਥਾਵਾਨ ਕਲਮਾਂ ਨੂੰ, ਏਧਰ ਵੀ ਤੇ ਓਧਰ ਵੀ, ਹੋਰ ਡਾਢੀਆਂ ਹੋ ਗਈਆਂ ਪੁੱਛਾਂ ਦੇ ਰੂਬਰੂ ਕੀਤਾ ਹੋਇਆ ਹੈ।

ਇਹੋ ਜਿਹੀ ਹੀ ਇੱਕ ਨਿਵੇਕਲੀ, ਸਮਰੱਥ ਅਤੇ ਸੰਵੇਦਨਸ਼ੀਲ ਕਲਮ ਸਾਹਮਣੇ ਆਈ ਹੈ ਡਾਕਟਰ ਅਨਿਰੁੱਧ ਕਾਲਾ ਦੀ ਜਿਨ੍ਹਾਂ ਦੀ ਅੰਗਰੇਜ਼ੀ ਵਿਚ ਛਪੀ ਕਹਾਣੀਆਂ ਦੀ ਕਿਤਾਬ ਨੂੰ ਡਾਕਟਰ ਕੁਲਵੀਰ ਗੋਜਰਾ ਨੇ 'ਲਾਹੌਰ ਦਾ ਪਾਗਲਖ਼ਾਨਾ' ਸਿਰਨਾਵੇਂ ਹੇਠ ਬੜੀ ਰੂਹ ਨਾਲ ਅਨੁਵਾਦ ਕੀਤਾ

**ਧਨਵੰਤ ਕੌਰ**
ਫੋਨ: +91-94172-43245

ਹੈ ਅਤੇ ਆੱਟਮ ਆਰਟ ਵਾਲਿਆਂ ਨੇ ਛਾਪਿਆ ਹੈ। ਇਨ੍ਹਾਂ ਕਹਾਣੀਆਂ ਨੇ ਵੰਡ ਦੇ ਕੁਝ ਹੋਰ ਅਣਫੋਲੇ ਵਰਕੇ ਫਰੋਲਦਿਆਂ ਸਾਨੂੰ ਹੁਣ ਤੱਕ ਲਗਭਗ ਅਣਗੌਲੇ, ਅਣਪਛਾਤੇ ਇੱਕ ਹੋਰ ਸੱਚ ਦੇ ਸਨਮੁੱਖ ਕੀਤਾ ਹੈ ਅਤੇ ਸਾਡੀਆਂ ਸਭਿਅਕ, ਨਿਆਂਇਕ, ਅਣਖੀ ਅਤੇ ਹੋਰ ਬਹੁਤ ਕੁਝ ਕਹਾਉਣ ਵਾਲੀਆਂ ਸਮਝਾਂ, ਤਰਕਾਂ-ਤਲਾਫ਼ੀਆਂ ਨੂੰ ਇੱਕ ਵਾਰ ਫਿਰ ਸ਼ੀਸ਼ਾ ਦਿਖਾਇਆ ਹੈ।

ਅਸੀਂ ਸਾਰੇ ਜਾਣਦੇ ਹਾਂ ਕਿ ਆਜ਼ਾਦੀ ਵੇਲੇ ਅਸੀਂ ਮੁਲਕ ਵੰਡਿਆ। ਧਰਤੀ ਵੰਡੀ, ਪਾਣੀ ਵੰਡੇ, ਖ਼ਜ਼ਾਨੇ ਵੰਡੇ। ਫ਼ੌਜ, ਪੁਲਿਸ ਜਾਂ ਸਰਕਾਰੀ ਅਮਲਾ ਹੀ ਨਹੀਂ, ਅਸਤਬਲਾਂ ਵਿਚਲੇ ਘੋੜੇ ਬੱਗੀਆਂ, ਅਜਾਇਬਘਰ ਵਿਚਲੀਆਂ ਚੀਜ਼ਾਂ ਵਸਤਾਂ, ਰੇਲਾਂ ਦੇ ਡੱਬੇ ਇੰਜਣ, ਮੇਜ਼ ਕੁਰਸੀਆਂ ਆਦਿ ਵੀ ਵੰਡੇ ਗਏ ਪਰ ਸਾਡੇ ਵਿਚੋਂ ਸ਼ਾਇਦ ਹੀ ਕਿਸੇ ਦੇ ਚਿਤ-ਚੇਤੇ ਹੋਵੇ ਕਿ ਦੋਹਾਂ ਮੁਲਕਾਂ ਦੇ ਨਿਆਂਕਾਰਾਂ ਨੇ ਨਿਆਂਇਕ ਰਹਿਣ ਲਈ ਪਾਗਲਖ਼ਾਨਿਆਂ ਵਿਚ ਭਰਤੀ ਜ਼ੇਰੇ-ਇਲਾਜ ਪਾਗ਼ਲ ਵੀ ਵੰਡੇ। ਮਾਨਸਿਕ ਤੌਰ 'ਤੇ ਬਿਮਾਰ ਇਹ ਵਿਅਕਤੀ ਜਿਨ੍ਹਾਂ ਨੂੰ ਆਪਣੇ ਦੇਸ਼ ਕੌਮ ਧਰਮ ਦੀ ਤਾਂ ਕੀ, ਆਪਣੇ ਆਪ ਦੀ ਸੁਰਤ ਨਹੀਂ ਸੀ, ਦੇ ਨਾਂਵਾਂ ਤੋਂ ਉਨ੍ਹਾਂ ਦੇ ਮਜ਼ਹਬਾਂ ਦੀ ਪਛਾਣ ਕੀਤੀ ਗਈ ਅਤੇ ਇਸ ਮਿਸਾਲੀ ਵਟਾਂਦਰੇ ਨੂੰ ਅੰਜਾਮ ਦੇਣ ਲਈ ਨਵੇਂ-ਨਵੇਂ ਆਜ਼ਾਦ ਹੋਏ ਦੋ ਮੁਲਕਾਂ ਦੀਆਂ ਸਰਕਾਰਾਂ ਨੂੰ ਕਰੀਬ ਤਿੰਨ ਵਰ੍ਹਿਆਂ ਦਾ ਸਮਾਂ ਲੱਗਾ। ਮਜ਼ਹਬਾਂ ਦੇ ਨਾਂ 'ਤੇ ਸਿਰਫ਼ ਪਾਗਲਾਂ ਦੇ ਵਟਾਂਦਰੇ ਹੀ ਨਾ ਹੋਏ, ਜੇਲ੍ਹਾਂ ਵਿਚ ਡੱਕੇ ਮੁਜਰਮਾਂ ਕੈਦੀਆਂ ਦੇ ਤਬਾਦਲੇ ਵੀ ਹੋਏ ਅਤੇ ਅਣਖ ਦੇ ਨਾਂ 'ਤੇ ਮਜ਼ਹਬੀ ਦਰਿੰਦਗੀ ਹੱਥੋਂ ਬੇਪੱਤ ਹੋਈਆਂ ਅਤੇ ਉਧਾਲੀਆਂ ਔਰਤਾਂ ਵੀ ਇੱਕ ਵਾਰ ਫਿਰ ਸਭਿਅਕ ਹੋ ਗਏ ਸਮਾਜਾਂ ਨੇ ਲੱਭ-ਲੱਭ ਕੇ ਮੋੜੀਆਂ/ਜ਼ਬਰਦਸਤੀ ਮੁੜਵਾਈਆਂ।


ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਦੇ ਪਲਾਟ ਮੁੱਖ ਰੂਪ ਵਿਚ ਮਜ਼ਹਬੀ ਸ਼ਨਾਖ਼ਤਾਂ ਅਤੇ ਅਣਖਾਂ ਦੇ ਨਾਂ 'ਤੇ ਹੋਏ ਇਨ੍ਹਾਂ ਅਜਬ ਵਟਾਂਦਰਿਆਂ ਨੇ ਹੀ ਘੜੇ ਹਨ ਪਰ ਇਨ੍ਹਾਂ ਪਾਤਰਾਂ ਦੇ ਬਹਾਨੇ ਮਨੁੱਖੀ ਫਿਤਰਤਾਂ ਦੇ ਸੱਚ ਅਤੇ ਸੁਹਜ ਨੂੰ ਹੀ ਨਹੀਂ, ਮਨੁੱਖੀ ਫਿਤਰਤਾਂ ਦੇ ਹੁੜਦੰਗ ਅਤੇ ਕੁਹਰਾਮ ਨੂੰ ਲੱਭ ਲਿਆਉਣ ਵਿਚ ਜਿਹੜੀ ਇਤਿਹਾਸਕ ਸੂਝ, ਪੇਸ਼ੇਵਰ ਸੁਹਿਰਦਤਾ ਅਤੇ ਕਲਾਤਮਿਕ ਸਮਰੱਥਾ ਡਾਕਟਰ ਅਨਿਰੁੱਧ ਕਾਲਾ ਨੇ ਦਿਖਾਈ ਹੈ, ਉਹ ਕਿਸੇ ਕਿਸੇ ਕਲਮ ਦੇ ਹਿੱਸੇ ਆਉਣ ਵਾਲੀ ਵਡਿਆਈ ਹੈ। ਇਨ੍ਹਾਂ ਕਹਾਣੀਆਂ ਦੀ ਅਲੋਕਾਰੀ ਲੱਭਤ ਇਹ ਵੀ ਹੈ ਕਿ ਇਨ੍ਹਾਂ ਕਹਾਣੀਆਂ ਦੇ ਪਾਤਰ ਜਗਤ ਵਿਚ ਮਨੋਰੋਗੀ ਪਾਤਰ ਨਾ ਕੇਵਲ ਆਪਣੀਆਂ ਮਨੋਗੁੰਝਲਾਂ ਨਾਲ ਪਛਾਣ ਪਾ ਰਹੇ ਹਨ ਸਗੋਂ ਕਹਾਣੀਕਾਰ ਬਹੁਤੀ ਵਾਰ ਇਨ੍ਹਾਂ ਅਸਾਧਾਰਨ ਪਾਤਰਾਂ ਰਾਹੀਂ ਹੀ ਮਨੁੱਖ ਦੇ ਪ੍ਰਮਾਣਿਕ ਆਪੇ ਦੇ ਸਮੇਂ, ਸਥਾਨ, ਧਰਮ, ਦੇਸ਼, ਕੌਮ ਆਦਿ ਨਾਲ ਅਸਲ ਸੰਬੰਧਾਂ ਨੂੰ ਉਜਾਗਰ ਕਰ ਰਿਹਾ ਹੈ।

ਪੁਸਤਕ ਦੇ ਸਰਵਰਕ ਤੇ ਲੇਖਕ ਬਾਰੇ ਦਰਜ ਸੰਖਪ ਜਿਹੀ ਜਾਣਕਾਰੀ ਦੱਸਦੀ ਹੈ ਕਿ ਡਾਕਟਰ ਅਨਿਰੁੱਧ ਕਾਲਾ ਪੇਸ਼ੇ ਵਜੋਂ ਮਨੋਚਕਿਤਸਕ ਹਨ ਅਤੇ ਮਨੋਰੋਗੀਆਂ ਦੇ ਮਨਾਂ 'ਤੇ ਪਏ ਸੰਤਾਲੀ ਦੀ ਵੰਡ ਦੇ ਪ੍ਰਭਾਵਾਂ ਦਬਾਵਾਂ ਨੂੰ ਸਮਝਣ ਵਿਚ ਉਨ੍ਹਾਂ ਨੇ ਵਿਸ਼ੇਸ਼ ਦਿਲਚਸਪੀ ਲਈ ਹੈ। ਇਨ੍ਹਾਂ ਕਹਾਣੀਆਂ ਦੇ ਸਰੋਤਾਂ, ਘਟਨਾਵਾਂ, ਪਾਤਰਾਂ, ਤੱਥਾਂ, ਤਾਰੀਖ਼ਾਂ ਨੂੰ ਲਗਭਗ ਤਸਦੀਕਦਿਆਂ ਇਹ ਵੀ ਦੱਸਿਆ ਗਿਆ ਹੈ ਕਿ ਇਸ ਸੰਗ੍ਰਹਿ ਦੀਆਂ ਬਹੁਤੀਆਂ ਕਹਾਣੀਆਂ ਉਨ੍ਹਾਂ ਵੱਲੋਂ ਕੀਤੇ ਪਾਕਿਸਤਾਨ ਦੀਆਂ ਸਿਹਤ ਸੰਸਥਾਵਾਂ ਦੇ ਦੌਰਿਆਂ ਦੀਆਂ ਲੱਭਤਾਂ ਹਨ। ਇਹ ਜਾਣਕਾਰੀ ਹੀ ਪਾਠਕਾਂ ਨੂੰ ਕਹਾਣੀਆਂ ਦੀ ਵਾਸਤਵਿਕ ਹੋਣ ਦੇ ਯਕੀਨ ਵਿਚ ਨਹੀਂ ਲਿਜਾਂਦੀ, ਇਨ੍ਹਾਂ ਕਹਾਣੀਆਂ ਦੇ ਉੱਤਮ ਪੁਰਖੀ ਬਿਰਤਾਂਤ ਵਿਚ ਮਨੋਰੋਗੀਆਂ ਜਾਂ ਮਨੋਰੋਗਾਂ ਦੇ ਮਾਹਿਰ ਡਾਕਟਰਾਂ ਵਜੋਂ ਵਿਚਰਦੇ ਕਈ ਪਾਤਰ, ਆਪਣੀ ਲਗਾਤਾਰਤਾ ਕਰਕੇ ਬਿਰਤਾਂਤ ਨੂੰ ਆਤਮ-ਪਰਕ ਕਥਾ ਵਾਲੀ ਨਿੱਜਤਾ ਅਤੇ ਭਰੋਸਗੀ ਵਿਚ ਲੈ ਜਾਂਦੇ ਹਨ।

ਇਨ੍ਹਾਂ ਕਹਾਣੀਆਂ ਦੀ ਗਾਲਪਨਿਕਤਾ ਨੂੰ ਆਤਮ-ਪਰਕਤਾ ਦੇ ਨਾਲ ਨਾਲ ਵਾਸਤਵਿਕਤਾ ਦੇ ਆਲਮ ਵਿਚ ਲੈ ਜਾਣ ਵਾਲੀ ਮੁੱਖ ਜੁਗਤਿ ਇਤਿਹਾਸਕ ਹਵਾਲਿਆਂ ਦੀ ਵੀ ਹੈ। ਕਹਾਣੀਆਂ ਦੇ ਅੰਦਰੂਨੀ ਵੇਰਵਿਆਂ ਵਿਚ ਪਾਤਰਾਂ ਦੇ ਬੋਲਾਂ/ਸੋਚਾਂ ਰਾਹੀਂ ਜਿਵੇਂ ਤੱਥਾਂ ਤਾਰੀਖ਼ਾਂ 'ਤੇ ਸਹੀ ਪਾਈ ਗਈ ਹੈ, ਉਹ ਇਨ੍ਹਾਂ ਬਿਰਤਾਤਾਂ ਦੀ ਇਤਿਹਾਸਕ ਪ੍ਰਮਾਣਿਕਤਾ ਨੂੰ ਖੋਜਣ ਦੇ ਤਰੱਦਦ ਦੀ ਗਵਾਹੀ ਭਰਦੀ ਨਜ਼ਰ ਆਉਂਦੀ ਹੈ। ਮਸਲਨ ਮੁਆਫ਼ੀ ਜ਼ਰੂਰੀ ਨਈਂ ਦਾ ਪਾਤਰ ਡਾਕਟਰ ਇਕਬਾਲ ਜੁਨੈਦ ਹੁਸੈਨ, ਜਿਹੜਾ ਸੰਤਾਲੀ ਦੀ ਵੰਡ ਵੇਲੇ ਲਾਹੌਰ ਦੇ ਪਾਗਲਖ਼ਾਨੇ ਵਿਚ ਡਿਪਟੀ ਸੁਪਰਡੈਂਟ ਵਜੋਂ ਤਾਇਨਾਤ ਹੈ ਅਤੇ ਜਿਸ ਨੂੰ ਮਜ਼ਹਬ ਦੇ ਆਧਾਰ 'ਤੇ ਮਰੀਜ਼ਾਂ ਦੀ ਅੱਡ-ਅੱਡ ਸੂਚੀ ਤਿਆਰ ਕਰਨ ਦੇ ਆਦੇਸ਼ ਮਿਲੇ ਹਨ, ਆਪਣੇ ਰਿਕਾਰਡ ਦੇ ਸਿਰ 'ਤੇ ਦੱਸ ਰਿਹਾ ਹੈ ਕਿ ਉਸ ਵੇਲੇ ਉੱਥੇ ਕੁੱਲ 1267 ਮਰੀਜ਼ ਦਾਖਲ ਹਨ। ਇਨ੍ਹਾਂ ਵਿਚੋਂ 678 ਹਿੰਦੂ ਅਤੇ ਸਿੱਖ ਹਨ। ਬਾਕੀ ਦੇ 589 ਮਰੀਜ਼ਾਂ ਵਿਚੋਂ 560 ਮੁਸਲਮਾਨ, 20 ਇਸਾਈ ਅਤੇ 9 ਪਾਰਸੀ ਹਨ। 'ਪਾਗਲਾਂ ਦਾ ਵਟਾਂਦਰਾ' ਨਾਮੀ ਕਹਾਣੀ ਦਾ ਮੁੱਖ ਪਾਤਰ ਰੁਲਦਾ ਸਿੰਘ, ਉਨ੍ਹਾਂ 450 ਗੈਰ-ਮੁਸਲਮਾਨ ਪਾਗਲਾਂ ਵਿਚੋਂ ਇੱਕ ਹੈ ਜਿਨ੍ਹਾਂ ਨੂੰ ਵੰਡ ਦੇ ਕਰੀਬ ਤਿੰਨ ਵਰ੍ਹਿਆਂ ਪਿੱਛੋਂ ਹਿੰਦੋਸਤਾਨ ਭੇਜਿਆ ਗਿਆ ਹੈ। ਇਸੇ ਤਰ੍ਹਾਂ 'ਉਹ ਕੌਣ ਸੀ' ਕਹਾਣੀ ਵਿਚ ਰਾਮ ਅਵਤਾਰ ਮਿਸ਼ਰਾ ਤੋਂ ਜ਼ਾਫਰ ਹੁਸੈਨ ਬਣ ਕੇ ਪਾਕਿਸਤਾਨ ਜਾਣ ਵਾਲਾ ਮੁਜਰਮ ਦੱਸ ਰਿਹਾ ਹੈ ਕਿ 1948 ਵਿਚ ਅਪਰੈਲ ਅਤੇ ਅਕਤੂਬਰ ਦੇ ਮਹੀਨਿਆਂ ਵਿਚ ਦੋ ਵਾਰ ਕੈਦੀਆਂ ਦੀ ਅਦਲਾ ਬਦਲੀ ਹੋਈ ਸੀ। ਚਾਰ ਹਜ਼ਾਰ ਦੇ ਕਰੀਬ ਕੈਦੀ ਪਾਕਿਸਤਾਨ ਤੋਂ ਹਿੰਦੋਸਤਾਨ ਆਏ ਸਨ ਅਤੇ ਲਗਭਗ ਏਨੇ ਹੀ ਹਿੰਦੋਸਤਾਨ ਦੀਆਂ ਵੱਖ-ਵੱਖ ਜੇਲ੍ਹਾਂ ਵਿਚੋਂ ਇਕੱਠੇ ਕਰਕੇ ਉਧਰ ਭੇਜੇ ਗਏ ਸਨ।

ਇਹੀ ਨਹੀਂ, ਵੱਖ ਵੱਖ ਕਹਾਣੀਆਂ ਵਿਚ ਸੰਤਾਲੀ ਵੇਲੇ ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ, ਸੰਪਾਦਕੀਆਂ ਦਾ ਜ਼ਿਕਰ, 1965 ਅਤੇ 1971 ਦੀਆਂ ਹਿੰਦ ਪਾਕਿ ਲੜਾਈਆਂ, ਸ਼ਿਮਲਾ ਸਮਝੌਤਾ, ਪੋਖਰਨ ਤਜਰਬਾ, ਪੰਜਾਬ ਸੰਕਟ, ਚੁਰਾਸੀ ਦੇ ਦੰਗਿਆਂ ਵਰਗੀਆਂ ਘਟਨਾਵਾਂ ਦੀ ਸਿਲਸਿਲੇਵਾਰ ਪੇਸ਼ਕਾਰੀ ਇਨ੍ਹਾਂ ਕਹਾਣੀਆਂ ਨੂੰ ਇਤਿਹਾਸਕ ਦਸਤਾਵੇਜ਼ ਵਾਂਗ ਨਿਰੰਤਰਤਾ ਵਿਚ ਪੜ੍ਹਨ ਦੀ ਗੁੰਜਾਇਸ਼ ਵੀ ਬਣਾਉਂਦੀ ਹੈ।

ਇਸ ਸੰਗ੍ਰਹਿ ਦੀਆਂ ਬਹੁਤੀਆਂ ਕਹਾਣੀਆਂ ਵਿਚ ਲਾਹੌਰ, ਰਾਂਚੀ ਜਾਂ ਅੰਮ੍ਰਿਤਸਰ ਵਿਚ ਨਵੇਂ ਖੋਲ੍ਹੇ ਪਾਗਲਖ਼ਾਨੇ ਦਾ ਘਟਨਾ ਸਥਲ ਬਣਨਾ, ਲਗਭਗ ਹਰ ਕਹਾਣੀ ਵਿਚ ਮਨੋਰੋਗੀਆਂ (ਜਿਨ੍ਹਾਂ ਨੂੰ ਅਸੀਂ ਆਮ ਤੌਰ 'ਤੇ ਪਾਗ਼ਲ ਹੀ ਕਹਿੰਦੇ ਹਾਂ), ਜਾਂ ਮਨੋਚਕਿਤਸਕਾਂ ਦਾ ਪਾਤਰਾਂ ਵਜੋਂ ਹਾਜ਼ਰ ਰਹਿਣਾ ਪਹਿਲੀ ਨਜ਼ਰੇ ਪਾਠਕਾਂ ਨੂੰ ਇਹ ਭੁਲੇਖਾ ਪਾ ਸਕਦਾ ਹੈ ਕਿ ਇਹ ਸ਼ਾਇਦ ਪਾਗਲਾਂ ਦੀਆਂ ਕਹਾਣੀਆਂ ਹਨ, ਉਨ੍ਹਾਂ ਦੇ ਅਸਾਧਾਰਨ ਅਵੱਲੇ ਵਿਹਾਰ ਦੀਆਂ, ਉਨ੍ਹਾਂ ਪ੍ਰਤੀ ਪਰਿਵਾਰਾਂ ਦੀ ਬੇਰੁਖ਼ੀ ਦੀਆਂ ਜਾਂ ਸਮਾਜ ਵੱਲੋਂ ਉਨ੍ਹਾਂ ਨਾਲ ਹੁੰਦੇ ਨਿਰਦਈਪੁਣੇ ਦੀਆਂ ਕਹਾਣੀਆਂ ਹਨ। ਇਹ ਨਹੀਂ ਕਿ ਇਨ੍ਹਾਂ ਕਹਾਣੀਆਂ ਵਿਚ ਇਹ ਸਭ ਕੁਝ ਨਹੀਂ ਪਰ ਕਹਾਣੀਕਾਰ ਦੀ ਆਪਣੇ ਵਿਸ਼ੇ 'ਤੇ ਪਕੜ ਅਤੇ ਥੀਮ ਪ੍ਰਤੀ ਸੁਚੇਤਤਾ ਪਾਠਕਾਂ ਨੂੰ ਵਾਰ-ਵਾਰ ਯਾਦ ਕਰਵਾਉਂਦੀ ਹੈ ਕਿ ਇਹ ਕਹਾਣੀਆਂ ਪਾਗ਼ਲਾਂ ਦੀਆਂ ਨਹੀਂ, ਪਾਗਲਪਣ ਦੀਆਂ ਹਨ। ਵਿਸ਼ੇਸ਼ ਕਰ ਕੇ ਉਸ ਪਾਗਲਪਣ ਦੀਆਂ ਜਿਹੜਾ ਧਾਰਮਿਕ ਕੱਟੜਵਾਦ ਅਤੇ ਗੁੰਡਿਆਂ ਦੇ ਗੱਠਜੋੜ ਵਿਚੋਂ ਮਜ਼ਹਬੀ ਫਤੂਰ ਦੀ ਲੂਤੀ ਬਣ ਕੇ ਉੱਠਦਾ ਹੈ ਅਤੇ ਪਾਗਲਖਾਨਿਆਂ ਵਿਚ ਹਿੰਸਕ ਗ਼ਰਦਾਨ ਕੇ ਡੱਕੇ ਪਾਗਲਾਂ ਨਾਲੋਂ ਗਿਣਤੀ ਵਿਚ ਹੀ ਕਿਤੇ ਵੱਧ ਨਹੀਂ ਹੁੰਦਾ, ਕਿਤੇ ਵੱਧ ਖ਼ਤਰਨਾਕ ਵੀ ਹੁੰਦਾ ਹੈ।




*ਕਿਤਾਬ 'ਲਾਹੌਰ ਦਾ ਪਾਗਲਖ਼ਾਨਾ' ਦਾ ਮੁਖੜਾ।*

'ਮੁਆਫ਼ੀ ਜ਼ਰੂਰੀ ਨਈਂ' ਕਹਾਣੀ ਵਿਚ ਸੰਤਾਲੀ ਦੇ ਅਤੇ ਰੁਲਦੇ ਦੀ ਪਾਗ਼ਲ ਖਾਨਿਓਂ ਛੁੱਟੀ ਕਹਾਣੀ ਵਿਚ ਚੁਰਾਸੀ ਦੇ ਦੁਖਾਂਤਕ ਹਵਾਲਿਆਂ ਨਾਲ ਇਸ ਪਾਗਲਪਣ ਦੇ ਭਿਆਨਕ ਅਤੇ ਵਿਆਪਕ ਦ੍ਰਿਸ਼ ਸਿਰਜਦਿਆਂ ਕਹਾਣੀਆਂ ਇਹ ਵੀ ਸਪੱਸ਼ਟ ਕਰਦੀਆਂ ਹਨ ਕਿ ਇਹ ਲੂਤੀ ਆਮ ਲੋਕਾਂ ਵਿਚੋਂ ਹੀ ਦੰਗਾਕਾਰੀਆਂ, ਫਸਾਦੀਆਂ ਦੀ ਭੀੜ ਨੂੰ ਨਿਖੇੜ ਲੈਂਦੀ ਹੈ; ਤੇ ਵਿੰਹਦਿਆਂ-ਵਿੰਹਦਿਆਂ ਗਲੀਆਂ ਬਜ਼ਾਰਾਂ ਵਿਚ ਦਨਦਨਾਉਂਦੇ ਕਾਤਲਾਂ ਲੁਟੇਰਿਆਂ ਦੀ ਇਹ ਭੀੜ ਤਬਾਹੀ ਮਚਾਉਂਦੀ, ਨਿਰਛਲ ਅਤੇ ਮਾਸੂਮ ਲੋਕਾਈ ਨੂੰ ਤਾਉਮਰ ਦੇ ਸੰਤਾਪਾਂ ਸਦਮਿਆਂ ਦੇ ਸੈਲਾਬ ਹਵਾਲੇ ਕਰ ਓਝਲ ਹੋ ਜਾਂਦੀ ਹੈ।

ਵੰਡ ਵੇਲੇ ਘਰੋਂ ਬੇਘਰ ਹੋਏ, ਆਪਣੇ ਜੱਦੀ ਟਿਕਾਣਿਆਂ ਤੋਂ ਉੱਖੜ ਉੱਜੜ ਕੇ ਆਪਣੇ ਹੀ ਦੇਸ਼ ਵਿਚ ਰਫਿਊਜੀ ਬਣੇ ਲੋਕਾਂ ਦੇ ਜ਼ਾਤੀ ਜਜ਼ਬਾਤੀ ਸੰਕਟਾਂ ਸੰਤਾਪਾਂ ਦੀਆਂ ਹੀ ਨਹੀਂ, ਲੁੱਟਾਂ ਖੋਹਾਂ ਕਤਲਾਂ ਅੱਗਜ਼ਨੀਆਂ ਦੀ ਦਹਿਸ਼ਤ ਅਤੇ ਵਹਿਸ਼ਤ ਵਿਚੋਂ ਉਪਜੇ ਸਦਮਿਆਂ ਦੀਆਂ ਵੀ ਇਨ੍ਹਾਂ ਕਹਾਣੀਆਂ ਵਿਚ ਮਹੀਨ ਛੋਹਾਂ ਹਨ। ਕਥਾਨਕੀ ਵੇਰਵਿਆਂ ਵਿਚ ਬਹੁਗਿਣਤੀ ਉਨ੍ਹਾਂ ਸਾਧਾਰਨ ਜਾਪਦੇ ਲੋਕਾਂ ਦੀ ਹੈ, ਜਿਨ੍ਹਾਂ ਨੇ ਸਭ ਕੁਝ ਝੱਲ ਕੇ ਜ਼ਿੰਦਗੀ ਨੂੰ ਅਗਾਂਹ ਤੋਰਿਆ ਪਰ ਇਨ੍ਹਾਂ ਕਹਾਣੀਆਂ ਦੇ ਫੋਕਸ ਉਨ੍ਹਾਂ ਵਿਰਲਿਆਂ ਟਾਵਿਆਂ 'ਤੇ ਹਨ ਜਿਨ੍ਹਾਂ ਦਾ ਜ਼ਿਹਨ ਅਤੇ ਜ਼ਿੰਦਗੀ ਕਿਸੇ ਪਲ ਵਿਸ਼ੇਸ਼ 'ਤੇ ਅਜਿਹੀ ਅਟਕੀ ਕਿ ਉਹ ਫਿਰ ਸਾਵੇਂ ਹੋ ਹੀ ਨਾ ਸਕੇ।

ਮਨੋਰੋਗਾਂ ਦੇ ਮਾਹਿਰ ਡਾਕਟਰ ਅਨਿਰੁੱਧ ਕਾਲਾ ਦੀ ਡਾਕਟਰੀ ਸਮਝ ਵੰਡ ਵੇਲੇ ਦੀ ਦਹਿਸ਼ਤ ਅਤੇ ਵਹਿਸ਼ਤ ਦੇ ਡਰਾਂ ਅਤੇ ਤਣਾਵਾਂ ਵਿਚ ਧੁਰ ਅੰਦਰ ਤੱਕ ਸਹਿਮੇ ਲੋਕਾਂ ਦੀ ਆਵਾਜ਼ ਚਲੇ ਜਾਣ, ਅਧਰੰਗ ਹੋਣ, ਡਰਾਉਣੇ ਸੁਪਨਿਆਂ ਤੋਂ ਨਿਜਾਤ ਹਾਸਿਲ ਨਾ ਕਰ ਪਾਉਣ ਨੂੰ ਆਮ ਅਲਾਮਤਾਂ ਵਜੋਂ ਦਰਜ ਕਰਦੀ ਹੈ। ਪਿੱਛਾ ਕਰਦੀਆਂ ਆਵਾਜ਼ਾਂ ਨਾਮੀਂ ਕਹਾਣੀ ਕਿਤੇ ਕਿਤੇ ਇਸ ਸਹਿਮ ਦੇ ਜੈਨੇਟਿਕ ਵਿਰਾਸਤ ਬਣ ਜਾਣ ਦੀ ਗਾਥਾ ਵੀ ਕਹਿ ਰਹੀ ਹੈ ਪਰ ਇਨ੍ਹਾਂ ਕਹਾਣੀਆਂ ਨੂੰ ਜਿਹੜੀਆਂ ਲੱਭਤਾਂ ਵਿਸ਼ੇਸ਼ ਬਣਾ ਰਹੀਆਂ ਹਨ, ਉਹ ਇਹ ਮੈਡੀਕਲ ਖੋਜਾਂ ਨਹੀਂ, ਡਾਕਟਰ ਅਨਿਰੁੱਧ ਕਾਲਾ ਦੀ ਕਲਾਕਾਰੀ ਅੱਖ ਵੱਲੋਂ ਪ੍ਰਤੱਖੀਆਂ ਮਨੁੱਖੀ ਫਿਤਰਤ ਦੀਆਂ ਕੁਝ ਗੁੱਝੀਆਂ ਰਮਜ਼ਾਂ ਅਤੇ ਨਿਵੇਕਲੀਆਂ ਪ੍ਰਤੀਤੀਆਂ ਹਨ। ਇਸ ਪ੍ਰਥਾਇ ਇਨ੍ਹਾਂ ਕਹਾਣੀਆਂ ਦੇ ਪ੍ਰਤੱਖਣ ਦਾ ਪਹਿਲਾ ਇੰਕਸ਼ਾਫ ਸਾਡੀਆਂ ਸੱਭਿਆਚਾਰਕ ਘਾੜਤਾਂ ਵਿਚ ਗੁੰਨ੍ਹੇ ਜਾਂਦੇ ਧਾਰਮਿਕ ਸੰਸਕਾਰਾਂ ਬਾਰੇ ਹੈ ਅਤੇ ਦੂਜਾ ਸਾਡੀ ਆਪਣੇ ਘਰ ਵਸੇਬ ਨਾਲ ਜੁੜੀ ਸਾਂਝ ਬਾਰੇ। ਧਰਮ ਨੂੰ ਸਨਾਖ਼ਤਾਂ ਦਾ ਜਮਾਂਦਰੂ, ਅਤਿ ਨਿੱਜੀ, ਧੁਰ ਅੰਦਰਲੀ ਘਾੜਤ ਦਾ ਸਭ ਤੋਂ ਸੰਵੇਦਨਸ਼ੀਲ ਪਹਿਲੂ ਬਣਾਉਣ ਵਾਲਾ ਫ਼ਿਰਕੂਵਾਦ ਅਕਸਰ ਆਪਣੀ ਟੇਕ ਧਾਰਮਿਕ ਸੰਸਕਾਰਾਂ 'ਤੇ ਰੱਖਦਾ ਹੈ। ਸੰਤਾਲੀ ਚੁਰਾਸੀ ਵਰਗੇ ਸਾਰੇ ਵਰਤਾਰਿਆਂ ਵਿਚ ਮਜ਼ਹਬੀ ਪਛਾਣਾਂ ਨੂੰ ਲੱਗੇ ਲਾਂਬੂਆਂ ਨੇ ਹੀ ਹੁੜਦੰਗ ਮਚਾਏ ਹਨ ਪਰ ਇਸ ਸੰਗ੍ਰਹਿ ਵਿਚ ਸ਼ਾਮਿਲ ਰੌਸਾਂ ਦਾਈ, ਆਗੇ ਪੀਛੇ ਕੁਛ ਨਈਂ, ਜਾਸੂਸ ਗੋਪਾਲ ਪੰਜਾਬੀ, ਬੇਨਜ਼ੀਰ ਇਸ਼ਕ, ਤਿੰਨ ਪਾਸਪੋਰਟ, ਉਹ ਕੌਣ ਸੀ ਵਰਗੀਆਂ ਕਈ ਕਹਾਣੀਆਂ ਮਜ਼ਹਬੀ ਪਛਾਣਾਂ ਦੇ ਅਤਿ ਆਰਜ਼ੀ, ਤਰਲ ਅਤੇ ਮਹੱਤਵਹੀਨ ਹੋਣ ਦਾ ਦਮ ਬੜੀ ਕਲਾਤਮਿਕਤਾ ਨਾਲ ਭਰਦੀਆਂ ਹਨ। ਰੌਸਾਂ ਦਾਈ ਕਹਾਣੀ ਵਿਚ ਮਜ਼ਹਬ ਬਦਲ ਕੇ ਸੁਰੱਖਿਆ ਦਾ ਜ਼ਿੰਮਾ ਲੈਣ ਵਾਲੇ ਸੁਝਾਅ 'ਤੇ ਪਾਤਰ ਦਾ ਤੱਤ ਫਟ ਜਵਾਬ ਹੈ:

ਮਜ਼ਹਬ ਮੇਰੇ ਲਈ ਕੋਈ ਅਹਿਮੀਅਤ ਨਹੀਂ ਰੱਖਦਾ।

ਇਹ ਤਾਂ ਜ਼ੁਰਾਬਾਂ ਬਦਲਣ ਵਾਂਗ ਹੀ ਹੋਵੇਗਾ।

'ਆਗੇ ਪੀਛੇ ਕੁਛ ਨਈਂ' ਕਹਾਣੀ ਵਿਚ ਵੰਡ ਵੇਲੇ ਦੀਆਂ ਲੁੱਟਾਂ ਖੋਹਾਂ ਵਿਚ ਉਧਾਲੀ, ਧੱਕੇ ਨਾਲ ਹਰਪ੍ਰੀਤ ਚੀਮਾ ਤੋਂ ਫਿਰਦੌਸ ਚੀਮਾ ਬਣਾ ਲਈ ਗਈ ਮੁੱਖ ਪਾਤਰ ਜਿਸ ਨੂੰ ਲੱਭ ਕੇ, ਜਬਰੀ ਵਾਪਸ ਲਿਆ ਕੇ, ਗਰਭਪਾਤ ਕਰ ਕੇ ਘਰਦਿਆਂ ਦੇ ਹਵਾਲੇ ਕੀਤਾ ਜਾਣਾ ਹੈ, ਗਲੇ ਅਤੇ ਗੁੱਟ ਵਿਚ ਪਹਿਨੇ ਪਹਿਨਾਏ ਸਾਰੇ ਧਾਰਮਿਕ ਚਿੰਨ੍ਹਾਂ ਨੂੰ ਪਖ਼ਾਨੇ ਵਿਚ ਵਹਾ, ਧਰਮ ਜਾਤ ਗੋਤ ਦੀਆਂ ਪਛਾਣਾਂ ਨੂੰ ਛੰਡ, ਜ਼ਿੰਦਗੀ ਦੇ ਨਵੇਂ ਸਫ਼ਰ 'ਤੇ ਨਿਕਲ ਪਈ ਹੈ। 'ਜਾਸੂਸ ਗੋਪਾਲ' ਪੰਜਾਬੀ ਕਹਾਣੀ ਵਿਚ ਤਾਉਮਰ ਆਪਣੀ ਪਛਾਣ ਨੂੰ ਲੁਕੋ ਕੇ ਰੱਖਣ ਵਾਲਾ ਸੈਮੀ ਆਪਣੇ ਜੀਵਨ ਦੀਆਂ ਅੰਤਿਮ ਘੜੀਆਂ ਵਿਚ ਆਪਣਾ ਸੱਚ ਆਪਣੀ ਪਤਨੀ ਨੂੰ ਦੱਸਦਿਆਂ ਮਨੁੱਖੀ ਫਿਤਰਤਾਂ ਦੇ ਆਪਣੇ ਘਰਾਂ ਨਾਲ ਲਗਾਓ ਦੇ ਡੂੰਘੇ ਰਹੱਸ ਨੂੰ ਇਨ੍ਹਾਂ ਬੋਲਾਂ ਵਿਚ ਉਜਾਗਰ ਕਰ ਰਿਹਾ ਹੈ:

"ਬੰਦਿਆਂ ਨੂੰ ਕਦੇ ਇਸ ਮੁਸ਼ਕਲ ਵਿਚ ਨਈਂ ਪਾਉਣਾ ਚਾਹੀਦਾ, ਜਿੱਥੇ ਉਨ੍ਹਾਂ ਨੂੰ ਆਪਣੇ ਝੰਡੇ ਅਤੇ ਆਪਣੇ ਘਰ ਵਿਚੋਂ ਕਿਸੇ ਇੱਕ ਦੀ ਚੋਣ ਕਰਨੀ ਪਵੇ।

ਜੇ ਕਿਤੇ ਉਹ ਸੱਚੀਂ ਮੁੱਚੀਂ ਚੋਣ ਕਰਨ ਲਈ ਆਜ਼ਾਦ ਹੁੰਦੇ ਤਾਂ ਜ਼ਿਆਦਾਤਰ ਮੇਰੇ ਵਾਂਗੂੰ ਘਰ ਨੂੰ ਚੁਣਦੇ, ਜਿਵੇਂ ਮੈਂ ਚੁਣਿਆ।"

ਡਾਕਟਰ ਅਨਿਰੁੱਧ ਕਾਲਾ ਨੇ ਇਹ ਕਹਾਣੀਆਂ ਅੰਗਰੇਜ਼ੀ ਵਿਚ ਲਿਖੀਆਂ ਹਨ ਪਰ ਇਨ੍ਹਾਂ ਕਹਾਣੀਆਂ ਵਿਚਲਾ ਈਥੌਸ ਇਸ ਗੱਲ ਬਾਰੇ ਕੋਈ ਭੁਲੇਖਾ ਨਹੀਂ ਰਹਿਣ ਦਿੰਦਾ ਕਿ ਇਹ ਕਹਾਣੀਆਂ ਪੰਜਾਬ ਦੀਆਂ ਹਨ, ਬਹੁ-ਨਸਲੀ ਬਹੁ-ਧਰਮੀ ਪਿਛੋਕੜ ਰੱਖਦੇ ਪੰਜਾਬੀਆਂ ਦੀਆਂ ਹਨ। ਇਸ ਕਲੇਮ ਨੂੰ ਪੱਕਿਆਂ ਕਰਨ ਵਿਚ ਵੱਡਾ ਯੋਗਦਾਨ ਡਾਕਟਰ ਕੁਲਵੀਰ ਗੋਜਰਾ ਦਾ ਹੈ ਜਿਸ ਨੇ ਇਨ੍ਹਾਂ ਨੂੰ ਲੱਭ ਕੇ ਅਨੁਵਾਦ ਕੀਤਾ ਬਲਕਿ ਅਨਿਰੁੱਧ ਕਾਲਾ ਦੁਆਰਾ ਅਨੁਵਾਦੇ ਨੂੰ ਮੁੜ ਪੰਜਾਬੀਆਂ ਦੇ ਆਪਣੇ ਅਹਿਸਾਸ ਅਤੇ ਅਨਭੁਵਾਂ ਦੇ ਮੂਲ ਪ੍ਰਗਟਾਵੇ ਵਿਚ ਲਿਆ ਕੇ ਹੱਕੀ ਦਾਅਵਾ ਜਤਾਇਆ। ਹਰ ਭਾਸ਼ਾਈ ਸਮੂਹ ਕੋਲ ਆਪਣੇ ਦੁੱਖਾਂ ਸੁੱਖਾਂ, ਹਉਕਿਆਂ ਹਾਵਿਆਂ, ਖ਼ੁਸ਼ੀਆਂ ਖੇੜਿਆਂ ਨੂੰ ਪ੍ਰਗਟਾਉਣ ਲਈ ਆਪਣਾ ਨਿੱਗਰ ਸ਼ਬਦ ਭੰਡਾਰ ਹੁੰਦਾ ਹੈ ਅਤੇ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗਾ ਕਿ ਇਨ੍ਹਾਂ ਕਹਾਣੀਆਂ ਦੇ ਪਾਤਰਾਂ ਨੂੰ ਆਪਣੀ ਗੱਲ ਸਹੀ ਸ਼ਬਦਾਂ ਅਤੇ ਪ੍ਰਮਾਣਿਕ ਰੂਪ ਵਿਚ ਕਹਿਣ ਦਾ ਮਜ਼ਾ ਇਸੇ ਜਾਮੇ ਵਿਚ ਆਇਆ ਹੋਵੇਗਾ। ਇਨ੍ਹਾਂ ਕਹਾਣੀਆਂ ਨੂੰ ਪੜ੍ਹਦਿਆਂ ਪਾਠਕਾਂ ਨੂੰ ਇਹ ਨਿਸ਼ਚਿਤ ਰੂਪ ਵਿਚ ਵਿਸਰ ਹੀ ਜਾਵੇਗਾ ਕਿ ਉਹ ਅਨੁਵਾਦ ਪੜ੍ਹ ਰਹੇ ਹਨ। ਏਨੇ ਢੁਕਵੇਂ ਸ਼ਬਦਾਂ, ਮੁਹਾਵਰਿਆਂ ਜਾਂ ਚੜ੍ਹਦੇ ਲਹਿੰਦੇ ਪੰਜਾਬ ਦੇ ਭਾਸ਼ਾਈ ਲਹਿਜੇ ਦੀ ਵਰਤੋਂ ਲਈ ਹੀ ਨਹੀਂ, ਏਨੇ ਗੁੱਝੇ ਭੇਤਾਂ ਨੂੰ ਥੀਮਕ ਇਕਾਈਆਂ ਵਿਚ ਬੰਨ੍ਹਣ ਵਾਲੇ ਬਿਰਤਾਂਤ ਦੀ ਮੌਲਿਕਤਾ ਨੂੰ ਬਚਾਉਣ ਲਈ ਵੀ ਡਾਕਟਰ ਕੁਲਵੀਰ ਗੋਜਰਾ ਵਧਾਈ ਦੇ ਹੱਕਦਾਰ ਹਨ। ਪੰਜਾਬੀ ਪਾਠਕ ਨਿਸ਼ਚੇ ਹੀ ਇਨ੍ਹਾਂ ਜਾਨਦਾਰ ਕਹਾਣੀਆਂ ਨੂੰ ਆਪਣੀਆਂ ਜਾਣ ਕੇ ਪੜ੍ਹਨਗੇ ਅਤੇ ਸਾਂਭਣਗੇ।



*1947 ਦੀ ਵੰਡ ਵੇਲੇ ਘਰੋਂ ਉਜੜੇ ਲੋਕਾਂ ਦਾ ਕਾਫਲਾ।*

# ਪੰਜਾਬ ਵਿਚ ਕਣਕ ਝੋਨੇ ਦਾ ਫਸਲੀ ਚੱਕਰ

ਪੰਜਾਬ ਦੀ ਖੇਤੀ ਵਿਚ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿਚੋਂ ਨਿਕਲਣ ਅਤੇ ਫ਼ਸਲੀ ਵੰਨ-ਸਵੰਨਤਾ ਦਾ ਮਸਲਾ ਪਿਛਲੇ ਲੰਮੇ ਸਮੇਂ ਤੋਂ ਖੇਤੀ ਮਾਹਿਰਾਂ ਵਿਚ ਬਹਿਸ ਦਾ ਵਿਸ਼ਾ ਬਣਿਆ ਹੋਇਆ ਹੈ। ਇਹ ਬਹਿਸ ਸਰਦਾਰਾ ਸਿੰਘ ਜੌਹਲ ਦੀ ਅਗਵਾਈ ਵਿਚ ਬਣਾਈ ਖੇਤੀ ਵੰਨ-ਸਵੰਨਤਾ ਦੇ ਵਿਸ਼ੇ 'ਤੇ ਕਮੇਟੀ ਦੀ 1986 ਵਿਚ ਪੇਸ਼ ਕੀਤੀ ਰਿਪੋਰਟ ਤੋਂ ਬਾਅਦ ਸ਼ੁਰੂ ਹੋਈ ਸੀ। ਇਹ ਕਮੇਟੀ ਪੰਜਾਬ ਸਰਕਾਰ ਨੇ ਬਣਾਈ ਸੀ ਅਤੇ ਸਰਕਾਰ ਵੱਲੋਂ ਇਸ ਰਿਪੋਰਟ ਨੂੰ ਪ੍ਰਵਾਨ ਕਰਨ ਬਾਅਦ ਬਹੁ-ਕੌਮੀ ਕੰਪਨੀ ਪੈਪਸੀ ਨਾਲ ਸਮਝੌਤਾ ਕਰਨ ਤੋਂ ਬਾਅਦ ਪੰਜਾਬ ਵਿਚ ਖੇਤੀ ਵੰਨ-ਸਵੰਨਤਾ



**ਸੁੱਚਾ ਸਿੰਘ ਗਿੱਲ**
ਫੋਨ: +91-98550-82857

ਦਾ ਪ੍ਰੋਗਰਾਮ 1988 ਵਿਚ ਸ਼ੁਰੂ ਕੀਤਾ ਗਿਆ ਸੀ। ਇਸ ਸਮੇਂ ਤੱਕ ਪੰਜਾਬ ਦੇ ਆਰਥਿਕ ਮਾਹਿਰਾਂ ਵਿਚ ਇਸ ਪ੍ਰੋਗਰਾਮ ਬਾਰੇ ਸਹਿਮਤੀ ਨਹੀਂ ਸੀ। ਪੈਪਸੀ ਕੰਪਨੀ ਦੀ ਅਗਵਾਈ ਵਾਲਾ ਫ਼ਸਲੀ ਵੰਨ-ਸਵੰਨਤਾ ਦਾ ਪ੍ਰੋਗਰਾਮ ਦੇਸ਼ ਵਿਚ ਨਵੀਂ ਆਰਥਿਕ ਨੀਤੀ 1991 ਵਿਚ ਅਪਣਾਉਣ ਤੋਂ ਬਾਅਦ ਲੜਖੜਾ ਗਿਆ।

ਕੁਝ ਆਰਥਿਕ ਮਾਹਿਰ ਕਣਕ-ਝੋਨੇ ਦੇ ਫ਼ਸਲੀ ਚੱਕਰ ਨੂੰ ਕਿਸਾਨਾਂ ਵਾਸਤੇ ਉਤਮ ਮੰਨਦੇ ਸਨ। ਇਸ ਫ਼ਸਲੀ ਚੱਕਰ ਨੂੰ ਕੇਂਦਰ ਸਰਕਾਰ ਦੀ ਪੂਰੀ ਹਮਾਇਤ ਸੀ। ਸਰਕਾਰ ਹਰ ਸਾਲ ਇਨ੍ਹਾਂ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦਾ ਐਲਾਨ ਕਰਦੀ ਅਤੇ ਜਿਣਸਾਂ ਮੰਡੀ ਵਿਚ ਆਉਣ 'ਤੇ ਕੇਂਦਰ ਸਰਕਾਰ ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਰਾਹੀਂ ਇਨ੍ਹਾਂ ਨੂੰ ਖਰੀਦ ਲੈਂਦੀ ਸੀ। ਇਸ ਸਮੇਂ ਸੂਬੇ ਅੰਦਰ ਜ਼ਮੀਨ ਹੇਠਲੇ ਪਾਣੀ ਦੀ ਸਮੱਸਿਆ ਵੀ ਅਜੇ ਗੰਭੀਰ ਰੂਪ ਵਿਚ ਸਾਹਮਣੇ ਨਹੀਂ ਆਈ ਸੀ। ਦੂਜੀ ਜੌਹਲ ਕਮੇਟੀ ਰਿਪੋਰਟ 2002 ਵਿਚ ਸਰਕਾਰ ਨੂੰ ਪੇਸ਼ ਕੀਤੀ ਗਈ। ਇਸ ਤੋਂ ਬਾਅਦ ਸਰਕਾਰ ਵਲੋਂ ਇਕ ਡਿਜ਼ਾਈਨ ਬਣਾ ਕੇ ਖੇਤੀ ਵੰਨ-ਸਵੰਨਤਾ ਪ੍ਰੋਗਰਾਮ ਪੰਜਾਬ ਵਿਚ ਕਈ ਕਾਰਪੋਰੇਟ ਕੰਪਨੀਆਂ ਦੀ ਸ਼ਮੂਲੀਅਤ ਨਾਲ ਸ਼ੁਰੂ ਕੀਤਾ ਗਿਆ ਸੀ ਪਰ ਇਹ ਪ੍ਰੋਗਰਾਮ ਬਹੁਤ ਜਲਦੀ ਫੇਲ੍ਹ ਹੋ ਗਿਆ। ਇਸ ਤੋਂ ਬਾਅਦ ਪੰਜਾਬ ਖੇਤੀ ਕਮਿਸ਼ਨ ਦੇ ਚੇਅਰਮੈਨ ਜੀ.ਐੱਸ. ਕਾਲਕਟ ਨੇ 2013 ਵਿਚ ਖੇਤੀ ਨੀਤੀ ਬਣਾਈ ਜਿਸ ਵਿਚ ਖੇਤੀ ਵੰਨ-ਸਵੰਨਤਾ ਪ੍ਰੋਗਰਾਮ ਦਾ ਸੁਝਾਅ ਦਿੱਤਾ ਗਿਆ ਸੀ। ਇਸ ਨੀਤੀ ਨੂੰ ਸਰਕਾਰ ਨੇ ਕੈਬਨਿਟ ਵਿਚ ਪੇਸ਼ ਹੀ ਨਹੀਂ ਕੀਤਾ। ਇਵੇਂ ਹੀ ਪੰਜਾਬ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ ਦੇ ਚੇਅਰਮੈਨ ਅਜੇਬੀਰ ਜਾਖੜ ਦੀ ਤਿਆਰ ਕੀਤੀ ਖੇਤੀ ਨੀਤੀ ਵਿਚ ਇਸ ਪ੍ਰੋਗਰਾਮ ਨੂੰ ਮੁੜ 2018 ਵਿਚ ਸੁਝਾਇਆ ਗਿਆ। ਇਸ ਨੀਤੀ ਨੂੰ ਵੀ ਪੰਜਾਬ ਕੈਬਨਿਟ ਵਿਚ ਨਹੀਂ ਰੱਖਿਆ ਗਿਆ। ਹੁਣ ਮੌਜੂਦਾ ਸਰਕਾਰ ਨੇ ਜੂਨ 2023 ਵਿਚ ਪੰਜਾਬ ਸਰਕਾਰ ਦੇ ਜਾਰੀ ਪੰਜਾਬ ਵਿਜ਼ਨ-2047 ਵਿਚ ਖੇਤੀ ਵੰਨ-ਸਵੰਨਤਾ ਅਪਣਾਉਣ ਦਾ ਐਲਾਨ ਕੀਤਾ ਹੈ। ਇਸ ਪ੍ਰੋਗਰਾਮ ਦੇ ਐਲਾਨ ਤੋਂ ਬਾਅਦ ਪੰਜਾਬ ਦੇ ਆਰਥਿਕ ਮਾਹਿਰਾਂ ਅਤੇ ਬੌਧਿਕ ਹਲਕਿਆਂ ਵਿਚ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਬਾਰੇ ਸਹਿਮਤੀ ਬਣ ਗਈ ਹੈ ਅਤੇ ਸਰਕਾਰੀ ਪ੍ਰਵਾਨਗੀ ਦੁਬਾਰਾ ਮਿਲ ਗਈ ਹੈ।

ਇੰਨੇ ਲੰਮੇ ਸਮੇਂ ਦੇ ਖੇਤੀ ਵੰਨ-ਸਵੰਨਤਾ ਦੇ ਸੰਵਾਦ ਤੋਂ ਬਾਅਦ ਖੇਤੀ ਵੰਨ-ਸਵੰਨਤਾ ਦੀ ਲੋੜ ਪੰਜਾਬ ਵਿਚ ਜ਼ਿਆਦਾ ਸਪੱਸ਼ਟਤਾ ਨਾਲ ਉਭਰ ਕੇ ਸਾਹਮਣੇ ਆਈ ਹੈ। ਇਸ ਦੇ ਕਈ ਕਾਰਨਾਂ ਵਿਚੋਂ ਇਕ ਖੇਤੀ ਦੇ ਟਿਕਾਊ ਵਿਕਾਸ ਨੂੰ ਬਰਕਰਾਰ ਰੱਖਣ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਮੌਜੂਦਾ ਕਣਕ ਅਤੇ ਝੋਨੇ 'ਤੇ ਆਧਾਰਿਤ ਫ਼ਸਲੀ ਚੱਕਰ ਵਾਸਤੇ ਜਿੰਨਾ ਪਾਣੀ ਚਾਹੀਦਾ ਹੈ, ਉਹ ਸੂਬੇ ਵਿਚ ਉਪਲਬਧ ਨਹੀਂ ਰਿਹਾ। ਦਰਿਆਈ/ਨਹਿਰੀ ਪਾਣੀ ਬਹੁਤ ਥੋੜ੍ਹਾ ਹੈ ਅਤੇ ਜ਼ਮੀਨ ਹੇਠਲੇ ਪਾਣੀ ਨੂੰ ਟਿਊਬਵੈਲਾਂ ਨਾਲ ਕਾਫ਼ੀ ਹੱਦ ਤੱਕ ਕਿਸਾਨਾਂ ਵਲੋਂ ਖਾਤਮੇ ਕਿਨਾਰੇ ਪਹੁੰਚਾ ਦਿੱਤਾ ਹੈ। ਯੋਜਨਾ ਕਮਿਸ਼ਨ ਤੇ ਕੇਂਦਰੀ ਜਲ ਕਮਿਸ਼ਨ ਦੀਆਂ ਰਿਪੋਰਟਾਂ ਅਤੇ ਮਾਹਿਰਾਂ ਦੇ ਅਧਿਐਨ ਦੱਸਦੇ ਹਨ ਕਿ ਪੰਜਾਬ ਦੇ ਕੁਝ ਕੁ ਗਿਣਤੀ ਦੇ ਬਲਾਕਾਂ ਨੂੰ ਛੱਡ ਕੇ ਬਾਕੀ ਸਾਰੇ ਬਲਾਕਾਂ ਨੂੰ ਡਾਰਕ ਜ਼ੋਨ ਐਲਾਨ ਦਿੱਤਾ ਗਿਆ ਹੈ। ਇਸ ਦਾ ਅਰਥ ਹੈ ਕਿ ਜ਼ਮੀਨ ਹੇਠਲੇ ਪਾਣੀ ਨੂੰ ਮੌਜੂਦਾ ਰਫ਼ਤਾਰ ਨਾਲ ਕੱਢਣਾ ਜਾਰੀ ਰੱਖਿਆ ਗਿਆ ਤਾਂ ਇਹ ਪਾਣੀ ਦਾ ਸਰੋਤ ਖਤਮ ਹੋਣ ਵੱਲ ਵਧ ਸਕਦਾ ਹੈ। ਇਸ ਕਰ ਕੇ ਜੇਕਰ ਖੇਤੀਬਾੜੀ ਦੇ ਧੰਦੇ ਨੂੰ ਜਾਰੀ ਰੱਖਣਾ ਹੈ ਤਾਂ ਮੌਜੂਦਾ ਫ਼ਸਲੀ ਚੱਕਰ ਨੂੰ ਬਦਲਣਾ ਪਵੇਗਾ ਅਤੇ ਸੂਬੇ ਦੇ ਵੱਡੇ ਹਿੱਸੇ ਵਿਚੋਂ ਝੋਨੇ ਦੀ ਫ਼ਸਲ ਦੀ ਬਜਾਇ ਐਸੀਆਂ ਫਸਲਾਂ ਅਪਣਾਉਣੀਆਂ ਪੈਣਗੀਆਂ ਜਿਨ੍ਹਾਂ ਨੂੰ ਪਾਣੀ ਦੀ ਘੱਟ ਲੋੜ ਹੁੰਦੀ ਹੈ। ਇਸ ਤੋਂ ਇਲਾਵਾ ਇਕੋ ਕਿਸਮ ਦੀਆਂ ਫ਼ਸਲਾਂ ਲਗਾਤਾਰ ਬੀਜਣ ਨਾਲ ਭੂਮੀ ਦੀ ਉਪਜਾਊ ਸ਼ਕਤੀ ਵੀ ਘਟ ਜਾਂਦੀ ਹੈ। ਕੀੜੇਮਾਰ ਦਵਾਈਆਂ ਦੀ ਬੇਹਿਸਾਬ ਵਰਤੋਂ ਨਾਲ ਭੂਮੀ ਜ਼ਹਿਰੀਲੀ ਹੋ ਗਈ



ਹੈ, ਫ਼ਸਲਾਂ ਦੀ ਰਹਿੰਦ-ਖੂੰਹਦ ਸਾੜਨ ਅਤੇ ਫੈਕਟਰੀਆਂ ਦੇ ਧੂੰਏਂ ਨਾਲ ਹਵਾ ਗੰਧਲੀ ਹੋ ਗਈ ਅਤੇ ਪਾਣੀ ਮੁੱਕਣ ਦੇ ਨਾਲ ਨਾਲ ਗੰਧਲਾ ਵੀ ਹੋ ਗਿਆ ਹੈ। ਇਨ੍ਹਾਂ ਕਾਰਨਾਂ ਕਰ ਕੇ ਮੌਜੂਦਾ ਖੇਤੀ ਮਾਡਲ ਟਿਕਾਊ ਨਹੀਂ ਰਿਹਾ ਹੈ।

ਪਿਛਲੇ ਕੁਝ ਸਾਲਾਂ ਤੋਂ ਕਣਕ ਝੋਨੇ ਦੀਆਂ ਫ਼ਸਲਾਂ ਦੀ ਖਰੀਦ 'ਤੇ ਕੇਂਦਰ ਸਰਕਾਰ ਵਲੋਂ ਇਸ ਕਰ ਕੇ ਮੁਸ਼ਕਿਲਾਂ ਪੈਦਾ ਕੀਤੀਆਂ ਜਾ ਰਹੀਆਂ ਹਨ ਕਿ ਦੇਸ਼ ਅਨਾਜ ਵਿਚ ਆਤਮ-ਨਿਰਭਰ ਹੋ ਗਿਆ ਹੈ। ਸੂਬੇ ਨੂੰ ਪਿਛਲੇ ਦਸ ਸਾਲਾਂ ਤੋਂ ਕੇਂਦਰ ਸਰਕਾਰ ਵਲੋਂ ਸਲਾਹ ਦਿੱਤੀ ਜਾ ਰਹੀ ਹੈ ਕਿ ਕਣਕ ਝੋਨੇ ਹੇਠ ਰਕਬਾ ਘਟਾਇਆ ਜਾਵੇ। ਇਸ ਤੋਂ ਵੀ ਸਿਰੇ ਦੀ ਗੱਲ ਇਹ ਹੈ ਕਿ ਪੰਜਾਬ ਦੇ ਬਹੁਤੇ ਕਿਸਾਨਾਂ ਖਾਸ ਕਰ ਕੇ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਖੇਤੀ ਲਾਹੇਵੰਦ ਨਹੀਂ ਰਹੀ। ਇਸ ਕਰ ਕੇ ਉਹ ਖੇਤੀ ਤੋਂ ਬਾਹਰ ਜਾ ਰਹੇ ਹਨ। ਗਰੀਬ ਕਿਸਾਨ ਅਤੇ ਖੇਤ ਮਜ਼ਦੂਰ ਆਤਮ-ਹਤਿਆਵਾਂ ਕਰ ਰਹੇ ਹਨ। ਇਸ ਕਰ ਕੇ ਖੇਤੀ ਮਾਹਿਰਾਂ ਦੀ ਰਾਇ ਹੈ ਕਿ ਕਣਕ ਝੋਨੇ ਦੀ ਬਜਾਇ ਵੱਡਮੁੱਲੀਆਂ ਫਸਲਾਂ ਜਿਵੇਂ ਦਾਲਾਂ, ਤੇਲਾਂ ਦੇ ਬੀਜ, ਫੁੱਲ, ਫ਼ਲ, ਸਬਜ਼ੀਆਂ ਪੈਦਾ ਕੀਤੀਆਂ ਜਾਣ, ਦੁੱਧ ਵਾਸਤੇ ਗਾਵਾਂ, ਮੱਝਾਂ ਪਾਲੀਆਂ ਜਾਣ, ਮਾਸ ਵਾਸਤੇ ਮੁਰਗੀਆਂ, ਭੇਡਾਂ ਬੱਕਰੀਆਂ, ਸੂਰ ਆਦਿ ਪਾਲੇ ਜਾਣ। ਇਸ ਤੋਂ ਇਲਾਵਾ ਕੁਦਰਤੀ ਖੇਤੀ ਵਲ ਮੁੜਿਆ ਜਾਵੇ ਅਤੇ ਸਹਾਇਕ ਧੰਦੇ ਅਪਣਾ ਕੇ ਕਿਸਾਨਾਂ ਦੇ ਧੰਦੇ ਨੂੰ ਲਾਹੇਵੰਦ ਬਣਾਉਣ ਵੱਲ ਵਧਿਆ ਜਾਵੇ। ਇਸ ਦੇ ਨਾਲ ਹੀ ਕਿਸਾਨਾਂ ਨੂੰ ਸਮੂਹਿਕ ਤੌਰ 'ਤੇ ਖੇਤੀ ਉਤਪਾਦਨ ਦੇ ਨਾਲ ਖੇਤੀ ਦੇ ਮੰਡੀਕਰਨ ਅਤੇ ਪ੍ਰੋਸੈਸਿੰਗ ਦੇ ਕੰਮਾਂ ਵਿਚ ਸ਼ਾਮਿਲ ਕਰ ਕੇ ਉਨ੍ਹਾਂ ਦੀ ਆਮਦਨ ਵਧਾਈ ਜਾਵੇ। ਇਸ ਤਰੀਕੇ ਨਾਲ ਖੇਤੀ ਵੰਨ-ਸਵੰਨਤਾ ਨੂੰ ਵਾਤਾਵਰਨ ਬਚਾਉਣ, ਕਣਕ ਝੋਨੇ ਦੀ ਮੰਡੀਕਰਨ ਦੀ ਸਮੱਸਿਆ ਦੇ ਹੱਲ ਕਰਨ, ਕਿਸਾਨਾਂ ਦੀ ਖੇਤੀ ਨੂੰ ਲਾਹੇਵੰਦ ਬਣਾਉਣ ਅਤੇ ਖੇਤ ਮਜ਼ਦੂਰਾਂ ਲਈ ਰੁਜ਼ਗਾਰ ਪੈਦਾ ਕਰਨ ਲਈ ਨੀਤੀ ਦੇ ਤੌਰ 'ਤੇ ਪ੍ਰਸਾਰਿਆ ਜਾ ਰਿਹਾ ਹੈ।

ਖੇਤੀ ਵੰਨ-ਸਵੰਨਤਾ ਅਪਣਾਉਣ ਵਾਸਤੇ ਤਿੰਨ ਤਰ੍ਹਾਂ ਦੀ ਰਣਨੀਤੀ ਬਾਰੇ ਸੁਝਾਅ ਦਿੱਤੇ ਜਾ ਰਹੇ ਹਨ। ਪਹਿਲਾ ਸੁਝਾਅ ਹੈ ਕਿ ਇਸ ਨੂੰ ਕਾਮਯਾਬ ਉਵੇਂ ਹੀ ਕੀਤਾ ਜਾਵੇ ਜਿਵੇਂ ਹਰੇ ਇਨਕਲਾਬ ਨੂੰ ਕਾਮਯਾਬ ਕੀਤਾ ਗਿਆ ਸੀ। ਇਸ ਅਨੁਸਾਰ ਨਵੀਆਂ ਸੁਝਾਈਆਂ ਫ਼ਸਲਾਂ/ਧੰਦਿਆਂ ਬਾਰੇ ਖੋਜ ਦਾ ਕਾਰਜ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਕਰੇ। ਨਵੀਆਂ ਖੋਜਾਂ ਕਿਸਾਨਾਂ ਤਕ ਪਹੁੰਚਾਉਣ ਦਾ ਕੰਮ ਪੰਜਾਬ ਸਰਕਾਰ ਦਾ ਖੇਤੀਬਾੜੀ ਵਿਭਾਗ ਕਰੇ। ਨਵੀਆਂ ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਸਰਕਾਰ ਨਿਸ਼ਚਿਤ ਕਰੇ ਅਤੇ ਇਨ੍ਹਾਂ ਦੇ ਮੰਡੀਕਰਨ ਦਾ ਪ੍ਰਬੰਧ ਵੀ ਸਰਕਾਰ ਵਲੋਂ ਯਕੀਨੀ ਬਣਾਇਆ ਜਾਵੇ। ਇਹ ਵੀ ਯਕੀਨੀ ਕੀਤਾ ਜਾਵੇ ਕਿ ਨਵੇਂ ਫ਼ਸਲੀ ਚੱਕਰ ਵਿਚੋਂ ਕਿਸਾਨਾਂ ਨੂੰ ਪੁਰਾਣੇ ਫ਼ਸਲੀ ਪੈਟਰਨ ਦੇ ਬਰਾਬਰ ਜਾਂ ਉਸ ਤੋਂ ਵੱਧ ਆਮਦਨ ਪ੍ਰਾਪਤ ਹੋਵੇ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੀ ਸਰਕਾਰ ਤੋਂ ਫ਼ਸਲੀ ਵੰਨ-ਸਵੰਨਤਾ ਦੇ ਸਬੰਧ ਵਿਚ ਇਹ ਹੀ ਮੰਗ ਹੈ।

ਦੂਜੇ ਕਿਸਮ ਦੀ ਰਣਨੀਤੀ ਵਿਚ ਇਹ ਸੁਝਾਇਆ ਜਾ ਰਿਹਾ ਹੈ ਕਿ ਨਵੀਆਂ ਸੁਝਾਈਆਂ ਫਸਲਾਂ ਬਾਰੇ ਖੋਜ ਦਾ ਕਾਰਜ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਅਤੇ ਪਸਾਰ ਦਾ ਕੰਮ ਪੰਜਾਬ ਖੇਤੀਬਾੜੀ ਵਿਭਾਗ ਵੱਲੋਂ ਕੀਤਾ ਜਾਵੇ ਤੇ ਘੱਟੋ-ਘੱਟ ਸਮਰਥਨ ਮੁੱਲ ਸਰਕਾਰ ਵਲੋਂ ਯਕੀਨੀ ਬਣਾਇਆ ਜਾਵੇ ਪਰ ਮੰਡੀਕਰਨ, ਭੰਡਾਰੀਕਰਨ ਅਤੇ ਪ੍ਰੋਸੈਸਿੰਗ ਦਾ ਕੰਮ ਕਿਸਾਨਾਂ ਦੇ ਕੋਆਪਰੇਟਿਵ ਜਾਂ ਫਾਰਮਜ਼ ਪ੍ਰੋਡਿਊਸਰ ਕੰਪਨੀਆਂ ਵਲੋਂ ਕੀਤਾ ਜਾਵੇ। ਇਸ ਤਰੀਕੇ ਨਾਲ ਕਿਸਾਨਾਂ ਨੂੰ ਉਤਪਾਦਨ ਦੇ ਮੁੱਲ ਦੀ ਲੜੀ ਵਿਚ ਸ਼ਾਮਲ ਕਰ ਕੇ ਉਨ੍ਹਾਂ ਦੀ ਆਮਦਨ ਵਧਾਈ ਜਾ ਸਕਦੀ ਹੈ।

ਤੀਜੀ ਸੁਝਾਈ ਰਣਨੀਤੀ ਅਨੁਸਾਰ ਕਿਸਾਨਾਂ ਨੂੰ ਖੇਤੀ ਉਤਪਾਦਨ ਦਾ ਕੰਮ ਹੀ ਮੁੱਖ ਤੌਰ 'ਤੇ ਕਰਨਾ ਚਾਹੀਦਾ ਹੈ, ਬਾਕੀ ਦਾ ਕਾਰਜ ਕਾਰਪੋਰੇਟ ਕੰਪਨੀਆਂ ਕਰਨਗੀਆਂ। ਕਾਰਪੋਰੇਟ ਕੰਪਨੀਆਂ ਨਵੇਂ ਬੀਜ ਖੋਜਾਂ ਨਾਲ ਪੈਦਾ ਕਰਨਗੀਆਂ ਅਤੇ ਕੰਟਰੈਕਟ ਕਰਨ ਵਾਲੇ ਕਿਸਾਨਾਂ ਨੂੰ ਸਪਲਾਈ ਕਰਨਗੀਆਂ। ਕਿਸਾਨਾਂ ਦੀ ਪੈਦਾ ਕੀਤੀ ਉਪਜ ਨੂੰ ਕੰਪਨੀਆਂ ਪਹਿਲਾਂ ਤੈਅ ਕੀਮਤ 'ਤੇ ਖਰੀਦਣਗੀਆਂ। ਸਰਕਾਰ ਇਹ ਯਕੀਨੀ ਬਣਾਏਗੀ ਕਿ ਕਿਸਾਨਾਂ ਅਤੇ ਕੰਪਨੀਆਂ ਵਿਚ ਕੰਟਰੈਕਟ ਠੀਕ ਤਰ੍ਹਾਂ ਲਾਗੂ ਕੀਤਾ ਜਾਵੇ। ਇਹ ਰਣਨੀਤੀ ਪੰਜਾਬ ਸਰਕਾਰ ਵੱਲੋਂ ਪੈਪਸੀ ਰਾਹੀਂ 1988 ਵਿਚ ਅਤੇ ਕਾਰਪੋਰੇਟ ਕੰਪਨੀਆਂ ਦੇ ਸਮੂਹ ਨਾਲ ਕੰਟਰੈਕਟ ਫਾਰਮਿੰਗ ਰਾਹੀਂ 2003-04 ਲਾਗੂ ਕੀਤੀ ਗਈ ਸੀ। ਇਹ ਰਣਨੀਤੀ ਦੋਵੇਂ ਵਾਰੀ ਕਾਮਯਾਬ ਨਹੀਂ ਹੋ ਸਕੀ।

ਮੌਜੂਦਾ ਸਮੇਂ ਦੌਰਾਨ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਇਸ ਰਣਨੀਤੀ ਦਾ ਵਿਰੋਧ ਕਰ ਰਹੀਆਂ ਹਨ। ਇਹ ਗੱਲ ਦਿੱਲੀ ਦੀਆਂ ਬਰੂਹਾਂ 'ਤੇ ਚੱਲੇ ਕਿਸਾਨ ਅੰਦੋਲਨ (2020-21) ਵਿਚ ਖੁੱਲ੍ਹ ਕੇ ਸਾਹਮਣੇ ਆ ਗਈ ਸੀ। ਮੌਜੂਦਾ ਪੰਜਾਬ ਸਰਕਾਰ ਦੀ ਬਣਾਈ ਖੇਤੀ ਨੀਤੀ ਕਮੇਟੀ ਵਲੋਂ ਆਪਣੀ ਰਿਪੋਰਟ ਇਸ ਮਹੀਨੇ ਦੇ ਅਖੀਰ ਤੱਕ ਪੇਸ਼ ਕਰਨ ਦੀ ਸੰਭਾਵਨਾ ਹੈ। ਇਸ ਕਮੇਟੀ ਵਲੋਂ ਫ਼ਸਲੀ ਵੰਨ-ਸਵੰਨਤਾ ਦੀ ਰਣਨੀਤੀ ਬਾਰੇ ਕੁਝ ਸੁਝਾਅ ਪੇਸ਼ ਕੀਤੇ ਜਾਣਗੇ। ਖੇਤੀ ਵੰਨ-ਸਵੰਨਤਾ ਨੂੰ ਕਾਮਯਾਬ ਕਰਨ ਲਈ ਸਰਕਾਰ ਵਲੋਂ ਕਿਸਾਨਾਂ ਅਤੇ ਕਿਸਾਨ ਜਥੇਬੰਦੀਆਂ ਨਾਲ ਸਹਿਮਤੀ ਬਣਾ ਕੇ ਹੀ ਅੱਗੇ ਵਧਿਆ ਜਾ ਸਕਦਾ ਹੈ।

# ਮਜ਼ਦੂਰ ਸੰਘਰਸ਼ਾਂ ਵੱਲ ਕਿਸਾਨ ਜਥੇਬੰਦੀਆਂ ਦਾ ਰਵੱਈਆ

ਕਿਸਾਨਾਂ ਦੇ ਸੰਘਰਸ਼ਾਂ ਵਿਚ ਅਕਸਰ ਕਿਸਾਨ, ਮਜ਼ਦੂਰ ਏਕਤਾ ਜ਼ਿੰਦਾਬਾਦ ਦਾ ਨਾਅਰਾ ਬੁਲੰਦ ਕੀਤਾ ਜਾਂਦਾ ਹੈ ਪਰ ਜਦ ਮਜ਼ਦੂਰਾਂ ਵੱਲੋਂ ਕੋਈ ਹੱਕੀ ਸੰਘਰਸ਼ ਕੀਤਾ ਜਾਂਦਾ ਹੈ ਤਾਂ ਕਈ ਕਿਸਾਨ ਜਥੇਬੰਦੀਆਂ ਮਜ਼ਦੂਰ ਭਾਈਚਾਰੇ ਦਾ ਸਾਥ ਦੇਣ ਦੀ ਬਜਾਇ ਧਨਾਢਾਂ ਦੇ ਹੱਕ ਵਿਚ ਖੜ੍ਹ ਜਾਂਦੀਆਂ ਹਨ। 31 ਮਈ ਨੂੰ ਜ਼ਿਲ੍ਹਾ ਸੰਗਰੂਰ ਦੇ ਪਿੰਡ ਨਮੋਲ ਮੈਣੋ ਪੱਤੀ ਵਿਚ ਪਿੰਡ ਦੇ ਜ਼ਮੀਨ ਮਾਲਕਾਂ ਨੇ

**ਬਹਾਲ ਸਿੰਘ ਬੇਨੜਾ**
ਫੋਨ: +91-76962-96937

ਮਜ਼ਦੂਰ ਮਰਦ ਔਰਤਾਂ ਦੀ ਕੁੱਟਮਾਰ ਕੀਤੀ, ਜਾਤੀ ਸੂਚਕ ਸ਼ਬਦ ਬੋਲੇ। ਇਸ ਵਿਚ ਤਿੰਨ ਔਰਤਾਂ ਸਮੇਤ ਪੰਜ ਮਜ਼ਦੂਰ ਗੰਭੀਰ ਜ਼ਖਮੀ ਹੋ ਗਏ।

ਦਰਅਸਲ ਪੰਜਾਬ ਦੇ ਪਿੰਡਾਂ ਦਾ ਇਤਿਹਾਸ ਸਾਧਨ-ਸੰਪਨ ਲੋਕਾਂ ਵੱਲੋਂ ਸਾਧਨ ਵਿਹੂਣੇ ਲੋਕਾਂ ਉੱਪਰ ਧੱਕਿਆਂ ਨਾਲ ਨੱਕੋ-ਨੱਕ ਭਰਿਆ ਹੋਇਆ ਹੈ। ਪਿੰਡ ਨਮੋਲ ਦਾ ਮਸਲਾ ਵੀ ਅਜਿਹਾ ਹੀ ਹੈ। ਪਿੰਡ ਦੇ ਪੁਰਾਣੇ ਬਜ਼ੁਰਗਾਂ ਤੋਂ ਹਾਸਲ ਕੀਤੀ ਜਾਣਕਾਰੀ ਅਨੁਸਾਰ ਜਿਸ ਜਗ੍ਹਾ ਵਿਚ ਹੁਣ ਜਨਰਲ ਧਰਮਸ਼ਾਲਾ ਹੈ, ਉਥੇ 1974-75 ਵਿਚ ਐਸ.ਸੀ. ਲੋਕਾਂ ਦੇ ਪਥਵਾੜੇ, ਰੂੜੀਆਂ ਸਨ। ਜਿੱਥੇ ਬਾਅਦ ਵਿਚ ਰੂੜੀਆਂ ਪਥਵਾੜੇ ਲਗਾਏ, ਉਥੇ ਜਨਰਲ ਗੁਰੂਘਰ ਬਣਾ ਦਿੱਤਾ ਗਿਆ। ਅਗਾਹ ਤੀਜੀ ਥਾਂ ਜਿਸ ਜਗ੍ਹਾ ਨੂੰ ਰੂੜੀਆਂ ਲਈ ਵਰਤਣਾ ਸ਼ੁਰੂ ਕੀਤਾ, ਉਥੇ ਸ਼ਮਸ਼ਾਨਘਾਟ ਬਣਾ ਦਿੱਤਾ ਗਿਆ। ਫਿਰ ਜਿੱਥੇ ਰੂੜੀਆਂ ਪਥਵਾੜੇ ਲਗਾਏ, 2007-08 ਵਿਚ ਉਥੇ ਪਾਰਕ ਬਣਾਉਣ ਲਈ ਚਾਰਦੀਵਾਰੀ ਕਰ ਦਿੱਤੀ। ਇਹ ਵੀ ਤੱਥ ਹੈ ਕਿ ਉਥੇ ਅੱਜ ਤੱਕ ਪਾਰਕ ਨਹੀਂ ਬਣਾਇਆ ਬਲਕਿ ਜ਼ਿਮੀਦਾਰ ਉਸ ਨੂੰ ਆਪਣੇ ਖੇਤੀ ਦੇ ਕੰਮਾਂ ਲਈ ਵਰਤਦੇ ਹਨ।

ਵਾਰ-ਵਾਰ ਜਗ੍ਹਾ ਖੋਹੇ ਜਾਣ ਤੋਂ ਬਾਅਦ ਰੂੜੀਆਂ ਪਥਵਾੜੇ ਲਗਾਉਣ ਲਈ ਜਿੱਥੇ ਜਿਸ ਨੂੰ ਜਗ੍ਹਾ ਮਿਲੀ; ਸੜਕਾਂ, ਰਾਹਾਂ ਦੇ ਕੰਢਿਆਂ ਉੱਪਰ ਅਤੇ ਔਰਤ ਪਖਾਨਿਆਂ ਵਾਲੀ ਵਿਹਲੀ ਪਈ ਸ਼ਾਮਲਾਟ ਜ਼ਮੀਨ ਵਿਚ ਰੂੜੀਆਂ ਪਥਵਾੜੇ ਲਗਾ ਲਏ। ਹੁਣ ਪੰਜਵੀਂ ਵਾਰ ਬਿਨਾ ਮਜ਼ਦੂਰਾਂ ਦੀ ਸਹਿਮਤੀ ਤੋਂ ਜ਼ਮੀਨ ਮਾਲਕਾਂ ਨੇ ਰੂੜੀਆਂ, ਪਥਵਾੜਿਆਂ ਨੂੰ ਉਜਾੜ ਦਿੱਤਾ। ਅਸਲ ਵਿਚ, ਪਿੰਡ ਦੀ ਪੰਚਾਇਤ ਕੋਲ ਪਾਰਕ ਬਣਾਉਣ ਲਈ ਗਰਾਂਟ ਕਾਫੀ ਪਹਿਲਾਂ ਆ ਚੁੱਕੀ ਸੀ। ਪੰਚਾਇਤ ਨੇ ਪਹਿਲਾਂ ਦੋ ਹੋਰ ਥਾਵਾਂ ਉਪਰ ਪਾਰਕ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਲੋਕਾਂ ਦੇ ਵਿਰੋਧ ਕਰ ਕੇ ਪਾਰਕ ਨਾ ਬਣਾਇਆ ਜਾ ਸਕਿਆ। ਫਿਰ ਪੰਚਾਇਤ ਨੇ 22 ਮਈ ਮੈਣੋ ਪੱਤੀ 'ਚ ਕਿਸਾਨਾਂ ਦੀ ਸਲਾਹ ਨਾਲ ਪਾਰਕ ਬਣਾਉਣ ਦਾ ਮਤਾ ਪਾ ਦਿੱਤਾ ਪਰ ਉਸ ਪੱਤੀ ਵਿਚ 300 ਤੋਂ ਵੱਧ ਐਸ.ਸੀ. ਆਬਾਦੀ ਵੀ ਹੈ ਜਿਸ ਦੀ ਸਹਿਮਤੀ ਲੈਣੀ ਜ਼ਰੂਰੀ ਨਹੀਂ ਸਮਝੀ।

ਹਕੀਕਤ ਇਹ ਹੈ ਕਿ ਰੂੜੀਆਂ ਤੇ ਪਥਵਾੜੇ ਜਿਊਣ ਦੇ ਸਾਧਨ ਵਿਚੋਂ ਹਨ। ਮੈਣੋ ਪੱਤੀ ਵਿਚ ਕਰੀਬ 90 ਘਰਾਂ ਵਿਚੋਂ 35 ਘਰਾਂ ਕੋਲ ਪਸ਼ੂ ਹਨ; ਜਦੋਂ ਤੋਂ ਰੂੜੀਆਂ ਪਥਵਾੜਿਆਂ ਦਾ ਥਾਂ ਖੋਹਿਆ ਹੈ, ਉਸ ਦਿਨ ਤੋਂ ਗੋਹਾ ਕੂੜਾ ਸੁੱਟਣ ਵਿਚ ਭਾਰੀ ਪ੍ਰੇਸ਼ਾਨੀ ਹੈ। ਕੁਝ ਜ਼ਿਮੀਦਾਰ ਦਲਿਤ ਭਾਈਚਾਰੇ ਨਾਲ ਸਬੰਧਤ ਪਿੰਡ ਦੇ ਇੱਕ ਅਧਿਆਪਕ ਕੋਲ ਪਾਰਕ ਬਣਾਉਣ ਲਈ ਸਹਿਮਤੀ ਖਾਤਰ ਗਏ ਤਾਂ ਮਜ਼ਦੂਰ ਭਾਈਚਾਰੇ ਨੇ ਪਾਰਕ ਬਣਾਉਣ ਲਈ ਪੰਚਾਇਤ ਦੇ ਨਾਮ ਇਹ ਮੰਗ ਪੱਤਰ ਲਿਖਿਆ:

1) ਪਾਰਕ ਦਾ ਨਾਮ ਡਾ. ਭੀਮ ਰਾਓ ਅੰਬੇਡਕਰ ਰੱਖਿਆ ਜਾਵੇ; 2) ਪਾਰਕ ਸਾਰੀ ਸ਼ਾਮਲਾਟ ਜਗ੍ਹਾ ਵਿਚ ਬਣਾਇਆ ਜਾਵੇ, ਭਾਵ ਸੁਖਦੇਵ ਸਿੰਘ ਫੌਜੀ ਪੁੱਤਰ ਮੱਘਰ ਸਿੰਘ ਵਾਲੇ ਪਾਸਿਓਂ ਸ਼ੁਰੂ ਕੀਤਾ ਜਾਵੇ; 3) ਪਾਰਕ ਦੀ ਕਮੇਟੀ ਰਮਦਾਸੀਆ ਭਾਈਚਾਰੇ ਨੂੰ ਦਿੱਤੀ ਜਾਵੇ, ਇਹ ਕਮੇਟੀ ਹੀ ਪਾਰਕ ਦੀ ਦੇਖ ਰੇਖ ਕਰੇਗੀ; 4) ਕੁਝ ਥਾਂ ਸਾਂਝੀ ਰੂੜੀ ਲਈ ਦਿੱਤੀ ਜਾਵੇ; 5) ਜ਼ਿਮੀਦਾਰ ਭਾਈਚਾਰੇ ਵੱਲੋਂ ਲਿਖਤੀ ਵਿਸ਼ਵਾਸ ਦਿਵਾਇਆ ਜਾਵੇ ਕਿ ਜੇ ਕੋਈ ਕਿਸੇ ਕਿਸਮ ਦੀ ਸ਼ਰਾਰਤ, ਹੁੱਲੜਬਾਜ਼ੀ ਪਾਰਕ 'ਚ ਕਰਦਾ ਹੈ ਤਾਂ ਸਾਰੇ ਉਸ ਖਿਲਾਫ਼ ਕਾਨੂੰਨੀ ਕਾਰਵਾਈ ਲਈ ਸਹਿਮਤ ਹੋਣਗੇ।

ਇਹ ਮੰਗ ਪੱਤਰ ਲਿਖਣ ਤੱਕ ਬਹੁਤ ਸਾਰੇ ਮਜ਼ਦੂਰ ਕੰਮਾਂ ਉਪਰ ਜਾ ਚੁੱਕੇ ਸਨ। ਜਿਹੜੇ ਕੁਝ ਮਜ਼ਦੂਰ ਘਰਾਂ ਵਿਚ ਸਨ, ਉਨ੍ਹਾਂ ਤੋਂ ਘਰੋ-ਘਰੀ ਜਾ ਕੇ ਦਸਤਖਤ ਕਰਵਾ ਲਏ ਗਏ। ਜਦੋਂ 28 ਮਈ ਸ਼ਾਮੀਂ ਮਜ਼ਦੂਰ ਕੰਮ ਤੋਂ ਵਾਪਸ ਆਏ ਤਾਂ ਇਨ੍ਹਾਂ ਨੂੰ ਪਤਾ ਲੱਗਾ ਕਿ ਰੂੜੀਆਂ ਪਥਵਾੜਿਆਂ ਵਾਲੀ ਥਾਂ ਉਪਰ ਜ਼ਿਮੀਦਾਰ ਪਾਰਕ ਬਣਾ ਰਹੇ ਹਨ ਤਾਂ ਇਨ੍ਹਾਂ ਦੇ ਦਿਮਾਗ ਵਿਚ ਕਈ ਦਹਾਕਿਆਂ ਦਾ ਕਿਸਾਨਾਂ ਵੱਲੋਂ ਕੀਤੇ ਵਾਰ-ਵਾਰ ਧੱਕਿਆਂ ਦਾ ਇਤਿਹਾਸ ਘੁੰਮ ਗਿਆ। ਇਨ੍ਹਾਂ ਨੂੰ ਯਾਦ ਆਇਆ ਕਿ 2007-08 ਵਿਚ ਜੋ ਥਾਂ ਪਾਰਕ ਬਣਾਉਣ ਲਈ ਉਨ੍ਹਾਂ ਤੋਂ ਖੋਹੀ ਸੀ, ਨੂੰ ਪਾਰਕ ਲਈ ਕਿਉਂ ਨਹੀਂ ਚੁਣਿਆ? ਮਜ਼ਦੂਰਾਂ ਨੂੰ ਮਹਿਸੂਸ ਹੋਇਆ ਕਿ ਇਹ ਬੱਸ ਮਜ਼ਦੂਰਾਂ ਨੂੰ ਜਲੀਲ ਕਰਨ ਲਈ ਹੀ ਹੈ ਅਤੇ ਉਨ੍ਹਾਂ ਪਾਰਕ ਰੂੜੀਆਂ ਪਥਵਾੜਿਆਂ ਦੇ ਉਜਾੜੇ ਵਿਰੁੱਧ ਦਸਤਖਤ ਮੁਹਿੰਮ ਸ਼ੁਰੂ ਕਰ ਦਿੱਤੀ। ਪਿੰਡ ਵਿਚ ਮਜ਼ਦੂਰਾਂ ਦਾ ਇਕੱਠ ਕੀਤਾ ਅਤੇ ਉਸ ਵਿਚ ਸਰਪੰਚ ਨੂੰ ਬੁਲਾਇਆ ਜੋ ਐਸ.ਸੀ. ਭਾਈਚਾਰੇ ਨਾਲ ਸਬੰਧਤ ਹੈ। ਮਜ਼ਦੂਰਾਂ ਨੇ ਸਰਪੰਚ ਨੂੰ ਕਿਹਾ ਕਿ ਤੁਹਾਨੂੰ ਪਾਰਕ ਦਾ ਮਤਾ ਪਾਉਣ ਤੋਂ ਪਹਿਲਾਂ ਸਹਿਮਤੀ ਲੈਣੀ ਚਾਹੀਦੀ ਸੀ, ਸਾਡੀਆਂ ਉਥੇ ਰੂੜੀਆਂ ਪਥਵਾੜੇ ਲੱਗੇ ਹੋਏ ਹਨ, ਅਸੀਂ ਕਿੱਥੇ ਜਾਵਾਂਗੇ, ਇਹ ਧੱਕਾ ਪੰਜਵੀਂ ਵਾਰ ਕੀਤਾ ਜਾ ਰਿਹਾ ਹੈ। ਮਜ਼ਦੂਰਾਂ ਨੇ ਪੁੱਛਿਆ ਕਿ ਕੀ ਜ਼ਿਮੀਦਾਰ ਹੀ ਪਿੰਡ ਦੇ ਮਾਲਕ ਹਨ, ਬਾਕੀ ਬਾਸ਼ਿੰਦਿਆਂ ਦੀ ਕੋਈ ਅਹਿਮੀਅਤ ਨਹੀਂ? ਸਰਪੰਚ ਦਰਸ਼ਨ ਸਿੰਘ ਨੇ ਮਜ਼ਦੂਰਾਂ ਦੇ ਦੁੱਖ ਸੁਣ ਕੇ ਕਿਹਾ ਕਿ ਉਸ ਤੋਂ ਭੁੱਲ ਹੋ ਗਈ, ਮੈਂ ਮਤਾ ਰੱਦ ਕਰ ਦਿੰਦਾ ਹਾਂ। ਸਰਪੰਚ ਨੇ ਪੰਚਾਇਤ ਦੀ ਲੈਟਰਪੈਡ ਉਪਰ ਲਿਖ ਕੇ ਮਤਾ ਰੱਦ ਕਰਵਾ ਦਿੱਤਾ ਤੇ ਮੋਹਰ ਲਗਾ ਦਿੱਤੀ ਅਤੇ ਪੰਚਾਇਤ ਮੈਂਬਰਾਂ ਵੀ ਦਸਤਖਤ ਕਰ ਦਿੱਤੇ।

ਉਧਰ, ਕਿਸਾਨਾਂ ਨੇ ਪ੍ਰਸ਼ਾਸਨ ਦੀ ਮਨਜ਼ੂਰੀ ਤੋਂ ਬਗੈਰ ਹੀ ਪਾਰਕ ਬਣਾਉਣ ਵਾਲੀ ਥਾਂ ਵਿਚੋਂ ਦਰੱਖਤ ਵੱਢਣੇ ਸ਼ੁਰੂ ਕਰ ਦਿੱਤੇ। ਮਜ਼ਦੂਰਾਂ ਦਾ ਰੱਖਿਆ ਬਾਲਣ ਬਾਹਰ ਸੁੱਟ ਦਿੱਤਾ ਗਿਆ ਅਤੇ ਪਥਵਾੜਿਆਂ ਤੇ ਰੂੜੀਆਂ ਨੂੰ ਉਜਾੜ ਦਿੱਤਾ ਗਿਆ। ਇਕ ਪਾਸੇ ਐਸ.ਸੀ. ਸਰਪੰਚ ਮਤਾ ਰੱਦ ਕਰ ਰਿਹਾ; ਦੂਜੇ ਪਾਸੇ ਕਿਸਾਨ ਪਾਰਕ ਬਣਾਉਣ ਲਈ ਕੰਮ ਸ਼ੁਰੂ ਕਰ ਦਿੰਦੇ ਹਨ। ਇਹ ਦੇਖ ਕੇ ਸਰਪੰਚ ਮਜ਼ਦੂਰਾਂ ਨੂੰ ਕਹਿੰਦਾ ਹੈ ਕਿ ਤੁਸੀਂ ਉੱਚ ਅਧਿਕਾਰੀਆਂ ਨੂੰ ਮਿਲ ਲਵੋ ਅਤੇ ਪਾਰਕ ਬਣਨ ਦੇ ਕੰਮ ਨੂੰ ਰੁਕਵਾ ਲਵੋ, ਮੈਂ ਤਾਂ ਕਾਰਵਾਈ ਰਜਿਸਟਰ ਵਿਚ ਮਤਾ ਪਾ ਕੇ ਹੱਥ ਵਢਾਈ ਬੈਠਾ ਹਾਂ। ਸਰਪੰਚ ਮਜ਼ਦੂਰਾਂ ਨਾਲ ਸੁਨਾਮ ਆਉਂਦਾ ਹੈ ਅਤੇ ਅਰਜ਼ੀਆਂ ਟਾਈਪ ਕਰਵਾਉਂਦਾ ਹੈ। ਸਰਪੰਚ ਇਸ ਮਸਲੇ ਵਿਚ ਇਕ ਸਟੈਂਡ ਨਹੀਂ ਲੈਂਦਾ। ਇਹ ਉਸ ਦੀ ਬੇਵਸੀ ਹੈ।

29 ਮਈ ਨੂੰ ਮਜ਼ਦੂਰ ਆਪਣੇ ਤੌਰ 'ਤੇ ਡੀ.ਐਸ.ਪੀ. ਸੁਨਾਮ, ਐਸ.ਐਚ.ਓ. ਥਾਣਾ ਚੀਮਾ ਅਤੇ ਪੰਜਾਬ ਸਰਕਾਰ ਵਿਚ ਮੰਤਰੀ ਅਮਨ ਅਰੋੜਾ ਨੂੰ ਮਿਲ ਕੇ ਮੰਗ ਪੱਤਰ ਦਿੰਦੇ ਹਨ ਕਿ ਰੂੜੀਆਂ ਪਥਵਾੜੇ ਨੂੰ ਜ਼ਿਮੀਦਾਰਾਂ ਨੇ ਉਜਾੜ ਦਿੱਤਾ ਹੈ, ਇਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ, ਉਨ੍ਹਾਂ ਨੂੰ ਇਨਸਾਫ਼ ਦਿੱਤਾ ਜਾਵੇ। 30 ਮਈ ਨੂੰ ਐਸ.ਸੀ. ਭਾਈਚਾਰੇ ਨੇ ਏ.ਡੀ.ਸੀ. ਅਤੇ ਐਸ.ਐਸ.ਪੀ. ਸੰਗਰੂਰ ਕੋਲ ਇਨਸਾਫ਼ ਲਈ ਫਰਿਆਦ ਕੀਤੀ। 31 ਮਈ ਨੂੰ ਐਸ.ਡੀ.ਐਮ. ਸੁਨਾਮ ਨੂੰ ਮਜ਼ਦੂਰਾਂ ਦਾ ਵਫਦ ਮਿਲਦਾ ਹੈ। ਉਹ ਬੀ.ਡੀ.ਪੀ.ਓ. ਸੁਨਾਮ ਨੂੰ ਮੌਕਾ ਦੇਖਣ ਲਈ ਪਿੰਡ ਨਮੋਲ ਭੇਜਦੇ ਹਨ। ਬੀ.ਡੀ.ਪੀ.ਓ. ਥਾਣਾ ਚੀਮਾ ਦੇ ਐਸ.ਐਚ.ਓ. ਨੂੰ ਨਾਲ ਲੈ ਕੇ ਪਿੰਡ ਨਮੋਲ ਪਹੁੰਚਦੇ ਹਨ; ਉਦੋਂ ਕਿਸਾਨ ਪਾਰਕ ਬਣਾਉਣ ਵਾਲੀ ਥਾਂ ਵਿਚ ਦਰਜਨਾਂ ਟਰੈਕਟਰ ਟਰਾਲੀਆਂ ਨਾਲ ਭਰਤ ਪਾ ਰਹੇ ਹਨ। ਬੀ.ਡੀ.ਪੀ.ਓ. ਇਹ ਕੰਮ ਰੋਕ ਦਿੰਦੇ ਹਨ।

ਪ੍ਰਸ਼ਾਸਨ ਦੇ ਜਾਣ ਤੋਂ ਬਾਅਦ ਕਿਸਾਨਾਂ ਨੇ ਮਿੱਟੀ ਨਾਲ ਭਰੀਆਂ ਟਰਾਲੀਆਂ ਪਾਰਕ ਵਾਲੀ ਥਾਂ ਵਿਚ ਖਾਲੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਮਜ਼ਦੂਰ ਔਰਤਾਂ ਟਰੈਕਟਰਾਂ ਅੱਗੇ ਹੋ ਗਈਆਂ। ਕਿਸਾਨਾਂ ਨੇ ਉਨ੍ਹਾਂ ਨੂੰ ਬੇਰਹਿਮੀ ਨਾਲ ਪਰ੍ਹਾ ਕਰਨਾ ਸ਼ੁਰੂ ਕੀਤਾ ਤੇ ਜਾਤੀ ਸੂਚਕ ਗਾਲਾਂ ਦੀ ਝੜੀ ਲਗਾ ਦਿੱਤੀ, ਕੁੱਟਮਾਰ ਕੀਤੀ। ਵੀਡੀਓ ਵਿਚ ਦੇਖਿਆ ਜਾ ਸਕਦਾ ਹੈ ਕਿ ਕਿਸਾਨ ਮਜ਼ਦੂਰਾਂ ਨੂੰ ਕੁੱਟ ਕੇ ਭਜਾਉਂਦੇ ਨਜ਼ਰ ਆ ਰਹੇ ਹਨ।

ਮਜ਼ਦੂਰਾਂ ਦੀ ਗੱਲ ਸੁਣਨ ਦੀ ਬਜਾਇ ਅਗਲੇ ਦਿਨ ਇੱਕ ਜੂਨ ਨੂੰ ਕਿਸਾਨ ਜਥੇਬੰਦੀਆਂ ਬੀ.ਕੇ.ਯੂ. (ਉਗਰਾਹਾਂ), ਬੀ.ਕੇ.ਯੂ. (ਆਜ਼ਾਦ) ਅਤੇ ਬੀ.ਕੇ.ਯੂ. (ਸਿੱਧੂਪੁਰ) ਦੇ ਸਥਾਨਕ ਆਗੂਆਂ ਦੇ ਝੰਡਿਆਂ ਦੀ ਸ਼ਹਿ ਨਾਲ ਭਰਤ ਪਾਉਣ ਦਾ ਕੰਮ ਮੁੜ ਸ਼ੁਰੂ ਕਰ ਦਿੱਤਾ ਜਾਂਦਾ ਹੈ। ਪੰਜ ਜੂਨ ਦੀ ਸ਼ਾਮ ਤੱਕ ਭਰਤ ਪਾ ਦਿੱਤਾ ਜਾਂਦਾ ਹੈ।

ਜਦ ਕਿਸਾਨ ਜਥੇਬੰਦੀਆਂ ਦੇ ਸਥਾਨਕ ਆਗੂਆਂ ਨੂੰ ਕੁਝ ਇਨਸਾਫ ਪਸੰਦ ਲੋਕਾਂ ਨੇ ਕਿਹਾ ਕਿ ਪਾਰਕ ਦਾ ਕੰਮ ਸਹਿਮਤੀ ਹੋਣ ਤੱਕ ਬੰਦ ਕਰਨਾ ਚਾਹੀਦਾ ਹੈ ਅਤੇ ਜੇ ਕਿਸਾਨ ਜਥੇਬੰਦੀਆਂ ਅਜਿਹਾ ਕਰਨਗੀਆਂ, ਫਿਰ ਕਿਸਾਨ ਮਜ਼ਦੂਰ ਏਕਤਾ ਨੂੰ ਕਿਵੇਂ ਅੱਗੇ ਵਧਾਵਾਂਗੇ ਤਾਂ ਉਹਨਾਂ ਜੁਆਬ ਦਿੱਤਾ ਕਿ ਪਿੰਡ ਦੇ ਜ਼ਿਮੀਦਾਰਾਂ ਨੇ ਕਿਹਾ ਹੈ ਕਿ ਜਿਹੜੀ ਕਿਸਾਨ ਜਥੇਬੰਦੀ ਪਾਰਕ ਬਣਾਉਣ ਲਈ ਸਾਥ ਨਹੀਂ ਦਿੰਦੀ, ਉਹ ਫੰਡ ਨੂੰ ਨਾ ਆਵੇ।

ਇਹ ਮਾਮਲਾ ਇਕੱਲੇ ਨਮੋਲ ਵਿਚ ਹੀ ਸਾਹਮਣੇ ਨਹੀਂ ਆਇਆ; ਤੱਥ ਇਹ ਹੈ ਕਿ ਪੰਜਾਬ ਵਿਚ ਕਿਸਾਨ ਜਥੇਬੰਦੀਆਂ ਦੀ ਸਥਾਨਕ ਲੀਡਰਸ਼ਿਪ ਮਜ਼ਦੂਰ ਸੰਘਰਸ਼ਾਂ ਪ੍ਰਤੀ ਨਾਂਹ ਪੱਖੀ ਭੂਮਿਕਾ ਅਦਾ ਕਰ ਰਹੇ ਹਨ।

# ਜ਼ਿੰਦਗੀ ਦੀ ਕਿਤਾਬ

**ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਜ਼ਿੰਦਗੀ ਦਾ ਜ਼ਿਕਰ ਕੀਤਾ ਹੈ, ਜੋ ਰੇਸ਼ਮੀ ਰਾਹਾਂ 'ਤੇ ਵਿਛੀ ਮਟਕਣੀ ਤੋਰ ਨਹੀਂ ਸਗੋਂ ਓਬੜ-ਖਾਬੜ ਰਾਹਾਂ 'ਤੇ ਹਿਚਕੋਲੇ ਖਾਂਦੀ, ਥਿੜਕਦੀ ਅਤੇ ਸੰਭਲਦੇ ਕਦਮਾਂ ਦੀ ਸੰਘਰਸ਼ਮਈ ਪਰਵਾਜ਼ ਹੈ।**

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਬੜਾ ਔਖਾ ਹੁੰਦਾ ਏ ਜ਼ਿੰਦਗੀ ਨੂੰ, ਜ਼ਿੰਦਗੀ ਦੀ ਕਿਤਾਬ ਪੜ੍ਹਦਿਆਂ ਮੁਖ਼ਾਤਬ ਹੋਣਾ। ਜ਼ਿੰਦਗੀ ਦੇ ਨੈਣਾਂ ਵਿਚ ਝਾਕਣਾ ਅਤੇ ਇਨ੍ਹਾਂ ਵਿਚ ਤਰਦੇ ਸੁਪਨਿਆਂ ਦੀ ਸੁੱਚਮਤਾ ਨੂੰ ਹਰ ਸਾਹ ਦੇ ਨਾਮ ਕਰਨਾ। ਕਠਿਨ ਹੁੰਦਾ ਏ ਪੀੜਾਂ ਪਰੁੱਚੇ ਪਲਾਂ ਨੂੰ ਜ਼ਿੰਦਗੀ ਦੀ ਤਸ਼ਬੀਹ ਦੇਣੀ, ਇਸ 'ਚੋਂ ਜੀਵਨ ਦੇ ਸਰੋਕਾਰਾਂ ਦੀ ਤਲਾਸ਼ ਕਰਨ ਲਈ ਇਕ ਸਦੀਵੀ ਸਫਰ ਪੈਰਾਂ ਦੇ ਨਾਮ ਕਰਨਾ, ਪੈਰਾਂ ਵਿਚ ਬਿਆਈਆਂ ਨੂੰ ਉਗਾਉਣਾ ਅਤੇ ਫਿਰ ਇਨ੍ਹਾਂ ਬਿਆਈਆਂ 'ਚੋਂ ਕੂਲੇ ਕੂਲੇ ਅਹਿਸਾਸਾਂ ਨੂੰ ਕਿਆਸਣਾ।

ਬਹੁਤੀ ਵਾਰ ਤਾਂ ਜੀਵਨ-ਤੋਰ ਦੇ ਨਾਵੇਂ ਜਦ ਛਾਲੇ ਛਾਲੇ ਹੋਏ ਪੈਰ, ਆਪਣੇ ਨਕਸ਼ਾਂ ਦੀ ਕਲਾ-ਨਿਕਾਸ਼ੀ ਕਰਦੇ ਨੇ ਤਾਂ ਜ਼ਿੰਦਗੀ ਦੰਦਾਂ ਹੇਠ ਜੀਭ ਦੇ ਲੈਂਦੀ। ਅਜੇਹੇ ਵਕਤਾਂ ਵਿਚ ਜ਼ਿੰਦਗੀ ਨੂੰ ਜ਼ਿੰਦਗੀ ਕਹਿਣਾ, ਜ਼ਿੰਦਗੀ ਦਾ ਸੱਚ ਹੁੰਦਾ।

ਜ਼ਿੰਦਗੀ ਰੇਸ਼ਮੀ ਰਾਹਾਂ 'ਤੇ ਵਿਛੀ ਹੋਈ ਮਟਕਣੀ ਤੋਰ ਨਹੀਂ। ਇਹ ਤਾਂ ਓਬੜ-ਖੋਬੜ ਰਾਹਾਂ 'ਤੇ ਹਿਚਕੋਲੇ ਖਾਂਦੀ, ਥਿੜਕਦੀ ਅਤੇ ਸੰਭਲਦੇ ਕਦਮਾਂ ਦੀ ਸੰਘਰਸ਼ਮਈ ਪ੍ਰਵਾਜ਼ ਅਤੇ ਅਨੋਖਾ ਹੀ ਅੰਦਾਜ਼। ਸੱਚੀਂ! ਔਖਾ ਹੀ ਹੁੰਦਾ ਜ਼ਿੰਦਗੀ ਦੀ ਬੀਹੀ 'ਚ ਹੁੰਗਾਰਾ ਸੁਣਨਾ। ਹੁੰਗਾਰਾ ਭਰਨ ਦੀ ਲੋਚਾ ਮਨ ਵਿਚ ਪਾਲਣਾ। ਚਾਰੇ ਪਾਸੇ ਉਸਰੀਆਂ ਦੀਵਾਰਾਂ ਨਾਲ ਮੱਥਾ ਮਾਰਦਿਆਂ, ਹੁੰਗਾਰੇ ਦਾ ਲਹੂ-ਲੁਹਾਨ ਹੋਣਾ ਅਤੇ ਬੇਬਸੀ ਦੇ ਆਲਮ ਵਿਚ ਡੁੱਬ ਮੋਣਾ। ਯਾਦ ਰੱਖੋ! ਮਰੇ ਹੋਏ ਹੁੰਗਾਰੇ ਦਾ ਮਰਸੀਆ ਅੰਬਰ ਨੂੰ ਚਾਕ ਕਰ ਦਿੰਦਾ ਅਤੇ ਲੀਰਾਂ-ਲੀਰਾਂ ਹੋਈ ਪੌਣ 'ਚ ਹਿਚਕੀਆਂ ਉਗ ਆਉਂਦੀਆਂ।

ਜ਼ਿੰਦਗੀ ਦੀ ਮੜੀ 'ਤੇ ਜਿਉਣ ਵਾਲੇ ਲੋਕ ਵਕਤ ਦਾ ਸੱਜਰਾ ਸੰਤਾਪ। ਮਾਤਮੀ ਉਦਾਸੀ ਦਾ ਅਲਾਪ। ਟੋਟਾ ਟੋਟਾ ਹੋਈ ਕੁਦਰਤ ਦਾ ਵਿਰਲਾਪ ਅਤੇ ਗੁੰਮਸੁਦੀ ਦੀ ਜੂਨੇ ਪਿਆ ਆਪਣਾ ਆਪ। ਔਕੜਾਂ ਦੀ ਨੈਅ ਵਿਚ ਠਿੱਲਣ ਵਾਲੇ ਲੋਕ, ਸਿਦਕ, ਜ਼ਿੰਦਾਦਿਲੀ ਅਤੇ ਤਮੰਨਾ ਸਦਕਾ, ਪਾਣੀ ਦੀਆਂ ਲਹਿਰਾਂ 'ਤੇ ਆਪਣੀ ਹੋਂਦ ਦੀ ਸਿਰਜਣਾ ਕਰਦੇ, ਕੰਢਿਆਂ ਦੀ ਛਾਤੀ 'ਤੇ ਆਪਣੇ ਨਕਸ਼ ਉਲਿਕਦੇ ਅਤੇ ਫਿਰ ਇਨ੍ਹਾਂ ਨਕਸ਼ਾਂ 'ਚੋਂ ਤਵਾਰੀਖ਼ ਦੇ ਸੁਖਨ ਦੀ ਕਾਮਨਾ ਵਿਉਂਤਦੇ।

ਬੜਾ ਕਸ਼ਟਦਾਇਕ ਹੁੰਦਾ ਏ ਅੱਖਰ ਅੱਖਰ ਹੋ ਕੇ ਜ਼ਿੰਦਗੀ ਨੂੰ ਪਰਿਭਾਸ਼ਤ ਕਰਨਾ, ਤਵਾਰੀਖ਼ ਦਾ ਸ਼ਬਦ ਸ਼ਬਦ ਪੜ੍ਹਨਾ, ਅਰਥ ਅਰਥ ਹੋਏ ਹਰ ਪਲ ਦਾ ਘੁੱਟ ਕੇ ਪੱਲੂ ਫੜਨਾ ਅਤੇ ਫਿਰ ਦੂਰ-ਦਿਸੇਂਦੀ ਚਾਨਣ ਦੀ ਟੁੱਟਵੀਂ ਲੀਕ ਨੂੰ ਜੀਵਨ-ਨ੍ਹੇਰ ਦੀ ਕੁੱਖ ਵਿਚ ਧਰਨਾ। ਬਹੁਤ ਸੰਘਰਸ਼ਪੂਰਨ ਹੁੰਦਾ ਏ ਦਰਦੀਲੇ ਵਕਤ ਦੇ ਵਰਕਿਆਂ 'ਤੇ ਦਸਤਖਤ ਕਰਨੇ। ਜੀਵਨ ਦੇ ਬੰਦ ਦਰਾਂ ਦੀ ਮੂਕ ਹੂੰਗਰ ਸੁਣਨਾ। ਆਪਣੀ ਵਿੱਥਿਆ ਕਹਿਣੀ, ਘਰ ਵਿਚ ਉਸਰੀਆਂ ਦੀਵਾਰਾਂ ਦੀ ਘੁਟਨ ਸਹਿਣੀ, ਕਮਰਿਆਂ 'ਚ ਬਣੇ ਕਮਰਿਆਂ ਦੇ ਗਮਜ਼ਦਾ ਸਾਹਾਂ ਦੀ ਸਾਰ ਲੈਣੀ ਅਤੇ ਸਿਸਕਦੀ ਫਿਜ਼ਾ ਸ਼ਬਦ-ਕੁੱਖ ਵਿਚ ਧਰਨੀ।

ਜ਼ਿੰਦਗੀ, ਇਕ ਸੰਘਰਸ਼। ਕਈ ਵਾਰ ਪਨਪਦਾ ਏ ਇਸ 'ਚੋਂ ਦਰਦ। ਦਰਦ ਦਾ ਸਾਹਾਂ ਵਿਚ ਰਚਣਾ। ਜ਼ਿੰਦਗੀ, ਮੋਢਿਆਂ 'ਤੇ ਧਰੀ ਅਰਥੀ ਬਣਦੀ ਅਤੇ ਫਿਰ ਬਲਦੇ ਸਿਵੇ 'ਚ ਸੜ ਜਾਂਦੇ ਭਾਵ, ਅਹਿਸਾਸ, ਰੀਝਾਂ ਅਤੇ ਚਾਅ। ਸਿਰਫ ਸਾਹ ਪੂਰੇ ਕਰਨ ਤੱਕ ਹੀ ਸੀਮਤ ਹੋ ਜਾਂਦੀ ਜ਼ਿੰਦਗੀ। ਦੱਸਣਾ ਜ਼ਰਾ! ਅਜੇਹੀ ਜ਼ਿੰਦਗੀ ਦੇ ਨੈਣਾਂ ਵਿਚ ਝਾਕਣ ਦੀ ਕੌਣ ਕਰੇਗਾ ਦਲੇਰੀ। ਹਉਕਾ ਹਉਕਾ ਹੋ ਕੇ ਜਿਉਂਦੇ ਲੋਕ, ਵਕਤ ਦਾ ਤਲਖ਼ ਕਲਾਮ। ਉਨ੍ਹਾਂ ਦਾ ਜਿਊਣਾ, ਆਪਣਾ ਅੰਦਾਜ਼, ਆਪਣੀ ਸੰਵੇਦਨਾ।

ਕਦੇ ਕਦੇ ਜ਼ਿੰਦਗੀ ਦੇ ਸਫ਼ਿਆਂ 'ਤੇ ਫੈਲਦਾ ਕਿਰਨਾਂ ਦਾ ਕਾਫ਼ਲਾ। ਕਿਰਨਾਂ ਮਸਤਕ ਰੁਸ਼ਨਾਉਂਦੀਆਂ, ਅੰਧੇਰੀਆਂ ਰਾਹਾਂ 'ਤੇ ਚਾਨਣ ਖਲੇਰਦੀਆਂ, ਚੌਗਿਰਦੇ ਨੂੰ ਚਾਨਣ ਚਾਨਣ ਕਰਦੀਆਂ। ਯੱਖ਼ ਸਮਿਆਂ ਵਿਚ ਨਿੱਘ ਤਰੌਂਕਦੀਆਂ ਤੇ ਕੋਸੇ ਕੋਸੇ ਅਹਿਸਾਸ ਪਨਪਦੇ। ਸੁਖਨ, ਜ਼ਿੰਦਗੀ ਦਾ ਹਾਸਲ ਬਣਦਾ ਅਤੇ ਜ਼ਿੰਦਗੀ ਨੂੰ ਜ਼ਿੰਦਗੀ ਕਹਿਣ ਲੱਗਿਆਂ ਫ਼ਖਰ ਮਹਿਸੂਸ ਹੁੰਦਾ। ਤਨਹਾ ਤਨਹਾ ਹੋ ਕੇ ਜਿਊਣਾ, ਉਦਾਸ ਪੈੜਾਂ ਦੀ ਨਿਸ਼ਾਨਦੇਹੀ। ਸ਼ਬਦ-ਰਾਹਾਂ 'ਚ ਵਿਛਿਆ ਸੱਥਰ। ਮੀਲ ਪੱਥਰਾਂ 'ਤੇ ਉਕਰਿਆ ਸੋਗ।

ਸੱਭ ਤੋਂ ਘਾਤਕ ਹੁੰਦੀ ਏ ਅੰਦਰ ਵਿਚ ਉਤਰੀ ਔਤਰੀ ਉਦਾਸੀ। ਜਿਊਣ-ਨਦੀ ਦਾ ਸੁੱਕ ਜਾਣਾ, ਹਿੱਕ ਵਿਚ ਬਰੇਤਿਆਂ ਦਾ ਸੰਘਣਾ ਜੰਗਲ ਉਗਣਾ ਅਤੇ ਇਨ੍ਹਾਂ ਬਰੇਤਿਆਂ ਦੀ ਸਾਹ-ਸੂਤਵੀਂ ਨਿਰੰਤਰ ਵਾਰਤਾਲਾਪ। ਜ਼ਿੰਦਗੀ ਦੀ ਕਿਤਾਬ, ਮਨੁੱਖ ਦੀ ਚੌਗਿਰਦੇ ਅਤੇ ਆਪਣੇ ਆਪ ਨਾਲ ਗੁਫ਼ਤਗੂ। ਆਪਣੇ ਆਪ ਨਾਲ ਸੰਵਾਦ। ਆਪੇ ਹੀ ਪ੍ਰਸ਼ਨ ਅਤੇ ਆਪ ਹੀ ਜਵਾਬ। ਆਪਣੇ ਆਪ ਨੂੰ ਵਿਸ਼ਲਣ ਦਾ ਸਬੱਬ। ਛੁਪੀਆਂ ਸ਼ਕਤੀਆਂ ਨੂੰ ਜਗਾਉਣਾ ਅਤੇ ਅਮੁੱਕ ਯਤਨਾਂ ਨੂੰ ਸੰਜੀਦਾ ਕਾਰਜ ਵੰਨੀਂ ਲਾਉਣਾ।

ਜ਼ਿੰਦਗੀ ਨੂੰ ਜ਼ਿੰਦਗੀ ਦਾ ਸੱਜਰਾ ਸ਼ਰੀਕ ਬਣ ਕੇ ਟੱਕਰਨ ਵਾਲੇ ਲੋਕ ਹੀ ਜ਼ਿੰਦਗੀ ਦਾ ਸਰਬ-ਪ੍ਰਵਾਨਤ ਸਿਰਲੇਖ। ਫਿਰ ਜ਼ਿੰਦਗੀ ਅਜੇਹੇ ਲੋਕਾਂ ਦੇ ਦਰੀਂ ਨਤ-ਮਸਤਕ ਹੁੰਦੀ। ਕਦੇ ਜ਼ਿੰਦਗੀ ਨਿੱਕੀ ਨਿੱਕੀ ਭੂਰ। ਮਸਤਾਈ ਹੋਈ ਪੁਰਵਾਈ। ਅੰਬਰ 'ਤੇ ਬੱਦਲ-ਦੌੜ ਦਾ ਹੁਲਾਸਮਈ ਨਜ਼ਾਰਾ। ਮਚਲਦੇ ਚਾਅ। ਅਹਿਸਾਸਾਂ ਦੀ ਜਾਗਦੀ ਅੱਖ। ਉਸਲਵਾਟੇ ਲੈਂਦੇ ਸੁਪਨਿਆਂ ਦੀ ਅੰਗੜਾਈ। ਪਲਮਦੇ ਵਿਚਾਰਾਂ ਦੀ ਮਿੰਨੀ ਮਿੰਨੀ ਧੁਨਕਾਰ। ਨੈਣਾਂ ਵਿਚ ਉਮਡਿਆ ਖ਼ੁਮਾਰ। ਦੀਦਿਆਂ ਵਿਚ ਉਤਰਦਾ ਆਪਣਿਆਂ ਦਾ ਦੀਦਾਰ ਅਤੇ ਹੌਲੀ ਹੌਲੀ ਛਲਕਦਾ ਪੈਮਾਨਾ-ਏ-ਯਾਰ।

ਜ਼ਿੰਦਗੀ ਕਦੇ ਨਹੀਂ ਹੁੰਦੀ ਸੁਖਨ-ਸੇਜ। ਨਹੀਂ ਹੋ ਸਕਦੀ ਰਸਲੀਨਤਾ ਨਾਲ ਲਬਰੇਜ਼। ਸਦਾ ਨਹੀਂ ਹੁੰਦਾ ਮਨਮੋਜੀ ਆਵੇਸ਼। ਸਦੀਵੀ ਨਹੀਂ ਰਹਿੰਦਾ ਕਿਸੇ ਦਾ ਤੇਜ਼ ਅਤੇ ਆਖਰ ਨੂੰ ਥੰਮ ਜਾਂਦਾ ਏ ਸ਼ਾਹ-ਅਸਵਾਰ ਦਾ ਵੇਗ।

ਜ਼ਿੰਦਗੀ, ਜ਼ਿੰਦਾਦਿਲੀ। ਸੰਘਰਸ਼ਾਂ ਦੀ ਰੰਗਤਾਈ ਦਾਸਤਾਨ। ਰੌਂਗਟੇ ਖੜ੍ਹੇ ਕਰਨ ਵਾਲੀ ਕਥਾ। ਵਜਦ ਵਿਚ ਆਇਆ ਹਾਵਿਆਂ ਦਾ ਸਾਜ਼। ਚੁੱਪ ਦੀਆਂ ਬਾਤਾਂ ਪਾਉਂਦੀ ਆਵਾਜ਼। ਰੇਜ਼ਾ ਰੇਜ਼ਾ ਹੋਇਆ ਅਮਾਨਵੀ ਰਾਜ਼। ਮਿੱਟੀ ਹੋਈ ਗੁੰਗੀ ਪਿਆਸ। ਮੱਥੇ 'ਤੇ ਖੇੜਦਾ ਹੁਲਾਸ। ਸੂਖ਼ਮ ਭਾਵਾਂ ਦੀ ਗਲੀ ਵਿਚ ਝਾਂਜਰ ਛਣਕਾਉਂਦੀ ਆਸ। ਚੇਤਿਆਂ 'ਚ ਫੇਰੀ ਪਾਉਂਦਾ ਪਿੰਡ ਦਾ ਖਰਾਸ। ਜ਼ਿੰਦਗੀ, ਜ਼ਿੰਦਗੀ 'ਚੋਂ ਜ਼ਿੰਦਗੀ ਦਾ ਪ੍ਰਗਟਣਾ, ਜਿੰਦ ਦਾ ਰੂਹ-ਏ-ਜਿੰਦ 'ਚ ਪਰਤਣਾ ਅਤੇ ਖ਼ੁਦ ਨੂੰ ਸਮੂਹ ਦੇ ਰੂਪ ਵਿਚ ਵਿਸਥਾਰਨਾ।

ਜਿੰਦ-ਪ੍ਰਾਹੁਣੀ ਨੂੰ ਪ੍ਰਣਾਈ ਜ਼ਿੰਦਗੀ, ਮਰਨ-ਵਰ ਤੋਂ ਨਾ ਘਬਰਾਵੇ। ਕਿਤਾਬ ਦਾ ਵਰਕਾ ਵਰਕਾ ਪੜ੍ਹਦੀ ਜਾਵੇ ਅਤੇ ਆਪਣੇ ਅੰਦਰ 'ਚ ਰਮਾਵੇ। ਇਸਦੇ ਵਰਕਿਆਂ 'ਤੇ ਫੈਲੀ ਜੀਵਨ-ਜਾਚ ਨੂੰ ਪੜ੍ਹਨਾ, ਅਤੇ ਸਾਹ-ਸੁਖਨ ਨੂੰ ਵਰਨਾ, ਬਹੁਤ ਹੀ ਘੱਟ ਲੋਕਾਂ ਦਾ ਨਸੀਬ। ਪਰ ਅਜੇਹੇ ਲੋਕ ਧੰਨਭਾਗਤਾ ਦੇ ਪਾਤਰ। ਜ਼ਿੰਦਗੀ ਦੀ ਕਿਤਾਬ ਦੇ ਸੂਰਜੀ ਹਰਫ਼। ਜ਼ਿੰਦਗੀ ਨੂੰ ਸੁੱਚਮ ਵਿਚ ਪਰਿਭਾਸ਼ਤ ਕਰਨਾ ਇਕ ਸਾਹਸ। ਅਣਖੀਲਾ ਹੱਠ। ਅਜੇਹੇ ਪੈਹੇ ਤੇ ਪੈਂਡਿਆਂ ਦੀ ਨਿਸ਼ਾਨਦੇਹੀ ਜਿਸ ਨੂੰ ਤਲਾਸ਼ਣ ਲੱਗਿਆਂ ਪੈਰਾਂ 'ਚ ਉਗੀਆਂ ਬਿਆਈਆਂ ਅਤੇ ਰਾਹਾਂ ਦੀ ਧੁੰਧਲ ਵਿਚ ਗਵਾਚੇ ਨਕਸ਼।

ਸਭ ਤੋਂ ਔਖਾ ਹੈ ਜ਼ਿੰਦਗੀ ਦੀ ਕਿਤਾਬ ਲਿਖਣਾ ਕਿਉਂਕਿ ਇਸਦੀ ਇਬਾਰਤ ਕਾਗਜ਼ 'ਤੇ ਨਹੀਂ ਸਗੋਂ ਕਦੇ ਇਹ ਰੱਟਣਾਂ ਵਾਲੇ ਹੱਥਾਂ 'ਤੇ, ਕਦੇ ਪੈਰਾਂ ਦੀਆਂ ਬਿਆਈਆਂ 'ਚ ਲਿਖੀ ਜਾਂਦੀ। ਕਦੇ ਇਹ ਨੈਣਾਂ 'ਚ ਉਗਦੀ, ਕਦੇ ਮਸਤਕ 'ਤੇ ਉਕਰੀ ਜਾਂਦੀ ਤੇ ਕਦੇ ਅੰਤਰੀਵ ਵਿਚ ਖੁਣੀ ਹੁੰਦੀ। ਅਤੇ ਕਦੇ ਇਸਦੀ ਤਸ਼ਬੀਹ ਸਾਡੇ ਸੁਪਨਿਆਂ 'ਚ ਪੈਦਾ ਹੁੰਦੀ।

ਜ਼ਿੰਦਗੀ ਦੀ ਕਿਤਾਬ ਕਦੇ ਲਿਖੀ ਜਾਂਦੀ ਕਦੇ ਸਿਆਹੀ ਨਾਲ, ਕਦੇ ਮੁੜਕੇ ਨਾਲ, ਕਦੇ ਹੰਝੂਆਂ ਨਾਲ ਅਤੇ ਕਦੇ ਖ਼ੂਨ ਨਾਲ। ਜ਼ਿੰਦਗੀ ਦੀ ਕਿਤਾਬ 'ਚ ਕਦੇ ਵਿਸ਼ਵਾਸ, ਕਦੇ ਧਰਵਾਸ, ਕਦੇ ਹੁਲਾਸ, ਕਦੇ ਪਿਆਸ ਤੇ ਕਦੇ ਅਰਦਾਸ ਦਾ ਰੰਗ ਹੁੰਦਾ। ਕਦੇ ਅਸੀਂ ਖ਼ੁਦ ਲਿਖਦੇ ਅਤੇ ਕਦੇ ਬੇਗਾਨੇ ਵੀ ਲਿਖ ਜਾਂਦੇ। ਜ਼ਿੰਦਗੀ ਦੀ ਕਿਤਾਬ ਕਦੇ ਕੋਰਾ ਵਰਕਾ। ਪਰ ਕਦੇ ਇਹ ਜਿਲਦ ਵਿਚ ਬੱਝੀ। ਕਦੇ ਇਸਦੇ ਵਰਕੇ ਸਾਹਾਂ ਦੇ ਪਿੰਡੇ 'ਤੇ ਖਿੱਲਰੇ, ਕਦੇ ਭਾਵਨਾਵਾਂ ਦੇ ਸੇਕ ਵਿਚ ਝੁਲਸੇ ਅਤੇ ਕਦੇ ਰੂਹਦਾਰੀ ਵਿਚ ਰੰਗੇ ਵੱਖ-ਵੱਖ ਪੰਨਿਆਂ 'ਤੇ ਵੱਖ-ਵੱਖ ਰੰਗਾਂ ਦੀ ਲੇਖਣੀ ਜ਼ਿੰਦਗੀ ਦੀ ਕਿਤਾਬ ਨੂੰ ਵਿਲੱਖਣ ਰੰਗਤ ਬਖ਼ਸ਼ਦੇ।

ਜ਼ਿੰਦਗੀ ਦੀ ਕਿਤਾਬ ਨੂੰ ਪੜ੍ਹਦਿਆਂ ਕਦੇ ਨੀਂਦ ਆ ਜਾਂਦੀ। ਪਰ ਕਈ ਵਾਰ ਇਸਨੂੰ ਪੜ੍ਹਦਿਆਂ ਅੱਖ ਨਹੀਂ ਲੱਗਦੀ ਅਤੇ ਮਨ ਵਿਚ ਅਜੇਹਾ ਖ਼ੌਰੂ ਪਾਉਂਦੀ ਕਿ ਉਚਾਟ ਹੋ ਜਾਂਦੀ ਨੀਂਦ, ਅੱਖਾਂ ਵਿਚ ਉਤਰਦੀ ਨਮੀ, ਹਿਰਦੇ ਵਿਚ ਹਿਰਖ਼ ਅਤੇ ਅੱਖਾਂ ਬੀਤੇ ਦੀ ਨਿਸ਼ਾਨਦੇਹੀ ਕਰਦੀਆਂ। ਜ਼ਿੰਦਗੀ ਦੀ ਕਿਤਾਬ ਕਦੇ ਚਮਕਦੀ, ਕਦੇ ਘਸਮੈਲੀ। ਤੇ ਕਦੇ ਜ਼ਰਜ਼ਰੀ ਕਦੇ ਧੁੰਧਲੇ ਅੱਖਰ, ਕਦੇ ਅੱਖਰਾਂ 'ਚ ਔਝੜ, ਕਦੇ ਬੁੱਝਦੀ ਧੂਣੀ ਵਰਗੇ ਤੇ ਕਦੇ ਸੂਰਜਾਂ ਵਰਗੇ ਹੁੰਦੇ। ਬਹੁਤ ਰੰਗ ਨੇ ਅੱਖਰਾਂ ਦੇ ਜਿਨ੍ਹਾਂ 'ਚੋਂ ਜੀਵਨ ਦੀਆਂ ਪਰਤਾਂ ਝਾਕਦੀਆਂ। ਜੋ ਕਈ ਵਾਰ ਆਪਣਿਆਂ ਨਾਲ ਸਾਂਝੀਆਂ ਕਰਦੇ। ਕਦੇ ਆਪਣਿਆਂ ਤੋਂ ਲਕੋਂਦੇ।

ਕਦੇ ਇਨ੍ਹਾਂ ਪਰਤਾਂ ਵਿਚ ਮਾਸੂਮ ਬਚਪਨਾ ਝਲਕਦਾ, ਕਦੇ ਹੁੱਲਹੇਤ ਜਵਾਨੀ, ਕਦੇ ਜੀਵਨੀ ਸਿਖਰ-ਦੁਪਹਿਰ, ਕਦੇ ਲੰਮੇਰੇ ਹੋ ਰਹੇ ਪ੍ਰਛਾਵੇਂ। ਕਦੇ ਇਹ ਸਰਘੀ ਦੀ ਲੋਅ ਅਤੇ ਕਦੇ ਸ਼ਾਮ ਦਾ ਪਰਤੌਅ। ਕਦੇ ਦਿਨ ਦਾ ਉਜਾਲਾ ਤੇ ਕਦੇ ਰਾਤ ਦਾ ਘਾਲਾਮਾਲਾ। ਜ਼ਿੰਦਗੀ ਦੀ ਕਿਤਾਬ ਵੀ ਕੇਹੀ ਅਜਬ-ਅਜਾਬ ਹੁੰਦੀ। ਕਦੇ ਸਵਾਲਾਂ ਦਾ ਪੁਲੰਦਾ ਤੇ ਕਦੇ ਕੁਝ ਜਵਾਬ ਹੁੰਦੀ। ਕਦੇ ਜੇਠ ਹਾੜ ਦੇ ਸੋਕੇਤੇ ਕਦੇ ਉਤਰੀ ਸਲਾਬ ਹੁੰਦੀ। ਕਦੇ ਕਿੱਕਰਾਂ ਦੇ ਫੁੱਲਾਂ ਜੇਹੀ ਤੇ ਕਦੇ ਸੂਹਾ ਗੁਲਾਬ ਹੁੰਦੀ। ਕਦੇ ਵਿਦੇਸ਼ ਦਾ ਓਪਰਾਪਣ ਤੇ ਕਦੇ ਮਾਂ-ਧਰਤ ਪੰਜਾਬ ਹੁੰਦੀ। ਕਦੇ ਇਹ ਸੱਖਣੇ ਨੈਣਾਂ ਜੇਹੀ ਤੇ ਕਦੇ ਦੀਦਿਆਂ ਦਾ ਖ਼ਾਬ ਹੁੰਦੀ। ਕਦੇ ਇਹ ਸਾਹਾਂ ਲਈ ਖ਼ੁਸ਼ਬੋਈ ਤੇ ਕਦੇ ਸਾਹਾਂ ਦਾ ਅਜ਼ਾਬ ਹੁੰਦੀ ਕਦੇ ਇਹ ਦਗਦੇ ਮੁੱਖ ਦਾ ਜਲੌਅ ਤੇ ਕਦੇ ਚਿਹਰੇ 'ਤੇ ਨਕਾਬ ਹੁੰਦੀ। ਕਦੇ ਦੁੱਖ-ਸੁੱਖ ਤੋਂ ਬੇਲਾਗ ਤੇ ਕਦੇ ਗ਼ਮਾਂ ਦਾ ਹਿਸਾਬ ਹੁੰਦੀ। ਕਦੇ ਵੰਝਲੀ ਦੀ ਹੂਕ ਵਰਗੀ ਤੇ ਕਦੇ ਮਰਦਾਨੇ ਦੀ ਰਬਾਬ ਹੁੰਦੀ।

ਜ਼ਿੰਦਗੀ ਦੀ ਕਿਤਾਬ ਕਦੇ ਅਦੀਬੀ ਹੁੰਦੀ।, ਕਦੇ ਬੇਤਰਤੀਬੀ ਹੁੰਦੀ। ਕਦੇ ਕਰੀਬੀ ਹੁੰਦੀ ਅਤੇ ਕਦੇ ਕਦੇ ਮਨ-ਮੰਦਰ 'ਚ ਵੱਸਦੀ ਗਰੀਬੀ ਹੁੰਦੀ। ਜ਼ਿੰਦਗੀ ਦੀ ਕਿਤਾਬ ਕਦੇ ਅਸਫ਼ਰੀ ਜੀਵਨ-ਕਥਾ, ਕਦੇ ਤਨ ਤੋਂ ਤਨ ਤੀਕ ਦਾ ਸਫ਼ਰ ਅਤੇ ਕਦੇ ਰੂਹ ਤੋਂ ਰੂਹ ਤੀਕ ਦੀ ਯਾਤਰਾ। ਜ਼ਿੰਦਗੀ ਦੀ ਕਿਤਾਬ ਕਦੇ ਬਹੁਤ ਖ਼ੂਬਸੂਰਤ, ਖ਼ੂਬਸੀਰਤ, ਖ਼ੁਸ਼-ਨੁਮਾ, ਖ਼ੁਸ਼-ਖ਼ਿਆਲੀ ਅਤੇ ਕਦੇ ਖ਼ੁਸ਼ ਖ਼ੁੱਤ ਹੁੰਦੀ। ਜ਼ਿੰਦਗੀ ਦੀ ਕਿਤਾਬ ਖ਼ਾਬਾਂ ਤੇ ਖ਼ਿਆਲਾਂ ਦਾ ਸੰਗਮ। ਖੇਤਾਂ, ਖੂਹਾਂ ਤੇ ਖਲਿਆਣਾਂ ਦੀ ਭਾਈਵਾਲੀ। ਪਗਡੰਡੀਆਂ ਤੇ ਪੈੜਾਂ ਦਾ ਮਿਲਾਪ। ਪਹੀਆਂ ਤੇ ਪੈਂਡਿਆਂ ਦੀ ਜੁਗਲਬੰਦੀ। ਰੋਣ ਤੇ ਹੱਸਣ ਦਾ ਮਿਲਗੋਭਾ ਤੇ ਟੁੱਟਣ ਤੇ ਜੁੜਨ ਦਾ ਹਾਸਲ।

ਜ਼ਿੰਦਗੀ ਦੀ ਕਿਤਾਬ ਅਕਸਰ ਬੰਦਾ ਖ਼ੁਦ ਪੜ੍ਹਦਾ ਤਾਂ ਉਸਨੂੰ ਪਤਾ ਲੱਗਦਾ ਕਿ ਇਸਦੀ ਇਬਾਰਤ ਉਸਦੇ ਅੰਤਰੀਵ ਵਿਚਲਾ ਸੱਚ ਹੈ ਜੋ ਖ਼ੁਦ ਹੰਢਾਇਆ, ਅਪਣਾਇਆ, ਅਜ਼ਮਾਇਆ ਹੁੰਦਾ ਅਤੇ ਜਿਸਨੇ ਰੁਆਇਆ ਵੀ ਅਤੇ ਹਸਾਇਆ ਵੀ ਹੁੰਦਾ।

ਜ਼ਿੰਦਗੀ ਦੀ ਕਿਤਾਬ ਸਿਰਫ਼ ਕਿਤਾਬ ਹੀ ਨਹੀਂ। ਇਹ ਬਹੁਤ ਕੁਝ ਹੁੰਦੀ। ਇਹ ਪੈਰਾਂ ਦਾ ਸਫ਼ਰ, ਸੱਚ ਦੀ ਤਲਾਸ਼, ਸਮਾਂ ਤੇ ਸਥਾਨ ਦਾ ਬਿਰਤਾਂਤ, ਸਮਾਜਿਕ ਜੀਵਨ ਦੀ ਦ੍ਰਿਸ਼ਾਵਲੀ, ਪਰਿਵਾਰਕ ਸਬੰਧਾਂ ਦਾ ਰੰਗ, ਆਲੇ ਦੁਆਲੇ ਦੀ ਸਮਝ, ਮਨੁੱਖੀ ਵਿਕਾਸ ਜਾਂ ਵਿਨਾਸ਼ ਦੀ ਕਥਾ, ਚੇਤਨ ਅਤੇ ਅਵਚੇਤਨ ਦੀ ਉਪਜ ਅਤੇ ਅਚੇਤ ਤੇ ਸੁਚੇਤ ਅੱਖਰਕਾਰੀ।

ਜ਼ਿੰਦਗੀ ਦੀ ਕਿਤਾਬ ਅੰਦਰਲੇ ਤੇ ਬਾਹਰੀ ਸਫ਼ਰ ਦੀ ਦਸਤਾਵੇਜ਼ ਅਤੇ ਵਕਤ ਦੀ ਤਹਿਜ਼ੀਬ। ਇਹ ਦਸਤਾਵੇਜ਼ ਹਰੇਕ ਦੀ ਆਪੋ-ਆਪਣੀ। ਤੇ ਅਸੀਂ ਇਹ ਦਸਤਾਵੇਜ਼ ਵਕਤ ਦੀ ਝੋਲੀ ਪਾ ਆਖਰ ਨੂੰ ਮੁਸਾਫ਼ਰਾਂ ਵਾਂਗ ਤੁਰ ਜਾਣਾ ਹੁੰਦਾ। ਇਹ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੇ ਦੇਖਣਾ ਕਿ ਅਸੀਂ ਸੂਰਜਾਂ ਦੀ ਨਿਸ਼ਾਨਦੇਹੀ ਕੀਤੀ ਜਾਂ ਸ਼ਾਮ ਦੇ ਘੁਸਮੁਸੇ 'ਚ ਹੀ ਗਵਾਚ ਰਹੇ।

ਯਾਦ ਰੱਖੋ! ਸਮੇਂ ਨਾਲ ਕਿਤਾਬ ਦੀ ਸਿਆਹੀ ਫਿੱਕੀ ਪੈ ਸਕਦੀ, ਵਰਕੇ ਜ਼ਰਜ਼ਰੀ ਹੋ ਸਕਦੇ, ਸਿਉਂਕੀ ਜਾ ਸਕਦੀ, ਸਲਾਬੀ ਜਾ ਸਕਦੀ ਜਾਂ ਜਿਲਦ ਪਾਟ ਸਕਦੀ। ਪਰ ਰੂਹ 'ਤੇ ਲਿਖੀ ਹੋਈ ਜ਼ਿੰਦਗੀ ਦੀ ਕਿਤਾਬ ਦੀ ਸ਼ਬਦਕਾਰੀ ਤੇ ਵਰਣਮਾਲਾ ਸਦਾ ਸਮਾਂ ਸੀਮਾ ਤੋਂ ਪਾਰ ਅਤੇ ਇਸਨੇ ਤੁਹਾਨੂੰ ਜਿਉਂਦੇ ਰੱਖਣਾ। ਸੋਨਜ਼ਿੰਦਗੀ ਦੀ ਕਿਤਾਬ ਪੜ੍ਹਦੇ ਰਹੋ ਕਿਉਂਕਿ ਇਹ ਤਾਂ ਤੁਹਾਡੀ ਹੀ ਜੀਵਨਕਾਰੀ ਹੈ।

ਦਰਅਸਲ ਜਦ ਮੈਂ ਜ਼ਿੰਦਗੀ ਦੀ ਕਿਤਾਬ ਵੰਨੀਂ ਦੇਖਦਾਂ ਤਾਂ ਪਤਾ ਲੱਗਦਾ ਕਿ;

ਮੇਰੀ ਜ਼ਿੰਦਗੀ ਦੀ ਕਿਤਾਬ ਦਾ ਹਰ ਵਰਕਾ ਹੀ ਬੇਮਿਸਾਲ ਹੈ।

ਕਦੇ ਹਾਵਿਆਂ ਦੀ ਧੂਣੀ ਤੇ ਕਦੇ ਹਾਸਿਆਂ ਦਾ ਮਲਾਲ ਹੈ।

ਕਦੇ ਸਾਂਝ ਦਾ ਸਿਵਾ ਬਲੇ ਤੇ ਕਦੇ ਅੰਬਰ ਮੇਰਾ ਖ਼ਿਆਲ ਹੈ।

ਕਦੇ ਸੁਪਨਿਆਂ ਦਾ ਮਾਤਮ ਤੇ ਕਦੇ ਰਾਹਾਂ ਦਾ ਖ਼ਿਆਲ ਹੈ।

ਜ਼ਿੰਦਗੀ ਦੀ ਕਿਤਾਬ ਹਮੇਸ਼ਾ ਲੋਚਦੀ ਕਿ ਕੋਈ ਉਸਦੇ ਅਰਥਾਂ ਵਿਚ ਜੀਵਨ ਦਾ ਸੱਚ ਬੀਜੇ, ਕੋਈ ਤਾਂ ਇਸ ਦੀਆਂ

ਪਰਤਾਂ ਨੂੰ ਰੀਝਾਂ ਨਾਲ ਫਰੋਲੇ ਅਤੇ ਜੀਵਨ-ਨੀਰ ਵਿਚ ਖੰਡ ਮਿਸ਼ਰੀ ਘੋਲੇ।

# ਹਵਾ ਵਿਚ ਲਟਕ ਰਿਹਾ ਸੰਸਾਰ

ਗੁਰਬਚਨ ਸਿੰਘ

ਗੁਰਮਤਿ ਦਾ ਫੁਰਮਾਨ ਹੈ :

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥

ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥ (ਗੁਰੂ ਗ੍ਰੰਥ ਸਾਹਿਬ, ਪੰਨਾ 853)

ਸੰਸਾਰ ਸੜ ਰਿਹਾ ਹੈ। ਹੇ ਅਕਾਲ ਪੁਰਖ! ਆਪਣੀ ਕਿਰਪਾ ਕਰ!

ਜਿਵੇਂ ਕਿਵੇਂ ਤੇ ਕਿਸੇ ਵੀ ਤਰ੍ਹਾਂ ਇਸ ਸੰਸਾਰ ਨੂੰ ਬਚਾਅ ਲੈ!

ਸੰਸਾਰ ਕਿਉਂ ਸੜ ਰਿਹਾ ਹੈ?

ਤ੍ਰਿਸਨਾ ਅਗਨਿ ਜਲੈ ਸੰਸਾਰਾ॥ (ਪੰਨਾ 1044)

ਸੰਸਾਰ ਤ੍ਰਿਸਨਾ ਦੀ ਅਗਨੀ ਵਿਚ ਸੜ ਰਿਹਾ ਹੈ।

ਇਹ ਤ੍ਰਿਸਨਾ ਕੀ ਹੈ?

ਬੇਲੋੜੀ ਵਸਤੂਆਂ ਦੀ ਭੁੱਖ! ਕੁਦਰਤੀ ਲੋੜਾਂ ਨਾਲੋਂ ਜ਼ਿਆਦਾ ਦੀ ਤਮਾ। ਹਉਮੈ ਕਾਰਨ ਚੌਧਰ ਤੇ ਵਿਖਾਵੇ ਦੀ ਹਵਸ।

ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ॥

ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ॥

ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ॥

ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ॥ (ਪੰਨਾ 672)

ਪੰਜ ਸੌ ਸਾਲ ਪਹਿਲਾਂ ਗੁਰਮਤਿ ਨੇ ਇਹ ਗਿਆਨ ਦਿੱਤਾ ਹੈ ਕਿ ਵੱਡੇ ਵੱਡੇ ਰਾਜਿਆਂ ਤੇ ਭੂਮੀਪਤੀਆਂ ਦੀ ਵੀ ਤ੍ਰਿਸ਼ਨਾ ਨਹੀਂ ਬੁਝਦੀ। ਕਲਪਿਤ (ਝੂਠੀਆਂ) ਲੋੜਾਂ ਨਾਲ ਲਿੱਬੜੇ ਹੋਏ ਇਨ੍ਹਾਂ ਦੇ ਬੇਮੁਹਾਰੇ ਮਨਾਂ ਨੂੰ ਕੁਝ ਨਹੀਂ ਸੁਝਦਾ। ਜਿਵੇਂ ਬਾਲਣ ਪਾਉਣ ਨਾਲ ਅੱਗ ਹੋਰ ਭੜਕਦੀ ਹੈ, ਉਵੇਂ ਹੀ ਕਲਪਿਤ (ਬਿਖਿਆ) ਲੋੜਾਂ ਦੀ ਤ੍ਰਿਪਤੀ ਕਦੇ ਨਹੀਂ ਹੁੰਦੀ। ਮਨ ਨੂੰ ਹਰ ਜੀ ਨਾਲ ਜੋੜ ਕੇ ਹੀ ਇਹ ਤ੍ਰਿਪਤੀ ਹੋ ਸਕਦੀ ਹੈ। ਭਾਵ ਆਪਣੀ ਅਸਲੀ ਨਾਸਵੰਤ ਹੋਂਦ ਪਛਾਣਿਆਂ ਹੀ ਬੰਦਾ ਆਪਣੀਆਂ ਕੁਦਰਤੀ ਲੋੜਾਂ ਦੀ ਪੂਰਤੀ ਦੇ ਯਤਨ ਕਰਦਾ ਹੈ ਤੇ ਵਾਧੂ ਦੀ ਭੱਜ-ਦੌੜ ਤੋਂ ਬਚਦਾ ਹੈ।

ਹੁਣ ਥੋੜਾ ਜਿਹਾ ਅੰਦਾਜ਼ਾ ਲਾਓ ਕਿ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਮਾਇਆ ਦਾ ਕੀ ਰੂਪ ਸੀ ਤੇ ਮਾਇਆ ਦਾ ਅਜੋਕਾ ਵਹਿਸ਼ੀ ਰੂਪ ਕਿਵੇਂ ਮਨੁੱਖਤਾ ਦੀ ਤਬਾਹੀ ਦਾ ਕਾਰਨ ਬਣ ਰਿਹਾ ਹੈ। ਬਾਇਡਨ, ਪੂਤਿਨ, ਸ਼ੀ-ਜਿਨਪਿੰਗ, ਮੋਦੀ ਵਰਗੇ ਨਵੇਂ ਬਣੇ ਰਜਵਾੜੇ ਹੋਰ-ਹੋਰ ਪੂੰਜੀ ਇਕੱਠੀ ਕਰਨ ਦੀ ਦੌੜ ਵਿਚ ਸ਼ਾਮਿਲ ਹੋ ਕੇ ਅੱਜ ਮਨੁੱਖਤਾ ਨੂੰ ਤੀਜੀ ਸੰਸਾਰ ਜੰਗ ਦੇ ਕੰਢੇ ਉਤੇ ਲੈ ਆਏ ਹਨ। ਇਹ ਜੰਗ ਲਾਜ਼ਮੀ ਹੀ ਪ੍ਰਮਾਣੂ ਜੰਗ ਹੋਵੇਗੀ। ਯੂਕਰੇਨ ਵਿਚ ਅਮਰੀਕਾ ਤੇ ਰੂਸ ਵਿਚਕਾਰ ਚੱਲ ਰਹੀ ਜੰਗ ਤੇ ਇਸ ਜੰਗ ਦੇ ਸੰਸਾਰ ਭਰ ਦੇ ਅਰਥਚਾਰੇ ਉਤੇ ਪੈ ਰਹੇ ਮਾਰੂ ਪ੍ਰਭਾਵਾਂ ਨੇ ਦੁਨੀਆਂ ਭਰ ਦੇ ਗਰੀਬ ਤੇ ਆਮ ਲੋਕਾਂ ਦਾ ਜਿਊਣਾ ਮੁਹਾਲ ਕੀਤਾ ਹੋਇਆ ਹੈ। ਮੌਜੂਦਾ ਹਾਲਤਾਂ ਦੇ ਪ੍ਰਸੰਗ ਵਿਚ ਸਾਮਰਾਜੀ ਤਾਣਾ-ਬਾਣਾ ਕਿਸੇ ਵੇਲੇ ਵੀ ਢਹਿ ਸਕਦਾ ਹੈ।

ਪੰਜਾਬ ਦੇ ਲੋਕਾਂ ਨੂੰ ਕੰਧ ਉਤੇ ਲਿਖੀ ਇਹ ਇਬਾਰਤ ਪੜ੍ਹਨੀ ਚਾਹੀਦੀ ਹੈ। ਉਨ੍ਹਾਂ ਨੂੰ ਗੁਰਮਤਿ ਦੇ ਧਾਰਨੀ ਬਣ ਕੇ ਸਵੈਸੰਜਮੀ ਜ਼ਿੰਦਗੀ ਜਿਉਣ ਦੀ ਜਾਚ ਸਿੱਖਣੀ ਚਾਹੀਦੀ ਹੈ। ਦਇਆ ਤੇ ਸੰਤੋਖ ਦੇ ਧਰਮ ਨੂੰ ਅਪਨਾ ਕੇ ਸਦਾਚਾਰੀ ਬਣਨਾ ਚਾਹੀਦਾ ਹੈ। ਸਦਾਚਾਰ ਇਕ ਮਨੁੱਖ ਦਾ ਆਪਣੇ ਉਤੇ ਲਾਗੂ ਕੀਤਾ ਗਿਆ ਸਵੈਜ਼ਾਬਤਾ ਹੈ, ਜਿਸ ਦਾ ਆਧਾਰ ਕਿਸੇ ਕਲਪਿਤ ਰੱਬ ਦਾ ਡਰ ਤੇ ਅਰਸ਼ੋਂ ਉਤਰਿਆ ਕੋਈ ਇਲਹਾਮ ਨਹੀਂ ਬਲਕਿ ਸਦੀਆਂ ਤੋਂ ਵਿਕਸਿਤ ਹੁੰਦੀ ਆ ਰਹੀ ਸਮਾਜੀ ਚੇਤਨਾ ਹੈ।

ਗੁਰਮਤਿ ਅਨੁਸਾਰ ਮਨੁੱਖ ਦਾ ਆਪਣਾ ਸਰੀਰ ਹੀ ਉਸ ਦੀ ਅਸਲੀ ਰਾਸ ਪੂੰਜੀ ਹੈ। ਸਰੀਰ ਵਿਚ ਸੁਭਾਇਮਾਨ ਮਨੁੱਖ ਦਾ ਆਪਣਾ ਅਦੱਤੀ ਮਨ ਸਰੀਰ ਦਾ ਰਾਜਾ ਹੈ। ਆਪਣੀਆਂ ਗਿਆਨ ਇੰਦ੍ਰੀਆਂ ਰਾਹੀਂ ਇਹ ਮਨ ਬਾਹਰੀ ਗਿਆਨ ਹਾਸਲ ਕਰਦਾ ਹੈ ਤੇ ਇਸ ਗਿਆਨ ਦੇ ਆਧਾਰ ਉਤੇ ਉਹ ਆਪਣੀਆਂ ਕਰਮ ਇੰਦ੍ਰੀਆਂ ਨੂੰ ਹਰਕਤ ਵਿਚ ਲਿਆਉਂਦਾ ਹੈ। ਆਪਣੀਆਂ ਗਿਆਨ ਇੰਦ੍ਰੀਆਂ ਰਾਹੀਂ ਹਾਸਲ ਹੋਇਆ ਗਿਆਨ ਸਹੀ ਹੈ ਜਾਂ ਨਹੀਂ ਜੇ ਇਸ ਦੀ ਪਰਖ ਕਰਨ ਲਈ ਮਨੁੱਖੀ ਚੇਤਨਾ ਆਪਣੀ ਲਿਵ ਗੁਰਮਤਿ ਨਾਲ ਜੋੜ ਲਵੇ ਤਾਂ ਉਹ ਆਪਣੀਆਂ ਕਰਮ ਇੰਦ੍ਰੀਆਂ ਨੂੰ ਸਹੀ ਦਿਸ਼ਾ ਦੇ ਸਕਦੀ ਹੈ। ਨਹੀਂ ਤੇ ਮਨੁੱਖੀ ਮਨ ਐਵੇਂ ਬੇਲੋੜੀਆਂ ਇੱਛਾਵਾਂ ਦੇ ਮਗਰ ਲੱਗ ਕੇ ਭਟਕਦਾ ਰਹਿੰਦਾ ਹੈ ਤੇ ਨਾਲ ਹੀ ਆਪਣੇ ਸਰੀਰ ਨੂੰ ਵੀ ਭਟਕਾਈ ਰੱਖਦਾ ਹੈ।

ਗੁਰਮਤਿ ਨਾਲ ਚੇਤੰਨ ਹੋਇਆ ਮਨੁੱਖ ਦਾ ਆਪਣਾ ਮਨ ਹਉਮੈ ਨਾਲ ਬਣੀ ਆਪਣੀ ਝੂਠੀ ਹੋਂਦ ਤੇ ਬੇਲੋੜੀਆਂ ਇੱਛਾਵਾਂ (ਤ੍ਰਿਸਨਾ) ਤੋਂ ਛੁਟਕਾਰਾ ਪਾ ਕੇ ਸਹਿਜ ਜ਼ਿੰਦਗੀ ਜੀਅ ਸਕਦਾ ਹੈ। ਇਹੀ ਮਨ ਦੀ ਮੁਕਤੀ ਹੈ। ਮਨੁੱਖ ਦੀ ਤਿੰਨ ਤਰ੍ਹਾਂ ਦੀ ਭੁੱਖ ਹੈ। ਤਨ ਦੀ ਭੁੱਖ (ਸੰਤੁਲਤ ਭੋਜਨ), ਜਿਸਮਾਨੀ ਭੁੱਖ (ਸਹਿਜ ਜਿਸਮਾਨੀ ਰਿਸ਼ਤਾ) ਤੇ ਆਤਮਿਕ ਭੁੱਖ (ਸਭਿਆਚਾਰਕ ਵਿਕਾਸ)। ਇਹ ਤਿੰਨੇ ਤਰ੍ਹਾਂ ਦੀ ਭੁੱਖ ਵਹਿਸ਼ੀ ਪੂੰਜੀਵਾਦੀ ਸਮਾਜ ਵਿਚ ਨਹੀਂ ਬਲਕਿ ਸਹਿਜ ਕੁਦਰਤੀ ਵਿਕਾਸ ਵਿਚ ਹੀ ਪੂਰੀ ਹੋ ਸਕਦੀ ਹੈ।

# ਓਲੰਪਿਕ ਮੈਡਲਾਂ ਦਾ ਬੋਹਲ ਕਾਰਲ ਲੇਵਿਸ


ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661


ਕਾਰਲ ਲੇਵਿਸ ਵਿਸ਼ਵ ਦਾ ਅਦਭੁੱਤ ਅਥਲੀਟ ਹੈ। ਅਮਰੀਕਾ ਦਾ ਕਾਲਾ ਮੋਤੀ। ਅਨਮੋਲ ਰਤਨ। ਉਸ ਦਾ ਜਨਮ 1 ਜੁਲਾਈ 1961 ਨੂੰ ਬਰਮਿੰਘਮ, ਅਲਬਾਮਾ, ਅਮਰੀਕਾ ਵਿਚ ਹੋਇਆ ਸੀ। ਉਸ ਨੇ ਚਾਰ ਓਲੰਪਿਕਸ ਵਿਚੋਂ ਨੌਂ ਗੋਲਡ ਮੈਡਲ ਜਿੱਤੇ ਤੇ ਇਕ ਸਿਲਵਰ ਮੈਡਲ। ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਵਿਚੋਂ ਵੀ ਦਸ ਮੈਡਲ ਜਿੱਤੇ ਜਿਨ੍ਹਾਂ 'ਚ ਅੱਠ ਗੋਲਡ ਮੈਡਲ ਹਨ। 1984, 88, 92, 96 ਦੀਆਂ ਓਲੰਪਿਕ ਖੇਡਾਂ ਵਿਚ ਉਹ ਲਗਾਤਾਰ ਲੰਮੀ ਛਾਲ ਦਾ ਓਲੰਪਿਕ ਚੈਂਪੀਅਨ ਬਣਦਾ ਰਿਹਾ। ਜਿਵੇਂ ਉਸ ਤੋਂ ਪਹਿਲਾਂ 1956, 60, 64, 68 ਵਿਚ ਅਮਰੀਕਾ ਦਾ ਹੀ ਡਿਸਕਸ ਥਰੋਅਰ ਅਲ ਓਰਟਰ ਲਗਾਤਾਰ ਓਲੰਪਿਕ ਚੈਂਪੀਅਨ ਬਣਦਾ ਰਿਹਾ ਸੀ। ਕਾਰਲ ਲੇਵਿਸ ਨੇ ਲਗਭਗ ਵੀਹ ਹੱਥ ਲੰਮੀ ਛਾਲ ਲਾਈ। ਚੌਦਾਂ ਹੱਥ ਦੀ ਛਾਲ ਮਾਰਨ ਦਾ ਜ਼ਿਕਰ ਅਸੀਂ ਸ਼ਾਹ ਮੁਹੰਮਦ ਦੇ ਜੰਗਨਾਮੇ ਵਿਚ ਪੜ੍ਹਦੇ ਆ ਰਹੇ ਹਾਂ:

ਪਹਾੜਾ ਸਿੰਘ ਸੀ ਯਾਰ ਫਰੰਗੀਆਂ ਦਾ,
ਸਿੰਘਾਂ ਨਾਲ ਸੀ ਉਸਦੀ ਗੈਰ ਸਾਲੀ
ਉਹ ਤਾਂ ਭੱਜ ਕੇ ਲਾਟ ਨੂੰ ਜਾ ਮਿਲਿਆ,
ਗੱਲ ਜਾ ਦੱਸੀ ਸਾਰੀ ਭੇਦ ਵਾਲੀ
ਓਥੋਂ ਹਰਨ ਹੋ ਗਿਆ ਹੈ ਖ਼ਾਲਸਾ ਜੀ, ਚੌਦਾਂ
ਹੱਥ ਦੀ ਮਾਰ ਕੇ ਜਾਣ ਛਾਲੀ
ਸ਼ਾਹ ਮੁਹੰਮਦਾ ਸਾਂਭ ਲੈ ਸਿਲੇਖਾਨੇ, ਛੱਡ
ਗਏ ਨੇ ਸਿੰਘ ਮੈਦਾਨ ਖਾਲੀ...


ਜਦੋਂ ਇਹ ਬੰਦ ਵਿਦਿਆਰਥੀਆਂ ਨੂੰ ਪੜ੍ਹਾਇਆ ਜਾਂਦਾ ਤਾਂ ਅਧਿਆਪਕ ਦੱਸਦੇ ਕਿ ਇਕ ਹੱਥ ਦੀ ਛਾਲ ਡੂਢ ਫੁੱਟ ਹੁੰਦੀ ਹੈ। ਆਮ ਬੰਦਾ ਮਸਾਂ ਬਾਰਾਂ ਹੱਥ ਦੀ ਛਾਲ ਮਾਰਦੈ। ਅੰਗਰੇਜ਼ਾਂ ਤੇ ਸਿੰਘਾਂ ਦੀ ਦੂਜੀ ਲੜਾਈ ਵਿਚ ਜਿੱਤ ਰਹੇ ਸਿੰਘ ਫੌਜੀ, ਆਪਣੇ ਕਮਾਂਡਰਾਂ ਦੀ ਗ਼ਦਾਰੀ ਕਾਰਨ ਚੌਦਾਂ ਹੱਥ ਦੀਆਂ ਛਾਲਾਂ ਮਾਰਦੇ ਹਰਨ ਹੋ ਗਏ। ਉਧਰ ਅੰਗਰੇਜ਼ ਫੌਜੀ ਵੀ ਹਰਨ ਹੋਣ ਨੂੰ ਤਿਆਰ ਖੜ੍ਹੇ ਸਨ ਪਰ ਪਹਾੜਾ ਸਿੰਘ ਨੇ ਸਿੰਘਾਂ ਦੇ ਹਰਨ ਹੋ ਜਾਣ ਦਾ ਭੇਦ ਆਪਣੇ ਯਾਰ ਫਰੰਗੀ ਲਾਟ ਨੂੰ ਦੱਸ ਦਿੱਤਾ ਜਿਸ ਬਦਲੇ ਅੰਗਰੇਜ਼ ਵਾਇਸਰਾਏ ਨੇ ਰਿਆਸਤ ਫਰੀਦਕੋਟ ਪਹਾੜਾ ਸਿੰਘ ਨੂੰ ਇਨਾਮ ਵਜੋਂ ਬਖ਼ਸ਼ ਦਿੱਤੀ। ਪੰਜਾਬੀਆਂ ਨੂੰ ਜਦੋਂ ਵੀ ਮਾਰ ਪਈ ਘਰ ਦੇ ਭੇਤੀਆਂ ਦੀ ਗ਼ਦਾਰੀ ਕਰਕੇ ਪਈ। ਅਕਲ ਨੂੰ ਹੱਥ ਉਹ ਵੇਲਾ ਬੀਤ ਜਾਣ ਪਿੱਛੋਂ ਹੀ ਮਾਰਦੇ ਰਹੇ।

ਪਿਛੇ ਬੈਠ ਸਰਦਾਰਾਂ ਗੁਰਮਤਾ ਕੀਤਾ, ਕੋਈ
ਅਕਲ ਦਾ ਕਰੋ ਇਲਾਜ ਯਾਰੋ
ਛੇੜ ਬੁਰਛਿਆਂ ਦੀ ਸਾਡੇ ਪੇਸ਼ ਆਈ, ਪੱਗ
ਦਾੜ੍ਹੀਆਂ ਦੀ ਰੱਖੋ ਲਾਜ ਯਾਰੋ
ਮੁੱਠੀ ਮੀਟੀ ਸੀ ਏਸ ਪੰਜਾਬ ਦੀ ਜੀ, ਏਨ੍ਹਾਂ
ਖੋਲ੍ਹ ਦਿੱਤਾ ਸਾਰਾ ਪਾਜ ਯਾਰੋ
ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ, ਕਦੀ
ਰਾਜ ਨਾ ਹੋਏ ਮੁਹਤਾਜ ਯਾਰੋ...

1968 ਦੀਆਂ ਓਲੰਪਿਕ ਖੇਡਾਂ ਵਿਚ ਅਮਰੀਕਾ ਦੇ ਬੌਬ ਬੀਮਨ ਨੇ 8.90 ਮੀਟਰ ਯਾਨੀ ਵੀਹ ਹੱਥ ਲੰਮੀ ਛਾਲ ਲਾ ਕੇ ਦੁਨੀਆਂ ਦੰਗ ਕਰ ਦਿੱਤੀ ਸੀ। ਉਸ ਛਾਲ ਨੂੰ 'ਵੀਹਵੀਂ ਸਦੀ ਦੀ ਇੱਕੀਵੀਂ ਸਦੀ 'ਚ ਛਾਲ' ਕਿਹਾ ਗਿਆ ਸੀ। 'ਗ਼ੂਬੀ ਛਾਲ'! ਬੌਬ ਬੀਮਨ ਨੂੰ ਖ਼ੁਦ ਸੱਚ ਨਹੀਂ ਸੀ ਆ ਰਿਹਾ। ਏਨੀ ਲੰਮੀ ਛਾਲ ਤਾਂ ਉਸ ਦੇ ਖ਼ਾਬ ਖ਼ਿਆਲ 'ਚ ਵੀ ਨਹੀਂ ਸੀ। ਕਾਰਲ ਲੇਵਿਸ ਉਦੋਂ ਸੱਤ ਸਾਲਾਂ ਦਾ ਸੀ। ਉਸ ਦੀ ਮਾਂ ਐਵਲਿਨ ਲੇਵਿਸ ਪੈਨ ਅਮੈਰੀਕਨ ਖੇਡਾਂ-1951 'ਚੋਂ ਹਰਡਲਜ਼ ਦੌੜ ਦੀ ਬਰਾਂਜ਼ ਮੈਡਲਿਸਟ ਸੀ ਤੇ ਪਿਉ ਵਿਲੀਅਮ ਲੇਵਿਸ ਅਥਲੈਟਿਕਸ ਕੋਚ ਸੀ। ਘਰ 'ਚ ਖੇਡਾਂ ਦਾ ਮਾਹੌਲ ਸੀ। ਉਨ੍ਹਾਂ ਨੇ ਘਰ ਮੂਹਰਲੇ ਲਾਅਨ ਵਿਚ 8.90 ਮੀਟਰ ਯਾਨੀ ਸਵਾ 29 ਫੁੱਟ ਥਾਂ ਮਿਣ ਕੇ ਨਿਸ਼ਾਨੀਆਂ ਲਾਈਆਂ ਤਾਂ ਨਹਿਰ ਜਿੰਨੀ ਚੌੜਾਈ ਵੇਖ ਕੇ ਬਾਲਕ ਕਾਰਲ ਹੈਰਾਨ ਹੋਣ ਲੱਗਾ ਕਿ ਇਸ ਧਰਤੀ ਦਾ ਕੋਈ ਬੰਦਾ ਇਕੋ ਛਾਲ 'ਚ ਐਡੀ ਨਹਿਰ ਕਿਵੇਂ ਟੱਪ ਸਕਦੈ! ਨਾਲ ਹੀ ਉਹਦੇ ਮਨ 'ਚ ਖੁਤਖੁਤੀ ਪੈਦਾ ਹੋਈ ਕਿ ਉਹ ਵੀ ਐਨੀ ਲੰਮੀ ਛਾਲ ਲਾਉਣ ਦੀ ਪ੍ਰੈਕਟਿਸ ਕਰੇਗਾ।

ਇਕ ਵਾਰ ਇੰਡੀਅਨਐਪੋਲਿਸ ਵਿਖੇ ਨੈਸ਼ਨਲ ਸਪੋਰਟਸ ਵਿਚ ਕਾਰਲ ਨੇ 30 ਫੁੱਟ 2 ਇੰਚ ਲੰਮੀ ਛਾਲ ਲਾ ਵੀ ਦਿੱਤੀ ਪਰ ਸੂਤ ਭਰ ਦੇ ਮਾਮੂਲੀ ਫਾਊਲ ਹੋ ਜਾਣ ਕਾਰਨ ਸਹੀ ਛਾਲ ਨਹੀਂ ਮੰਨੀ ਗਈ। ਉਸ ਛਾਲ ਨਾਲ ਬੌਬ ਬੀਮਨ ਦਾ ਰਿਕਾਰਡ ਟੁੱਟ ਜਾਣਾ ਸੀ। ਉਹ ਰਿਕਾਰਡ ਫਿਰ ਮਾਈਕ ਪੋਵਲ ਨੇ ਇੱਕੀਵੀਂ ਸਦੀ ਚੜ੍ਹਨ ਤੋਂ ਪਹਿਲਾਂ ਹੀ ਤੋੜ ਦਿੱਤਾ। ਕਾਰਲ ਲਿਊਸ 1979 ਵਿਚ ਵਿਸ਼ਵ ਪੱਧਰ ਦਾ ਅਥਲੀਟ ਬਣ ਗਿਆ ਸੀ। ਮਾਸਕੋ-1980 ਦੀਆਂ ਓਲੰਪਿਕ ਖੇਡਾਂ ਲਈ ਅਮਰੀਕਾ ਦੀ ਟੀਮ ਵਿਚ ਚੁਣਿਆ ਵੀ ਗਿਆ ਸੀ ਪਰ ਅਮਰੀਕਾ ਵੱਲੋਂ ਮਾਸਕੋ ਓਲੰਪਿਕਸ ਦਾ ਬਾਈਕਾਟ ਹੋ ਜਾਣ ਕਰਕੇ ਉਹ ਆਪਣਾ ਚੜ੍ਹਦੀ ਜੁਆਨੀ ਦਾ ਜਲਵਾ ਨਾ ਵਿਖਾ ਸਕਿਆ।

1984 ਦੀਆਂ ਓਲੰਪਿਕ ਖੇਡਾਂ ਅਮਰੀਕਾ ਦੇ ਸ਼ਹਿਰ ਲੌਸ ਏਂਜਲਸ ਵਿਚ ਹੋਈਆਂ। ਕਾਰਲ ਲੇਵਿਸ ਉਦੋਂ ਪੂਰੀ ਤਿਆਰੀ 'ਚ ਸੀ। ਉਹਦਾ



ਨਿਸ਼ਾਨਾ ਆਲਰਾਊਂਡਰ ਜੈਸੀ ਓਵੇਂਜ਼ ਦੀ ਬਰਾਬਰੀ ਕਰਨਾ ਸੀ। ਜੈਸੀ ਨੇ ਬਰਲਿਨ-1936 ਦੀਆਂ ਓਲੰਪਿਕ ਖੇਡਾਂ 'ਚੋਂ 4 ਗੋਲਡ ਮੈਡਲ ਜਿੱਤ ਕੇ ਦੁਨੀਆ ਦੰਗ ਕਰ ਦਿੱਤੀ ਸੀ। ਜਰਮਨੀ ਦੇ ਡਿਕਟੇਟਰ ਹਿਟਲਰ ਦੀਆਂ ਵੀ ਹਵਾਈਆਂ ਉਡਾ ਦਿੱਤੀਆਂ ਸਨ। ਉਸ ਨੇ 100 ਮੀਟਰ, 200 ਮੀਟਰ ਤੇ 4+400 ਮੀਟਰ ਰਿਲੇਅ ਦੌੜਾਂ ਜਿੱਤਣ ਦੇ ਨਾਲ ਲੰਮੀ ਛਾਲ ਦਾ ਮੁਕਾਬਲਾ ਵੀ ਜਿੱਤਿਆ। ਅਮਰੀਕਾ ਦੀ ਇਕ ਕੰਪਨੀ ਨੇ ਬੜੇ ਵੱਡੇ ਇਨਾਮ ਐਲਾਨੇ ਸਨ ਕਿ ਕਾਰਲ ਲੇਵਿਸ ਜੈਸੀ ਓਵੇਂਜ਼ ਵਾਂਗ ਚਾਰ ਗੋਲਡ ਮੈਡਲ ਜਿੱਤ ਜਾਵੇ ਤਾਂ 50 ਲੱਖ ਡਾਲਰ ਮਿਲਣਗੇ। ਉਸ ਤੋਂ ਆਸ ਸੀ ਕਿ ਉਹ ਬੌਬ ਬੀਮਨ ਦਾ ਲੰਮੀ ਛਾਲ ਦਾ ਓਲੰਪਿਕ ਰਿਕਾਰਡ ਵੀ ਤੋੜ ਸਕਦਾ ਹੈ।

ਇਹੋ ਕਾਰਨ ਸੀ ਕਿ ਲੰਮੀਆਂ ਛਾਲਾਂ ਦਾ ਮੁਕਾਬਲਾ ਵੇਖਣ ਲਈ 90 ਡਾਲਰ ਦੀਆਂ ਮਹਿੰਗੀਆਂ ਟਿਕਟਾਂ ਲੈ ਕੇ 60 ਹਜ਼ਾਰ ਖੇਡ ਪ੍ਰੇਮੀ ਸਟੇਡੀਅਮ 'ਚ ਢੁੱਕੇ ਸਨ। ਉਥੇ ਬੌਬ ਬੀਮਨ ਵੀ ਬੈਠਾ ਸੀ ਕਿ ਵੇਖਦਾਂ ਅੱਜ ਮੇਰਾ ਰਿਕਾਰਡ ਟੁੱਟਦੈ ਜਾਂ ਨਹੀਂ? ਛਾਲ ਲਾਉਣ ਲਈ ਕਾਰਲ 143 ਫੁੱਟ ਲੰਮੇ ਰਨਅੱਪ ਉਤੇ ਜਾ ਖੜ੍ਹਾ ਹੋਇਆ। ਸਟੇਡੀਅਮ ਵਿਚ 60 ਹਜ਼ਾਰ ਤੇ ਟੀਵੀ ਸਕਰੀਨਾਂ ਮੂਹਰੇ ਕਰੋੜਾਂ ਲੋਕਾਂ ਦੀਆਂ ਨਜ਼ਰਾਂ ਕਾਰਲ ਲੇਵਿਸ ਉਤੇ ਲੱਗੀਆਂ ਹੋਈਆਂ ਸਨ। ਉਸ ਨੇ 43 ਕਿਲੋਮੀਟਰ ਦੀ ਸਪੀਡ ਨਾਲ ਰਨਅੱਪ 'ਤੇ ਦੌੜਨਾ ਸ਼ੁਰੂ ਕੀਤਾ। ਛਾਲ-ਫੱਟੀ ਤੋਂ ਚੁੰਗੀ ਭਰੀ ਤੇ 8.54 ਮੀਟਰ ਦੂਰ ਜਾ ਡਿੱਗਾ। ਬੇਸ਼ਕ ਇਹ ਛਾਲ ਉਹਦੀ ਆਸ ਤੋਂ ਘੱਟ ਸੀ ਪਰ ਕੋਈ ਹੋਰ ਅਥਲੀਟ ਉਹਦੇ ਨੇੜੇ ਨਾ ਢੁੱਕਾ। ਉਸ ਦੀ ਦੂਜੀ ਛਾਲ ਫਾਊਲ ਕਰਾਰ ਦੇ ਦਿੱਤੀ ਗਈ। ਰਹਿੰਦੀਆਂ ਚਾਰ ਛਾਲਾਂ ਉਸ ਨੇ ਲਾਈਆਂ ਹੀ ਨਾ। ਦਰਸ਼ਕਾਂ ਨੇ ਉਸ ਦੇ ਇਸ ਫੈਸਲੇ ਉਤੇ ਹਾਤ ਹੂਤ ਕੀਤੀ ਤੇ ਆਖਿਆ ਕਿ ਕਾਰਲ ਨੇ ਸਾਡੀਆਂ ਮਹਿੰਗੀਆਂ ਟਿਕਟਾਂ ਦਾ ਮੁੱਲ ਨਹੀਂ ਮੋੜਿਆ।

ਪਰ ਕਾਰਲ ਦਾ ਇਰਾਦਾ ਕੁਝ ਹੋਰ ਸੀ। ਉਹ ਓਲੰਪਿਕ ਖੇਡਾਂ 'ਚੋਂ ਸੋਨੇ ਦੇ ਚਾਰ ਤਗ਼ਮੇ ਜਿੱਤ ਕੇ ਜੈਸੀ ਓਵੇਂਜ਼ ਦਾ ਕਾਰਨਾਮਾ ਦੁਹਰਾਉਣਾ ਚਾਹੁੰਦਾ ਸੀ। 100 ਮੀਟਰ ਦੌੜ ਤੇ ਲੰਮੀ ਛਾਲ ਦੇ ਦੋ ਸੋਨ ਤਗ਼ਮੇ ਉਹ ਜਿੱਤ ਚੁੱਕਾ ਸੀ। 200 ਮੀਟਰ ਤੇ 4+100 ਮੀਟਰ ਰਿਲੇਅ ਦੌੜ ਦੇ ਦੋ ਸੋਨ ਤਗ਼ਮੇ ਜਿੱਤਣੇ ਬਾਕੀ ਸਨ। ਉਹ ਨਹੀਂ ਸੀ ਚਾਹੁੰਦਾ ਕਿ ਬੌਬ ਬੀਮਨ ਦਾ ਰਿਕਾਰਡ ਤੋੜਨ ਲਈ ਲੋੜੋਂ ਵੱਧ ਸਿਰਤੋੜ ਯਤਨ ਕਰ ਕੇ ਦੂਜੇ ਦੋ ਸੋਨ ਤਗ਼ਮੇ ਖ਼ਤਰੇ ਵਿਚ ਪਾ ਲਵੇ। ਇੰਜ ਉਸ ਨੂੰ ਕੰਪਨੀ ਤੋਂ ਮਿਲਣ ਵਾਲੇ 50 ਲੱਖ ਡਾਲਰ ਡੁੱਬ ਸਕਦੇ ਸਨ। ਕਾਰਲ ਲੇਵਿਸ ਨੇ ਇਕੋ ਓਲੰਪਿਕਸ 'ਚੋਂ 4 ਗੋਲਡ ਮੈਡਲ ਜਿੱਤ ਲਏ ਜਿਸ ਨਾਲ ਜੈਸੀ ਓਵੇਂਜ਼ ਦਾ ਸਿਰਜਿਆ ਇਤਿਹਾਸ ਮੁੜ ਦੁਹਰਾ ਦਿੱਤਾ। ਉਹ ਮਹਿੰਗੀਆਂ ਟਿਕਟਾਂ ਲੈ ਕੇ ਉਹਦੀਆਂ ਛੇ ਲੰਮੀਆਂ ਛਾਲਾਂ ਵੇਖਣ ਆਏ ਦਰਸ਼ਕਾਂ ਨੂੰ ਕਹਿਣ ਜੋਗਾ ਹੋ ਗਿਆ, "ਮੈਂ ਚਾਰ ਛਾਲਾਂ ਛੱਡ ਕੇ ਜਿਹੜੀ ਤੁਹਾਡੀ ਨਾਰਾਜ਼ਗੀ ਝੱਲੀ ਸੀ ਲਓ ਉਹ ਚਾਰ ਗੋਲਡ ਮੈਡਲ ਹਾਸਲ ਕਰ ਕੇ ਮੋੜ ਦਿੱਤੀ ਹੈ!"

ਕਾਰਲ ਦੇ ਮੁੱਢਲੇ ਜੀਵਨ 'ਤੇ ਝਾਤ ਮਾਰੀਏ ਤਾਂ ਪਹਿਲਾਂ ਪਹਿਲ ਉਹ ਖੇਡ ਮੁਕਾਬਲਿਆਂ ਵਿਚ ਅਕਸਰ ਹੀ ਹਾਰ ਜਾਇਆ ਕਰਦਾ ਸੀ। ਰਿਲੇਅ ਦੌੜਾਂ ਵੇਲੇ ਜਿਸ ਟੀਮ 'ਚ ਉਸ ਨੂੰ ਪਾਇਆ ਜਾਂਦਾ ਉਹ ਹਾਰ ਜਾਂਦੀ। ਹਾਰ ਦਾ ਕਾਰਨ ਬਹੁਤੀ ਵਾਰ ਉਹੀ ਬਣਦਾ। ਉਹ ਮਾਯੂਸ ਹੁੰਦਾ ਤੇ ਰੋਣ ਲੱਗਦਾ। ਇਕ ਦਿਨ ਹਾਰ ਜਾਣ ਪਿੱਛੋਂ ਉਹ ਆਪਣੇ ਕਮਰੇ ਵਿਚ ਰੋਣ ਕੁਰਲਾਉਣ ਲੱਗਾ ਕਿ ਮੈਥੋਂ ਵਾਰ ਵਾਰ ਦੀ ਹਾਰ ਹੋਰ ਜਰੀ ਨਹੀਂ ਜਾਂਦੀ। ਹੁਣ ਮੈਂ ਹੋਰ ਨਹੀਂ ਦੌੜਨਾ। ਉਸ ਸਮੇਂ ਉਸ ਦੇ ਕੋਚ ਪਿਤਾ ਨੇ ਕਿਹਾ, "ਪੁੱਤਰਾ, ਜੇ ਤੂੰ ਹਾਰਨ ਤੋਂ ਏਨਾ ਹੀ ਤੰਗ ਆ ਗਿਐਂ ਤਾਂ ਜਿੱਤਣਾ ਸਿੱਖ! ਜਿੱਤਣ ਲਈ ਹੋਰ ਮਿਹਨਤ ਕਰ। ਮਿਹਨਤ ਕਦੇ ਅਜਾਈਂ ਨਹੀਂ ਜਾਂਦੀ। "

ਜਿੱਤਣਾ ਸਿੱਖਣ ਲਈ ਫਿਰ ਉਸ ਨੇ ਦਿਹਾੜੀ 'ਚ ਅੱਠ-ਅੱਠ ਘੰਟੇ ਮਿਹਨਤ ਕੀਤੀ ਜਿਸ ਨਾਲ ਜਿੱਤਾਂ ਦਾ ਦੌਰ ਸ਼ੁਰੂ ਹੋ ਗਿਆ। ਉਹਦਾ ਜਨਮ ਬੇਸ਼ੱਕ ਅਲਬਾਮਾ ਹੋਇਆ ਸੀ ਪਰ ਪਾਲਣਾ ਵਲਿੰਗਬਾਰੋ, ਨਿਊ ਜਰਸੀ ਵਿਖੇ ਹੋਈ। ਉਹਦਾ ਵੱਡਾ ਭਰਾ ਸੌਕਰ ਦਾ ਤਕੜਾ ਖਿਡਾਰੀ ਸੀ ਤੇ ਛੋਟੀ ਭੈਣ ਕਰੋਲ ਵੀ ਛਾਲਾਂ ਲਾਉਣ ਲੱਗ ਪਈ ਸੀ। ਮਾਂ ਪਿਉ ਦੀ ਕੋਚਿੰਗ ਬਾਅਦ ਕਾਰਲ ਨੂੰ ਲੰਮੀ ਛਾਲ ਦੇ ਕੋਚ ਕਲਾਈਵ ਡੰਕਨ ਨੇ ਸੰਭਾਲਿਆ। ਡੰਕਨ ਨੇ ਭਵਿੱਖਬਾਣੀ ਕੀਤੀ ਕਿ ਇਹੋ ਮੁੰਡਾ ਹੈ ਜੀਹਦੇ ਅੰਦਰ ਤੀਹ ਫੁੱਟ ਲੰਮੀ ਛਾਲ ਛੁਪੀ ਪਈ ਹੈ ਜੋ ਬੌਬ ਬੀਮਨ ਦਾ ਰਿਕਾਰਡ ਤੋੜੇਗਾ। ਡੰਕਨ ਦੀ ਇਸ ਭਵਿੱਖਬਾਣੀ 'ਤੇ ਉਹਦੇ ਸਮਕਾਲੀ ਕੋਚ ਹੱਸਣ ਲੱਗੇ। ਪਰ ਡੰਕਨ ਤੇ ਕਾਰਲ ਲੇਵਿਸ ਆਪਣੇ ਨਿਸ਼ਾਨੇ ਵੱਲ ਵਧੀ ਗਏ। 1979 ਵਿਚ ਉਹ ਰਿਕਾਡ ਤੋੜ ਲੰਮੀ ਛਾਲ ਨਾਲ ਹਿਊਸਟਨ ਯੂਨੀਵਰਸਟੀ ਦਾ ਚੈਂਪੀਅਨ ਬਣਿਆ। 1980 ਵਿਚ ਅਮਰੀਕਾ ਦਾ ਨੈਸ਼ਨਲ ਚੈਂਪੀਅਨ ਅਤੇ 1981 ਵਿਚ ਰੋਮ ਦੇ ਵਿਸ਼ਵ ਕੱਪ ਅਥਲੈਟਿਕਸ ਮੁਕਾਬਲਿਆਂ ਸਮੇਂ ਉਹ ਲੰਮੀ ਛਾਲ ਦਾ ਵਿਸ਼ਵ ਚੈਂਪੀਅਨ ਬਣ ਗਿਆ! ਉਦੋਂ ਉਹ ਵੀਹ ਸਾਲਾਂ ਦਾ ਹੀ ਹੋਇਆ ਸੀ।

1983 ਦਾ ਸਾਲ ਕਾਰਲ ਲੇਵਿਸ ਲਈ ਵੱਡੀਆਂ ਜਿੱਤਾਂ ਵਾਲਾ ਸਾਲ ਰਿਹਾ। ਹੈਲਸਿੰਕੀ ਦੀ ਪਹਿਲੀ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਵਿਚ ਉਸ ਨੇ ਤਿੰਨ ਗੋਲਡ ਮੈਡਲ ਜਿੱਤੇ ਜਿਨ੍ਹਾਂ ਨਾਲ ਕੁਲ ਦੁਨੀਆ 'ਚ ਉਹਦੀਆਂ ਧੁੰਮਾਂ ਪੈ ਗਈਆਂ। ਅਖ਼ਬਾਰਾਂ ਨੇ ਉਹਦੇ ਬਾਰੇ 'ਸੁਪਰ ਅਥਲੀਟ' ਹੋਣ ਦੀਆਂ ਖ਼ਬਰਾਂ ਲਾਈਆਂ। 1984 ਦੀਆਂ ਓਲੰਪਿਕ ਖੇਡਾਂ ਤਾਂ ਕਹੀਆਂ ਹੀ ਕਾਰਲ ਲੇਵਿਸ ਦੀਆਂ ਖੇਡਾਂ ਜਾਂਦੀਆਂ ਹਨ। ਲੌਸ ਏਂਜਲਸ ਵਿਚ ਉਸ ਨੇ 100 ਮੀਟਰ ਦੀ ਦੌੜ 9.99 ਸਕਿੰਟ, 200 ਮੀਟਰ 19.80 ਸਕਿੰਟ ਤੇ 4+100 ਮੀਟਰ ਰਿਲੇਅ ਦੌੜ 37.83 ਸਕਿੰਟ ਵਿਚ ਲਾ ਕੇ ਟਰੈਕ 'ਚ ਹਨ੍ਹੇਰੀ ਲਿਆਂਦੀ ਰੱਖੀ ਅਤੇ ਲੰਮੀ ਛਾਲ 8.54 ਮੀਟਰ ਲਾ ਕੇ ਚਾਰ ਗੋਲਡ ਮੈਡਲ ਜਿੱਤੇ। ਇਨ੍ਹਾਂ ਚਾਰ ਈਵੈਂਟਸ ਦੇ ਜਿੱਤਣ ਦਾ ਕੁਲ ਸਮਾਂ ਇਕ ਮਿੰਟ ਤੋਂ ਘੱਟ ਬਣਦਾ ਹੈ ਪਰ ਉਹਦੇ ਲਈ ਮਿਹਨਤ ਦਸ ਸਾਲਾਂ ਤੋਂ ਵੀ ਵੱਧ ਕਰਨੀ ਪਈ ਸੀ!

ਵਰ੍ਹਿਆਂ-ਬੱਧੀ ਕੀਤੀ ਮਿਹਨਤ ਨਾਲ ਉਹ 1979 ਤੋਂ 96 ਤਕ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ, ਓਲੰਪਿਕ ਖੇਡਾਂ, ਪੈਨ ਅਮਰੀਕਨ ਖੇਡਾਂ ਤੇ ਗੁਡਵਿਲ ਗੇਮਜ਼ 'ਚੋਂ ਮੈਡਲ ਜਿੱਤਦਾ ਰਿਹਾ। ਉਸ ਨੇ 1984 ਦੀਆਂ ਓਲੰਪਿਕ ਖੇਡਾਂ ਪਿੱਛੋਂ 88 ਦੀਆਂ ਓਲੰਪਿਕ ਖੇਡਾਂ ਵਿਚੋਂ ਤਿੰਨ, 92 ਦੀਆਂ ਖੇਡਾਂ 'ਚੋਂ ਦੋ ਤੇ 96 ਦੀਆਂ ਓਲੰਪਿਕ ਖੇਡਾਂ 'ਚੋਂ ਇਕ, ਕੁਲ ਮਿਲਾ ਕੇ ਨੌਂ ਗੋਲਡ ਮੈਡਲ ਜਿੱਤੇ ਤੇ ਇਕ ਚਾਂਦੀ ਦਾ ਮੈਡਲ। ਉਸ ਦਾ ਸਭ ਤੋਂ ਵੱਧ ਫਸਵਾਂ ਮੁਕਾਬਲਾ ਟੋਕੀਓ ਵਿਚ 30 ਅਗਸਤ 1991 ਨੂੰ ਮਾਈਕ ਪੋਵਲ ਨਾਲ ਹੋਇਆ ਜਿਸ ਵਿਚ ਦੋਹਾਂ ਨੇ ਹੀ ਲੰਮੀ ਛਾਲ ਲਾਉਂਦਿਆਂ ਬੌਬ ਬੀਮਨ ਦਾ ਵਿਸ਼ਵ ਰਿਕਾਰਡ ਤੋੜਿਆ। ਉਥੇ ਕਾਰਲ ਲੇਵਿਸ ਨੇ 8.91 ਮੀਟਰ ਤੇ ਪੋਵਲ ਨੇ 8-95 ਮੀਟਰ ਲੰਮੀ ਛਾਲ ਲਾਈ। ਉਹ ਮੁਕਾਬਲਾ ਅੱਜ ਵੀ ਯੂ ਟਿਊਬ ਤੋਂ ਵੇਖਿਆ ਜਾ ਸਕਦੈ। ਲੰਮੀ ਛਾਲ ਦੇ ਮੁਕਾਬਲਿਆਂ 'ਚ ਇਹੋ ਜਿਹਾ ਕਾਂਟੇਦਾਰ ਨਾਟਕੀ ਮੁਕਾਬਲਾ ਸ਼ਾਇਦ ਹੀ ਕਿਸੇ ਹੋਰ ਥਾਂ ਹੋਇਆ ਹੋਵੇ।

ਕਾਰਲ ਲੇਵਿਸ ਵਿਆਹਿਆ ਵਰਿਆ ਹੈ। ਉਸ ਦੀ ਪਤਨੀ ਦਾ ਨਾਂ ਮਾਰੀਆ ਲੇਵਿਸ ਹੈ ਤੇ ਪੁੱਤਰ ਦਾ ਬੈਕਿਮ ਲੇਵਿਸ। ਕਾਰਲ 1997 ਵਿਚ ਖੇਡਾਂ ਤੋਂ ਰਿਟਾਇਰ ਹੋ ਕੇ ਟੀਵੀ ਤੇ ਫਿਲਮਾਂ 'ਚ ਕੰਮ ਕਰਨ ਲੱਗ ਪਿਆ ਸੀ। ਉਸ ਨੇ ਲੋਕਾਂ ਨੂੰ ਫਿੱਟ ਰੱਖਣ ਲਈ 'ਕਾਰਲ ਲੇਵਿਸ ਫਾਊਂਡੇਸ਼ਨ ਫਾਰ ਫਿੱਟਨੈੱਸ' ਬਣਾਈ ਹੋਈ ਹੈ। ਜਦੋਂ ਮਿਲਖਾ ਸਿੰਘ ਬਾਰੇ ਫਿਲਮ 'ਭਾਗ ਮਿਲਖਾ ਭਾਗ' ਬਣੀ ਸੀ ਤਾਂ ਉਸ ਨੇ ਫਿਲਮ ਵੇਖ ਕੇ ਮਿਲਖਾ ਸਿੰਘ ਦੀ ਮਿਹਨਤ ਤੇ ਸਿਰੜ ਨੂੰ ਸਲਾਮ ਕਰਦਿਆਂ ਮਿਲਖਾ ਸਿੰਘ ਨੂੰ ਰੱਜ ਕੇ ਸਲਾਹਿਆ ਸੀ। ਮਿਲਖਾ ਸਿੰਘ ਨੇ ਵੀ ਕਾਰਲ ਲੇਵਿਸ ਦਾ ਸ਼ੁਕਰੀਆ ਅਦਾ ਕੀਤਾ ਸੀ। ਕਾਰਲ ਲੇਵਿਸ ਨੂੰ ਅਨੇਕਾਂ ਮਾਣ ਸਨਮਾਨ ਮਿਲੇ ਹਨ ਜਿਨ੍ਹਾਂ ਵਿਚ 'ਸਪੋਰਟਸਮੈਨ ਆਫ਼ ਦਾ ਸੈਂਚਰੀ' ਤੋਂ ਲੈ ਕੇ ਅਨੇਕਾਂ 'ਹਾਲ ਆਫ਼ ਫੇਮ' ਵਜੋਂ ਦਰਜ ਹਨ। ਉਹਦੀਆਂ ਦੌੜਦੇ ਤੇ ਛਾਲਾਂ ਲਾਉਂਦੇ ਦੀਆਂ ਡਾਕ ਟਿਕਟਾਂ ਵੀ ਜਾਰੀ ਹੋਈਆਂ। ਉਸ ਨੇ ਡੈਮੋਕਰੈਟ ਉਮੀਦਵਾਰ ਵਜੋਂ ਚੋਣ ਲੜਨ ਦੀ ਵੀ ਤਿਆਰੀ ਕੀਤੀ ਸੀ ਪਰ ਕਾਨੂੰਨੀ ਅੜਿੱਚਣਾ ਕਾਰਨ ਲੜ ਨਾ ਸਕਿਆ।

ਕਾਰਲ ਲੇਵਿਸ ਦਾ ਕੱਦ 6 ਫੁੱਟ 2 ਇੰਚ ਹੈ ਅਤੇ ਭਾਰ 175 ਪੌਂਡ। ਉਹਦੇ ਮੋਢੇ ਚੌੜੇ ਹਨ ਤੇ ਲੱਤਾਂ ਲੰਮੀਆਂ। ਡੌਲ਼ਿਆਂ ਤੇ ਪੱਟਾਂ ਦੇ ਪੱਠੇ ਗੁੰਦਵੇਂ ਹਨ। ਕਲਾ ਮੁਸ਼ਕੀ ਰੰਗ 'ਚੋਂ ਜਦੋਂ ਉਹ ਦੁੱਧ ਚਿੱਟੇ ਦੰਦਾਂ ਨਾਲ ਹੱਸਦਾ ਹੈ ਤਾਂ ਜਿਵੇਂ ਹਨ੍ਹੇਰੇ 'ਚ ਬੈਟਰੀ ਜਗੀ ਹੋਵੇ! ਜਿਥੇ ਉਸ ਨੂੰ ਤਕੜੇ ਤੋਂ ਤਕੜਾ ਅਥਲੀਟ ਬਣਨ ਦਾ ਚਾਅ ਸੀ ਉਥੇ ਬਣ ਠਣ ਕੇ ਰਹਿਣ ਦਾ ਵੀ ਸ਼ੌਂਕ ਸੀ। ਉਹਦੇ ਬੈਗ ਵਿਚ ਟਰੈਕ ਸੂਟ ਤੇ ਦੌੜਨ ਵਾਲੇ ਬੂਟਾਂ ਤੋਂ ਇਲਾਵਾ ਸੁਰਮਾ, ਲਿਪਸਟਿਕ ਤੇ ਪਾਊਡਰ ਵਗ਼ੈਰਾ ਵੀ ਹੁੰਦਾ ਸੀ। ਦੌੜ ਲਾਉਣ ਤੋਂ ਕੁਝ ਹੀ ਪਲ ਪਿੱਛੋਂ ਉਹ ਚਿਹਰੇ 'ਤੇ ਪਾਊਡਰ ਭੁਕਦਾ ਤੇ ਬੁੱਲ੍ਹਾਂ 'ਤੇ ਲਿਪਸਟਿਕ ਘਸਾਉਂਦਾ। ਸੁਰਮਾ ਤਾਂ ਖ਼ੈਰ ਉਹਦੇ ਪਹਿਲਾਂ ਹੀ ਪਾਇਆ ਹੁੰਦਾ ਸੀ। ਟਰੈਕ ਤੋਂ ਬਾਹਰ ਉਹ ਛਾਪਾਂ ਛੱਲਿਆਂ ਤੇ ਜੰਜ਼ੀਰੀਆਂ ਨਾਲ ਹੋਰ ਵੀ ਸਜਦਾ ਸੀ। ਉਸ ਦਾ ਕਹਿਣਾ ਸੀ, "ਪਤਾ ਨਹੀਂ ਕਿਹੜੇ ਵੇਲੇ ਟੀਵੀ ਕੈਮਰਿਆਂ ਵਾਲੇ ਤਸਵੀਰਾਂ ਖਿੱਚਣ ਲੱਗ ਪੈਣ। ਮੈਂ ਚਾਹੁੰਨਾਂ, ਮੈਂ ਨਿੱਖਰੇ ਰੂਪ ਵਿਚ ਹੀ ਲੋਕਾਂ ਨੂੰ ਦਿਸਾਂ।"

ਸਾਂਵਲੇ ਰੰਗ ਦਾ ਆਪਣਾ ਸੁਹੱਪਣ ਹੁੰਦਾ ਹੈ। ਸਾਂਵਲਿਆਂ 'ਚ ਕਾਰਲ ਲੇਵਿਸ ਬਹੁਤ ਸੋਹਣਾ ਦਿਸਦਾ ਹੈ। ਉਹਦੇ ਦੰਦ ਇਕਸਾਰ ਹਨ, ਕੰਨ ਛੋਟੇ ਅਤੇ ਸਿਰ ਦੇ ਵਾਲ ਨਿੱਕੇ ਤੇ ਸੰਘਣੇ। ਧੌਣ ਮੋਟੀ ਤੇ ਹੱਥ ਪੈਰ ਚੌੜੇ ਚੱਕਲ਼ੇ। ਪਾਊਡਰ ਤੇ ਕਰੀਮਾਂ ਲਾਉਣ ਨਾਲ ਉਹਦਾ ਸਾਂਵਲਾ ਚਿਹਰਾ ਲਿਸ਼ਕਾਂ ਮਾਰਦਾ ਰਹਿੰਦੈ। ਜੁਆਨੀ 'ਚ ਉਹ ਕਹਿੰਦਾ ਰਿਹੈ, "ਮੈਂ ਕਿਹੜਾ ਮੁਹੰਮਦ ਅਲੀ ਨਾਲੋਂ ਘੱਟ ਸੋਹਣਾ ਲੱਗਦਾਂ?" ਉਹਦਾ ਵਜੂਦ ਸੱਚਮੁੱਚ ਹੀ ਕਿਸੇ ਕਲਾਕਾਰ ਦੀ ਸਿਰਜੀ ਸੁੰਦਰ ਕਲਾਕ੍ਰਿਤ ਵਰਗਾ ਹੈ। ਕਾਰਲ ਲੇਵਿਸ, ਕਾਰਲ ਲੇਵਿਸ ਹੀ ਹੈ, ਅਜਿਹੇ ਖਿਡਾਰੀ ਨਿੱਤ ਨਿੱਤ ਨਹੀਂ ਜੰਮਦੇ!

## *ਅਸੀਂ ਪੰਜਾਬੀ*

ਪੁੱਤ ਹਾਂ ਦੇਸ ਪੰਜਾਬ ਦੇ, ਜੰਮਦਿਆਂ ਨੂੰ ਨਿੱਤ ਮੁਹਿੰਮਾਂ
ਗੌਰੀ ਬਾਬਰ ਗ਼ਜ਼ਨਵੀ, ਆ ਲਿਤਾੜਿਆ ਜਿਉਂ ਢੀਮਾਂ।
ਸਿਰਾਂ ਦਾ ਮੁੱਲ ਪਾਇਆ, ਜ਼ਕਰੀਏ ਜਿਹੇ ਨੀਮ ਹਕੀਮਾਂ।
ਕੋਹਿਆ ਘੱਲੂਘਾਰਿਆਂ, ਕਰ ਛੱਡਿਆ ਵਾਂਗ ਯਤੀਮਾਂ।

ਚੜ੍ਹ ਕੇ ਆਈਆਂ ਪਲਟਣਾਂ, ਫਰੰਗੀ ਗੋਰੇ ਸ਼ੌਕੀਨਾਂ
ਗਦਾਰਾਂ ਰਾਜ ਗੁਆ'ਤਾ, 'ਸਰਕਾਰ' ਦੀ ਕਰ ਤੌਹੀਨਾਂ।
'ਤੇਜੇ 'ਡੋਗਰੇ' ਰਲ ਗਏ, ਤੱਕਦੇ ਵਾਂਗ ਤਮਾਸ਼ਬੀਨਾਂ
ਫਿਰ ਵੀ ਰਹੇ ਵੰਗਾਰਦੇ, ਨਾ ਕਦੇ ਮੰਨੀਆਂ ਈਨਾਂ।

ਸੁਖੀ ਵੱਸਦਿਆਂ ਨੂੰ ਆਣ, ਸੰਤਾਲੀ ਨੇ ਪਾਏ ਘੇਰੇ
ਆਪਣੇ ਹੋਏ ਲਹੂ ਲੁਹਾਣ, ਬਹੁਤਿਆਂ ਨਾ ਰੱਖੇ ਜੇਰੇ।
ਸਾੜ ਫੂਕ ਤੇ ਲੁੱਟ ਖੋਹ ਦਾ, ਮੰਜ਼ਰ ਸੀ ਚਾਰ ਚੁਫੇਰੇ
ਕੋਹੜੀ ਦਾ ਜ਼ੋਰ ਗੱਧੋਲਿਆਂ, ਸੱਥਰ ਵਿਛਾ'ਤੇ ਵਿਹੜੇ।

ਸਿਵੇ ਰਹੇ ਸਦਾ ਬਲਦੇ, ਨਾ ਕਦੇ ਮੁੱਕਦੇ ਇੱਥੇ ਵੈਣ
ਲੋਹਾ ਲੈਂਦਿਆਂ ਦੁਸ਼ਮਣਾਂ, ਆਪਣਿਆਂ ਨਾਲ ਖਹਿਣ।
ਬਣ ਕੇ ਢਾਲ ਖੜ੍ਹੇ ਸਦਾ, ਤਾਂ ਕਿ ਸੁਖੀ ਵਸਦੇ ਰਹਿਣ
ਹੰਢਾਏ ਆਪਣੇ ਮੋਢਿਆਂ 'ਤੇ, ਦੁੱਖ ਸੁੱਖ ਕੀਤੇ ਸਹਿਣ।

ਰਹੀਏ ਚੜ੍ਹਦੀ ਕਲਾ ਵਿਚ, ਗੁਰਾਂ ਨੇ ਫਰਮਾਇਆ
ਜੰਮਣ ਮਰਨ ਹੁਕਮ ਹੈ, ਜੱਗ ਨੂੰ ਇੰਝ ਸਮਝਾਇਆ।
ਸਾਡਾ ਧੀਰਜ ਬੰਨ੍ਹਿਆ, ਜੀਣ ਦਾ ਢੰਗ ਸਿਖਾਇਆ
ਚੌਰਾਸੀ ਦੇ ਸੱਲ੍ਹ ਅੱਲੇ ਨੇ, ਭਾਣਾ ਮੰਨਣ ਲਾਇਆ।

ਬੇਅਦਬੀ ਦਾ ਮਾਮਲਾ, ਹੈ ਹੁਣ ਖ਼ੂਬ ਗਰਮਾਇਆ
ਸਰਕਾਰੀ ਅਣਗਹਿਲੀ ਨੇ, ਹੈ ਅੱਜ ਰੰਗ ਦਿਖਾਇਆ।
ਨਾਲੇ ਚਤੁਰ ਨਾਲੇ ਚੋਰ, ਵੈਰੀਆਂ ਰਲ ਕਰਵਾਇਆ
ਸੋਚੀ ਸਮਝੀ ਚਾਲ ਚੱਲ, ਪੰਜਾਬ ਨੂੰ ਲਾਂਬੂ ਲਾਇਆ।

ਧਰਮਾਂ ਦਾ ਸਤਿਕਾਰ, ਸਦਾ ਅਸੀਂ ਰਹੀਏ 'ਕੱਠੇ
ਭੰਨ ਦੇਈਏ ਫਿਰ ਨੱਕ, ਸੁੱਟੀਏ ਚੁੱਕ ਖੂਹ 'ਚ ਢੱਠੇ
ਲਾਵੇ ਜੋ ਅੱਗ ਪੰਜਾਬ ਨੂੰ, ਫਿਰ ਕਿੰਝ ਉਹ ਨੱਠੇ
ਰੋਕੋ ਸੌੜੀ ਸਿਆਸਤ ਨੂੰ, ਨਿੱਤ ਭੈੜੀ ਪਾਉਂਦੀ ਪੱਠੇ।

*-ਸੇਵਾ ਸਿੰਘ 'ਨੂਰਪੁਰੀ'*

# ਲਾਹੌਰ ਵਿਚ ਵਿਚਰਦਿਆਂ: ਕੁਝ ਗੱਲਾਂ ਕੁਝ ਵਿਚਾਰ

ਜਿਸ ਦਿਨ ਮਾਸਟਰ ਤਾਰਾ ਸਿੰਘ ਨੇ ਪੰਜਾਬ ਅਸੰਬਲੀ ਦੇ ਬਾਹਰ ਆਪਣੀ ਕਰਪਾਨ ਕੱਢੀ, ਓਸ ਸ਼ਾਮੀਂ ਲਾਹੌਰ ਰੇਲਵੇ ਸਟੇਸ਼ਨ ਦੇ ਬਾਹਰ ਇਕ ਬੰਦਾ ਰੋੜੀ ਤੇ ਗੈਂਤੀਆਂ ਦੇ ਦਸਤੇ ਵੇਚਦਾ, ਚਾਰ-ਚਾਰ ਆਨੇ। ਮੈਂ ਸਾਇਕਲੋਂ ਉੱਤਰ ਕੇ ਦੋ ਖ਼ਰੀਦ ਲਿੱਤੇ। ਮੁਹੰਮਦ ਅਜਮਲ ਰੁਕੇ ਬਿਨਾ ਈ ਲੰਡੇ ਬਾਜ਼ਾਰ ਵੱਲ ਮੁੜ ਗਿਆ। ਓਧਰੋਂ ਆਪਣੇ ਘਰ ਕੂਚਾ ਚਾਬਕ ਸਵਾਰਾਂ ਜਾਣ ਲਈ। ਫ਼ੇਰ ਕੋਈ ਮੁਸਲਮਾਨ ਕਿਸੇ ਹਿੰਦੂ ਸਿੱਖ ਨੂੰ ਛੁਰੀ ਮਾਰ ਜਾਂਦਾ ਤੇ ਹਿੰਦੂ ਸਿੱਖ ਕਿਸੇ ਭੀੜ ਵਾਲੀ ਥਾਂ ਇਕ ਬੰਬ ਸੁੱਟ ਕੇ ਆਪਣਾ ਹਿਸਾਬ ਬਰਾਬਰ ਕਰ ਲੈਂਦੇ। ਰਾਜ ਗੜ੍ਹ ਮੁਸਲਮਾਨ ਦੀ ਇਕ ਝੁੱਗੀ ਨੂੰ ਅੱਗ ਲੱਗ ਗਈ। ਝੁੱਗੀਆਂ ਵਾਲੇ ਅੱਗ ਬੁਝਾਣ ਲਈ

**ਅਨਵਰ ਅਲੀ**
**ਲਿਪੀਅੰਤਰ: ਪਰਮਜੀਤ ਸਿੰਘ ਮੀਸ਼ਾ**

'ਕੱਠੇ ਹੋ ਗਏ ਤੇ ਇਕ ਜੀਪ ਲੰਘਦੀ ਓਹਨਾਂ ਵਿਚ ਇਕ ਬੰਬ ਸੁੱਟ ਗਈ। ਇਕ ਦਿਨ ਸ਼ਾਹਪੁਰ ਜੀ ਰੇਲਵੇ ਸਟੇਸ਼ਨ ਤੇ ਆਪਣੀ ਡਿਊਟੀ 'ਤੇ ਸੀ। ਵਰਕਸ਼ਾਪ ਤੋਂ ਆਂਦਿਆਂ ਮਜ਼ਦੂਰਾਂ ਵਿਚ ਬੰਬ ਆ ਡਿੱਗਿਆ। ਉੱਪਰੋਂ ਪੁਲੀ ਤੋਂ, ਕਿਸੇ ਨੇ ਕਹਿਆ: "ਬੰਗਾਲੀ ਲੱਗਦਾ ਸੀ।"

ਸ਼ਾਹਪੁਰ ਜੀ ਪਾਰਸੀ ਸੀ ਪਰ ਰੰਗ ਓਹਦਾ ਪੱਕਾ ਤੇ ਅੱਖਾਂ ਵੀ ਗੋਲ-ਗੋਲ। ਲੋਕੀ ਏਧਰ ਓਧਰ ਨੱਠੇ ਸ਼ਾਹਪੁਰ ਜੀ ਵੀ ਪਰ ਪੁਲਿਸ ਓਹਨੂੰ ਫੜ ਕੇ ਲੈ ਗਈ। ਲਾਹੌਰ ਦੇ ਪਾਰਸੀ ਵਫ਼ਦ ਬਣਾ ਕੇ ਕਈ ਦਿਨ ਡੀ.ਸੀ. ਤੇ ਐਸ.ਐਸ.ਪੀ. ਨੂੰ ਮਿਲਦੇ ਰਹੇ। ਜਦ ਛੁੱਟ ਕੇ ਆਇਆ ਤੇ ਕਰਾਚੀ ਬਦਲੀ ਲਈ ਦਰਖ਼ਾਸਤ ਦੇ ਦਿੱਤੀ। ਕਰਾਚੀ ਵੱਧ ਪਾਰਸੀ ਰਹਿੰਦੇ ਸਨ। ਆਪਣਿਆਂ ਵਿਚ ਮਰਨ ਨਾਲ ਪਤਾ ਨਹੀਂ ਕੀ ਲੱਗਦਾ ਪਰ ਬਾਰੀ ਓਹਦੀ ਪਾਕਿਸਤਾਨ ਬਣਨ ਮਗਰੋਂ ਈ ਆਈ। ਮਜ਼ਹਰ ਓਹਦਾ ਮਕਾਨ ਮੈਨੂੰ ਕਿਰਾਏ ਦੇ ਦਿੱਤਾ ਤੇ ਸ਼ਾਹਪੁਰ ਜੀ ਨੇ ਆਪਣਾ ਟੀਕ ਵੁੱਡ (ਸਾਗਵਾਨ) ਦਾ ਫਰਨੀਚਰ ਮੈਨੂੰ ਵੇਚਣ ਦੀ ਕੋਸ਼ਿਸ਼ ਕੀਤੀ। ਨਾਲ ਇਕ ਤੋਤਾ ਸ਼ਾਹਪੁਰ ਜੀ ਕਹਿੰਦਾ, ਓਹਦੀ ਹੋਸ਼ ਤੋਂ ਪਹਿਲੋਂ ਦਾ ਸੀ ਪਰ ਸ਼ਾਹਪੁਰ ਜੀ ਨੂੰ ਏਹ ਨਹੀਂ ਸੀ ਪਤਾ ਕਿ ਮੈਂ ਲੁਧਿਆਣਿਓਂ ਟ੍ਰੇਨ ਦੀ ਛੱਤ ਤੇ ਬੈਠ ਕੇ ਆਇਆ ਸੀ ਤੇ ਲਾਹੌਰ ਸਾਡੇ ਕੋਲ ਬਾਂਸ ਦੀਆਂ ਮੰਜੀਆਂ ਲਈ ਪੈਸੇ ਨਹੀਂ ਸਨ।

ਲਾਹੌਰ ਆਣ ਦੀ ਤਾਂਘ ਮੈਨੂੰ ਏਸ ਗੱਲੋਂ ਵੀ ਸੀ ਕਿ ਏਥੇ ਮਿਊ ਸਕੂਲ ਆਫ਼ ਆਰਟਸ ਸੀ। ਸਾਹਿਰ ਨੂੰ ਹੁਣ ਸਭ ਉੱਚਾ ਸ਼ਾਇਰ ਮੰਨਦੇ ਤੇ ਹਰੀ ਕਿਸ਼ਨ ਨੇ ਸਰ ਜੇ.ਜੇ. ਸਕੂਲ ਆਫ਼ ਆਰਟਸ ਬੰਬਈ ਵਿਚ ਦਾਖ਼ਲਾ ਲੈ ਲਿਆ ਸੀ। ਮੈਨੂੰ ਲਾਹੌਰ ਰਾਸ਼ਨਿੰਗ ਕੰਟਰੋਲਰ ਦੇ ਦਫ਼ਤਰ ਨੌਕਰੀ ਲੱਭੀ ਤੇ ਮੈਂ ਮਿਊ ਆਰਟਸ ਸਕੂਲ ਦੀਆਂ ਸ਼ਾਮ ਦੀਆਂ ਕਲਾਸਾਂ ਜਾਣ ਲੱਗਾ ਪਰ ਇਕ ਮਹੀਨੇ ਮਗਰੋਂ ਜਾਣਾ ਛੱਡ ਦਿੱਤਾ। ਚੌਲ ਕਲਰਕੀ ਵਿਚੋਂ ਦਸ ਰੁਪਏ ਮਹੀਨਾ ਕੱਢਣਾ ਬੜਾ ਔਖਾ ਸੀ। ਇਕ ਦਿਨ ਸਾਨਿਆਲ ਮੈਨੂੰ ਮਾਲ ਰੋਡ ਤੇ ਮਿਲਿਆ ਪੁੱਛਣ ਲੱਗਾ:

"ਤੂੰ ਸ਼ਾਮੀਂ ਨਹੀਂ ਆਂਦਾ?"

ਮੈਂ ਦੱਸਿਆ ਤੇ ਕਹਿਣ ਲੱਗਾ: "ਆ ਜਾਇਆ ਕਰ, ਤੈਨੂੰ ਕੋਈ ਨਹੀਂ ਪੁੱਛਦਾ।"

ਅਗਸਤ 1947 ਵਿਚ ਸਾਨਿਆਲ ਡੇਹਰਾਦੂਨ ਗਿਆ ਹੋਇਆ ਸੀ, ਆਪਣੀ ਬੀਵੀ ਤੇ ਸਾਲ ਕੁ ਦੀ ਧੀ ਨਾਲ। ਅਕਤੂਬਰ ਵਿਚ ਕੁਝ ਅਮਨ ਹੋਇਆ ਤੇ ਲਾਹੌਰ ਆਇਆ 'ਕੱਲਾ ਈ, ਬੀਵੀ ਤੇ ਧੀ ਨੂੰ ਦਿੱਲੀ ਛੱਡ ਕੇ, ਐਥੇ ਓਹਦਾ ਘਰ ਤੇ ਸਾਫ਼ ਹੋ ਗਿਆ ਸੀ ਪਰ ਸਟੂਡੀਓ ਰੀਗਲ ਸਿਨੇਮਾ ਦੀ ਬਿਲਡਿੰਗ ਵਿਚ ਹੋਣ ਕਰ ਕੇ ਬਚ ਗਿਆ ਸੀ। ਇੰਡਸਟਰੀ ਡਿਪਾਰਟਮੈਂਟ ਨੇ ਸਾਰੇ ਸਿਨਮੇ ਮੋਹਰਬੰਦ ਕਰ ਦਿੱਤੇ ਸਨ। ਸਾਨਿਆਲ ਮੈਨੂੰ ਫ਼ੈਜ਼ ਦੇ ਕਮਰੇ ਮਿਲਿਆ। ਮੈਂ ਵੀ ਹੁਣੇ ਹੁਣੇ ਲੁਧਿਆਣਿਓਂ ਮੁੜਿਆ ਸੀ। ਫ਼ੈਜ਼ ਨੇ ਏਧਰ ਓਧਰ ਫ਼ੋਨ ਕਰਕੇ ਸਾਨਿਆਲ ਨੂੰ ਆਪਣਾ ਸਟੂਡੀਓ ਖ਼ਾਲੀ ਕਰਨ ਦੀ ਇਜਾਜ਼ਤ ਲੈ ਦਿੱਤੀ। ਉਸ ਸ਼ਾਮੀ

***ਅਨਵਰ ਅਲੀ ਅਣਵੰਡੇ ਪੰਜਾਬ ਦੇ ਸ਼ਹਿਰ ਲੁਧਿਆਣਾ ਵਿਚ ਅਪਰੈਲ 1922 ਨੂੰ ਪੈਦਾ ਹੋਇਆ ਅਤੇ ਵੰਡ ਤੋਂ ਬਾਅਦ 'ਪੰਜਾਬ ਟਾਇਮਜ਼' ਅਖਬਾਰ ਦਾ ਕਾਰਟੂਨਿਸਟ ਬਣਿਆ। ਉਸ ਦੇ ਕਾਰਟੂਨ 'ਨੰਨਾ' ਤੋਂ ਬਗੈਰ ਅਖਬਾਰ ਅਧੂਰਾ ਸਮਝਿਆ ਜਾਂਦਾ ਸੀ। ਉਸ ਨੇ ਆਪਣੀ ਹੱਡਬੀਤੀ 'ਗਵਾਚੀਆਂ ਗੱਲਾਂ' ਕਿਤਾਬ ਵਿਚ ਦਰਜ ਕੀਤੀ ਹੈ ਜਿਸ ਦਾ ਗੁਰਮੁਖੀ ਵਿਚ ਲਿਪੀਅੰਤਰ ਪਰਮਜੀਤ ਸਿੰਘ ਮੀਸ਼ਾ ਨੇ ਕੀਤਾ ਹੈ। ਇਹ ਲੇਖ ਇਸ ਕਿਤਾਬ ਦਾ ਹਿੱਸਾ ਹੈ।***




*ਲਾਹੌਰ ਦਾ ਰੇਲਵੇ ਸਟੇਸ਼ਨ ਅਤੇ (ਸੱਜੇ) ਵੰਡ ਤੋਂ ਬਾਅਦ ਅਜਿਹੇ ਦ੍ਰਿਸ਼ ਆਮ ਹੋ ਗਏ।*

ਚਾਰ ਵਜੇ ਡਾਇਰੈਕਟਰ ਇੰਡਸਟੀਰਜ਼ ਨੇ ਰੀਗਲ ਦਾ ਗੇਟ ਖੋਲ੍ਹਿਆ ਤੇ ਮੈਂ ਦਫ਼ਤਰ ਦੇ ਦੋ ਚਪੜਾਸੀਆਂ ਨਾਲ ਓਹਦੇ ਸਟੂਡੀਓ ਦੀਆਂ ਜਿੰਨੀਆਂ ਸ਼ੈਵਾਂ ਹੋ ਸਕਦੀਆਂ ਢੋਅ ਲਈਆਂ। ਸਾਨਿਆਲ ਇਕ ਈਜ਼ਲ ਮੈਨੂੰ ਨਿਸ਼ਾਨੀ ਦੇ ਗਿਆ। ਓਹਦਾ ਇਕ ਮਿੱਟੀ ਦਾ ਤੇ ਦੋ ਪਲਾਸਟਰ ਦੇ ਮੁਜੱਸਮੇ ਮੇਰੇ ਦਫ਼ਤਰ ਪਏ ਰਹੇ, ਜਿਹੜੇ ਇਕ ਦਿਨ ਮੈਂ ਫ਼ਾਬਰੀ ਆਇਆ। ਓਹ ਕਿਸੇ ਦਿਨ ਏਹਨਾਂ ਨੂੰ ਅੰਮ੍ਰਿਤਸਰ ਲੈ ਜਾਵੇਗਾ, ਜਿੱਥੇ ਓਹ ਦਫ਼ਤਰ ਛੱਡ ਐਤਵਾਰ ਦੇ ਐਤਵਾਰ ਆਪਣੀ ਦੋ ਸੀਟਰ ਕਾਰ ਵਿਚ ਆਪਣੇ ਸਹੁਰਿਆਂ ਨੂੰ ਮਿਲਣ ਜਾਂਦਾ ਸੀ। ਏਹ ਤਿੰਨ ਮੁਜੱਸਮੇ ਓਹ ਸਾਨਿਆਲ ਨੂੰ ਅਪੜਾ ਨਾ ਸਕਿਆ।

ਫ਼ਾਬਰੀ ਦਾ ਪਹਿਲਾ ਨਾਂ ਪਤਾ ਨਹੀਂ ਕੀ ਸੀ। ਓਹ ਲਾਹੌਰ ਮਿਊਜ਼ੀਅਮ ਦਾ ਕਿਊਰੇਟਰ ਸੀ। ਪਾਕਿਸਤਾਨ ਤੋਂ ਪਹਿਲੋਂ ਵੀ ਹਰ ਬੁੱਧਵਾਰ ਯਾ ਜੁੰਮਾਰਾਤ ਮਿਊਜ਼ੀਅਮ ਵਿਚ ਲੈਕਚਰ ਦੇਂਦਾ ਸੀ। ਮਿਊਜ਼ੀਅਮ ਦੀ ਕਿਸੀ ਇਕ ਸ਼ੈਅ ਬਾਰੇ। ਬੋਲਦਾ ਤੇ ਓਹ ਅੰਗਰੇਜ਼ੀ ਸੀ ਪਰ ਕੁਝ ਏਸ ਤਰ੍ਹਾਂ ਦੇ ਲਹਿਜ਼ੇ ਨਾਲ ਕਿ ਸੁਣਨ ਵਾਲੇ ਨੂੰ ਪੰਜ ਦੱਸ ਮਿੰਟ ਮਗਰੋਂ ਈ ਸਮਝ ਆਣ ਲੱਗਦੀ। ਐਨੇ ਵਿਚ ਓਹ ਪੰਜ ਦਸ ਮਿੰਟ ਅੱਗੇ ਲੰਘ ਗਿਆ ਹੋਂਦਾ। ਕੋਈ ਕਹਿੰਦਾ ਫ਼ਾਬਰੀ ਹੰਗਰੀ ਦਾ, ਕੋਈ ਰੂਸੋਂ ਆਇਆ ਦੱਸਦਾ। ਫ਼ਾਬਰੀ ਤੇ ਰਤਨਾ ਦਾ ਵਿਆਹ ਪਾਕਿਸਤਾਨ ਬਨਣ ਤੋਂ ਥੋੜ੍ਹਾ ਚਿਰ ਪਹਿਲੋਂ ਈ ਹੋਇਆ ਸੀ। ਹੁਣ ਓਹ ਦੋਵੇਂ ਲਾਹੌਰ ਈ ਰਹਿੰਦੇ, ਰਤਨਾ ਦੇ ਪਿਤਾ ਜੀ ਦੀ ਕੋਠੀ ਵਿਚ ਪਰ ਡਰੇ-ਡਰੇ। ਬੰਦਾ ਪੈਸਾ ਜ਼ੇਵਰ ਤੇ ਬੈਂਕ ਵਿਚ ਰੱਖ ਸਕਦਾ ਪਰ ਐਨੀ ਛੱਡੀ ਕੋਠੀ ਦਾ ਕੀ ਕਰੇ ਜਿਹਦੇ ਉੱਤੇ ਹਜ਼ਾਰਾਂ ਨਜ਼ਰਾਂ। ਰਤਨਾ ਹਿੰਦੂ ਸੀ ਤੇ ਫ਼ਾਬਰੀ ਰੂਸੋਂ ਯਾ ਹੰਗਰੀ ਤੋਂ ਆਇਆ। ਓਹ ਰਤਨਾ ਦੇ ਪਿਤਾ ਜੀ ਦੀ ਕੋਠੀ ਵਿਚ ਰਹਿੰਦੇ ਜਿਹੜੀ ਰਤਨਾ ਦੀ ਹੋਈ। ਏਹਨੂੰ ਤਾਰਕੀਨ ਦੀ ਜਾਇਦਾਦ ਕਿਵੇਂ ਬਣਾਇਆ ਜਾ ਸਕਦਾ ਪਰ ਦੁਨੀਆ ਵਿਚ ਕਾਫੀ ਲੋਕਾਂ ਦਾ ਘਾਟਾ ਨਹੀਂ। ਪਹਿਲੋਂ ਖ਼ਬਰਾਂ ਆਣ ਲੱਗੀਆਂ ਫ਼ਾਬਰੀ ਯਹੂਦੀ ਏ।" ਫ਼ੇਰ ਅਖ਼ਬਾਰਾਂ ਹਕੂਮਤ ਨੂੰ ਪੁੱਛਣਾ ਸ਼ੁਰੂ ਕੀਤਾ:

"ਕੀ ਏਹ ਮੁਮਲਕਤ ਖ਼ੁਦਾ ਦਾਦ ਪਾਕਿਸਤਾਨ ਯਹੂਦੀਆਂ ਲਈ ਬਣੀ?"

ਇਕ ਦਿਨ ਮੈਂ ਫ਼ਾਬਰੀ ਨੂੰ ਪਾਕਿਸਤਾਨ ਟਾਇਮਜ਼ ਦੇ ਦਫ਼ਤਰੋਂ ਨਿਕਲਦਿਆਂ ਫੜ ਲਿਆ। ਕਹਿਣ ਲੱਗਾ: "ਹਕੂਮਤ ਨੇ ਕਿਊਰੇਟਰ ਦੀ ਅਸਾਮੀ ਖ਼ਤਮ ਕਰ ਦਿੱਤੀ ਏ। ਮੈਨੂੰ ਤਨਵਾਹ ਬੰਦ ਹੋ ਗਈ ਏ। ਚੀਫ਼ ਮਨਿਸਟਰ ਮਿਲਣ ਲਈ ਵਕਤ ਨਹੀਂ ਦੇਂਦਾ। ਮੇਰੇ ਘਰ ਖਾਣ ਲਈ ਨਹੀਂ। ਏਹ ਸੌ ਰੁਪਏ ਮੈਨੂੰ ਫ਼ੈਜ਼ ਨੇ ਦਿੱਤੇ ਨੇ।"

ਮੈਂ ਕਈ ਦਿਨ ਸੋਚਦਾ ਰਿਹਾ: ਫ਼ੈਜ਼ ਨੇ ਆਪਣੇ ਅੱਠ ਸੌ ਵਿਚੋਂ ਸੌ ਕਿੱਦਾਂ ਕੱਢੇ। ਫ਼ੇਰ ਮੈਂ ਫ਼ਾਬਰੀ ਤੇ ਰਤਨਾ ਨੂੰ ਕਦੀਂ ਨਹੀਂ ਵੇਖਿਆ। ਕੁਝ ਚਿਰ ਮਗਰੋਂ ਫ਼ਾਬਰੀ ਦੇ ਮਜ਼ਮੂਨ ਦਿੱਲੀ ਦੇ ਸਟੇਟਸਮੈਨ ਵਿਚ ਛਪਣ ਲੱਗੇ।

---

ਲਾਹੌਰ ਤੋਂ ਦੋ ਅੰਗਰੇਜ਼ੀ ਅਖ਼ਬਾਰ ਨਿਕਲਦੇ ਸਨ। ਇਕ ਹਿੰਦੂਆਂ ਦਾ 'ਟ੍ਰਿਬਿਊਨ', ਦੂਜਾ 'ਸਿਵਲ ਐਂਡ ਮਿਲੇਟਰੀ ਗਜ਼ਟ', ਜਿਹਨੂੰ ਲੋਕੀ ਸਰਕਾਰੀ ਅਖ਼ਬਾਰ ਵੀ ਕਹਿੰਦੇ। ਮੁਸਲਮਾਨਾਂ ਦਾ ਕੋਈ ਅੰਗਰੇਜ਼ੀ ਅਖ਼ਬਾਰ ਨਾ। ਮੈਂ ਰਾਸ਼ਨਿੰਗ ਕੰਟਰੋਲਰ ਦੇ ਦਫ਼ਤਰ ਚੌਲ ਕਲਰਕੀ ਕਰਦਾ ਹਰ ਵੇਲੇ ਕੁੜ੍ਹਦਾ ਰਹਿੰਦਾ:

ਮੁਸਲਮਾਨਾਂ ਦੇ ਏਸ ਤਾਰੀਖ਼ੀ ਸ਼ਹਿਰ ਵਿਚ ਬਾਦਸ਼ਾਹੀ ਮਸਜਿਦ ਦੇ ਸ਼ਹਿਰ ਵਿਚ... ਸ਼ਾਹੀਨ ਮਿੱਲਤ ਦੇ ਸ਼ਹਿਰ ਵਿਚ... ਮੁਫ਼ੱਕਰੇ ਪਾਕਿਸਤਾਨ ਦੇ ਸ਼ਹਿਰ ਵਿਚ। ਕਰਾਰਦਾਦ ਪਾਕਿਸਤਾਨ ਦੇ ਸ਼ਹਿਰ ਵਿਚ, ਮੁਸਲਮਾਨਾਂ ਦਾ ਇਕ ਵੀ ਅੰਗਰੇਜ਼ੀ ਅਖ਼ਬਾਰ ਨਾ। ਏਸ ਸ਼ਹਿਰ ਦੇ ਅਮੀਰਾਂ, ਕਬੀਰਾਂ, ਜਾਗੀਰਦਾਰਾਂ, ਸਰ, ਖਾਨ ਬਹਾਦਰ ਵਿਚੋਂ ਰੱਬ ਨੇ ਕਿਸੇ ਨੂੰ ਐਨੀ ਤੌਫ਼ੀਕ ਨਾ ਦਿੱਤੀ ਕਿ ਅੰਗਰੇਜ਼ੀ ਦਾ ਇਕ ਅਖ਼ਬਾਰ ਕੱਢ ਲੈਣ। ਅੰਗਰੇਜ਼ੀ ਅਖ਼ਬਾਰ ਬਿਨਾਂ ਤੁਸੀਂ ਕਿਵੇਂ ਆਜ਼ਾਦੀ ਦੀ ਜੰਗ ਲੜ ਸਕਦੇ ਓ? ਕਿਵੇਂ ਹਿੰਦੂ ਦਾ ਮੁਕਾਬਲਾ ਕਰ ਸਕਦੇ ਓ?"

"ਲੇ ਕੇ ਰਹੇਂਗੇ ਪਾਕਿਸਤਾਨ।"

"ਕਿਵੇਂ?"

ਅੰਗਰੇਜ਼ੀ ਅਖ਼ਬਾਰ ਬਿਨਾ, ਕਾਰਟੂਨਾਂ ਬਿਨਾ, ਤੁਸੀਂ ਕਿਵੇਂ ਏਹ ਦੋ ਮੁਹਾਜ਼ੀ ਜੰਗ ਜਿੱਤ ਸਕਦੇ ਓ?

ਕਦੀਂ ਕੋਈ ਪੋਲੀ ਜਿਹੀ ਆਵਾਜ਼ ਆਂਦੀ ਕਿ ਮੁਸਲਮਾਨ ਅੰਗਰੇਜ਼ੀ ਅਖ਼ਬਾਰ ਕੱਢ ਰਹੇ ਨੇ, ਫੇਰ ਚੁੱਪ ਹੋ ਜਾਂਦੇ। ਇਕ ਵਾਰ ਏਦਾਂ ਦੀ ਇਕ ਖ਼ਬਰ ਚੱਲੀ ਤੇ ਮੈਂ ਰਾਇਲ ਪਾਰਕ ਪਤਾ ਕਰਨ ਚਲਾ ਗਿਆ। ਰਾਇਲ ਪਾਰਕ ਮੁਸਲਿਮ ਲੀਗ ਦਾ ਦਫ਼ਤਰ ਸੀ। ਓਹਨਾਂ ਨੂੰ ਪਤਾ ਹੋਣਾ ਚਾਹੀਦਾ। ਜੇ ਆਪ ਨਹੀਂ ਕੱਢ ਰਹੇ ਫ਼ੇਰ ਵੀ ਪਤਾ ਹੋਵੇਗਾ, ਹੋਰ ਕੌਣ ਕੱਢ ਰਿਹਾ। ਪਹਿਲਾ ਬੋਰਡ 'ਸਾਲਾਰ ਮੁਸਲਮ ਨੈਸ਼ਨਲ ਗਾਰਡਜ਼' ਦਾ ਸੀ, ਅੰਦਰ ਇਕ ਸੋਹਣਾ ਜਿਹਾ ਮੁੰਡਾ ਬੈਠਾ ਗੋਰਾ ਚਿੱਟਾ, ਹੁਣੇ ਕਾਲਜੋਂ ਆਇਆ ਲੱਗਦਾ।

ਮੁਸਲਿਮ ਨੈਸ਼ਨਲ ਗਾਰਡ ਤੇ ਮੈਂ ਪਹਿਲੀ ਵਾਰ ਸ਼ਿਮਲੇ ਵਿਚ ਵੇਖੇ ਸਨ। 45 ਵਿਚ ਜਦ ਓਥੇ ਪਹਿਲੀ ਸ਼ਿਮਲਾ ਕਾਨਫ਼ਰੰਸ ਹੋ ਰਹੀ ਸੀ। ਸ਼ਿਮਲੇ ਵਿਚ ਕਾਇਦੇ ਆਜ਼ਮ, ਨਹਿਰੂ ਗਾਂਧੀ, ਨਵਾਬਜ਼ਾਦਾ ਲਿਆਕਤ ਅਲੀ ਖ਼ਾਂ ਤੇ ਹੋਰ ਏਸ ਤਰ੍ਹਾਂ ਦੇ ਆਲ ਇੰਡੀਆ ਲੀਡਰ ਮਾਲ ਰੋਡ 'ਤੇ ਲਗੇ ਫ਼ਿਰਦੇ। ਕਦੇ ਕਿਸੇ ਮੁੜ ਕੇ ਨਹੀਂ ਸੀ ਦੇਖਿਆ ਪਰ ਇਕ ਵਾਰ ਕਿਸੇ ਨੇ ਰਾਜ ਗੋਪਾਲ ਅਚਾਰੀਆ ਯਾ ਕਿਸੇ ਹੋਰ ਏਸ ਤਰ੍ਹਾਂ ਦੇ ਲੀਡਰ ਦੇ ਸਿਰ ਵਿਚ ਡੰਡਾ ਕੱਢ ਮਾਰਿਆ ਪਿੱਛੋਂ ਦੀ। ਸ਼ਿਮਲੇ ਵਿਚ ਚੜ੍ਹਾਈਆਂ ਉਤਰਾਈਆਂ ਐਨੀਆਂ ਤਿੱਖੀਆਂ ਕਿ ਇਕ ਰਿਕਸ਼ੇ ਨੂੰ ਚਾਰ ਬੰਦੇ ਲੱਗੇ ਹੋਂਦੇ। ਚੜ੍ਹਦਿਆਂ ਅੱਡੀਆਂ ਚੁੱਕ ਚੁੱਕ ਕੇ ਜ਼ੋਰ ਲਾਂਦੇ ਤੇ ਉਤਰਾਈ ਤੇ ਅੱਡੀਆਂ ਗੱਡ-ਗੱਡ ਬਰੇਕ ਮਾਰਦੇ। ਕਿਰਾਏ ਵੀ ਬੜੇ ਹੋਂਦੇ ਪਰ ਸਵਾਰੀਆਂ ਦਾ ਵੀ ਕੋਈ ਘਾਟਾ ਨਾ। ਕਈਆਂ ਆਪਣੇ ਪ੍ਰਾਈਵੇਟ ਰਿਕਸ਼ੇ ਰੱਖੇ ਹੋਂਦੇ, ਆਪਣੀਆਂ ਵਰਦੀਆਂ ਆਪਣੇ ਮੋਨੋਗ੍ਰਾਮ ਨਾਲ। ਸਰ ਖ਼ਿਜ਼ਰ ਹਿਆਤ ਟਿਵਾਣਾ ਛੋਟੇ ਸ਼ਿਮਲਿਓਂ ਆਪਣੀ ਵਜ਼ੀਰੇ ਆਲ੍ਹਾ ਕੋਠੀਓਂ ਪੈਦਲ ਨਿਕਲਦਾ ਇਕ ਛਮਕ ਜਿਹੀ ਹੱਥ ਵਿਚ ਫੜੀ। ਪਿੱਛੇ ਪਿੱਛੇ ਓਹਦਾ ਰਿਕਸ਼ਾ ਆਂਦਾ ਖ਼ਾਲੀ। ਨਾ ਕੋਈ ਪੁਲਸੀਆ, ਨਾ ਕੋਈ ਪਿਸਤੌਲ ਵਾਲਾ ਨਾਲ। ਰਾਹ ਵਿਚ ਕਿਤੇ ਬਾਰਿਸ਼ ਆ ਜਾਂਦੀ ਤੇ ਰਿਕਸ਼ੇ ਵਿਚ ਬੈਠ ਜਾਂਦਾ। ਰਿਕਸ਼ੇ ਵਾਲੇ ਛੱਤ ਤਾਣ ਦੇਂਦੇ, ਆਪ ਮੀਂਹ ਵਿਚ ਭਿੱਜਦੇ ਭੱਜੇ ਜਾਂਦੇ। ਰਾਹੀਂ ਓਹਨਾਂ ਦੀਆਂ ਵਰਦੀਆਂ ਤੋਂ ਈ ਜਾਣਦੇ ਕਿ ਪੰਜਾਬ ਦਾ ਵਜ਼ੀਰੇ-ਆਲ੍ਹਾ ਜਾ ਰਿਹਾ। ਰਾਜ ਗੋਪਾਲ ਅਚਾਰੀਆ ਨੂੰ ਜਦ ਕਿਸੇ ਨੇ ਡੰਡਾ ਮਾਰਿਆ ਓਸ ਵੇਲੇ ਬਾਰਿਸ਼ ਨਹੀਂ ਸੀ ਹੋ ਰਹੀ। ਰਿਕਸ਼ੇ ਦੀ ਛੱਤ ਖੋਲ੍ਹ ਕੇ ਪਿੱਛੇ ਸੁੱਟੀ ਹੋਈ ਸੀ। ਪਿਛਲੇ ਦੋਵਾਂ ਖਿੱਚਣ ਵਾਲਿਆਂ ਦੇ ਵਿਚ ਵਿੱਥ ਹੋਂਦੀ ਤੇ ਏਸ ਵਿੱਥ ਵਿਚੋਂ ਦੀ ਕਿਸੇ ਨੇ ਰਾਜ ਜੀ ਨੂੰ ਡੰਡਾ ਮਾਰ ਦਿੱਤਾ, ਕੋਈ ਮਹਾਂ ਸਭਾਈਆ, ਸੇਵਕ ਸੰਘੀਆ ਹੋਣਾ। ਡੰਡਾ ਮਾਰ ਕੇ ਕਿਸੇ ਗਲੀ ਦੀ ਪੌੜੀਆਂ ਉੱਤਰ ਗਿਆ। ਨਾ ਕਿਸੇ ਨੇ ਰੌਲਾ ਪਾਇਆ, ਨਾ ਫੜਿਆ, ਨਾ ਪੁਲਿਸ ਆਈ ਪਰ ਮੁਸਲਿਮ ਲੀਗੀਆਂ ਆਪਣੇ ਕਾਇਦੇ-ਆਜ਼ਮ ਦੀ ਹਿਫ਼ਾਜ਼ਤ ਲਈ ਇਕ ਦਸਤਾ ਤਿਆਰ ਕਰ ਲਿਆ।

ਏਹ ਦਸਤਾ ਕਾਇਦੇ ਆਜ਼ਮ ਪਿੱਛੇ ਚੱਲਦਾ, ਜਿੱਥੇ ਰਿਕਸ਼ਾ ਰੁਕਦਾ ਏਹ ਵੀ ਰੁਕ ਜਾਂਦੇ। ਕਾਇਦੇ ਆਜ਼ਮ ਅੰਦਰ ਚਲੇ ਜਾਂਦੇ ਤੇ ਰਿਕਸ਼ੇ ਵਾਲੇ ਬੈਠ ਕੇ ਸਿਗਰਟ ਬੀੜੀ ਪੀਣ ਲੱਗਦੇ। ਏਹ ਵੀ ਲੁਕੋ ਕੇ ਸਿਗਰਟ ਲਗਾ ਲੈਂਦੇ। ਆਜ਼ਮ ਦਾ ਰਿਕਸ਼ਾ ਹੋਰ ਰਿਕਸ਼ਿਆਂ ਤੋਂ ਹੌਲੀ ਚਲਦਾ। ਕਹਿੰਦੇ ਨੈਸ਼ਨਲ ਗਾਰਡੀਆਂ ਰਿਕਸ਼ੇ ਵਾਲਿਆਂ ਨੂੰ ਰਿਸ਼ਵਤ ਦਿੱਤੀ ਹੋਈ ਸੀ, ਆਪ ਜੋ ਓਹਨਾਂ ਦੇ ਬਰਾਬਰ ਨਹੀਂ ਸਨ ਬੈਠ (ਚੱਲ) ਸਕਦੇ। ਆਪਣੀ ਹਰੀ ਵਰਦੀ ਢਕਣੇ ਵਾਲਿਆਂ ਜੇਬਾਂ, ਪੇਟੀਆਂ, ਟੋਪੀਆਂ ਨਾਲ ਏਹ ਸਭ ਇਕ ਜਿਹੇ ਲੱਗਦੇ ਪਰ ਏਹਨਾਂ ਵਿਚੋਂ ਮੈਂ ਨਜ਼ੀਰ ਪਹਾੜੀਏ ਨੂੰ ਪਛਾਣਦਾ ਸੀ। ਏਹ ਮੁਸਲਿਮ ਦਿਲਬਹਾਰ ਹੋਟਲ ਰੋਟੀ ਖਾਂਦਾ ਸੀ। ਜਿੱਥੇ ਅਸੀਂ ਕੁਝ ਕਲਰਕ ਬੈਠਦੇ ਸੀ। ਚਾਏ ਪੀਣ ਤੇ ਗੱਪਾ ਮਾਰਨ। ਨਜ਼ੀਰ ਪਹਾੜੀਆ ਮਾਲ ਰੋਡ ਦੀ ਕਿਸੇ ਦੁਕਾਨ ਦੀ ਸੇਲਜ਼ਮੈਨੀ ਤੋਂ ਬਗ਼ੈਰ ਤਨਵਾਹ ਛੁੱਟੀ ਲੈ ਕੇ ਨੈਸ਼ਨਲ ਗਾਰਡੀ ਕਰ ਰਹਿਆ ਸੀ। ਹੈ ਸੀ ਕਸ਼ਮੀਰੀ ਪਰ ਸ਼ਿਮਲੇ ਦੇ ਦੁਆਲੇ ਦੀਆਂ ਪਹਾੜੀਆਂ ਵਿਚ ਓਹਨੇ ਰਿਸ਼ਤੇਦਾਰ ਬਣਾਏ ਹੋਏ ਸਨ। ਜਦ ਕਦੀ ਹਫ਼ਤੇ ਦੋ ਹਫ਼ਤੇ ਲਈ ਪਹਾੜ ਗਿਆ ਹੋਂਦਾ ਤੇ ਮੁਸਲਿਮ ਦਿਲਬਹਾਰ ਦਾ ਮਿਹਰੂ ਕਹਿੰਦਾ, ਨਜ਼ੀਰ ਪਹਾੜੀਆ ਆਪਣੇ ਸਹੁਰੇ ਗਿਆ ਹੋਇਆ ਏ। ਪਹਿਲੀ ਸ਼ਿਮਲਾ ਕਾਨਫ਼ਰੰਸ ਮੁੱਕੀ ਤੇ ਕਾਇਦੇ-ਆਜ਼ਮ ਨੇ ਆਪਣੇ ਮੁਸਲਿਮ ਨੈਸ਼ਨਲ ਗਾਰਡ ਦਸਤੇ ਨਾਲ ਤਸਵੀਰ ਖਿਚਾਈ। ਨਜ਼ੀਰ ਪਹਾੜੀਆ ਏਹ ਤਸਵੀਰ ਫ਼ਰੇਮ ਕਰਾਈ ਹਰ ਵੇਲੇ ਆਪਣੇ ਕੋਲ ਰੱਖਦਾ ਤੇ ਹਰ ਰਾਹ ਜਾਂਦੇ ਨੂੰ ਰੋਕ ਕੇ ਵਖਾਂਦਾ।

ਪਾਕਿਸਤਾਨ ਬਣ ਗਿਆ। ਪਾਕਿਸਤਾਨ ਟਾਇਮਜ਼ ਦਾ ਦਫ਼ਤਰ ਸਿਵਲ ਤੋਂ ਟ੍ਰਿਬਿਊਨ ਦੀ ਬਿਲਡਿੰਗ ਵਿਚ ਆ ਗਿਆ। ਓਹੀ ਪੁਰਾਣੀ ਬਿਲਡਿੰਗ। ਇਕੋ ਗੋਲ ਪੌੜੀਆਂ ਉੱਪਰ ਜਾਣ ਲਈ ਵੀ ਓਹੀ ਤੇ ਹੇਠਾਂ ਉੱਤਰਨ ਲਈ ਵੀ। ਇਕ ਦਿਨ ਏਹਨਾਂ ਪੌੜੀਆਂ ਰਾਹੀਂ ਮੈਂ ਹੇਠ ਉੱਤਰ ਰਿਹਾ ਸੀ ਤੇ ਨਜ਼ੀਰ ਪਹਾੜੀਆ ਉੱਪਰ ਆਂਦਾ। ਅਸੀਂ ਇਕ ਦੂਜੇ ਨੂੰ ਪਛਾਣ ਲਿਆ। ਮੈਂ ਹੱਥ ਵਧਾਇਆ ਮਿਲਾਣ ਲਈ ਤੇ ਓਹਨੇ ਬੈਠ ਕੇ ਮੇਰੇ ਗੋਡੇ ਫੜ ਲਏ ਤੇ ਰੋਣ ਲੱਗ ਪਿਆ। ਆਪਣੇ ਸਹੁਰੇ ਛੱਡ ਆਇਆ ਸੀ ਸ਼ਿਮਲੇ ਦੇ ਪਹਾੜਾਂ ਵਿਚ। ਮੈਨੂੰ ਤਰਸ ਤੇ ਬੜਾ ਆਇਆ ਪਰ ਪੌੜੀਆਂ ਵਿਚ ਖੜ੍ਹਾ ਕਰਨਾ ਵੀ ਤੇ ਚੰਗੀ ਗੱਲ ਨਹੀਂ ਸੀ। ਏਸ ਤੰਗ ਗੋਲ ਪੌੜੀ ਵਿਚ ਮੇਰੇ ਪਿੱਛੇ ਹੇਠ ਉੱਤਰਨ ਵਾਲਿਆਂ ਦੀ ਭੀੜ ਲੱਗ ਗਈ ਤੇ ਚੜ੍ਹਨ ਵਾਲਿਆਂ ਦਾ ਰਾਹ ਬੰਦ ਪਰ ਪਹਾੜੀਏ ਨੇ ਰੋਕਿਆ ਹੋਇਆ। ਲੰਚ ਦਾ ਵੇਲਾ। ਲੋਕੀ ਗੱਲਾਂ ਕਰਨ। ਦਫ਼ਤਰ ਦੇ ਇਕ ਬੰਦੇ ਨੇ ਜਿਹਨੂੰ ਪਤਾ ਸੀ ਮੈਂ ਹਰ ਮਹੀਨੇ ਆਪਣੀ ਤਨਵਾਹ ਐਡਵਾਂਸ ਲੈ ਲੈਂਦਾ, ਏਹ ਕਾਢ ਕੱਢੀ ਕਿ ਏਹ ਕੋਈ ਪਠਾਣ ਏ ਜਿਹਨੇ ਬੜੀ ਸੂਹ ਕੱਢ ਕੇ ਅੱਜ ਮੈਨੂੰ ਫ਼ੜ ਲਿਆ ਏ ਹੁਣ ਸੂਦ ਲਿਆਂ ਬਿਨਾ ਨਹੀਂ ਛੱਡੇਗਾ।

ਅਸਲ ਗੱਲ ਏਹ ਸੀ, ਨਜ਼ੀਰ ਪਹਾੜੀਆ ਆਪਣੀ ਕਾਇਦੇ-ਆਜ਼ਮ ਵਾਲੀ ਤਸਵੀਰ ਪਿੱਛੇ ਪਾਕਿਸਤਾਨ ਟਾਇਮਜ਼ ਆਇਆ ਸੀ। ਹਰ ਕਾਇਦੇ-ਆਜ਼ਮ ਡੇਅ ਤੇ ਅਖ਼ਬਾਰਾਂ ਦੇ ਐਡੀਟਰ ਕਾਇਦੇ-ਆਜ਼ਮ ਦੀਆਂ ਅਨਛਪੀਆਂ ਤਸਵੀਰਾਂ ਪਿੱਛੇ ਪਾਗਲ ਹੋਈ ਫ਼ਿਰਦੇ ਸਨ। ਏਹ ਤਸਵੀਰ ਕਿਸੀ ਤਰ੍ਹਾਂ ਕਮਾਲ ਹੈਦਰ ਦੇ ਹੱਥ ਲੱਗ ਗਈ ਤੇ ਓਹਨੇ ਏਹ ਤਸਵੀਰ ਛਾਪ ਲਈ ਤੇ ਨਜ਼ੀਰ ਪਹਾੜੀਆ ਲੋਕਾਂ ਨੂੰ ਏਹ ਅਖ਼ਬਾਰ ਵਿਖਾਂਦਾ ਫ਼ਿਰੇ। ਪਰ ਹੁਣ ਅਸਲੀ ਤਸਵੀਰ ਨਾ ਲੱਭੇ। ਨਜ਼ੀਰ ਪਹਾੜੀਆ ਪਾਕਿਸਤਾਨ ਟਾਇਮਜ਼ ਦੀਆਂ ਪੌੜੀਆਂ ਘਸਾਂ ਦਿੱਤੀਆਂ ਪਰ ਤਸਵੀਰ ਕਿੱਥੇ:

"ਬਾਬਾ, ਇਧਰ ਕਿਧਰ ਹੋਏਗਾ।"

"ਪਤਾ ਨਹੀਂ ਬਾਬਾ"

"ਗਨੀ, ਇਧਰ ਤਸਵੀਰ ਦੇਖਾ ਤੁਮਨੇ?"

ਲਾਹੌਰ ਦੀ ਜਿਸ ਦੁਕਾਨ ਤੇ ਨਜ਼ੀਰ ਪਹਾੜੀਆ ਸੇਲਜ਼ਮੈਨੀ ਕਰਦਾ ਓਹ ਵੱਖ ਓਹਦੀ ਛੁੱਟੀ ਕਰਾਣ ਨੂੰ ਫਿਰੇ।

"ਅੱਧਾ ਘੰਟਾ ਦੁਪਹਿਰ ਦੀ ਰੋਟੀ ਖਾਣ ਜਾਂਦਾ ਏ। ਦੋ ਦੋ ਘੰਟੇ ਨਹੀਂ ਮੁੜਦਾ।"

ਨਜ਼ੀਰ ਪਹਾੜੀਏ ਮੈਨੂੰ ਵੇਖਿਆ ਤੇ ਸਮਝਿਆ ਓਹਦੀ ਤਸਵੀਰ ਮਿਲ ਗਈ ਪਰ ਕਮਾਲ ਹੈਦਰ ਦੇ ਕਮਰੇ 'ਚੋਂ ਕੋਈ ਸ਼ੈਅ ਕਿਸੇ ਨੇ ਬਾਹਰ ਨਿਕਲਦੀ ਨਹੀਂ ਦੇਖੀ। ਨਜ਼ੀਰ ਪਹਾੜੀਏ ਆਪਣੇ ਸਭ ਦੋਸਤਾਂ ਤੋਂ ਵਾਅਦਾ ਲਿੱਤਾ ਹੋਇਆ ਸੀ ਕਿ "ਮੇਰੇ ਮਰਨ 'ਤੇ ਏਹ ਤਸਵੀਰ ਮੇਰੇ ਨਾਲ ਦਫ਼ਨ ਕੀਤੀ ਜਾਵੇ।" ਕੁਝ ਚਿਰ ਹੋਇਆ ਸੁੱਤਿਆਂ ਨਜ਼ੀਰ ਪਹਾੜੀਆ ਮਰ ਗਿਆ ਪਰ ਮੇਰਾ ਨਹੀਂ ਖ਼ਿਆਲ ਓਹ ਤਸਵੀਰ ਓਹਦੇ ਨਾਲ ਦਫ਼ਨ ਹੋਈ ਹੋਵੇ।

ਸਾਲਾਰ ਪੰਜਾਬ ਮੁਸਲਿਮ ਨੈਸ਼ਨਲ ਗਾਰਡਜ਼ ਦੇ ਕਮਰੇ ਤੋਂ ਦੋ ਬੂਹੇ ਛੱਡ ਕੇ ਪ੍ਰੋਗਰੈਸਿਵ ਪੇਪਰਜ਼ ਲਿਮੀਟਡ ਦਾ ਬੋਰਡ ਲੱਗਿਆ ਸੀ।

***ਪਾਕਿਸਤਾਨ ਬਣ ਗਿਆ। ਪਾਕਿਸਤਾਨ ਟਾਇਮਜ਼ ਦਾ ਦਫ਼ਤਰ ਸਿਵਲ ਤੋਂ ਟ੍ਰਿਬਿਊਨ ਦੀ ਬਿਲਡਿੰਗ ਵਿਚ ਆ ਗਿਆ। ਓਹੀ ਪੁਰਾਣੀ ਬਿਲਡਿੰਗ। ਇਕੋ ਗੋਲ ਪੌੜੀਆਂ ਉੱਪਰ ਜਾਣ ਲਈ ਵੀ ਓਹੀ ਤੇ ਹੇਠਾਂ ਉੱਤਰਨ ਲਈ ਵੀ। ਇਕ ਦਿਨ ਏਹਨਾਂ ਪੌੜੀਆਂ ਰਾਹੀਂ ਮੈਂ ਹੇਠ ਉੱਤਰ ਰਿਹਾ ਸੀ ਤੇ ਨਜ਼ੀਰ ਪਹਾੜੀਆ ਉੱਪਰ ਆਂਦਾ। ਅਸੀਂ ਇਕ ਦੂਜੇ ਨੂੰ ਪਛਾਣ ਲਿਆ। ਮੈਂ ਹੱਥ ਵਧਾਇਆ ਮਿਲਾਣ ਲਈ ਤੇ ਓਹਨੇ ਬੈਠ ਕੇ ਮੇਰੇ ਗੋਡੇ ਫੜ ਲਏ ਤੇ ਰੋਣ ਲੱਗ ਪਿਆ। ਆਪਣੇ ਸਹੁਰੇ ਛੱਡ ਆਇਆ ਸੀ ਸ਼ਿਮਲੇ ਦੇ ਪਹਾੜਾਂ ਵਿਚ। ਮੈਨੂੰ ਤਰਸ ਤੇ ਬੜਾ ਆਇਆ ਪਰ ਪੌੜੀਆਂ ਵਿਚ ਖੜ੍ਹਾ ਕਰਨਾ ਵੀ ਤੇ ਚੰਗੀ ਗੱਲ ਨਹੀਂ ਸੀ। ਏਸ ਤੰਗ ਗੋਲ ਪੌੜੀ ਵਿਚ ਮੇਰੇ ਪਿੱਛੇ ਹੇਠ ਉੱਤਰਨ ਵਾਲਿਆਂ ਦੀ ਭੀੜ ਲੱਗ ਗਈ ਤੇ ਚੜ੍ਹਨ ਵਾਲਿਆਂ ਦਾ ਰਾਹ ਬੰਦ ਪਰ ਪਹਾੜੀਏ ਨੇ ਰੋਕਿਆ ਹੋਇਆ। ਲੰਚ ਦਾ ਵੇਲਾ। ਲੋਕੀ ਗੱਲਾਂ ਕਰਨ।***

# ਕਾਰੋਬਾਰੀ ਘਰਾਣਿਆਂ ਦਾ ਸਿਆਸਤ ’ਤੇ ਕਬਜ਼ਾ

**ਔਨਿੰਦਓ ਚੱਕਰਵਰਤੀ**

ਫ਼ਰਜ਼ ਕਰੋ ਕਿ ਤੁਸੀਂ ਵਾਕਈ ਬਹੁਤ ਅਮੀਰ ਹੋ ਅਤੇ ਆਪਣੀ ਮਨਭਾਉਂਦੀ ਕੋਈ ਵੀ ਚੀਜ਼ ਖਰੀਦਣ ਦੀ ਹੈਸੀਅਤ ਰੱਖਦੇ ਹੋ। ਫਿਰ ਕੀ ਤੁਸੀਂ ‘ਪਾਵਰ’ ਖਰੀਦਣੀ ਨਹੀਂ ਚਾਹੋਗੇ? ‘ਪਾਵਰ’ ਤੋਂ ਮੇਰਾ ਭਾਵ ਬਿਜਲੀ ਬਿਲਕੁੱਲ ਨਹੀਂ ਹੈ, ਮੈਂ ਇੱਥੇ ਨਿਰੋਲ ਰਾਜਨੀਤਕ ਸ਼ਕਤੀ ਜਾਂ ਸੱਤਾ ਦੀ ਗੱਲ ਕਰ ਰਿਹਾ ਹਾਂ ਜੋ ਸਟੇਟ ਜਾਂ ਰਿਆਸਤ ਦੇ ਵੱਖ ਵੱਖ ਅੰਗਾਂ ਅਤੇ ਸਿਆਸੀ ਪ੍ਰਣਾਲੀ ਤੋਂ ਉਪਜਦੀ ਹੈ। ਰਾਜਕੀ ਸ਼ਕਤੀ ਖਰੀਦਣ ਦੇ ਕੰਮ ਨੂੰ ਸਾਡੇ ਵਲੋਂ ‘ਭ੍ਰਿਸ਼ਟਾਚਾਰ’ ਦਾ ਨਾਂ ਦੇ ਦਿੱਤਾ ਗਿਆ ਹੈ।

1980ਵਿਆਂ ਦੇ ਮੱਧ ਤੱਕ ਇਹ ਮੰਨਿਆ ਜਾਂਦਾ ਸੀ ਕਿ ਭਾਰਤ ਵਿਚ ਸ਼ਕਤੀ ‘ਬਾਬੂ’ (ਅਫਸਰ) ਦੇ ਪੈੱਨ ਦੀ ਨੋਕ ’ਚੋਂ ਨਿਕਲਦੀ ਹੈ। ਸੱਤਾ ਦੇ ਗਲਿਆਰੇ ਅੰਦਰ ਸਿਆਸੀ ਨੌਕਰਸ਼ਾਹੀ ਜਮਾਤ ਅਤੇ ਇਸ ਦੇ ਆਲੇ-ਦੁਆਲੇ ਬੌਧਿਕ ਤਬਕੇ ਦੀ ਅਜਾਰੇਦਾਰੀ ਹੁੰਦੀ ਸੀ ਜਿਸ ਵਿਚ ਸਨਅਤੀ, ਵਪਾਰਕ ਤੇ ਜ਼ਿਮੀਂਦਾਰ ਜਮਾਤਾਂ ਵੀ ਸ਼ਾਮਲ ਹੁੰਦੀਆਂ ਸਨ। ਸੱਤਾਧਾਰੀ ਕੁਲੀਨ ਵਰਗ ਦਾ ਹਿੱਤ ਇਸੇ ਗੱਲ ਵਿਚ ਹੁੰਦਾ ਸੀ ਕਿ ਆਰਥਿਕ ਕੁਲੀਨ ਵਰਗ ਨੂੰ ਲਾਇਸੈਂਸਾਂ, ਕੋਟਿਆਂ ਅਤੇ ਕੀਮਤਾਂ ਤੇ ਵਪਾਰ ਕੰਟਰੋਲ ਦੀ ਪ੍ਰਣਾਲੀ ਰਾਹੀਂ ਨਕੇਲ ਪਾ ਕੇ ਰੱਖੀ ਜਾਵੇ। ਉਨ੍ਹਾਂ ਸਮਿਆਂ ਵਿਚ ਵੱਡੇ ਤੋਂ ਵੱਡਾ ਭ੍ਰਿਸ਼ਟਾਚਾਰ ਦਾ ਘਪਲਾ ਅੱਜ ਕੱਲ੍ਹ ਦੇ ਸਕੈਂਡਲਾਂ ਦੇ ਮੁਕਾਬਲੇ ਮਾਮੂਲੀ ਨਜ਼ਰ ਆਉਂਦਾ ਹੈ। ਮਿਸਾਲ ਦੇ ਤੌਰ ’ਤੇ ਬੋਫੋਰਸ ਤੋਪਾਂ ਦੇ ਘਪਲੇ ਵਿਚ 64 ਕਰੋੜ ਰੁਪਏ ਕਮਿਸ਼ਨ ਦੇਣ ਦਾ ਦੋਸ਼ ਲੱਗਿਆ ਸੀ ਤੇ ਅੱਜ ਕੱਲ੍ਹ ਹਜ਼ਾਰਾਂ ਕਰੋੜਾਂ ਰੁਪਏ ਦੇ ਦੋਸ਼ ਲੱਗ ਰਹੇ ਹਨ।

1980ਵਿਆਂ ਦੇ ਮੱਧ ਤੋਂ ਭਾਰਤ ਦਾ ਨੀਤੀ ਪ੍ਰਬੰਧ ਬਦਲ ਕੇ ਪ੍ਰਾਈਵੇਟ ਉਦਮਾਂ ਨੂੰ ਹੱਲਾਸ਼ੇਰੀ ਦੇਣ ਦਾ ਹੋ ਗਿਆ। ਯੋਜਨਾਬੰਦੀ ਦੀ ਥਾਂ ਮੁਨਾਫੇ ਦੇ ਮਨੋਰਥ ਅੱਗੇ ਆ ਗਿਆ। ਇਸ ਨਾਲ ਨੇਤਾ-ਬਾਬੂ ਜਮਾਤ ਦੀ ਤਾਕਤ ਆਪਣੇ ਆਪ ਹੀ ਘਟਣ ਲੱਗ ਪਈ। ਵਿਡੰਬਨਾ ਇਹ ਹੋਈ ਕਿ ਇਸ ਨਾਲ ਭ੍ਰਿਸ਼ਟਾਚਾਰ ਘਟਣ ਦੀ ਬਜਾਇ ਵਧਦਾ ਚਲਿਆ ਗਿਆ। ‘ਨਹਿਰੂਵਾਦੀ ਸਮਾਜਵਾਦ’ ਦੇ ਅਰਸੇ ਦੌਰਾਨ ਰਿਆਸਤ ਕੋਲ ਕੁਝ ਲਾਇਸੈਂਸਾਂ ਅਤੇ ਕਾਨੂੰਨੀ ਕਾਰਵਾਈਆਂ ਤੋਂ ਬਚਾਅ ਦੀਆਂ ਕੁਝ ਛੋਟਾਂ ਤੋਂ ਇਲਾਵਾ ਪ੍ਰਾਈਵੇਟ ਖਿਲਾੜੀਆਂ ਨੂੰ ਦੇਣ ਲਈ ਹੀ ਬਹੁਤਾ ਕੁਝ ਨਹੀਂ ਸੀ। ਆਮ ਲੋਕਾਂ ਦੇ ਪੱਧਰ ’ਤੇ ਹੁੰਦੇ ਭ੍ਰਿਸ਼ਟਾਚਾਰ ਤਹਿਤ ਬਿਨਾ ਵਾਰੀ ਤੋਂ ਕੋਈ ਟੈਲੀਫੋਨ ਕੁਨੈਕਸ਼ਨ ਜਾਂ ਵਾਧੂ ਗੈਸ ਸਿਲੰਡਰ ਲੈਣ ਲਈ ਸੌ-ਪੰਜਾਹ ਰੁਪਏ ਦੀ ਵੱਢੀ ਦੇ ਕੇ ਮਤਲਬ ਪੂਰਾ ਕਰ ਲਿਆ ਜਾਂਦਾ ਸੀ।

ਉਦਾਰੀਕਰਨ ਅਤੇ ਨਿੱਜੀਕਰਨ ਨਾਲ ਸਾਰੇ ਦੇ ਸਾਰੇ ਜਨਤਕ ਵਸੀਲੇ ਪ੍ਰਾਈਵੇਟ ਖਿਡਾਰੀਆਂ ਲਈ ਖੁੱਲ੍ਹ ਗਏ। ਖਣਿਜ ਭੰਡਾਰ, ਖਾਣਾਂ, ਜ਼ਮੀਨ, ਹਵਾਈ ਅੱਡੇ, ਸੜਕਾਂ, ਪੁਲ, ਦੂਰਸੰਚਾਰ ਲਾਈਨਾਂ, ਸਪੈਕਟ੍ਰਮ ਅਤੇ ਜਨਤਕ ਮਾਲਕੀ ਵਾਲੇ ਸਾਰੇ ਅਸਾਸੇ ਹੁਣ ਪ੍ਰਾਈਵੇਟ ਸੈਕਟਰ ਦੀ ਮਾਲਕੀ ਹੇਠ ਆ ਗਏ। ਇਸ ਨਾਲ ਬੇਪਨਾਹ ਦੌਲਤ ਦਾ ਤਬਾਦਲਾ ਹੋਣ ਨਾਲ ਹਰ ਵਿਅਕਤੀਗਤ ਭ੍ਰਿਸ਼ਟ ਲੈਣ ਦੇਣ ਦਾ ਆਕਾਰ ਵੀ ਫੁੱਲ ਕੇ ਕੁੱਪਾ ਹੋ ਗਿਆ। ਇਸ ਨਾਲ ਸੱਤਾ ਦੇ ਦਲਾਲਾਂ ਦੀ ਨਵੀਂ ਜਮਾਤ ਪੈਦਾ ਹੋ ਗਈ ਜੋ ਧਨਾਢਾਂ ਦੇ ਸੱਤਾਧਾਰੀਆਂ ਨਾਲ ਸੌਦੇ ਕਰਵਾਉਂਦੇ ਸਨ।

ਇਸ ਦਾ ਪ੍ਰਤੱਖ ਸਿੱਟਾ ਇਹ ਨਿਕਲਿਆ ਕਿ 1980ਵਿਆਂ ਦੇ ਅਖੀਰ ਤੋਂ ਰੀਅਲ ਅਸਟੇਟ ਦੀਆਂ ਕੀਮਤਾਂ ਵਿਚ ਯਕਦਮ ਤੇਜ਼ੀ ਆਉਣੀ ਸ਼ੁਰੂ ਹੋ ਗਈ। ਇਹ ਕਾਲੀ ਕਮਾਈ ਜੋ ਆਮ ਤੌਰ ’ਤੇ ਨਕਦੀ ਵਿਚ ਹੁੰਦੀ ਸੀ, ਰੀਅਲ ਅਸਟੇਟ ਵਿਚ ਦਾਖ਼ਲ ਹੋ ਗਈ ਅਤੇ ਇਸ ਖੇਤਰ ਵਿਚ ਆ ਰਹੇ ਉਛਾਲ ਦੀ ਮੁੱਖ ਚਾਲਕ ਸ਼ਕਤੀ ਇਹੀ ਸੀ। ਜਦੋਂ ਕੀਮਤਾਂ ਕਾਫ਼ੀ ਵਧ ਗਈਆਂ ਤਾਂ ਹਰ ਕੋਈ ਘਰ ਜਾਂ ਪਲਾਟ ਵਿਚ ਨਿਵੇਸ਼ ਕਰਨ ਲਈ ਉਸਲਵੱਟੇ ਲੈਣ ਲੱਗ ਪਿਆ ਜਿਸ ਕਰ ਕੇ ਇਸ ਖੇਤਰ ਵਿਚ ਕਾਲੇ ਧਨ ਦਾ ਦਖ਼ਲ ਹੋਰ ਵਧ ਗਿਆ ਤੇ ਇੰਝ ਕੀਮਤਾਂ ਹੋਰ ਜ਼ਿਆਦਾ ਚੜ੍ਹ ਗਈਆਂ। ਬਾਅਦ ਵਿਚ ਵਿੱਤੀ ਖੇਤਰ ਨੇ ਵੱਖ ਵੱਖ ਗ਼ੈਰ-ਕਾਨੂੰਨੀ ਤੌਰ-ਤਰੀਕਿਆਂ ਰਾਹੀਂ ਕਾਲੇ ਧਨ ਦੀ ‘ਸਫ਼ਾਈ’ ਕਰ ਕੇ ਕੁਝ ਇਸੇ ਤਰ੍ਹਾਂ ਦੀ ਭੂਮਿਕਾ ਨਿਭਾਈ ਤੇ ਇਹ ਪੈਸਾ ਸ਼ੇਅਰ ਬਾਜ਼ਾਰ ਵਿਚ ਪਹੁੰਚਣਾ ਸ਼ੁਰੂ ਹੋਇਆ।

ਇਹ ਸਿਲਸਿਲਾ ਕਈ ਸਾਲ ਪਹਿਲਾਂ ਸ਼ੁਰੂ ਹੋਇਆ ਸੀ ਅਤੇ ਫਿਰ 2000 ਦੇ ਮੱਧ ਵਿਚ ਜਾ ਕੇ ਸਿਖਰ ’ਤੇ ਪਹੁੰਚ ਗਿਆ। ਜਨਤਕ ਬੱਚਤਾਂ ਅਤੇ ਕਰਜ਼ ਦਾ ਸਰਮਾਇਆ ਵੱਡੇ ਬੁਨਿਆਦੀ ਢਾਂਚਾ ਪ੍ਰੋਜੈਕਟਾਂ ’ਚ ਨਿਵੇਸ਼ ਦੇ ਰੂਪ ਵਿਚ ਭਾਰਤੀ ਕਾਰਪੋਰੇਟ ਦੇ ਕੁਝ ਹਿੱਸਿਆਂ ਦੀਆਂ ਜੇਬਾਂ ਤੱਕ ਪਹੁੰਚ ਗਿਆ। ਉਸ ਰਿਕਾਰਡ ਨਿਵੇਸ਼ ਚੱਕਰ ਦਾ ਇਹੀ ਆਧਾਰ ਸੀ ਜਿਸ ਨੂੰ ਹੁਣ ਅਸੀਂ ਹੋਰ ਕੁਝ ਨਹੀਂ ਸਗੋਂ ਕਰਜ਼ ਨਾਲ ਫੁਲਾਏ ਗੁਬਾਰੇ ਵਜੋਂ ਜਾਣਦੇ ਹਾਂ ਅਤੇ ਆਖ਼ਰਕਾਰ ਇਹੀ ਸਾਰੇ ਮਾੜੇ ਕਰਜ਼ਿਆਂ ਦੀ ਮਾਂ ਸਾਬਿਤ ਹੋਈ।

ਇਹ ਗੱਲ ‘ਨਹਿਰੂਵਾਦੀ ਕੁਲੀਨ ਵਰਗ’ ਦੇ ਹਿੱਤ ਸੀ ਕਿ ਉਤਪਾਦਕ ਅਸਾਸਿਆਂ ਨੂੰ ਵਪਾਰੀ ਸਨਅਤੀ ਜਮਾਤ ਦੇ ਹੱਥਾਂ ਵਿਚ ਇਕੱਤਰ ਨਾ ਹੋਣ ਦਿੱਤਾ ਜਾਵੇ। ਉਦਾਰੀਕਰਨ ਨੇ ਇਸ ਨੂੰ ਖੁੱਲ੍ਹ ਦੇ ਕੇ ਪੁੱਠਾ ਗੇੜ ਦੇ ਦਿੱਤਾ, ਦਰਅਸਲ ਇਸ ਦੀ ਪੁਸ਼ਤਪਨਾਹੀ ਵੀ ਕੀਤੀ ਜਿਸ ਨਾਲ ਆਰਥਿਕ ਨਾ-ਬਰਾਬਰੀ ਵਧਣ ਲੱਗ ਪਈ। ਹੁਣ ਅਸੀਂ ਉਸ ਪੜਾਅ ’ਤੇ ਪਹੁੰਚ ਗਏ ਹਾਂ ਕਿ ਰਾਜਕੀ ਸੱਤਾ ਵਿਚ ਭਾਵੇਂ ਕੋਈ ਵੀ ਸ਼ਖ਼ਸ ਬੈਠਾ ਹੋਵੇ, ਉਹ ਭਾਰਤੀ ਕਾਰਪੋਰੇਟ ਦੀ ਵਿਚਾਰਧਾਰਾ ਦਾ ਹੀ ਜਾਪ ਕਰਦਾ ਹੈ। ਹਾਲਾਤ ਇਹ ਹੋ ਗਏ ਹਨ ਕਿ ਸੱਤਾ ਦੀ ਸਿਖਰ ’ਤੇ ਬੈਠੇ ਸਿਆਸਤਦਾਨ ਕੋਈ ਨਿੱਜੀ ਕਾਰੋਬਾਰੀ ਘਰਾਣਾ ਬਣਾ ਵੀ ਸਕਦੇ ਹਨ ਤੇ ਵਿਗਾੜ ਵੀ ਸਕਦੇ ਹਨ, ਉਹ ਸੱਤਾ ਵਿਚ ਰਹਿਣ ਲਈ ਉਹ ਸਮੁੱਚੇ ਵਪਾਰੀ ਸਨਅਤੀ ਕੁਲੀਨ ਵਰਗ ਦੇ ਖ਼ੈਰਖਾਹ ਬਣ ਗਏ ਹਨ। ਪਿਛਲੇ ਘੱਟੋ ਘੱਟ 20 ਸਾਲਾਂ ਤੋਂ ਇਹੀ ਕੁਝ ਚੱਲ ਰਿਹਾ ਹੈ।

ਅੱਜ ਕੱਲ੍ਹ ਸਨਅਤ ਦੀ ਵਾਗਡੋਰ ਵਪਾਰੀ-ਸਨਅਤੀ-ਮੀਡੀਆ ਕੰਪਲੈਕਸ ਦੇ ਹੱਥਾਂ ਵਿਚ ਹੈ ਜਿਸ ਦੀਆਂ ਤੰਦਾਂ ਅਗਾਂਹ ਕੌਮਾਂਤਰੀ ਵਿੱਤੀ ਸਰਮਾਏ ਨਾਲ ਜੁੜੀਆਂ ਹੁੰਦੀਆਂ ਹਨ। ਸਮਾਜ ਦਾ ਤੇਜ਼ੀ ਨਾਲ ਮੀਡੀਆਕਰਨ ਹੋਣ ਨਾਲ ਕਾਰਪੋਰੇਟ ਸੰਚਾਲਿਤ ਮੀਡੀਆ- ਮੁੱਖਧਾਰਾ ਤੇ ਇੰਟਰਨੈੱਟ ਦੋਵੇਂ ਤਰ੍ਹਾਂ ਦਾ, ਸਹਿਮਤੀ ਘੜਨ ਵਿਚ ਸ਼ਾਸਿਤ ਵਰਗ ਦੀ ਸਿਆਸਤ ਨੂੰ ਅੱਗੇ ਲਿਜਾਣ ਵਿਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਵਿੱਤੀ ਅਤੇ ਸਿਆਸੀ ਸ਼ਕਤੀ ਦਾ ਕੇਂਦਰੀਕਰਨ ਦਾ ਇਸ ਵਕਤ ਇਹ ਹਾਲ ਹੋ ਗਿਆ ਹੈ ਕਿ ਸਮੁੱਚਾ ਰਾਜ ਪ੍ਰਣਾਲੀ ਹੁਣ ਕੁਝ ਕੁ ਅਜਾਰੇਦਾਰ ਕਾਰੋਬਾਰੀ ਘਰਾਣਿਆਂ ਦੀ ਮੁੱਠੀ ਵਿਚ ਆ ਚੁੱਕੀ ਹੈ। ਅਜਾਰੇਦਾਰ ਸਰਮਾਏ, ਵਿੱਤ, ਅਜਾਰੇਦਾਰ ਪੱਖੀ ਸਿਆਸਤਦਾਨਾਂ ਅਤੇ ਨੌਕਰਸ਼ਾਹਾਂ, ਕਾਰਪੋਰੇਟ ਸੰਚਾਲਿਤ ਮੀਡੀਆ, ਕਾਰਪੋਰੇਟ ਪੱਖੀ ਮਾਹਿਰਾਂ ਦੀ ਇਸ ਅਜਾਰੇਦਾਰ ਜਮਾਤ ਦਾ ਹਿੱਤ ਇਸੇ ਗੱਲ ਵਿਚ ਹੁੰਦਾ ਹੈ ਕਿ ਸਟੇਟ/ਰਿਆਸਤ ਦੇ ਹੋਰਨਾਂ ਅੰਗਾਂ ਦੀ ਆਜ਼ਾਦੀ ਨੂੰ ਨੱਪ ਕੇ ਰੱਖਿਆ ਜਾਵੇ ਅਤੇ ਉਨ੍ਹਾਂ ਸਾਰੇ ਅੰਗਾਂ ਨੂੰ ਹਿੱਕ ਕੇ ਪੂੰਜੀ ਦੇ ਅਜਾਰੇਦਾਰੀ ਤਹਿਤ ਲਿਆਂਦਾ ਜਾਵੇ।

ਕੀ ਰਿਆਸਤ ਅਤੇ ਨਾਗਰਿਕ ਸਮਾਜ (ਸਿਵਲ ਸੁਸਾਇਟੀ) ਦੇ ਸਾਰੇ ਅੰਗਾਂ ’ਤੇ ਸੱਤਾ ਦੀ ਮੁਕੰਮਲ ਜਕੜ ਨੂੰ ਵੰਗਾਰਿਆ ਜਾ ਸਕਦਾ ਹੈ? ਇਕ ਸੂਰਤ ਵਿਚ ਤਾਂ ਇਹ ਉਦੋਂ ਵਾਪਰਦਾ ਹੈ ਜਦੋਂ ਕਿਸੇ ਬਾਹਰੀ ਸੰਕਟ ਦੇ ਮੱਦੇਨਜ਼ਰ ਸੱਤਾਧਾਰੀ ਪਾਰਟੀ ਅੰਦਰ ਏਕਤਾ ਟੁੱਟ ਜਾਂਦੀ ਹੈ। ਮਿਸਾਲ ਦੇ ਤੌਰ ’ਤੇ ਜੇ ਸੱਤਾਧਾਰੀ ਕੁਲੀਨ ਵਰਗ ਦੇ ਮੈਂਬਰਾਂ ਦਾ ਵੱਡਾ ਸਮੂਹ ਇਹ ਸੋਚਣ ਲੱਗ ਪਵੇ ਕਿ ਚਲੰਤ ਸ਼ਾਸਨ ਤਹਿਤ ਉਨ੍ਹਾਂ ਦੇ ਹਿੱਤਾਂ ਦੀ ਪੂਰਤੀ ਨਹੀਂ ਹੋ ਰਹੀ ਤਾਂ ਉਹ ਕੋਈ ਬਦਲਵਾਂ ਗੱਠਜੋੜ ਲੱਭ ਲੈਂਦੇ ਹਨ। ਯੂਪੀਏ ਦੀ ਸੱਤਾ ਮੁੱਖ ਤੌਰ ’ਤੇ ਇਸ ਕਰ ਕੇ ਗਈ ਸੀ ਕਿਉਂਕਿ ਇਹ ਸੱਤਾਧਾਰੀ ਕੁਲੀਨ ਵਰਗ ਨੂੰ ਨਿਰੰਤਰ ਲਾਭ ਮੁਹੱਈਆ ਨਹੀਂ ਕਰਵਾ ਰਹੀ ਸੀ। ਭਾਰਤੀ ਕਾਰਪੋਰੇਟ ਦੇ ਮੁਨਾਫ਼ੇ ਘਟਣ ਲੱਗ ਪਏ ਸਨ ਅਤੇ ਯੂਪੀਏ ਕਾਨੂੰਨੀ ਗਾਰੰਟੀ ਵਾਲੇ ਅਧਿਕਾਰਾਂ ਦੇ ਆਧਾਰ ’ਤੇ ਆਮਦਨ ਅਤੇ ਸਿਆਸੀ ਸ਼ਕਤੀ ਦੀ ਮੁੜ ਵੰਡ ਕਰਨ ਦੀ ਪ੍ਰਣਾਲੀ ਦੀਆਂ ਯੋਜਨਾਵਾਂ ਜ਼ਰੀਏ ਖੱਬੇ ਪੱਖੀ ਝੁਕਾਅ ਲੈਣ ਲੱਗ ਪਿਆ ਸੀ।

ਕਾਂਗਰਸ ਦੇ ਅੰਦਰ ਵੀ ਵੱਡੇ ਕਾਰੋਬਾਰੀ ਘਰਾਣਿਆਂ ਵਿਰੋਧੀ ਪਾਰਟੀ ਦੀ ਲਾਈਨ ਨੂੰ ਲੈ ਕੇ ਵਿਰੋਧ ਹੋ ਰਿਹਾ ਸੀ ਅਤੇ ਕਈ ਸੀਨੀਅਰ ਆਗੂਆਂ ਦਾ ਖ਼ਿਆਲ ਸੀ ਕਿ ਇਹ ਲਾਈਨ ਪਾਰਟੀ ਲਈ ਆਤਮ-ਘਾਤੀ ਹੋ ਸਕਦੀ ਹੈ।

ਮੌਜੂਦਾ ਸਰਕਾਰ ਨੇ ਅਜਿਹੀ ਕੋਈ ਖਤਾ ਨਹੀਂ ਕੀਤੀ। ਇਸ ਨੇ ਯਕੀਨੀ ਬਣਾਇਆ ਕਿ ਸੱਤਾਧਾਰੀ ਕੁਲੀਨ ਵਰਗ ਨੂੰ ਸ਼ਿਕਾਇਤ ਕਰਨ ਦਾ ਕੋਈ ਮੌਕਾ ਨਾ ਦਿੱਤਾ ਜਾਵੇ। ਕਾਰਪੋਰੇਟਾਂ ਦੀਆਂ ਮੁਨਾਫ਼ਾ ਦਰਾਂ ਵਿਚ ਭਾਰੀ ਇਜ਼ਾਫ਼ਾ ਹੋਇਆ, ਭਾਵੇਂ ਸਮੁੱਚੇ ਰੂਪ ਵਿਚ ਅਰਥਚਾਰਾ ਡਿੱਗਦਾ ਢਹਿੰਦਾ ਹੀ ਚਲ ਰਿਹਾ ਹੈ। ਨਾਂਮਾਤਰ ਰੂਪ ਵਿਚ 2017-18 ਤੋਂ 2022-23 ਤੱਕ ਭਾਰਤ ਦੀ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਵਿਚ ਸਾਲਾਨਾ 9.8 ਫ਼ੀਸਦ ਦੀ ਦਰ ਨਾਲ ਇਜ਼ਾਫ਼ਾ ਹੋਇਆ ਹੈ ਜਦਕਿ ਕੌਮੀ ਸੰਵੇਦੀ ਸੂਚਕ ਅੰਕ ਵਿਚ ਸੂਚੀਦਰਜ 500 ਵੱਡੀਆਂ ਕੰਪਨੀਆਂ ਦੇ ਮੁਨਾਫ਼ਿਆਂ ਵਿਚ 17.6 ਫ਼ੀਸਦ ਦੀ ਦਰ ਨਾਲ ਵਾਧਾ ਹੋਇਆ ਹੈ। 2020-23 ਦੇ ਅਰਸੇ ਦੌਰਾਨ ਇਹ ਅੰਤਰ ਹੋਰ ਵੀ ਜ਼ਿਆਦਾ ਰਿਹਾ ਜਦੋਂ ਸਾਡੀ ਜੀਡੀਪੀ ਵਿਚ ਸਾਲਾਨਾ 10.7 ਫ਼ੀਸਦ ਦੀ ਦਰ ਨਾਲ ਵਾਧਾ ਹੋਇਆ ਜਦਕਿ ਕਾਰਪੋਰੇਟ ਕੰਪਨੀਆਂ ਦੇ ਮੁਨਾਫਿਆਂ ਵਿਚ ਸਾਲਾਨਾ 34.3 ਫ਼ੀਸਦ ਦੀ ਦਰ ਨਾਲ ਵਾਧਾ ਦਰਜ ਹੋਇਆ ਹੈ।

ਇਸ ਦੇ ਨਾਲ ਹੀ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਸਭ ਤੋਂ ਵੱਧ ਗ਼ਰੀਬ ਲੋਕਾਂ ਨੂੰ ਮੁਫ਼ਤ ਅਨਾਜ ਦੇ ਰੂਪ ਵਿਚ ਗੁਜ਼ਾਰੇ ਲਾਇਕ ਇਮਦਾਦ ਮੁਹੱਈਆ ਕਰਵਾਈ ਜਾਵੇ। ਇਸ ਨਾਲ ਚੋਟੀ ’ਤੇ ਬੈਠਾ ਇਕ ਫ਼ੀਸਦ ਧਨਾਢ ਵਰਗ ਖੁਸ਼ ਹੈ ਅਤੇ ਸਭ ਤੋਂ ਹੇਠਲੇ 30 ਫ਼ੀਸਦ ਲੋਕਾਂ ਦੀ ਵੀ ਕੁਝ ਹੱਦ ਤੱਕ ਸੰਤੁਸ਼ਟੀ ਹੋ ਜਾਂਦੀ ਹੈ। ਮੀਡੀਆ ਦੀ ਮਾਲਕੀ ਕੁਝ ਕੁ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿਚ ਕੇਂਦਰਤ ਹੋਣ ਨਾਲ ਸੰਦੇਸ਼ ਨੂੰ ਸੂਤਰਬੱਧ ਕਰਨ ਵਿਚ ਮਦਦ ਮਿਲਦੀ ਹੈ। ਜੇ ਕਿਤੇ ਕੋਈ ਤ੍ਰੇੜ ਪੈਂਦੀ ਨਜ਼ਰ ਆ ਰਹੀ ਹੈ ਤਾਂ ਉਹ ਮੱਧ ਵਰਗ ਵਿਚ ਹੈ, ਭਾਵ ਵ੍ਹਾਈਟ ਕਾਲਰ ਵਰਕਰਾਂ ਅੰਦਰ ਜੋ ਇਨ੍ਹਾਂ ਪੁੜਾਂ ਦਰਮਿਆਨ ਨਪੀੜੇ ਜਾ ਰਹੇ ਹਨ।

# ਮਨੀਪੁਰ ਹਿੰਸਾ ਦੀਆਂ ਜੜ੍ਹਾਂ ਕਿੱਥੇ ਹਨ?

**ਖਾਮ ਖਾਨ ਸੂਨ ਹਾਓਸਿੰਘ**

ਡੇਢ ਸੌ ਸਾਲ ਪਹਿਲਾਂ ਅਤੇ ਅੰਗਰੇਜ਼ੀ ਰਾਜ ਵਲੋਂ 1877 ’ਚ ਰਾਖਵੇਂ ਜੰਗਲ ਦੀ 509 ਵਰਗ ਕਿਲੋਮੀਟਰ ਲੰਮੀ ਅੰਦਰੂਨੀ ਰੇਖਾ ਜਿਸ ਤਹਿਤ ਮੌਜੂਦਾ ਮਿਜ਼ੋਰਮ ਦੇ ਖੇਤਰਫ਼ਲ ਆਉਂਦਾ ਹੈ, ਖਿੱਚਣ ਤੋਂ ਛੇ ਸਾਲਾਂ ਬਾਅਦ ਉਸ ਵੇਲੇ ਕਚਾਰ ਦੇ ਡਿਪਟੀ ਕਮਿਸ਼ਨਰ ਨੇ 1883 ’ਚ ਰਿਪੋਰਟ ਦਿੱਤੀ ਸੀ ਕਿ ਰਾਖਵੇਂ ਖੇਤਰ ਵਿਚ ਰਬੜ ਲੈਣ ਲਈ ਆਏ ਚਾਰ ਲੁਸ਼ਾਈ (ਮਿਜ਼ੋ) ਵਿਅਕਤੀਆਂ ਨੂੰ ‘ਘੁਸਪੈਠੀਏ’ ਕਰਾਰ ਦੇ ਕੇ ਉਵੇਂ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਦਿੱਤਾ ਗਿਆ ਜਿਵੇਂ ਪੰਖੇਰੂਆਂ ਨੂੰ ਮਾਰਿਆਂ ਜਾਂਦਾ ਹੈ।

ਜਿਸ ਬੇਕਿਰਕੀ ਨਾਲ ਇਹ ਹੱਤਿਆ ਕਾਂਡ ਕੀਤਾ ਗਿਆ ਸੀ, ਉਸ ਦੀ ਗੂੰਜ 3 ਮਈ ਤੋਂ ਮਨੀਪੁਰ ਵਿਚ ਭੜਕੀ ਹਿੰਸਾ ਵਿਚ ਵੀ ਸੁਣਾਈ ਦੇ ਰਹੀ ਹੈ ਜੋ ਉਦੋਂ ਤੋਂ ਹੁਣ ਤੱਕ ਮਨੀਪੁਰ ਵਿਚ ਚੱਲ ਰਹੀ ਹੈ ਜਦੋਂ ਕਿਸੇ ਵਿਧੀ ਵਿਧਾਨ ਦੀ ਪਾਲਣਾ ਕੀਤੇ ਬਿਨਾ ਕੁਕੀ-ਜ਼ੋਮੀ ਭਾਈਚਾਰੇ ਨੂੰ ਘੁਸਪੈਠੀਆਂ ਵਿਚ ਤਬਦੀਲ ਕਰਨ ਦੀ ਰਿਆਸਤ ਦੀ ਧੱਕੜ ਕੋਸ਼ਿਸ਼ ਇਸ ਭਾਈਚਾਰੇ ਖਿਲਾਫ਼ ਢਾਂਚਾਗਤ ਹਿੰਸਾ ਦਾ ਮੁੱਖ ਸਰੋਤ ਬਣ ਗਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ 50 ਦਿਨਾਂ ਤੋਂ ਇਸ ਬਾਰੇ ਚੁੱਪ ਵੱਟੀ ਰੱਖਣਾ ਅਤੇ ਮਨੀਪੁਰ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਤੋਂ ਇਨਕਾਰ ਕਰਨਾ ਕੇਂਦਰ ਸਰਕਾਰ ਦੀ ਸੰਵਿਧਾਨਕ ਜ਼ਿੰਮੇਵਾਰੀ ਤੋਂ ਭੱਜਣ ਦੇ ਸਮਾਨ ਹੈ। ਹੈਰਾਨੀ ਦੀ ਗੱਲ ਨਹੀਂ ਕਿ ਇਸ ਨਾਲ ਕੁਕੀ-ਜ਼ੋਮੀ ਭਾਈਚਾਰੇ ਖਿਲਾਫ਼ ਢਾਂਚਾਗਤ ਹਿੰਸਾ ਜਾਰੀ ਰੱਖਣ ਵਿਚ ਮਦਦ ਮਿਲੀ ਹੈ ਅਤੇ ਮਨੀਪੁਰ ਲਾਕਾਨੂੰਨੀਅਤ ਦਾ ਟਾਪੂ ਬਣ ਕੇ ਸਾਹਮਣੇ ਆਉਣ ਦੀ ਖੁੱਲ੍ਹ ਦਿੱਤੀ ਗਈ ਹੈ। 120 ਤੋਂ ਵੱਧ ਜਾਨਾਂ (94 ਕੁਕੀ-ਜ਼ੋਮੀ ਸਣੇ) ਜਾ ਚੁੱਕੀਆਂ ਹਨ, 355 ਗਿਰਜਾ ਘਰ ਅਤੇ 200 ਤੋਂ ਵੱਧ ਪਿੰਡ (ਜਿਨ੍ਹਾਂ ਵਿਚ 160 ਕੁਕੀ-ਜ਼ੋਮੀ ਪਿੰਡ ਸ਼ਾਮਲ ਹਨ) ਸਾੜ ਦਿੱਤੇ ਗਏ ਹਨ ਜਿਸ ਕਰ ਕੇ 50,000 ਤੋਂ ਵੱਧ ਲੋਕ (ਜਿਨ੍ਹਾਂ ਵਿਚ 41000 ਤੋਂ ਵੱਧ ਕੁਕੀ-ਜ਼ੋਮੀ ਹਨ) ਬੇਘਰ ਹੋ ਗਏ ਹਨ।

1883 ਦੀ ਘਟਨਾ ਅਤੇ ਮੌਜੂਦਾ ਸਥਿਤੀ ਵਿਚ ਇਕ ਸਾਂਝੀ ਗੱਲ ਇਹ ਹੈ ਕਿ ਕੁਕੀ-ਜ਼ੋਮੀ ਨੂੰ ਘੁਸਪੈਠੀਏ ਕਹਿ ਕੇ ਨਿਸ਼ਾਨਾ ਬਣਾਇਆ ਗਿਆ; ਇੰਝ ਉਨ੍ਹਾਂ ਨੂੰ ‘ਸ਼ਰਾਰਤੀ ਅਨਸਰ’ ਬਣਾ ਕੇ ਪੇਸ਼ ਕੀਤਾ ਗਿਆ ਹੈ ਅਤੇ ਇਨ੍ਹਾਂ ਨਾਲ ਸਿੱਝਣ ਲਈ ਬਸਤੀਵਾਦੀ ਸ਼ਾਸਨ ਤੇ ਉੱਤਰ ਬਸਤੀਵਾਦੀ ਸ਼ਾਸਨ ਦੀ ਬੇਕਿਰਕੀ ਇਕੋ ਕਿਸਮ ਦੀ ਰਹੀ ਹੈ। ਇਸ ਪ੍ਰਸੰਗ ਨੂੰ ਅਕਸਰ ਅਣਡਿੱਠ ਕਰ ਦਿੱਤਾ ਜਾਂਦਾ ਹੈ ਜਿਸ ਤਹਿਤ ਮਾਲਕਾਂ ਅਤੇ ਜੰਗਲ ਦੇ ਵਸਨੀਕਾਂ ਦੇ ਰਾਖਿਆਂ ਦੋਵਾਂ ਨੂੰ ਰਿਆਸਤ ਵਲੋਂ ਘੁਸਪੈਠੀਏ ਕਰਾਰ ਦਿੱਤਾ ਜਾਂਦਾ ਰਿਹਾ। 1883 ਦਾ ਗੋਲੀਕਾਂਡ ਆਧੁਨਿਕ ਰਿਆਸਤ ਦੇ ਨਿਰਮਾਣ ਅਤੇ ਵਿਸਤਾਰ ਦੇ ਅਰਸੇ ਦੌਰਾਨ ਉਪਜਿਆ ਸੀ ਜੋ ਜੰਗਲ ਦੇ ਵਸਨੀਕਾਂ ਲਈ ਇਲਾਕਾਈ ਹੱਦਬੰਦੀ ਮੁਕੱਰਰ ਕਰਨ ਦੇ ਅਮਲ ਵਿਚ ਫਸ ਗਿਆ ਸੀ। ਮਨੀਪੁਰ ਵਿਚ ਇਸ ਵੇਲੇ ਭੜਕੀ ਹਿੰਸਾ ਵੀ ਵਡੇਰੇ ਰੂਪ ਵਿਚ ਇਸ ’ਚੋਂ ਉਪਜਦੀ ਹੈ ਜਿਸ ਦੇ ਨਾਲ ਹੀ ਜ਼ੋਰ ਜਬਰੀ ਦਾ ਉਹ ਤਰੀਕਾਕਾਰ ਜਿਸ ਤਹਿਤ ਅਕਤੂਬਰ 2022 ਵਿਚ ਰਾਖਵੇਂ ਜੰਗਲ ਦੇ ਸੰਕਲਪ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ।

ਇਸ ਦੀ ਪੁਣਛਾਣ ਕਰਨ ’ਤੇ ਪਤਾ ਲੱਗਦਾ ਹੈ ਕਿ ਭਾਰਤੀ ਜੰਗਲਾਤ ਐਕਟ-1927 ਅਧੀਨ ਚੂੜਾਚਾਂਦਪੁਰ ਖੋਪਮ (ਰਾਖਵੇਂ ਜੰਗਲ) ਦਾ ਐਲਾਨ 1966 ਵਿਚ ਕੀਤਾ ਗਿਆ ਸੀ ਅਤੇ ਇਸ ਅਧੀਨ ਆਉਂਦੇ 38 ਪਿੰਡਾਂ ਦਾ ਕਰੀਬ 500 ਵਰਗ ਕਿਲੋਮੀਟਰ ਦਾ ਇਲਾਕਾ ਸ਼ੁਰੂ ਤੋਂ ਹੀ ਵਿਵਾਦਪੂਰਨ ਰਿਹਾ ਹੈ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਸਹਾਇਕ ਸੈਟਲਮੈਂਟ ਅਫਸਰਾਂ (ਏ.ਐਸ.ਓਜ਼) ਨੇ ਇਸ ਐਕਟ ਤਹਿਤ 1971 ਤੋਂ 1988 ਤੱਕ ਇਨ੍ਹਾਂ ਪਿੰਡਾਂ ਨੂੰ ਬਾਹਰ ਰੱਖਣ ਦੇ ਦਾਅਵਿਆਂ ਤੇ ਮੰਗਾਂ ਦੀ ਸਮੀਖਿਆ ਕੀਤੀ। ਇਸ ਦੇ ਸਿੱਟੇ ਵਜੋਂ 24 ਪਿੰਡਾਂ ਦੇ 470 ਵਰਗ ਕਿਲੋਮੀਟਰ ਰਕਬੇ ਨੂੰ ਰਾਖਵੇਂ ਜੰਗਲ ’ਚੋਂ ਬਾਹਰ ਕਰ ਦਿੱਤਾ ਗਿਆ।

ਬਹਰਹਾਲ, ਬੀਰੇਨ ਸਿੰਘ ਦੀ ਅਗਵਾਈ ਹੇਠ ਬਣੀ ਭਾਜਪਾ ਸਰਕਾਰ ਨੇ ਜੂਨ 2022 ਤੋਂ ਇਸ ਮਾਮਲੇ ਦਾ ਜਾਇਜ਼ਾ ਲੈਣਾ ਸ਼ੁਰੂ ਕੀਤਾ ਅਤੇ ਅਕਤੂਬਰ 2022 ਵਿਚ ਇਨ੍ਹਾਂ ਪਿੰਡਾਂ ਨੂੰ ਰਾਖਵੇਂ ਜੰਗਲ ਖੇਤਰ ’ਚੋਂ ਬਾਹਰ ਕਰਨ ਦੇ ਫ਼ੈਸਲੇ ਨੂੰ ਇਸ ਆਧਾਰ ’ਤੇ ਰੱਦ ਕਰ ਦਿੱਤਾ ਕਿ ਸਬੰਧਿਤ ਅਫਸਰਾਂ ਨੇ ਇਸ ਮਾਮਲੇ ਵਿਚ ਸਹੀ ਢੰਗ ਨਾਲ ਪੜਤਾਲ ਨਹੀਂ ਕੀਤੀ ਸੀ। ਇਸ ਵਿਵਾਦ ਦਾ ਕੇਂਦਰੀ ਨੁਕਤਾ ਜ਼ਮੀਨ ਅਤੇ ਜਾਇਦਾਦ ਦੇ ਅਸਲ ਮਾਲਕਾਂ ਦੇ ਇਤਿਹਾਸਕ ਹੱਕ ਨੂੰ ਮਾਨਤਾ ਦੇਣ ਵਾਲਾ ਨੇਮ ਹੈ। ਰਾਜ ਸਰਕਾਰ ਕੋਲ ਕਬਾਇਲੀ ਪਹਾੜੀ ਖੇਤਰ ਅੰਦਰ ਕੋਈ ਬੰਜਰ (ਖਾਸ) ਜ਼ਮੀਨ ਨਾ ਹੋਣ ਕਰ ਕੇ ਸਾਰੀ ਜ਼ਮੀਨ ਕਬਾਇਲੀ ਭਾਈਚਾਰਿਆਂ ਅਤੇ ਪਿੰਡ ਦੇ ਮੁਖੀਆਂ ਦੀ ਹੈ ਜਿਸ ਕਰ ਕੇ ਪਹਾੜੀ ਖੇਤਰਾਂ ਨੂੰ ਮਾਲੀਆ ਸਰਵੇਖਣ ਤੋਂ ਬਾਹਰ ਰੱਖਿਆ ਗਿਆ। ਸਰਕਾਰ ਨੂੰ ਕੁਝ ਇਲਾਕੇ ਰਾਖਵੇਂ ਜੰਗਲੀ ਖੇਤਰ ’ਚੋਂ ਬਾਹਰ ਰੱਖਣ ਜਿਹੇ ਮਾਮਲੇ ਪਿੰਡ ਦੇ ਅਹਿਲਕਾਰਾਂ, ਜ਼ਿਲਾ ਕੌਂਸਲ ਜਾਂ ਹਿੱਲ ਏਰੀਆ ਕਮੇਟੀਆਂ (ਐਚ.ਏ.ਸੀ.) ਨਾਲ ਵਿਚਾਰਨ ਦੀ ਲੋੜ ਹੈ ਜਿਵੇਂ ਧਾਰਾ 371 ਸੀ. ਵਿਚ ਵਿਵਸਥਾ ਕੀਤੀ ਗਈ ਹੈ।

ਐਚਏਸੀ ਨੇ ਮਾਰਚ 2021 ਵਿਚ ਇਸ ਨੁਕਤੇ ’ਤੇ ਹੀ ਜ਼ੋਰ ਦਿੱਤਾ ਸੀ ਜਦੋਂ ਇਸ ਨੇ ਮਤਾ ਪਾਸ ਕਰ ਕੇ ਆਖਿਆ ਸੀ ਕਿ 1972 ਤੋਂ ਬਾਅਦ ਕਾਨੂੰਨੀ ਧਾਰਾਵਾਂ ਨੂੰ ਨਜ਼ਰਅੰਦਾਜ਼ ਕਰ ਕੇ ਭਾਰਤੀ ਜੰਗਲਾਤ ਐਕਟ-1927 ਤਹਿਤ ਆਪਹੁਦਰੇ ਢੰਗ ਨਾਲ ਕੀਤੇ ਫ਼ੈਸਲਿਆਂ ਨੂੰ ਰੱਦ ਕੀਤਾ ਜਾਵੇ। ਬੀਰੇਨ ਸਰਕਾਰ ਨੇ ਤੈਅਸ਼ੁਦਾ ਵਿਧੀਆਂ ਦਾ ਪਾਲਣ ਕਰਨ ਦੀ ਬਜਾਇ ਸੈਟੇਲਾਈਟ ਤਸਵੀਰਾਂ ਦਾ ਸੈੱਟ ਪੇਸ਼ ਕਰਦੇ ਹੋਏ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਕਿ ਕੁਕੀਆਂ ਦੇ ਕਈ ਪਿੰਡ ਰਾਖਵੇਂ ਜੰਗਲ ਖੇਤਰ ’ਤੇ ਨਾਜਾਇਜ਼ ਢੰਗ ਨਾਲ ਵਸਾਏ ਗਏ ਹਨ। 20 ਫਰਵਰੀ ਤੋਂ ਇਨ੍ਹਾਂ ਪਿੰਡਾਂ ਨੂੰ ਉਜਾੜਨ ਦੀ ਮੁਹਿੰਮ ਸੌਂਗਜਾਂਗ ਪਿੰਡ ਤੋਂ ਸ਼ੁਰੂ ਕੀਤੀ ਗਈ ਜਿਸ ਨਾਲ ਕੁਕੀ-ਜ਼ੋਮੀ ਭਾਈਚਾਰੇ ਅੰਦਰ ਰੋਸ ਵਧ ਗਿਆ। ਦਾਗ ਚਿੱਠਾ (ਦਸਤਾਵੇਜ਼ੀ ਕਾਗਜ਼) ਵਾਲੇ ਕਬਾਇਲੀ ਗਿਰਜਾ ਘਰਾਂ ਨੂੰ ਨਿਯਮਤ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਜਦਕਿ 2010 ਤੋਂ ਮੈਤੇਈ ਭਾਈਚਾਰੇ ਦੇ 188 ਹਿੰਦੂ ਮੰਦਰਾਂ ਨੂੰ ਨਿਯਮਤ ਕੀਤਾ ਗਿਆ ਹੈ। 11 ਅਪਰੈਲ ਦੀ ਰਾਤ ਨੂੰ ਕਾਨੂੰਨ ਦੀ ਅਵੱਗਿਆ ਕਰ ਕੇ ਤਿੰਨ ਕਬਾਇਲੀ ਗਿਰਜਾ ਘਰ ਢਾਹ ਦਿੱਤੇ ਗਏ ਹਾਲਾਂਕਿ ਕਾਨੂੰਨ ਅਨੁਸਾਰ ਦਿਨ ਢਲਣ ਬਾਅਦ ਢਾਹ-ਢੁਹਾਈ ਨਹੀਂ ਕੀਤੀ ਜਾਣੀ ਚਾਹੀਦੀ ਸੀ ਅਤੇ ਇਸ ਤਰ੍ਹਾਂ ਰਾਜ ਦੀ ਧੱਕੜ ਕਾਰਵਾਈ ਜ਼ੋਰ ਫੜਦੀ ਚਲੀ ਗਈ।

ਇਸ ਦੌਰਾਨ, ਮੈਤੇਈ ਭਾਈਚਾਰੇ ਦੀਆਂ ਸਿਵਿਲ ਸੁਸਾਇਟੀ ਦੀਆਂ ਕਈ ਜਥੇਬੰਦੀਆਂ ਢਾਹ-ਢੁਹਾਈ ਦੀ ਮੁਹਿੰਮ ਦੇ ਹੱਕ ਵਿਚ ਆ ਗਈਆਂ ਅਤੇ ਕੁਕੀ-ਜ਼ੋਮੀ ਭਾਈਚਾਰੇ ਨੂੰ ਘੁਸਪੈਠੀਏ, ਗ਼ੈਰ-ਕਾਨੂੰਨੀ ਪਰਵਾਸੀ, ਭੁੱਕੀ ਦੇ ਕਾਸ਼ਤਕਾਰ ਅਤੇ ਨਾਰਕੋ-ਟੈਰਰਿਸਟ ਗਰਦਾਨ ਕੇ ਨਿਸ਼ਾਨਾ ਬਣਾਉਣ ਲਈ ਬਿਰਤਾਂਤ ਘੜਿਆ ਗਿਆ। ਤੱਥ ਇਹ ਹੈ ਕਿ ਭੁੱਕੀ ਦੀ ਕਾਸ਼ਤ ਅਤੇ ਨਸ਼ਿਆਂ ਦੇ ਕਾਰੋਬਾਰ ਵਿਚ ਸਾਰੇ ਭਾਈਚਾਰਿਆਂ ਦੇ ਲੋਕ ਸ਼ਾਮਲ ਹਨ। 2017-22 ਦੇ ਅਰਸੇ ਦੌਰਾਨ ਫੜੇ ਗਏ ਨਸ਼ੇ ਦੇ 2438 ਤਸਕਰਾਂ ’ਚੋਂ ਕੁਕੀ ਚਿਨ 33 ਫ਼ੀਸਦ, ਮੈਤੇਈ 15 ਫ਼ੀਸਦ ਅਤੇ ਪੰਗਾਲ (ਮੁਸਲਿਮ) 43.5 ਫ਼ੀਸਦ ਸਨ। ਸਾਬਕਾ ਪੁਲੀਸ ਅਫਸਰ ਥੌਨਾਓਜਾਮ ਬਰਿੰਦਾ ਵਲੋਂ 2018 ਵਿਚ ਕੀਤੇ ਇੰਕਸ਼ਾਫ ਅਤੇ ਉਰੀਪੋਕ ਦੇ ਵਿਧਾਇਕ ਰਘੂਮਨੀ ਸਿੰਘ ਵਲੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਲਿਖੇ ਪੱਤਰ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਨਸ਼ਿਆਂ ਦੇ ਕਾਰੋਬਾਰ ਵਿਚ ਕਈ ਵੱਡੇ ਸਿਆਸਤਦਾਨਾਂ ਦਾ ਹੱਥ ਹੈ ਜੋ ਪਾਬੰਦੀਸ਼ੁਦਾ ਮੈਤੇਈ ਹਥਿਆਰਬੰਦ ਗਰੁੱਪਾਂ ਨਾਲ ਰਲ਼ ਕੇ ਨਸ਼ਿਆਂ ਤੇ ਹਥਿਆਰਾਂ ਦਾ ਕੌਮਾਂਤਰੀ ਕਾਰੋਬਾਰ ਚਲਾਉਂਦੇ ਹਨ।

ਜ਼ਮੀਨ ਅਤੇ ਕਬਾਇਲੀ ਜ਼ਮੀਨ ਅਤੇ ਵਸੀਲਿਆਂ ਤੱਕ ਰਸਾਈ ਨਾ ਹੋ ਸਕਣ ਦੀ ਮੈਤੇਈ ਭਾਈਚਾਰੇ ਦੀ ਸ਼ਿਕਾਇਤ ਦਾ ਕੇਂਦਰੀ ਮੁੱਦਾ ਇਸ ਰੌਲੇ-ਰੱਪੇ ਵਿਚ ਗੁਆਚ ਨਹੀਂ ਜਾਣਾ ਚਾਹੀਦਾ ਕਿਉਂਕਿ ਮਨੀਪੁਰ ਵਿਚ ਹੋ ਰਹੀ ਹਿੰਸਾ ਦਾ ਮੁੱਖ ਸਰੋਤ ਇਹੀ ਹੈ। 1840 ਤੋਂ ਬਾਅਦ ਚਾਹ, ਤੇਲ, ਰਬੜ ਅਤੇ ਕੋਲੇ ਦੀ ਤਲਾਸ਼ ਹੋਣ ਨਾਲ ਉੱਤਰ ਪੂਰਬ ਖਿੱਤੇ ਅੰਦਰ ਰਿਆਸਤ ਦੀ ਇਲਾਕਾਈ ਵਿਸਤਾਰ ਅਤੇ ਜ਼ਮੀਨ ਦੀ ਵਰਤੋਂ ਦੀ ਨਵੀਂ ਨੀਤੀ ਇਸ ਲਿਹਾਜ਼ ਨਾਲ ਘੜਨ ਦੀ ਲਾਲਸਾ ਰਹੀ ਹੈ ਕਿ ਰਾਜ ਦੇ ਮਾਲੀਏ ਵਿਚ ਹੋਰ ਵਾਧਾ ਕੀਤਾ ਜਾਵੇ। ਸੰਨ 2010 ਵਿਚ ਪੁਰਾਣੇ ਲਾਮਕਾ (ਚੂੜਾਚਾਂਦਪੁਰ) ਜ਼ਿਲੇ ਵਿਚ ਕੁਦਰਤੀ ਗੈਸ ਦਾ ਵੱਡਾ ਭੰਡਾਰ ਮਿਲਣ ’ਤੇ ਇਹੀ ਕੁਝ ਦੇਖਣ ਨੂੰ ਮਿਲਿਆ ਸੀ। ਇਹ ਜ਼ਿਲਾ ਜ਼ਰਖੇਜ਼ ਅਸਾਮ-ਅਰਾਕਾਨ ਮੁਹਾਣ ’ਤੇ ਵੱਸਿਆ ਹੋਇਆ ਹੈ ਜਿਸ ਕਰ ਕੇ ਰਾਜ ਅਤੇ ਬਹੁਗਿਣਤੀ ਮੈਤੇਈ ਭਾਈਚਾਰੇ ਦੀਆਂ ਨਾਗਰਿਕ ਸਮਾਜ ਦੀਆਂ ਜਥੇਬੰਦੀਆਂ ਅੰਦਰ ਕਬਾਇਲੀ ਪਹਾੜੀ ਖੇਤਰ ਦੇ ਵਸੀਲਿਆਂ ’ਤੇ ਕਬਜ਼ਾ ਕਰਨ ਦੀ ਲਾਲਸਾ ਪ੍ਰਬਲ ਹੋ ਰਹੀ ਹੈ। ਨੈਦਰਲੈਂਡ ਦੀ ਜੂਬੀਲੈਂਟ ਐਨਰਜੀ ਕੰਪਨੀ ਜਿਸ ਨੇ ਇਸ ਇਲਾਕੇ ਵਿਚ 2010 ਵਿਚ ਭਾਰਤ ਸਰਕਾਰ ਕੋਲੋਂ ਪੈਟਰੋਲੀਅਮ ਖੁਦਾਈ ਲਾਇਸੈਂਸ ਹਾਸਲ ਕੀਤਾ ਸੀ, ਨੇ ਲਾਮਕਾ ਅਤੇ ਫੇਰਜ਼ਾਲ ਜ਼ਿਲਿਆਂ ਅੰਦਰ ਕੁਦਰਤੀ ਗੈਸ ਦੇ 32 ਵਿਚੋਂ 17 ਭੰਡਾਰਾਂ ਦੀ ਨਿਸ਼ਾਨਦੇਹੀ ਕੀਤੀ ਹੈ, ਉਦੋਂ ਤੋਂ ਹੀ ਇਕਾਤਮਵਾਦੀ ਰਾਜ ਅਤੇ ਬਹੁਗਿਣਤੀਪ੍ਰਸਤ ਮੈਤੇਈ ਸਮੂਹਾਂ ਅੰਦਰ ਕਬਜ਼ੇ ਦੀ ਭਾਵਨਾ ਜ਼ੋਰ ਮਾਰ ਰਹੀ ਹੈ।

ਮੈਤੇਈ ਆਪਣੇ ਲਈ ਅਨੁਸੂਚਿਤ ਕਬੀਲੇ ਦੇ ਦਰਜੇ ਦੀ ਮੰਗ ਕਰ ਰਹੇ ਸਨ ਤੇ ਪਿਛਲੇ ਕੁਝ ਸਮੇਂ ਦੌਰਾਨ ਇਹ ਜ਼ੋਰ ਫੜ ਰਹੀ ਸੀ; ਕਬਾਇਲੀ ਇਸ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਅਤੇ ਵਸੀਲਿਆਂ ਤੋਂ ਲਾਂਭੇ ਕਰਨ ਦੇ ਹਥਕੰਡੇ ਦੀ ਨਜ਼ਰ ਨਾਲ ਦੇਖ ਰਹੇ ਹਨ। ਇਸ ਕਰ ਕੇ ਨਵੀਂ ਦਿੱਲੀ ਲਈ ਚੋਣ ਬਹੁਤ ਸਾਫ਼ ਹੈ: ਕੁਕੀ-ਜ਼ੋਮੀ ਭਾਈਚਾਰੇ ਨੂੰ ਸ਼ਰਾਰਤੀ ਅਨਸਰ ਕਰਾਰ ਦੇ ਕੇ ਉਸ ਖ਼ਿਲਾਫ਼ ਢਾਂਚਾਗਤ ਹਿੰਸਾ ਜਾਰੀ ਰੱਖਣ ਦੀ ਖੁੱਲ੍ਹ ਦਿੱਤੀ ਜਾਵੇ ਜਾਂ ਕਬਾਇਲੀ ਹੱਕਾਂ ਦੀ ਰਾਖੀ ਯਕੀਨੀ ਬਣਾਉਣ ਲਈ ਸੰਵਿਧਾਨਕ ਧਾਰਾਵਾਂ ਨੂੰ ਲਾਗੂ ਕਰਨ ਅਤੇ ਬਹੁਗਿਣਤੀ ਦੀ ਨਿਰੰਕੁਸ਼ਤਾ ਖਿਲਾਫ਼ ਵੱਖਰੇ ਪ੍ਰਸ਼ਾਸਨ ਦੀ ਮੰਗ ਲਈ ਰਾਜਸੀ ਇੱਛਾ ਸ਼ਕਤੀ ਦਰਸਾਈ ਜਾਵੇ।

ਕਹਾਣੀ

# ਟ੍ਰੈੱਸ ਪਾਸ

ਰੇਲ ਗੱਡੀ ਦਾ ਛੋਟਾ ਜਿਹਾ ਸਫ਼ਰ ਰੋਜ਼ਾਨਾ ਕਰਦੇ ਕਰਦੇ ਉਸ ਦੀ ਅੱਧੀ ਉਮਰ ਬੀਤ ਗਈ। ਕੀ ਖੱਟਿਆ? ਕੀ ਗਵਾਇਆ... ਜਦ ਕਦੇ ਉਹ ਇੰਤਜ਼ਾਰ ਦੀਆਂ ਉਦਾਸ ਘੜੀਆਂ ਦੌਰਾਨ ਆਪਣੇ ਅੰਦਰ ਝਾਤੀ ਮਾਰ ਕੇ ਸਟੇਸ਼ਨਾਂ 'ਤੇ ਖੜੇ ਉਬਾਸੀਆਂ ਲੈਂਦੇ ਘੰਟਿਆਂ ਬੱਧੀ ਲੇਟ ਹੋਈਆਂ ਗੱਡੀਆਂ ਬਾਰੇ ਚਿਤਾਵਨੀਆਂ ਅਤੇ ਘੋਸ਼ਣਾਵਾਂ ਦਾ ਲੇਖਾ- ਜੋਖਾ ਕਰਦਾ ਤਾਂ ਉਸ ਨੂੰ ਆਪਣੇ ਆਪ ਨਾਲ ਘ੍ਰਿਣਾ ਹੋਣ ਲੱਗਦੀ। ਏਦਾਂ ਜਾਪਦਾ ਜਿਵੇਂ ਹਰ ਰੋਜ਼ ਦੋ ਦੋ ਘੰਟੇ ਜਾਂ ਕਈ ਵੇਰਾਂ ਤਾਂ ਚਾਰ-ਚਾਰ ਘੰਟੇ ਸਟੇਸ਼ਨਾਂ 'ਤੇ ਅਜਾਈਂ ਗਵਾਏ ਪਲਾਂ ਨੇ ਉਸ ਦੇ ਸੁਨਹਿਰੀ ਜੀਵਨ ਦੇ ਇਕ ਤਿਹਾਈ ਹਿੱਸੇ ਨੂੰ ਅਮਰ ਵੇਲ ਵਾਂਗ ਢੱਕ ਦਿੱਤਾ ਜਾਂ ਨਿਗਲ ਲਿਆ ਹੋਵੇ।

ਅੱਜ ਉਸ ਨੇ ਸ਼ੁਕਰ ਕੀਤਾ। ਉਸ ਦੇ ਸਟੇਸ਼ਨ 'ਤੇ ਪਹੁੰਚਦੇ ਹੀ ਗੱਡੀ ਦੇ ਠੀਕ ਟਾਈਮ 'ਤੇ ਪਹੁੰਚਣ ਬਾਰੇ ਐਲਾਨ ਹੋ ਰਿਹਾ ਸੀ। ਨਾਲ ਹੀ ਇਕ ਹੋਰ ਚਿਤਾਵਨੀ, ਜੀ ਆਰ ਪੀ ਦੇ ਜਵਾਨਾਂ ਵਾਸਤੇ ਕਿ ਇਸ ਗੱਡੀ ਦੇ ਅਖੀਰਲੇ ਡੱਬੇ ਵਿਚ ਦਸ-ਪੰਦਰਾਂ ਯਾਤਰੀ ਬੇਹੋਸ਼ ਹੋਏ ਪਏ ਆ ਰਹੇ ਸਨ, ਨਾਲ ਸਾਰੇ ਸਟੇਸ਼ਨ 'ਤੇ ਉਤਸੁਕਤਾ ਭਰੀ ਅਫਰਾ-ਤਫਰੀ ਮੱਚ ਗਈ। ਭੀੜ ਦਾ ਬਹੁਤਾ ਹਿੱਸਾ ਹੁੰਮ ਕੇ ਗੱਡੀ ਦੇ ਅਖੀਰਲੇ



ਚਰਨਜੀਤ ਸਿੰਘ ਪੰਨੂੰ
ਫੋਨ: 408-608-4961

ਡੱਬੇ ਦੇ ਪਹੁੰਚਣ ਦੇ ਸਥਾਨ ਤੱਕ ਉਮਡ ਪਿਆ। ਪੁਲਿਸ ਕਰਮੀਆਂ ਨੂੰ ਸੱਦਾ ਦਿੰਦਾ ਐਲਾਨ ਵਾਰ ਵਾਰ ਅਤੇ ਜ਼ੋਰ ਜ਼ੋਰ ਦੀ ਹੋ ਰਿਹਾ ਸੀ। ਗੱਡੀ ਸਟੇਸ਼ਨ 'ਤੇ ਆ ਖੜੀ ਹੋਈ ਪਰ ਕੋਈ ਵੀ ਮੁਲਾਜ਼ਮ ਨਾ ਪਹੁੰਚਿਆ। ਗੱਡੀ ਦੇ ਤਿੰਨ ਮਿੰਟ ਦੇ ਠਹਿਰਾਓ ਦਾ ਸਮਾਂ ਵੀ ਖ਼ਤਮ ਹੋ ਗਿਆ ਤੇ ਘੋਸ਼ਣਾ ਵਾਰ-ਵਾਰ ਹੋਣ ਕਰਕੇ ਦੌੜਦੇ ਦੋ ਸਿਪਾਹੀ ਡੰਡੇ ਠਕੋਰਦੇ ਭੀੜ ਵਿਚ ਵੜ ਕੇ ਡੱਬੇ 'ਚ ਚੜ੍ਹ ਗਏ। ਇਕ ਥਾਣੇਦਾਰ ਲੱਗਦਾ ਆਦਮੀ ਵੀ ਆਪਣੀ ਪੱਗ ਦੇ ਪੇਚ ਸਾਫ਼ ਕਰਦਾ ਭੀੜ 'ਚੋਂ ਵਿਚਰਦਾ ਉੱਪਰ ਚੜ੍ਹ ਗਿਆ।

'ਓਏ ਮੁਲਾਜ਼ਮੋ ਠਹਿਰੋ! ਪਹਿਲਾਂ ਜਾਮਾ ਤਲਾਸ਼ੀ ਲਓ... ਕਿਤੇ ਸਾਲ਼ਿਆਂ ਦੇ ਬੰਬ ਹੀ ਨਾ ਬੰਨ੍ਹੇ ਹੋਣ।'


ਥਾਣੇਦਾਰ ਨੇ ਆਪਣੇ ਵਡੱਪਣ ਦਾ ਰੋਹਬ ਝਾੜਿਆ। ਹੋਰ ਸਿਪਾਹੀਆਂ ਨੇ ਆ ਕੇ ਆਸੇ ਪਾਸੇ ਡੰਡੇ ਉਲਾਰਦੇ ਗਤਕਾ ਖੇਲਣ ਦੇ ਕਰਤੱਬ ਦਿਖਾ ਕੇ ਭੀੜ ਨੂੰ ਪਿੱਛੇ ਧਕੇਲ ਦਿੱਤਾ। ਬੰਬ ਦਾ ਨਾਮ ਸੁਣ ਕੇ ਸਿਪਾਹੀ ਕੁੱਝ ਹਿਚਕਚਾਏ ਪਰ ਜਲਦੀ ਹੀ ਫਿਰ ਜੇਬਾਂ ਟਟੋਲਣ ਲੱਗੇ। ਉਨ੍ਹਾਂ ਸਾਰਿਆਂ ਨੂੰ ਉਲਟੇ ਸਿੱਧੇ ਕਰ ਕੇ ਜਾਮਾ ਤਲਾਸ਼ੀ ਕੀਤੀ ਪਰ ਸਿਪਾਹੀ ਨਿਰਾਸ਼ ਹੋ ਗਏ।

'ਜਨਾਬ ਇਨ੍ਹਾਂ ਦੀ ਤਾਂ ਜਾਮਾ-ਤਲਾਸ਼ੀ ਪਹਿਲਾਂ ਹੀ ਹੋ ਚੁੱਕੀ ਹੈ। ਕਿਸੇ ਪਤੰਦਰ ਨੇ ਤਲਾਸ਼ੀ ਲਈ ਤਾਂ ਕੁੱਝ ਵੀ ਨਹੀਂ ਛੱਡਿਆ।'

ਸਟੇਸ਼ਨ 'ਤੇ ਪਾਣੀ ਪਿਲਾਉਂਦੇ ਸੇਵਾਦਾਰ, ਮੂੰਹ ਪਾਣੀ ਪਾਉਣ ਲੱਗੇ। ਬੇਹੋਸ਼, ਅਰਧ-ਬੇਹੋਸ਼ ਤੇ ਇਕ ਦੋ ਲਾਸ਼ਾਂ! ਕਿਸੇ ਦੇ ਮੂੰਹ ਪਾਣੀ ਅੰਦਰ ਚੜ੍ਹ ਜਾਂਦਾ ਤੇ ਕਿਸੇ ਦੇ ਕੰਠ ਤੋਂ ਬਾਹਰ ਹੀ ਵਗ ਜਾਂਦਾ। ਬੜਾ ਭਿਆਨਕ ਦ੍ਰਿਸ਼...ਕਈ ਲੁੜ੍ਹਕ ਰਹੇ ਸਨ, ਇਕ ਦੂਜੇ ਦੇ ਉੱਤੇ ਡਿੱਗੇ ਸਹਿਕ ਰਹੇ ਸਨ, ਕਿਸੇ ਦੇ ਮੂੰਹੋਂ ਝੱਗ ਛੁੱਟ ਰਹੀ ਸੀ, ਕਿਸੇ ਦੇ ਮੂੰਹੋਂ ਨਾਸਾਂ 'ਚੋਂ ਖ਼ੂਨ ਛੁੱਟ ਰਿਹਾ ਸੀ। ਜੋਗਿੰਦਰ ਕੌਰ ਟੀ ਟੀ ਈ ਆਣ ਖੜੀ ਹੋਈ। ਉਹ ਪੈਨਸਿਲ ਮੂੰਹ 'ਚ ਪਈ ਉਦਾਸ ਹੋ ਗਈ। ਭਈਏ ਉਸ ਦਾ ਬੜਾ ਆਦਰ ਸਤਿਕਾਰ ਕਰਦੇ ਹਨ, ਉਹ ਵੀ ਉਨ੍ਹਾਂ ਨਾਲ ਬਹੁਤ ਹਮਦਰਦੀ ਜਤਾਉਂਦੀ ਹੈ।

'ਫੜੋ ਓਏ ਉਤਾਰੋ ਥੱਲੇ...।' ਥਾਣੇਦਾਰ ਦੇ ਰੋਹਬ ਨੇ ਤਮਾਸ਼ਬੀਨ ਭੀੜ ਨੂੰ ਹੋਰ ਪਿੱਛੇ ਖਿਲਾਰ ਦਿੱਤਾ। ਦੋ ਚਾਰ ਯਾਤਰੀ ਤਰਸੋ-ਤਰਸੀ ਸਿਪਾਹੀਆਂ ਦੀ ਮਦਦ ਲਈ ਨਿੱਤਰ ਪਏ। ਪੰਦਰਾਂ ਬੰਦਿਆਂ ਦੀ ਲਾਈਨ ਲੱਗ ਗਈ ਪਲੇਟ ਫਾਰਮ 'ਤੇ।

'ਇਨ੍ਹਾਂ ਦੇ ਨਾਲ ਅੰਮ੍ਰਿਤਸਰੋਂ ਦੋ-ਤਿੰਨ ਜਨਾਨੀਆਂ ਚੜ੍ਹੀਆਂ ਸਨ, ਜੋ ਸਾਰਾ ਰਾਹ ਇਨ੍ਹਾਂ ਨਾਲ ਚੁਹਲ-ਮੁਹਲ ਕਰਦੀਆਂ ਰਹੀਆਂ। ਭੱਈਆਣੀਆਂ ਸਨ ਉਹ ਵੀ। ਇਹ ਸਾਰੇ ਜਲੰਧਰ ਤੱਕ ਚੜ੍ਹਦਿਲੀ ਮਚਾਉਂਦੇ ਰਹੇ। ਉਹ ਕੁੜੀਆਂ ਇਨ੍ਹਾਂ ਦੇ ਮੂੰਹ ਪ੍ਰਸਾਦ ਪੱਪੀਆਂ ਛੁਹਾਉਂਦੀਆਂ ਵਟਾਉਂਦੀਆਂ ਰਹੀਆਂ। ਪਤਾ ਨਹੀਂ ਕਿੱਥੇ ਉੱਤਰ ਗਈਆਂ, ਸ਼ਾਇਦ ਬਿਆਸ ਜਾਂ ਕਰਤਾਰਪੁਰ।' ਇਕ ਦਾਨੀ-ਪ੍ਰਧਾਨੀ ਸਵਾਰੀ ਦੱਬੀ ਜ਼ਬਾਨ ਵਿਚ ਥਾਣੇਦਾਰ ਨੂੰ ਸੰਬੋਧਨ ਹੋਈ।



ਸ਼ੁਕਰ ਰੱਬ ਦਾ! ਗਾਰਡ ਨੇ ਵਿਸਲ ਦਿੱਤੀ, ਗੱਡੀ ਹੌਲੀ ਹਿੱਲੀ। ਇੰਜਣ ਨੇ ਚੀਕ ਮਾਰੀ ਤੇ ਸਵਾਰੀਆਂ ਦੌੜ ਕੇ ਗੱਡੀ 'ਚ ਚੜ੍ਹ ਗਈਆਂ। ਠੀਕ ਆਉਂਦੀ ਹੋਈ ਗੱਡੀ ਫੇਰ ਅੱਧਾ ਘੰਟਾ ਲੇਟ ਹੋ ਗਈ।

ਉਸ ਦਾ ਧਿਆਨ ਹੁਣ ਸਟੇਸ਼ਨ ਦੇ ਡਰਾਮੇ ਤੋਂ ਹਟ ਕੇ ਦਫ਼ਤਰ ਦੇ ਬਾਸ ਵੱਲ ਚਲਾ ਗਿਆ ਜੋ ਨੌਂ ਵਜੇ ਤੋਂ ਹੀ ਘੜੀ ਵੇਖਣ ਲੱਗ ਜਾਂਦਾ ਹੈ।

'ਫਸ ਗਏ ਅੱਜ ਫੇਰ! ਉਸ ਦੀਆਂ ਝਿੜਕਾਂ ਦੀ ਮਾਰ ਝੱਲਣੀ ਪਵੇਗੀ।'

ਹੁਣ ਉਸ ਨੂੰ ਭਈਆਂ ਦੀ ਕਹਾਣੀ ਬਿਲਕੁਲ ਭੁੱਲ ਗਈ। ਗੱਡੀ ਅਜੇ ਹੌਲੀ ਹੀ ਸੀ, ਉਹ ਬਾਹਰ ਲਟਕ ਰਿਹਾ ਸੀ। ਉਸ ਨੂੰ ਸਰਕਾਰੀ ਕਾਲੀ ਵਰਦੀ ਵਾਲਾ ਟਿਕਟ ਚੈੱਕਰ ਵਰਗੇ ਆਕਾਰ ਦਾ ਝਾਉਲਾ ਪਿਆ। ਅੰਦਰ ਲੰਘਣ ਨੂੰ ਜਗ੍ਹਾ ਨਹੀਂ ਸੀ। ਉੱਤਰ ਕੇ ਦੌੜ ਕੇ ਅਗਲੇ ਡੱਬੇ ਵਿਚ ਜਾ ਚੜ੍ਹਿਆ। ਭੀੜ ਤਾਂ ਇੱਥੇ ਵੀ ਬਹੁਤ ਸੀ ਪਰ ਖਲੋਣ ਨੂੰ ਤਾਂ ਜਗ੍ਹਾ ਸੀ। ਇਕ ਖ਼ਾਨੇ ਦੀਆਂ ਛੇ ਸੀਟਾਂ ਤੇ ਦੋ ਸਿਪਾਹੀ ਜੋ ਗੱਡੀ ਦੀ ਰੋਜ਼ਾਨਾ ਗਸ਼ਤ ਡਿਊਟੀ 'ਤੇ ਸਨ, ਲੱਤਾਂ ਪਸਾਰੀ ਵਿਸੇ ਪਏ ਸਨ।

'ਪਲੀਜ਼...ਜ਼ਰਾ!' ਉਸ ਨੇ ਤਰਲਾ ਕੀਤਾ।

'ਨਹੀਂ ਨਹੀਂ...ਇਹ ਰਿਜ਼ਰਵ ਸੀਟਾਂ ਹਨ, ਸਟਾਫ਼ ਵਾਸਤੇ।' ਬੜੇ ਰੋਹਬਦਾਰ ਦਬਕੇ ਵਾਲਾ ਜੁਆਬ ਸੁਣ ਕੇ ਉਹ ਹੋਰ ਸਵਾਰੀਆਂ ਵਾਂਗ ਰਿੱਝਿਆ ਭੁੱਜਿਆ ਖੜੋ ਗਿਆ। ਉਸ ਨੇ ਦੂਰੋਂ ਵੇਖਿਆ। ਉਹੀ ਕਾਲੇ ਡਰੈੱਸ ਵਾਲੀ, ਕਾਲੀ ਐਨਕ ਵਾਲੀ, ਮੋਢੇ ਪਰਸ ਲਟਕਾਈ ਔਰਤ ਉਸ ਦੀ ਕੈਬਿਨ ਵੱਲ ਵਧ ਰਹੀ ਸੀ।

ਉਸ ਦਾ ਧਿਆਨ ਇਕਦਮ ਆਪਣੇ ਮਾਸਕ ਪਾਸ ਵੱਲ ਗਿਆ। ਜੇਬ ਟੋਹੀ, ਬਾਹਰ ਕੱਢਿਆ, ਵੇਖਿਆ, 'ਹਾਏ ਮਾਰੇ ਗਏ! ਪਾਸ ਦੀ ਤਰੀਕ ਤਾਂ ਕੱਲ੍ਹ ਦੀ ਖ਼ਤਮ ਹੋ ਚੁੱਕੀ ਹੈ...ਇਹ ਤਾਂ ਅੱਜ ਨਵਿਆਉਣ ਵਾਲਾ ਸੀ।' ਟਿਕਟ ਨਾ ਹੋਣ ਦਾ ਡਰ ਹੁਣ ਉਸ ਦੇ ਅੰਦਰ ਚੂਹੇ ਵਾਂਗ ਕੁਤਰ ਕੁਤਰ ਕਰਨ ਲੱਗਾ।

'ਚਲ ਕੋਈ ਨਹੀਂ। ਵੇਖੀ ਜਾਏਗੀ।' ਉਸ ਦਾ ਜੀਅ ਕੀਤਾ, ਗੱਡੀ 'ਚੋਂ ਛਾਲ ਮਾਰ ਦੇਵੇ ਜਾਂ ਡੱਬਾ ਬਦਲ ਲਵੇ। ਪਰ ਇਹ ਨਾ-ਮੁਮਕਿਨ ਸੀ, ਜਾਨ-ਜੋਖਮ ਵਾਲਾ ਕੰਮ ਸੀ।

'ਚਲੋ ਬਹਾਨਾ ਲਗਾਵਾਂਗੇ, ਘਰ ਭੁੱਲ ਗਿਆ, ਚੇਤਾ ਨਹੀਂ ਰਿਹਾ, ਕਹਾਂਗੇ ਚਲੋ ਮੈਡਮ ਜੁਰਮਾਨਾ ਪਾ ਦਿਓ।' ਕਈ ਵੇਰਾਂ ਤਾਂ ਕਈ ਟੀ ਟੀ ਵਿਚਾਰੇ ਆਪੇ ਹੀ ਕਹਿ ਦਿੰਦੇ ਨੇ, 'ਦੋ ਚਾਰ ਪੰਜ ਬਿਨ-ਟਿਕਟ ਮੁਸਾਫ਼ਰ ਦਸ ਦਸ ਰੁਪਏ ਇਕੱਠੇ ਕਰ ਕੇ ਜੁਰਮਾਨੇ ਦੀ ਇਕ ਪਰਚੀ ਕਟਾ ਲਓ,' ਪਰ ਕਈ ਤਾਂ ਬੜੇ ਅੜਬ ਹੁੰਦੇ ਨੇ, ਉਹ ਬੇਇੱਜ਼ਤੀ ਵੀ ਕਰਦੇ ਨੇ ਤੇ ਪੈਸੇ ਵੀ ਪੂਰੇ ਤੇ ਜੁਰਮਾਨਾ ਵੀ ਪੂਰਾ ਵਸੂਲਦੇ ਨੇ। ਕਈ ਸਮੂਲਚੇ ਹੀ ਜੇਬ ਵਿਚ ਪਾ ਜਾਂਦੇ ਨੇ ਤੇ ਪਰਚੀ ਵੀ ਨਹੀਂ ਕੱਟਦੇ। ਕਿੰਨਾ ਚੰਗਾ ਸੀ ਪੁਰਾਣਾ ਜ਼ਮਾਨਾ, ਜਦ ਡੱਬਿਆਂ ਵਿਚ ਦੀ ਉਲਾਂਘਾ ਨਹੀਂ ਸੀ ਹੁੰਦਾ ਤੇ ਇਸ ਤਰ੍ਹਾਂ ਟੀ ਟੀ ਨੂੰ ਦੂਜੇ ਡੱਬੇ ਜਾਣ ਲਈ ਅਗਲੇ ਸਟੇਸ਼ਨ ਦੀ ਉਡੀਕ ਕਰਨੀ ਪੈਂਦੀ ਸੀ ਪਰ ਹੁਣ ਤਾਂ ਵਿੱਚੇ ਵਿਚ ਹੀ ਸਾਰੀ ਗੱਡੀ ਦੇ ਡੱਬੇ ਇਸ ਤਰ੍ਹਾਂ ਜੁੜੇ ਹੋਏ ਨੇ ਕਿ ਇਕ ਪਾਸਿਉਂ ਅਖੀਰ ਤੱਕ ਪਹੁੰਚ ਹੋ ਸਕਦੀ ਹੈ। ਛੋਟੇ ਬੱਚੇ ਹੁੰਦੇ, ਜਦ ਉਹ ਕੈਰੋਂ ਸਕੂਲ ਵਿਚ ਪੜ੍ਹਦਾ ਸੀ, ਉਹ ਸਾਰੇ ਬਿਨ ਟਿਕਟ ਸਫ਼ਰ ਵੀ ਕਰਦੇ ਸਨ ਤੇ ਟੀ ਟੀ ਨੂੰ ਚਿੜਾਉਂਦੇ ਸਨ, ਮਖ਼ੌਲ ਵੀ ਕਰਦੇ ਸਨ। ਇਕ ਦਿਨ ਇਕ ਟੀ ਟੀ ਬਾਹਰ ਦੀ ਦੂਸਰੇ ਡੱਬੇ 'ਚੋਂ ਡੰਡਿਆਂ ਨਾਲ ਚੰਬੜ ਕੇ ਆਪਣੀ ਜਾਨ ਖ਼ਤਰੇ 'ਚ ਪਾ ਕੇ ਉਨ੍ਹਾਂ ਦੇ ਡੱਬੇ ਆਣ ਵੜਿਆ। ਸਾਰੇ ਅੱਠ ਦਸ ਮੁੰਡਿਆਂ ਜਿਨ੍ਹਾਂ ਕੋਲ ਟਿਕਟਾਂ ਜਾਂ ਪਾਸ ਨਹੀਂ ਸਨ, ਦੇ ਬਸਤੇ ਇਕੱਠੇ ਕਰ ਕੇ ਆਪਣੇ ਮੋਢੇ 'ਤੇ ਪਾਈ ਗਿਆ। ਕੈਰੋਂ ਸਟੇਸ਼ਨ 'ਤੇ ਉੱਤਰ ਕੇ ਬੱਚਿਆਂ ਨੇ 'ਜੈ ਬਜਰੰਗ ਬਲੀ' ਜੈਕਾਰੇ ਦੇ ਨਾਲ ਉਸ ਦੇ ਮੋਢਿਆਂ ਤੋਂ ਸਾਰੇ ਬਸਤੇ ਖਿੱਚੇ ਤੇ ਦੌੜ ਗਏ।

ਫਿਰ ਸਕੂਲੇ ਸ਼ਿਕਾਇਤ, ਹੈੱਡਮਾਸਟਰ ਕੇਹਰ ਸਿੰਘ ਵੱਲੋਂ ਡੰਡਾ ਪਰੇਡ ਤੇ ਫਿਰ ਉਸੇ ਟੀ ਟੀ ਦੀ ਹਾਜ਼ਰੀ 'ਚ ਉਨ੍ਹਾਂ ਤੋਂ ਮੁਆਫ਼ੀ! ਦਸ ਦਸ ਬੈਠਕਾਂ ਤੇ ਫਿਰ ਉਸ ਨਾਲ ਸੁਲ੍ਹਾ ਸਫ਼ਾਈ। ਉਨ੍ਹਾਂ ਹੀ ਦਿਨਾਂ 'ਚ ਇਕ ਬਾਮ ਵੇਚਣ ਵਾਲਾ, ਇਸ ਤਰ੍ਹਾਂ ਬਾਹਰ ਲਟਕ ਕੇ ਦੂਸਰੇ ਡੱਬੇ 'ਚ ਜਾਂਦਾ ਡਿੱਗ ਕੇ ਵੱਢਿਆ ਗਿਆ ਸੀ ਵਿਚਾਰਾ...ਵਿਚਾਰਾ ਬਾਮ ਵੇਚਣ ਵਾਲਾ!

'ਪੇਪਰ ਸਾਬਣ ਦੋ ਰੂਪੈ...ਸੁੰਦਰ ਰੁਮਾਲ ਦੋ ਰੂਪੈ...ਰਾਸ਼ੀ ਫਲ ਦੋ ਰੂਪੈ...ਪ੍ਰੇਮ ਮੁੰਦਰੀ ਦੋ ਰੂਪੈ...।' ਉਸ ਦੀ ਮਾਨਸਿਕ ਉਡਾਣ ਇਕ ਅੰਨ੍ਹੇ ਆਦਮੀ ਨੇ ਭੰਗ ਕਰ ਦਿੱਤੀ। ਦੋਹਾਂ ਮੋਢਿਆਂ 'ਤੇ ਦੋ ਵੱਡੇ ਝੋਲੇ ਲਟਕਾਈ ਡੰਗੋਰੀ ਦੇ ਸਹਾਰੇ ਸਮਾਨ ਵੇਚ ਰਿਹਾ ਸੀ। ਟਾਫ਼ੀ, ਕੈਦੇ, ਪੈੱਨ, ਸਾਬਣ ਤੇ ਕਈ ਹੋਰ ਮੁਸਾਫ਼ਰਾਂ ਦੀ ਵਰਤੋਂ ਵਾਲੀਆਂ ਚੀਜ਼ਾਂ। ਲੋਕ ਉਸ 'ਤੇ ਤਰਸ ਕਰਦੇ ਹਮਦਰਦੀ ਪ੍ਰਗਟਾਉਂਦੇ ਉਸ ਦੀ ਤਾਰੀਫ਼ ਕਰਦੇ ਤੇ ਉਸ ਨੂੰ ਪੈਸੇ ਵਟਾਉਂਦੇ।

'ਬਾਬਾ ਜੀ ਏਕ ਰੂਪੈ...ਭਾਈ ਜੀ ਏਕ ਰੂਪੈ।' ਹੱਥ 'ਚ ਡੰਗੋਰੀ ਫੜੀ ਇਕ ਹੋਰ ਮੰਗਤਾ ਉਸ ਦੇ ਪਿੱਛੇ ਆ ਗਿਆ। ਉਨ੍ਹਾਂ ਦੀ ਆਵਾਜ਼ ਨੇ ਪਲ ਹੀ ਪਲ ਉਸ ਦੀ ਮਾਨਸਿਕਤਾ ਨੂੰ ਟੀ ਟੀ ਦੇ ਡਰ ਤੋਂ ਮੁਕਤ ਕੀਤਾ।

ਉਹ ਜਲੇਬੀ ਜੂੜੇ ਵਾਲੀ ਔਰਤ ਡੱਬੇ ਦੇ ਵਿਚਕਾਰ ਆਣ ਪਹੁੰਚੀ। ਉਸ ਦੇ ਹੱਥਾਂ 'ਚ ਕਿੰਨੇ ਸਾਰੇ ਨੋਟ ਉਸ ਨੇ ਉਂਗਲਾਂ ਵਿਚ ਫਸਾਏ ਹੋਏ ਸਨ ਤੇ ਹੋਰ ਇਕੱਠੇ ਕਰ ਰਹੀ ਸੀ।

'ਹੈ...ਤੇਰੇ ਦੀ...।' ਇਹ ਤਾਂ ਖੁਸਰਾ ਹੈ।

ਉਸ ਦੀ ਜਾਨ 'ਚ ਜਾਨ ਆਈ। ਖੁਸਰੇ ਨੇ ਹੱਥਾਂ ਦੀ ਚਟੋਕੀ ਮਾਰ ਕੇ ਦੋਹਾਂ ਹੱਥਾਂ ਦੀਆਂ ਤਲੀਆਂ ਨਾਲ ਗਿੱਧਾ ਪਾ ਕੇ ਆਪਣੇ ਖੁਸਰੇ-ਪਨ ਦਾ ਵਿਖਾਵਾ ਕੀਤਾ।

'ਵੇ ਛੇਤੀ ਕਰ ਰਾਂਝਿਆ।' ਨਾਲ ਖੜੇ ਫ਼ੌਜੀ ਜੁਆਨ ਨੂੰ ਚੂੰਡੀ ਜਿਹੀ ਵੱਢ ਕੇ ਉਸ ਵੱਲ ਹੱਥ ਫੈਲਾਏ। ਫ਼ੌਜੀ ਨੇ ਝਕਦੇ ਝੇਂਪਦੇ ਦਸ ਦਾ ਨੋਟ ਕੱਢ ਕੇ ਉਸ ਦੀ ਤਲੀ 'ਤੇ ਰੱਖ ਦਿੱਤਾ। ਉਸ ਦਾ ਟੌਹਰ-ਟੱਪਾ ਵੇਖ ਕੇ ਨਵੀਆਂ ਸਵਾਰੀਆਂ ਤਾਂ ਅਚੰਭਿਤ ਹੋਈਆਂ ਪਰ ਪੁਰਾਣੇ ਰੋਜ਼ਾਨਾ ਮੁਸਾਫ਼ਰਾਂ ਲਈ ਉਹ ਨਵਾਂ ਨਹੀਂ ਸੀ, ਬੇਸ਼ੱਕ ਉਸ ਦੇ ਇਸ ਬਹੁਰੂਪੀਏ ਸ਼ਕਲ ਵਿਚ ਉਸ ਦਿਨ ਪਹਿਲੀ ਵੇਰਾਂ ਵੇਖਿਆ ਸੀ। ਉਹ ਫਿਰ ਅਗਲੀ ਕੈਬਿਨ 'ਚ ਬੈਠੀ ਇਕ ਨਵੀਂ ਵਿਆਹੀ ਜੋੜੀ ਦੇ ਉਦਾਲੇ ਜਾ ਹੋਈ ਜਾਂ ਹੋਇਆ।

'ਜੋੜੀ ਜੀਵੇ ਜੁੱਗ ਚਾਰੇ।' ਉਸ ਨੇ ਗਿੱਧਾ ਪਾ ਕੇ ਆਸ਼ੀਰਵਾਦ ਦਿੱਤਾ। ਪਰ ਉਹ ਚੁੱਪ-ਚਾਪ ਉਸ ਵੱਲ ਵੇਖਦੇ ਰਹੇ।

'ਕੀ ਗੱਲ ਸੋਹਣਿਆ! ਕੱਢ ਕੇ ਲਿਆਇਆ? ਤੈਨੂੰ ਸੱਪ ਹੀ ਸੁੰਘ ਗਿਆ।' ਉਸ ਨੇ ਹੱਥ ਮਟਕਾਉਂਦੇ ਉੱਚੀ ਸਾਰੀ ਕਟਾਖਸ਼ ਕਰ ਕੇ ਕਈ ਸਵਾਰੀਆਂ ਦੇ ਮੂੰਹੀਂ ਹਾਸਾ ਤੁੰਨ ਦਿੱਤਾ।

ਪਿਛਲੀ ਸੀਟਾਂ 'ਤੇ ਬੈਠਾ ਉਨ੍ਹਾਂ ਦਾ ਬਾਪ ਲਗਦਾ ਪੜ੍ਹਿਆ ਲਿਖਿਆ ਬਾਬੂ ਉੱਠ ਕੇ ਆ ਧਮਕਿਆ। ਉਹ ਖੁਸਰੇ ਨੂੰ ਘੂਰਨ ਲੱਗਾ ਤੇ ਅਵਾ-ਤਵਾ ਬੋਲਣ ਲੱਗਾ।

'ਕੀ ਓਏ ਬਾਬੂ ਤੈਨੂੰ ਚਮੂਣੇ ਲੜਨ ਲੱਗੇ ਨੇ...ਤੇਰਾ ਆਪਣਾ ਈ ਕਿ ਹਰਾਮ ਦਾ? ਏਨਾ ਗੁੱਸਾ ਕਰਦਾ? ਛੇਤੀ ਕਰ! ਇਕ ਸੌ ਇੱਕੀ ਦੇ ਦੇ, ਨਹੀਂ ਤਾਂ...।'

'ਨਹੀਂ 'ਤੇ ਕੀ ਓਏ...?' ਬਾਬੂ ਦੇ ਗੁੱਸੇ ਨਾਲ ਬੁੱਲ੍ਹ ਕੰਬਣ ਲੱਗੇ।

'ਨਹੀਂ 'ਤੇ ਇਨ੍ਹਾਂ ਨੂੰ ਵੀ ਲੈਜਾਂਗੇ...ਖੁਸਰੇ ਬਣਾ ਲਵਾਂਗੇ...।'

ਖੁਸਰੇ ਨੇ ਹੱਥਾਂ ਦੀ ਜ਼ੋਰ ਦੀ ਚਟਾਕੀਆਂ ਮਾਰੀਆਂ ਤੇ ਉਸ ਦੇ ਮੋਟੇ ਲੰਮੇ ਦੰਦਾਂ 'ਚੋਂ ਹਾਸੇ ਦਾ ਛਣਕਾਟਾ ਫੁੱਟ ਤੁਰਿਆ।

'ਛੋੜੋ ਬਾਬੂ ਜੀ! ਇਨ੍ਹਾਂ ਨਾਲ ਕੀ ਝਗੜਾ? ਇਨ੍ਹਾਂ ਨੂੰ ਤਾਂ ਰੱਬੋਂ ਹੀ ਮਾਰ ਵਗੀ ਪਈ ਹੈ, ਜੇ ਪੰਜ ਦਸ ਦੇਣੇ ਤੇ ਦਿਓ ਨਹੀਂ ਤੇ ਹੱਥ ਜੋੜ ਦਿਓ?' ਇਕ ਸਿਆਣੀ ਸਵਾਰੀ ਨੇ ਸਾਲਸੀ ਕਰਨ ਦੀ ਕੋਸ਼ਿਸ਼ ਕੀਤੀ।

ਇਕ ਖ਼ਾਨੇ ਵਿਚ ਸੱਤ ਅੱਠ ਰੋਜ਼ਾਨਾ ਮੁਸਾਫ਼ਰ ਜੋ ਇਹ ਖਾਨਾ ਧੁਰ ਤੋਂ ਹੀ ਆਪਣੇ ਆੜੀਆਂ ਲਈ ਹੀ ਮੱਲ ਕੇ ਲਿਆਉਂਦੇ ਸਨ, ਤਾਸ਼ ਖੇਲ੍ਹਦੇ ਤੇ ਹੋ-ਹੋਲਾ ਕਰਦੇ, ਰੰਗ ਬਿਰੰਗੇ ਸੰਵਾਦ ਰਚਾਉਂਦੇ, ਜੂਆ ਖੇਲ੍ਹਦੇ, ਮੇਰੇ ਵਰਗਿਆਂ ਦੀ ਚਿੜ ਦਾ ਕਾਰਨ ਬਣਦੇ...ਪਰ ਉਹ ਆਪਣੇ ਨੇਮ ਅਨੁਸਾਰ ਆਪਣਾ ਭੁਸ ਪੂਰਾ ਕਰ ਰਹੇ ਸਨ।

'ਨਹੀਂ ਨਹੀਂ! ਹੱਥ ਨਹੀਂ ਜੁੜਾਉਣੇ! ਅਸੀਂ ਤਾਂ ਦੋ ਸੌ ਇਕਵੰਜਾ ਹੀ ਲੈਣੇ ਨੇ।' ਖੁਸਰਾ ਬਜ਼ਿਦ ਹੋ ਗਿਆ। ਉਸ ਦੀ ਜ਼ਿਦ ਤੇ ਢੀਠਪੁਣੇ ਨੇ ਬਾਬੂ ਦੇ ਪੈਰ ਹਲੂਣ ਦਿੱਤੇ। ਉਸ ਨੇ ਸੌ ਦਾ ਨੋਟ ਕੱਢ ਕੇ ਹੱਥ ਜੋੜ ਦਿੱਤੇ ਤੇ ਉਹ ਨਵੀਂ ਜੋੜੀ ਦੇ ਮੱਥੇ ਲਾ ਕੇ ਮੱਥਾ ਚੁੰਮਦੀ।

'ਜੋੜੀ ਜੀਵੇ ਜੁੱਗ ਚਾਰ!...ਅਗਲੇ ਸਾਲ ਜੌੜੇ ਲੈ ਕੇ ਆਇਓ ਸਰਦਾਰ।' ਕਹਿੰਦੀ ਭੀੜ ਨੂੰ ਚੀਰਦੀ ਅੱਗੇ ਵਧ ਗਈ। ਨੁੱਕਰ 'ਚ ਖੜੇ ਸਿਪਾਹੀ ਨਾਲ ਅੱਖਾਂ ਚਾਰ ਕੀਤੀਆਂ, ਹੱਥ ਮਿਲਾਇਆ।'

'ਲੈ ਭਾਈ! ਥਾਣੇਦਾਰਾ! ਤੂੰ ਵੀ ਕੀ ਯਾਦ ਕਰੇਂਗਾ। ਤੂੰ ਵੀ ਤਾਂ ਬਰਾਬਰ ਦਾ ਹਿੱਸੇਦਾਰ ਹੈਂ, ਤੇਰੇ ਬਿਨਾ ਤਾਂ ਅਸੀਂ ਅਸਲੀ ਖੁਸਰੇ ਬਣ ਹੀ ਨਹੀਂ ਸਕਦੇ।'

ਇਕ ਸਿਪਾਹੀ ਪਿਛਲੇ ਡੱਬੇ ਵੱਲੋਂ ਇਕ ਆਦਮੀ ਨੂੰ ਘੇਰੀ ਲਿਆ ਰਿਹਾ ਹੈ ਤੇ ਆਪਣੇ ਹੌਲਦਾਰ ਕੌਲ ਆ ਕੇ ਨਿੰਮੋਝੂਣਾ ਜਿਹਾ ਹੋ ਜਾਂਦਾ ਹੈ।

'ਇਹ ਵੀ ਸਾਲਾ ਅੱਜ ਖਾਲੀ ਹੱਥੀਂ ਆ ਗਿਆ। ਔਹ ਵੇਖ ਤੇਰੀ ਜਾਨ ਨੂੰ ਰੋਂਦੇ ਸਾਡੇ ਨਾਲ ਖਾਹਮਖਾਹ ਔਖੇ ਹੋ ਰਹੇ ਨੇ ਵੱਡੇ ਘਰਾਂ ਦੇ ਕਾਕੇ ਕਾਕੀਆਂ...।' ਇਕ ਸਿਪਾਹੀ ਨੇ ਪਰੇ ਪਖਾਨੇ ਕੋਲ ਖੜੀ ਮੁੰਡੇ ਕੁੜੀਆਂ ਦੀ ਢਾਣੀ ਵੱਲ ਇਸ਼ਾਰਾ ਕਰਦੇ ਕਹੀ।

'ਅੱਜ ਦਾ ਸਾਰ ਦੇ ਥੋੜਾ ਜਿਹਾ...ਵੀਰ ਬਣ ਕੇ।' ਹੌਲਦਾਰ ਨੇ ਤਰਲਾ ਜਿਹਾ ਕੀਤਾ। ਉਸ ਅਪਰਾਧੀ ਲਗਦੇ ਮੁੰਡੇ ਨੇ ਜੇਬ ਟੋਹੀ।

'ਹਾਂ...ਹਾਂ ਅੱਜ ਦਾ ਸਰ ਜਾਏਗਾ ਕੁੱਝ ਕੁੱਝ...।'

ਉਸ ਨੇ ਜੇਬ ਵਿਚੋਂ ਇਕ ਪੁੜੀ ਜਿਹੀ ਕੱਢ ਕੇ ਹੌਲਦਾਰ ਨੂੰ ਫੜਾਈ। ਗਿਰਝਾਂ ਵਾਂਗ ਝਾਕਦੇ ਮੁੰਡੇ ਕੁੜੀਆਂ ਤੇ ਨਾਲੇ ਹੌਲਦਾਰ ਦੀਆਂ ਵੀ ਵਰਾਛਾਂ ਖਿੜ ਗਈਆਂ। ਜਿਵੇਂ ਡੁੱਬਦੇ ਨੂੰ ਤਿਣਕੇ ਦਾ ਸਹਾਰਾ। ਉਨ੍ਹਾਂ ਦੇ ਚਿਹਰਿਆਂ 'ਤੇ ਰੌਣਕ ਪਰਤ ਆਈ।

'ਸਮੈਕ ਹੈ ਇਹ, ਵੇਖੋ ਕਿਵੇਂ ਮੁਰਦਿਆਂ ਵਿਚ ਜਾਨ ਪਾ ਦਿੰਦੀ ਹੈ।'

ਹੌਲਦਾਰ ਉੱਠ ਕੇ ਉਨ੍ਹਾਂ ਕੋਲ ਚਲਾ ਗਿਆ। ਉਹ ਸਾਰੇ ਮੁਰਦੇ-ਹਾਣੀ 'ਚ ਘਿਰੇ 'ਬਾਬੂ ਜੀ!' ਲੜਕੀ ਨੇ ਭਾਨ ਵਾਲਾ ਠੂਠਾ ਛਣਕਾਉਂਦੇ ਉਸ ਅੱਗੇ ਕਰ ਦਿੱਤਾ।

'ਦਿਆਂਗਾ ਜ਼ਰੂਰ! ਇਕ ਰੁਪਿਆ! ਪਰ ਤੁਹਾਡੀ ਫ਼ੋਟੋ ਖਿੱਚਾਂਗਾ ਪਹਿਲਾਂ!' ਬਾਬੂ ਨੇ ਬੈਗ 'ਚੋਂ ਕੈਮਰਾ ਕੱਢ ਲਿਆ।

'ਤੇਰੀ ਫ਼ੋਟੋ ਅਖ਼ਬਾਰ ਵਿਚ ਛਪਾਵਾਂਗਾ।' ਪੱਤਰਕਾਰ ਲਗਦੇ ਉਸ ਬਾਬੂ ਨੇ ਕਲਿੱਕ ਕਰਕੇ ਉਨ੍ਹਾਂ ਦੀ ਮੋਮੈਂਟ ਕੈਮਰੇ ਵਿਚ ਬੰਦ ਕਰ ਲਈ।

'ਸਰਕਾਰ ਜਿੰਨੇ ਮਰਜ਼ੀ ਕਾਨੂੰਨ ਬਣਾਵੇ ਬਾਲ ਮਜ਼ਦੂਰੀ ਬਾਰੇ, ਸਾਨੂੰ ਮਜ਼ਦੂਰੀ ਨਹੀਂ ਕਰਨ ਦੇਣੀ ਤਾਂ ਏਦਾਂ ਹੀ ਸਹੀ।' ਫ਼ੋਟੋ ਦੇ ਨਾਲ ਛਪੇਗੀ...ਵਾਹ ਕਿੰਨਾ ਮਜ਼ਾ ਆਏਗਾ। ਬਾਬੂ ਨੂੰ ਜਿਵੇਂ ਨਵਾਂ ਮਜ਼ਮੂਨ ਮਿਲ ਗਿਆ, ਉਹ ਖ਼ੁਸ਼ ਸੀ।

'ਦਿਓ ਨਾ ਬਾਬੂ ਜੀ।' ਲੜਕੀ ਨੇ ਫਿਰ ਕੌਲਾ ਛਣਕਾਇਆ। ਉਸ ਨੇ ਇਕ ਰੁਪਿਆ ਕੱਢ ਕੇ ਕੌਲੇ 'ਚ ਪਾ ਦਿੱਤਾ।

'ਨਹੀਂ ਬਾਬੂ ਜੀ। ਏਕ ਨਹੀਂ ਦੋ...।'

'ਦੋ ਕਾਹੇ ਕੇ ਭਾਈ?'

'ਏਕ ਹਮਾਰਾ, ਔਰ ਏਕ ਉਸ ਫੋਟੂ ਕਾ...।' ਉਸ ਨੇ ਦੋ ਰੂਪੈ ਦੇ ਕੇ ਉਨ੍ਹਾਂ ਨੂੰ ਵਿਦਾ ਕੀਤਾ।

ਗੱਡੀ ਮੱਧਮ ਹੋਈ ਤੇ ਬਰੇਕਾਂ ਦੀ ਚੀਕ ਚੀਕ ਆਵਾਜ਼ ਨਾਲ ਖੜੀ ਹੋ ਗਈ। ਇਹ ਫਿਲੌਰ ਸਟੇਸ਼ਨ ਸੀ। ਬਾਹਰੋਂ ਤਾਕੀ ਵਿਚੋਂ ਇਕ ਕੁਲੀ ਨੇ ਸਿਪਾਹੀ ਨਾਲ ਹੱਥ ਮਿਲਾਇਆ। ਉਸ ਦੇ ਕੰਨ ਵਿਚ ਕੁੱਝ ਕਿਹਾ ਤੇ ਦੋ ਸਵਾਰੀਆਂ ਆ ਕੇ ਸਿਪਾਹੀਆਂ ਦੀਆਂ ਖਾਲੀ ਸੀਟਾਂ 'ਤੇ ਬੈਠ ਗਈਆਂ।

'ਇਹ ਸਾਹਿਬ ਦੀਆਂ ਸਿਫ਼ਾਰਸ਼ੀ

*(ਬਾਕੀ ਅਗਲੇ ਸਫੇ 'ਤੇ)*

# ਕੰਮਕਾਜੀ ਔਰਤਾਂ ਕਿਉਂ ਛੱਡ ਰਹੀਆਂ ਹਨ ਨੌਕਰੀਆਂ?

ਕੰਮਕਾਜੀ ਔਰਤਾਂ ਸਬੰਧੀ ਛਪੇ ਇੱਕ ਸਰਵੇਖਣ ਅਨੁਸਾਰ 131 ਦੇਸ਼ਾਂ ਦੀ ਸੂਚੀ ਵਿਚ ਭਾਰਤ ਦੀ ਕੰਮਕਾਜੀ ਔਰਤਾਂ ਦੀ ਭਾਗੀਦਾਰੀ 'ਚ 120ਵੀਂ ਥਾਂ ਹੈ। ਬਹੁਤ ਸਾਰੀਆਂ ਕੰਮਕਾਜੀ ਔਰਤਾਂ ਨੌਕਰੀਆਂ ਛੱਡ ਰਹੀਆਂ ਹਨ। ਵਿਚਕਾਰਲੀਆਂ ਪ੍ਰਬੰਧਨ ਨੌਕਰੀਆਂ ਨੂੰ ਤਿਲਾਂਜਲੀ ਦੇਣ ਵਾਲੀਆਂ ਔਰਤਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਜਾਂ ਜ਼ਿਆਦਾ ਹੈ।



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਪੁਰਸ਼ ਪ੍ਰਧਾਨ ਭਾਰਤੀ ਸਮਾਜ 'ਚ ਔਰਤਾਂ ਦੀ ਸ਼ਖ਼ਸੀ ਆਜ਼ਾਦੀ ਦਾ ਪਹੀਆ ਉਲਟਾ ਘੁੰਮ ਰਿਹਾ ਹੈ। ਪੁਰਸ਼ਾਂ ਦੀ ਜਕੜ ਹੋਰ ਪੱਕੀ-ਪੀਡੀ ਹੋ ਰਹੀ ਹੈ। ਸਾਲ 2005 ਵਿਚ ਔਰਤਾਂ ਦੀ ਨੌਕਰੀਆਂ 'ਚ ਹਿੱਸੇਦਾਰੀ 27 ਫ਼ੀਸਦੀ ਸੀ, ਜਿਹੜੀ ਡਿੱਗ ਕੇ ਹੁਣ 23 ਫ਼ੀਸਦੀ ਰਹਿ ਗਈ ਹੈ ਜਦਕਿ ਔਰਤਾਂ ਪੜ੍ਹਾਈ ਦੇ ਖੇਤਰ 'ਚ ਲਗਾਤਾਰ ਅੱਗੇ ਵਧ ਰਹੀਆਂ ਹਨ, ਵੱਡੀਆਂ ਡਿਗਰੀਆਂ ਪ੍ਰਾਪਤ ਕਰ ਰਹੀਆਂ ਹਨ, ਨੌਕਰੀਆਂ ਲਈ ਮੁਕਾਬਲੇ ਦੇ ਇਮਤਿਹਾਨਾਂ 'ਚ ਮੋਹਰੀ ਥਾਂ ਬਣਾ ਰਹੀਆਂ ਹਨ।

ਮੱਧ ਵਰਗੀ ਕੰਮਕਾਜੀ ਔਰਤਾਂ ਦੇ ਨੌਕਰੀ ਛੱਡਣ ਦੇ ਬੁਨਿਆਦੀ ਕਾਰਨਾਂ 'ਚ ਸਭ ਤੋਂ ਪ੍ਰਮੁੱਖ ਹੈ ਕਿ ਦੇਸ਼ ਵਿਚ ਮਾਹਿਰ ਪੁਰਸ਼ਾਂ ਅਤੇ ਔਰਤਾਂ 'ਚ ਬਰਾਬਰ ਦੀ ਕੁਸ਼ਲਤਾ ਹੋਣ 'ਤੇ ਵੀ ਉਨ੍ਹਾਂ ਨੂੰ ਬਰਾਬਰ ਦੀ ਤਨਖਾਹ ਨਹੀਂ ਮਿਲਦੀ ਜਾਂ ਉਨ੍ਹਾਂ ਨੂੰ ਨੌਕਰੀਆਂ 'ਚ ਬਰਾਬਰ ਦੇ ਮੌਕੇ ਨਹੀਂ ਮਿਲਦੇ ਅਤੇ ਨਾ ਹੀ ਬਰਾਬਰ ਦੀਆਂ ਤਰੱਕੀਆਂ ਮਿਲਦੀਆਂ ਹਨ। ਦੂਜਾ ਯੌਨ ਹਿੰਸਾ ਦਾ ਜੋਖਮ ਹੈ, ਜਿਸ 'ਚ ਭਾਰਤ ਮੋਹਰੀ ਦੇਸ਼ਾਂ ਵਿਚੋਂ ਇੱਕ ਹੈ। ਲਿੰਗਕ ਨਾ-ਬਰਾਬਰੀ ਵਾਲਾ ਪੁਰਸ਼ ਪ੍ਰਧਾਨ ਭਾਰਤੀ ਸਮਾਜ ਚਾਹੁੰਦਾ ਹੈ ਕਿ ਔਰਤਾਂ ਘਰ 'ਚ ਰਹਿਣ। ਉਨ੍ਹਾਂ ਦਾ ਮੁੱਖ ਕੰਮ ਘਰ ਦੀ ਚਾਰ-ਦੀਵਾਰੀ ਅੰਦਰ ਹੈ। ਰੰਗਰਊ ਮਰਦ ਚਾਹੁੰਦੇ ਹਨ ਕਿ ਔਰਤਾਂ ਰਸੋਈ 'ਚ ਕੰਮ ਕਰਨ, ਬੱਚਿਆਂ ਦੀ ਦੇਖਭਾਲ ਕਰਨ ਅਤੇ ਸਿਰਫ਼ ਕੰਮ ਚਲਾਊ ਸਿੱਖਿਆ ਹੀ ਹਾਸਲ ਕਰਨ।

ਭਾਵੇਂ ਕਿ ਸੰਯੁਕਤ ਰਾਸ਼ਟਰ ਪੁਰਸ਼ਾਂ ਤੇ ਔਰਤਾਂ ਦੀ ਬਰਾਬਰੀ ਦੀ ਗੱਲ ਕਰਦਾ ਹੈ ਪਰ ਇਸ ਸਭ ਦੇ ਬਾਵਜੂਦ ਵੀ ਵਿਸ਼ਵ ਭਰ 'ਚ 2.7 ਅਰਬ ਲੋਕਾਂ ਤੋਂ ਵੀ ਵੱਧ ਔਰਤਾਂ ਕਾਨੂੰਨੀ ਰੂਪ ਵਿਚ ਪੁਰਸ਼ਾਂ ਦੇ ਬਰਾਬਰ ਨੌਕਰੀਆਂ ਦੀ ਚੋਣ ਤੋਂ ਬਾਹਰ ਹਨ। ਬਹੁਤ ਸਾਰੇ ਦੇਸ਼ ਦੁਨੀਆ ਭਰ 'ਚ ਇਹੋ ਜਿਹੇ ਹਨ, ਜਿੱਥੇ ਔਰਤਾਂ ਨੂੰ ਨੌਕਰੀਆਂ ਕਰਨ 'ਤੇ ਪਾਬੰਦੀ ਹੈ। ਇਥੇ ਹੀ ਬੱਸ ਨਹੀਂ ਦੁਨੀਆ 'ਚ 59 ਦੇਸ਼ ਅਜਿਹੇ ਹਨ, ਜਿੱਥੇ ਜਿਨਸੀ ਸ਼ੋਸ਼ਣ ਸਬੰਧੀ ਕੋਈ ਕਾਨੂੰਨ ਹੀ ਨਹੀਂ ਹੈ। ਵਿਸ਼ਵ ਪੱਧਰ 'ਤੇ ਔਰਤਾਂ ਨੂੰ ਪੁਰਸ਼ਾਂ ਦੇ ਬਰਾਬਰ ਤਨਖਾਹ ਨਹੀਂ ਮਿਲਦੀ। 40 ਫ਼ੀਸਦੀ ਔਰਤਾਂ ਇਹੋ ਜਿਹੀਆਂ ਹਨ ਜਿਨ੍ਹਾਂ ਨੂੰ ਸਮਾਜਿਕ ਸੁਰੱਖਿਆ ਨਹੀਂ ਹੈ। ਦੁਨੀਆਂ ਭਰ 'ਚ ਸਿਰਫ਼ 58 ਫ਼ੀਸਦੀ ਔਰਤਾਂ ਦੀ ਹੀ ਬੈਂਕਾਂ ਆਦਿ ਤੱਕ ਪਹੁੰਚ ਹੈ। ਕੰਮਕਾਜੀ ਦੁਨੀਆ 'ਚ ਛੋਟੀਆਂ, ਵੱਡੀਆਂ, ਬਜ਼ੁਰਗ, ਪੜ੍ਹੀਆਂ, ਲਿਖੀਆਂ, ਅਨਪੜ੍ਹ ਹਰ ਵਰਗ ਦੀਆਂ ਔਰਤਾਂ ਦਾ ਕੰਮਾਂ ਦੀ ਥਾਂ 'ਤੇ ਸ਼ੋਸ਼ਣ ਅਤੇ ਕਈ ਹਾਲਤਾਂ 'ਚ ਜਿਨਸੀ ਸ਼ੋਸ਼ਣ ਹੁੰਦਾ ਹੈ।

ਅੰਤਰਰਾਸ਼ਟਰੀ ਲੇਬਰ ਸੰਗਠਨ ਦੀ ਇੱਕ ਰਿਪੋਰਟ ਪੜ੍ਹਨ ਵਾਲੀ ਹੈ, ਜੋ ਦਰਸਾਉਂਦੀ ਹੈ ਕਿ ਦੁਨੀਆ ਦੇ 64 ਦੇਸ਼ਾਂ ਦੀਆਂ ਸਾਰੀਆਂ ਔਰਤਾਂ ਰੋਜ਼ਾਨਾ 1640 ਕਰੋੜ ਘੰਟੇ ਬਿਨਾਂ ਉਜਰਤ ਕੰਮ ਕਰਦੀਆਂ ਹਨ। ਦੁਨੀਆ ਦੀਆਂ 25.8 ਕਰੋੜ ਪ੍ਰਵਾਸੀਆਂ ਵਿਚੋਂ ਲਗਭਗ 50 ਫ਼ੀਸਦੀ ਕੰਮਕਾਜੀ ਔਰਤਾਂ ਹਨ ਜੋ ਆਪਣੇ ਦੇਸ਼ਾਂ ਤੋਂ ਬਾਹਰ ਰਹਿੰਦੀਆਂ ਹਨ। ਇਨ੍ਹਾਂ ਔਰਤਾਂ ਨੂੰ ਬਿਹਤਰ ਰੁਜ਼ਗਾਰ ਪ੍ਰਾਪਤੀ ਲਈ, ਰੂੜ੍ਹੀਵਾਦੀ ਸੋਚ ਦਾ ਸ਼ਿਕਾਰ ਹੋਣਾ ਪੈਂਦਾ ਹੈ। ਉਨ੍ਹਾਂ ਦੀ ਨੌਕਰੀਆਂ 'ਚ ਚੋਣ ਅਤੇ ਅੱਗੋਂ ਕੰਮ ਕਰਨ 'ਚ ਇਹ ਸੋਚ ਰੁਕਾਵਟ ਬਣਦੀ ਹੈ।

ਪ੍ਰਾਪਤ ਜਾਣਕਾਰੀਆਂ, ਸਰਵੇਖਣ, ਰਿਪੋਰਟਾਂ ਦੱਸਦੀਆਂ ਹਨ ਕਿ ਭਾਰਤ ਵਿਚ ਕੰਮਕਾਜ ਵਿਚ ਔਰਤਾਂ ਦੀ ਹਿੱਸੇਦਾਰੀ ਵਿਚ ਲਗਾਤਾਰ ਗਿਰਾਵਟ ਆ ਰਹੀ ਹੈ। ਇਸਦਾ ਮੁੱਖ ਕਾਰਨ ਅਰਥ ਵਿਵਸਥਾ ਦੇ ਸੰਕਟ ਨਾਲ ਜੁੜਿਆ ਹੋਇਆ ਹੈ, ਕਿਉਂਕਿ ਵੱਡੀ ਗਿਣਤੀ ਔਰਤਾਂ ਕੋਲ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਕੰਮ ਹੀ ਕੋਈ ਨਹੀਂ ਅਤੇ ਉਨ੍ਹਾਂ ਦੀ ਕੰਮ-ਸ਼ਕਤੀ ਅਜਾਈਂ ਜਾ ਰਹੀ ਹੈ।

ਇਸੇ ਤਰ੍ਹਾਂ ਘਰੇਲੂ ਦਬਾਅ ਕਾਰਨ ਨੌਕਰੀਪੇਸ਼ਾ ਭਾਰਤੀ ਔਰਤਾਂ ਹਰ ਸਮੇਂ ਮਾਨਸਿਕ ਅਤੇ ਸਰੀਰਕ ਰੂਪ 'ਚ ਥੱਕੀਆਂ ਮਹਿਸੂਸ ਕਰਦੀਆਂ ਹਨ। ਭਾਰਤੀ ਔਰਤਾਂ ਉਤੇ ਘਰੇਲੂ ਜ਼ਿੰਮੇਵਾਰੀਆਂ ਦਾ ਭਾਰੀ ਬੋਝ ਰਹਿੰਦਾ ਹੈ। ਸਹੁਰੇ ਘਰਾਂ 'ਚ ਨਿਵਾਸ ਕਰਦੀਆਂ ਸਾਂਝੇ ਪਰਿਵਾਰ 'ਚ ਰਹਿੰਦੀਆਂ ਕੰਮਕਾਜੀ ਔਰਤਾਂ ਉਤੇ ਤਾਂ ਮਾਨਸਿਕ ਦਬਾਅ ਹੋਰ ਵੀ ਵਧਿਆ ਰਹਿੰਦਾ ਹੈ। ਵੇਖਣ ਵਿਚ ਤਾਂ ਇਹ ਵੀ ਆਉਂਦਾ ਹੈ ਕਿ ਰੂੜ੍ਹੀਵਾਦੀ ਸੋਚ ਵਾਲੇ ਲੋਕ ਔਰਤਾਂ ਨੂੰ ਨੌਕਰੀ ਕਰਨ ਦੇ ਹੱਕ 'ਚ ਨਹੀਂ ਰਹਿੰਦੇ। ਭਾਰਤ ਵਿਚ ਪਿਛਲੇ ਇਕ ਦਹਾਕੇ 'ਚ 1096 ਕਰੋੜ ਔਰਤਾਂ ਨੇ ਨੌਕਰੀਆਂ ਗੁਆਈਆਂ ਜਾਂ ਛੱਡੀਆਂ ਹਨ। ਇੰਜੀਨੀਅਰਿੰਗ ਤੇ ਮੈਡੀਕਲ ਖੇਤਰਾਂ 'ਚ ਔਰਤਾਂ ਦਾ 30 ਤੋਂ 45 ਫੀਸਦੀ ਤੱਕ, ਆਈ.ਆਈ.ਟੀ. ਖੇਤਰ 'ਚ ਪ੍ਰਵੇਸ਼ ਸਮੇਂ 20.8 ਫ਼ੀਸਦੀ ਅੱਛਾ ਖਾਸਾ ਪ੍ਰੀਖਿਆ ਯੋਗਤਾ ਪਾਸ ਕਰਨ 'ਚ ਹਿੱਸੇਦਾਰੀ ਹੁੰਦੀ ਹੈ ਪਰ ਨੌਕਰੀ ਵੇਲੇ ਤਾਂ ਆਈ.ਆਈ.ਟੀ. ਹਿੱਸੇਦਾਰੀ 8 ਤੋਂ 9 ਫ਼ੀਸਦੀ ਹੀ ਰਹਿ ਜਾਂਦੀ ਹੈ। ਅਸਲ 'ਚ ਵਿਆਹ ਵੇਲੇ ਪੁਰਸ਼ ਸ਼ਰਤ ਹੀ ਇਹ ਲਾਉਂਦੇ ਹਨ ਕਿ ਉਨ੍ਹਾਂ ਦੀ ਘਰਵਾਲੀ ਨੌਕਰੀ ਨਹੀਂ ਕਰੇਗੀ।



ਅੱਜ ਔਰਤਾਂ ਉਦਯੋਗ, ਪ੍ਰਸ਼ਾਸਨ, ਰਾਜਨੀਤੀ ਆਦਿ ਸਭ ਥਾਈਂ ਕੰਮ ਕਰਦੀਆਂ ਹਨ। ਨੌਕਰੀਆਂ ਕਾਰਨ ਜਦੋਂ ਇੱਕ ਪਾਸੇ ਉਨ੍ਹਾਂ ਦੇ ਹਾਲਾਤ ਵਿਚ ਤਬਦੀਲੀ ਵੇਖਣ ਨੂੰ ਮਿਲ ਰਹੀ ਹੈ, ਪਰ ਉਨ੍ਹਾਂ ਦੀਆਂ ਸਮੱਸਿਆਂਵਾਂ ਵੀ ਵਧ ਰਹੀਆਂ ਹਨ ਕਿਉਂਕਿ ਨੌਕਰੀਆਂ ਕਾਰਨ ਔਰਤਾਂ ਨੂੰ ਘਰੋਂ ਬਾਹਰ ਰਹਿਣਾ ਪੈਂਦਾ ਹੈ। ਸਿੱਟੇ ਵਜੋਂ ਉਨ੍ਹਾਂ ਉਤੇ ਮਾਨਸਿਕ ਅਤੇ ਸਰੀਰਕ ਬੋਝ ਵਧਦਾ ਹੈ। ਕਈ ਹਾਲਤਾਂ ਵਿਚ ਜਦੋਂ ਉਨ੍ਹਾਂ 'ਤੇ ਨੌਕਰੀ ਦਾ ਭਾਰ ਵਧਦਾ ਹੈ ਤਾਂ ਪਰਿਵਾਰਕ ਸਥਿਤੀ ਡਾਵਾਂਡੋਲ ਹੁੰਦੀ ਹੈ। ਵੱਡੀ ਗਿਣਤੀ ਔਰਤਾਂ ਦਾ ਨੌਕਰੀ ਆਪਣੀ ਆਜ਼ਾਦੀ ਅਤੇ ਚੰਗੀ ਪਛਾਣ ਲਈ ਵੀ ਕਰਦੀਆਂ ਹਨ। ਪਰ ਕੰਮ ਦੀਆਂ ਥਾਵਾਂ ਉਤੇ ਯੌਨ ਸ਼ੋਸ਼ਣ, ਲਿੰਗ ਭੇਦਭਾਵ ਅਤੇ ਅਸੁਰੱਖਿਆ ਉਨ੍ਹਾਂ ਲਈ ਨੌਕਰੀ ਵਿਚ ਰੁਕਾਵਟ ਬਣਦੀ ਹੈ। ਜਿਸ ਨਾਲ ਉਨ੍ਹਾਂ ਦਾ ਮਨੋਬਲ ਡਿੱਗਦਾ ਹੈ ਅਤੇ ਉਹ ਘਰ ਬੈਠਣ ਲਈ ਮਜਬੂਰ ਹੋ ਜਾਂਦੀਆਂ ਹਨ। ਇਸ ਸਥਿਤੀ ਦੇ ਮੱਦੇਨਜ਼ਰ ਕੰਮਕਾਜੀ ਔਰਤਾਂ ਪ੍ਰਤੀ ਭਾਰਤ ਵਿਚ ਕੁਝ ਤੱਥ ਗੰਭੀਰ ਧਿਆਨ ਦੀ ਮੰਗ ਕਰਦੇ ਹਨ:

1. ਭਾਰਤ ਵਿਚ 66 ਫ਼ੀਸਦੀ ਤੋਂ ਜ਼ਿਆਦਾ ਨੌਜਵਾਨ ਔਰਤਾਂ ਘਰੇਲੂ ਜ਼ਿੰਮੇਵਾਰੀਆਂ ਨਿਭਾਉਂਦੀਆਂ ਹਨ।

2. ਭਾਰਤ ਦੀਆਂ ਕੁੱਲ ਕੰਮਕਾਜੀ ਔਰਤਾਂ ਵਿਚ 63 ਫ਼ੀਸਦੀ ਖੇਤੀ ਦੇ ਕੰਮਾਂ 'ਚ ਲੱਗੀਆਂ ਹਨ।

3. ਭਾਰਤੀ ਔਰਤਾਂ ਦੀ ਲੇਬਰ ਦੇ ਕੰਮਾਂ 'ਚ ਭਾਗੀਦਾਰੀ 2005 ਵਿਚ 32 ਫ਼ੀਸਦੀ ਸੀ ਅਤੇ 2021 'ਚ ਇਹ 19 ਫ਼ੀਸਦੀ ਰਹਿ ਗਈ। ਭਾਵ ਪਿਛਲੇ ਦੋ ਦਹਾਕਿਆਂ 'ਚ ਇਹ ਕਾਫੀ ਘਟ ਗਈ।

4. ਵੱਡੀ ਗਿਣਤੀ ਭਾਰਤੀ ਔਰਤਾਂ ਨੂੰ ਕੰਮ ਬਦਲੇ ਕੋਈ ਮਜ਼ਦੂਰੀ ਨਹੀਂ ਮਿਲਦੀ। ਇਸ ਕੰਮ ਵਿਚ ਘਰੇਲੂ ਕੰਮ, ਬਾਲਣ ਇਕੱਠਾ ਕਰਨਾ, ਪਰਿਵਾਰ 'ਚ ਖੇਤੀਬਾੜੀ ਦੇ ਕੰਮ 'ਚ ਹੱਥ ਵਟਾਉਣਾ ਆਦਿ ਸ਼ਾਮਲ ਹੈ।

ਭਾਰਤ ਦੀ ਕੁੱਲ ਆਬਾਦੀ 140 ਕਰੋੜ ਹੋ ਗਈ ਹੈ ਅਤੇ ਇਸ ਵਿਚ ਔਰਤਾਂ ਦੀ ਗਿਣਤੀ 49 ਫ਼ੀਸਦੀ ਹੈ। ਇਹ ਭਾਰਤ ਲਈ ਵੱਡਾ ਚੈਲਿੰਜ ਹੈ ਕਿ ਭਾਰਤ ਦੀਆਂ ਔਰਤਾਂ ਲਈ ਕੰਮ ਦੇ ਵੱਧ ਤੋਂ ਵੱਧ ਮੌਕੇ ਨਹੀਂ ਮਿਲਦੇ। ਕੰਮ ਦੇ ਸਥਾਨ 'ਤੇ ਸੁਖਾਵਾਂ ਮਾਹੌਲ ਨਹੀਂ ਮਿਲਦਾ। ਇੱਕ ਸਰਵੇਖਣ ਅਨੁਸਾਰ ਅਨੁਸੂਚਿਤ ਜਾਤਾਂ ਜਾਂ ਪਿੱਛੜੇ ਵਰਗਾਂ ਨਾਲ ਸਬੰਧਤ ਔਰਤਾਂ ਦੀ ਹਾਲਤ ਬਹੁਤ ਹੀ ਨਿਰਾਸ਼ਾਜਨਕ ਹੈ। ਇਹ ਔਰਤਾਂ ਤਾਂ ਘਰ ਦੀ ਚਾਰ ਦੀਵਾਰੀ ਤੱਕ ਸੀਮਤ ਕਰਕੇ ਰੱਖ ਦਿੱਤੀਆਂ ਗਈਆਂ ਹਨ। ਉਂਜ ਵੀ ਪੜ੍ਹਾਈ ਕਰਨ ਤੋਂ ਬਾਅਦ ਵੱਡੀ ਗਿਣਤੀ ਔਰਤਾਂ ਘਰੇਲੂ ਕਾਰਨਾਂ ਅਤੇ ਵਧਦੀ ਬੇਰੁਜ਼ਗਾਰੀ ਕਾਰਨ ਨੌਕਰੀਆਂ ਤੋਂ ਵਾਂਝੀਆਂ ਰਹਿੰਦੀਆਂ ਹਨ।

ਵਿਸ਼ਵ ਪੱਧਰ 'ਤੇ ਲਗਭਗ ਇੱਕ ਤਿਹਾਈ ਔਰਤਾਂ ਦਾ ਮੁੱਖ ਰੁਜ਼ਗਾਰ ਖੇਤੀਬਾੜੀ ਹੈ, ਇਨ੍ਹਾਂ ਵਿਚ ਮੱਛੀ ਫੜਨ ਵਾਲੀਆਂ ਔਰਤਾਂ ਵੀ ਹਨ। ਪਰ ਹੈਰਾਨੀ ਵਾਲੀ ਗੱਲ ਹੈ ਕਿ 12.8 ਫ਼ੀਸਦੀ ਕਿਸਾਨ ਔਰਤਾਂ ਦੀ ਹੀ ਜ਼ਮੀਨ ਉਤੇ ਮਾਲਕੀ ਹੈ। ਭਾਰਤ ਵਿਚ 63 ਫ਼ੀਸਦੀ ਔਰਤਾਂ ਖੇਤੀਬਾੜੀ ਦੇ ਕੰਮ 'ਚ ਲੱਗੀਆਂ ਹਨ ਜਦਕਿ ਹੋਰ ਖੇਤਰਾਂ 'ਚ ਔਰਤਾਂ ਦੀ ਰੁਜ਼ਗਾਰਤ ਭਾਗੀਦਾਰੀ 11.2 ਫ਼ੀਸਦੀ ਹੈ। ਅਸਲ ਅਰਥਾਂ 'ਚ ਇਹ ਗਿਣਤੀ ਪ੍ਰਤੀਸ਼ਤ ਬਹੁਤ ਹੀ ਘੱਟ ਹੈ। ਭਾਰਤ 'ਚ ਸਮਾਜਿਕ ਅਵਸਥਾ ਦੇ ਮੱਦੇਨਜ਼ਰ ਔਰਤਾਂ ਦੇ ਉਂਜ ਵੀ ਹਾਲਾਤ ਮਾੜੇ ਹਨ। ਨਾ-ਬਰਾਬਰੀ ਇਸਦਾ ਵੱਡਾ ਕਾਰਨ ਹੈ। ਸਦੀਆਂ ਤੋਂ ਉਨ੍ਹਾਂ ਨਾਲ ਹੁੰਦਾ ਵਿਤਕਰਾ ਅਤੇ ਵਰਤਾਓ, ਉਨ੍ਹਾਂ ਦੇ ਪੜ੍ਹਨ-ਲਿਖਣ, ਰੁਜ਼ਗਾਰਤ ਹੋਣ 'ਚ ਵੱਡੀ ਰੁਕਾਵਟ ਬਣਦਾ ਹੈ ਪਰ ਭਾਰਤ ਦੀ ਅਰਥ ਵਿਵਸਥਾ ਨੂੰ ਥਾਂ ਸਿਰ ਕਰਨ ਲਈ ਔਰਤਾਂ ਦੀ ਸ਼ਕਤੀ ਵਰਤਣ ਦੀ ਲੋੜ ਇਕ ਸਾਲਾਨਾ ਸਰਵੇਖਣ 'ਚ ਦਰਸਾਈ ਗਈ ਹੈ, ਜਿਸ ਅਨੁਸਾਰ 6.8 ਕਰੋੜ ਹੋਰ ਕੰਮਕਾਜੀ ਔਰਤਾਂ ਦੀ ਜ਼ਰੂਰਤ ਪੈ ਸਕਦੀ ਹੈ।

ਜੇ ਉਨ੍ਹਾਂ ਨੂੰ ਕੰਮਕਾਜ ਦੇ ਚੰਗੇ, ਸੁਖਾਵੇਂ, ਮਾਹੌਲ ਵਾਲੇ ਬਰਾਬਰ ਦੇ ਮੌਕੇ ਪ੍ਰਦਾਨ ਕੀਤੇ ਜਾਣ। ਜੇਕਰ ਇੰਜ ਵਾਪਰਦਾ ਹੈ ਤਾਂ ਦੇਸ਼ 'ਚ ਕੰਮਕਾਜੀ ਔਰਤਾਂ ਦੀ ਗਿਣਤੀ ਪ੍ਰਤੀਸ਼ਤ ਕੁਲ ਕੰਮਕਾਜੀ ਲੋਕਾਂ 'ਚ 41 ਫ਼ੀਸਦੀ ਹੋ ਸਕਦੀ ਹੈ। ਜੇ ਅਗਲੇ ਦੋ-ਤਿੰਨ ਸਾਲਾਂ 'ਚ ਜੀਡੀਪੀ 'ਚ ਵੱਡਾ ਵਾਧਾ ਕਰ ਕੇ ਵਿਕਾਸ ਦਰ 'ਚ 1.4 ਫ਼ੀਸਦੀ ਹੋਰ ਉਛਾਲ ਦੇ ਸਕਦੀ ਹੈ ਅਤੇ 46 ਲੱਖ ਕਰੋੜ ਦਾ ਹੋਰ ਮੁਨਾਫਾ ਦੇਸ਼ ਦੇ ਵਿਕਾਸ ਲਈ ਦੇ ਸਕਦੀ ਹੈ।

## ਟ੍ਰੈਂਸ ਪਾਸ

*(ਪਿਛਲੇ ਸਫੇ ਦਾ ਬਾਕੀ)*

ਸਵਾਰੀਆਂ ਹਨ। ਇਨ੍ਹਾਂ ਦਿੱਲੀ ਜਾਣਾ ਹੈ।' ਸਿਪਾਹੀ ਨੇ ਮੇਰੀ ਘੋਖਵੀਂ ਚੁੱਭਵੀਂ ਨਜ਼ਰ ਭਾਂਪ ਕੇ ਆਪੇ ਸਪੱਸ਼ਟੀਕਰਨ ਦੇ ਦਿੱਤਾ।

'ਕੋਈ ਨਹੀਂ ਪੰਜਾਹ ਰੁਪਏ ਵਿਚ ਕੋਈ ਮਾੜਾ ਸੌਦਾ ਨਹੀਂ।' ਬਾਬੂ ਨੇ ਮੁਸਕਰਾਉਂਦੇ ਉਸ ਦਾ ਜੁਆਬ ਦਿੱਤਾ। ਲੱਤਾਂ ਨਿੱਸਲ ਕਰਕੇ ਪਏ ਸਿਪਾਹੀ ਨੇ ਲੱਤਾਂ ਇਕੱਠੀਆਂ ਕਰ ਲਈਆਂ। ਬਾਬੂ ਨੂੰ ਵੀ ਬੈਠਣ ਲਈ ਜਗ੍ਹਾ ਮਿਲ ਗਈ। ਉਸ ਨੇ ਉਠ ਕੇ ਵੇਖਿਆ ਟਿਕਟ ਚੈੱਕਰ ਅਜੇ ਪਿੱਛੇ ਹੀ ਸੀ। ਕਿਸੇ ਨਾਲ ਗੱਲੀਂ ਲੱਗ ਗਈ ਸੀ।

'ਹੇ ਪ੍ਰਮਾਤਮਾ ਇੱਜ਼ਤ ਦੀ ਰਾਖੀ ਕਰੀਂ ਅੱਜ...ਇਹ ਇੱਥੇ ਹੀ ਬੈਠੀ ਰਹੇ ਦਸ ਮਿੰਟ, ਫਿਰ ਲੁਧਿਆਣਾ ਆ ਹੀ ਜਾਣਾ ਹੈ।' ਉਸ ਨੇ ਮਨ ਵਿਚ ਦੁਆ ਕੀਤੀ।

ਇਕ ਢੋਲਕੀ ਵਾਲੀ ਔਰਤ ਢੋਲਕ ਗਲ ਵਿਚ ਪਾਈ ਆਈ ਤੇ ਬੈਠ ਗਈ। ਉਸ ਨੇ ਕੁੱਛੜ ਚੁੱਕੇ ਦੋ ਬਾਲ ਆਸੇ ਪਾਸੇ ਬਿਠਾ ਲਏ। ਉਸ ਦੀ ਮਿੱਠੀ ਆਵਾਜ਼ ਤੇ ਸੁੰਦਰ ਤੇ ਸੁਡੌਲ ਸ਼ਕਲ ਨੂੰ ਹੋਰ ਵੀ ਬਹੁਰੰਗੀ ਕਰ ਦਿੱਤਾ। ਉਸ ਦੀਆਂ ਛਾਤੀਆਂ ਤੋਂ ਟਾਕੀਆਂ ਲੱਗੇ ਕਮੀਜ਼ ਵਿਚੋਂ ਉਸ ਦਾ ਅੰਗ ਅੰਗ ਬਾਹਰ ਡੁੱਲ੍ਹ ਰਿਹਾ ਸੀ। ਖੱਬੇ ਮੋਢੇ 'ਤੇ ਥੋੜਾ ਥੱਲਿਓਂ ਕਮੀਜ਼ ਦੀ ਟਾਕੀ ਪੂਰੀ ਤਰ੍ਹਾਂ ਨਿਕਲ ਚੁੱਕੀ ਸੀ ਤੇ ਉਸ ਦੇ ਅੰਗ ਕਦੇ ਕਦੇ ਬਾਹਰ ਝਾਤੀ ਮਾਰ ਰਹੇ ਸਨ। ਏਦਾਂ ਲਗਦਾ ਸੀ ਜਿਵੇਂ ਕਿ ਆਪ ਹੀ ਉਹ ਨੁਮਾਇਸ਼ ਲਗਾ ਰਹੀ ਹੋਵੇ ਜਾਂ ਹੋਰ ਕਿਸੇ ਮਨਚਲੇ ਨੇ ਚੂੰਡੀ ਵੱਢ ਕੇ ਉਸ ਦੀ ਦੁਰਗਤ ਕਰ ਦਿੱਤੀ ਹੋਵੇ। ਦੋਹਾਂ ਹੱਥਾਂ ਦੀ ਥਾਬ ਢੋਲਕੀ 'ਤੇ ਮਾਰਦੀ ਜਦ ਉਹ ਹਿੱਲਦੀ ਤਾਂ ਉਸ ਦੀਆਂ ਦੁਧੀਆ ਬਾਹਰ ਪਲਮ ਪੈਂਦੀਆਂ।

'ਮਜ਼ਾ ਹੈ ਸ਼ਰਾਬ ਦਾ... ਮਜ਼ਾ ਹੈ ਸ਼ਬਾਬ ਦਾ... ਲੈ ਲੌ... ਲੈ... ਲੋ ..ਲੁਟ ਲੋ.. ਲੂਟ.. ਲੋ..।' ਉਸ ਨੇ ਲੰਮੀ ਹੇਕ ਲਾਈ।

'ਲੈ ਹੋਰ ਵੇਖ ਲੋ..ਇਹ ਵੀ ਨਮੂਨਾ ਇਕ ਪਾਸੇ ਅਸ਼ਲੀਲਤਾ ਤੋਂ ਕਿਨਾਰਾ ਕਰਨ ਲਈ ਚਾਰੇ ਪਾਸੇ ਅੱਡੀ-ਚੋਟੀ ਦਾ ਜ਼ੋਰ ਲਗਾ ਰਹੇ ਨੇ...ਪਰ ਇਨ੍ਹਾਂ ਨੂੰ ਕੌਣ ਕਹੇ.. ਕੌਣ ਰੋਕੇ, ਜੋ ਆਪ ਹੀ ਸ਼ਰੇ ਬਾਜ਼ਾਰ ਬੇ-ਸ਼ਰਮ ਹੋਕਾ ਦੇ ਰਹੀਆਂ ਨੇ। ਬੇ-ਹਯਾ ਇਹ ਕੁਦੇਸਣਾਂ, ਸਾਡੇ ਇਲਾਕੇ 'ਚ ਆ ਕੇ ਅਸ਼ਲੀਲਤਾ, ਨੰਗੇਜਪੁਣਾ ਤੇ ਕਈ ਨਾਮੁਰਾਦ ਬਿਮਾਰੀਆਂ ਵੰਡ ਰਹੀਆਂ ਨੇ।' ਇਕ ਬੁੱਢੇ ਬਜ਼ੁਰਗ ਨੇ ਖੂੰਡਾ ਖੜਕਾਉਂਦਿਆਂ ਫੂੰਕਾਰਾ ਜਿਹਾ ਮਾਰਿਆ।

'ਹੈ ਛੋਕਰੀ ਯਹਾਂਵੇ ਦੀ...ਠਹਿਰ! ਤੈਨੂੰ ਦੱਸਦਾ...।' ਖੂੰਡੇ ਦਾ ਖੜਕਾ ਸੁਣ ਕੇ ਉਹ ਔਰਤ ਦੋਹਾਂ ਬਾਲਾਂ ਨੂੰ ਚੁੱਕ ਕੇ ਅੱਗੇ ਸਰਕ ਗਈ।

ਗੱਡੀ ਦਗੜ-ਦਗੜ ਕਰਦੀ, ਦੁੜੰਗੇ ਮਾਰਦੀ ਸਤਲੁਜ ਪੁਲ ਨੂੰ ਪਾਰ ਕਰ ਗਈ। ਇਸ ਦੀ ਚਾਲ ਤੋਂ ਸਪੱਸ਼ਟ ਹੋ ਗਿਆ ਕਿ ਅੱਜ ਇਹ ਲੱਡੂਵਾਲ ਸਟੇਸ਼ਨ 'ਤੇ ਜਾਂ ਬਾਹਰਲੇ ਸਿਗਨਲ 'ਤੇ ਲੰਗਰ ਨਹੀਂ ਸੁੱਟੇਗੀ। ਉਸ ਦੇ ਮਨ ਵਿਚ ਕੁਤਰੂੰ-ਕੁਤਰੂੰ ਕਰਦਾ ਚੂਹਾ ਹੁਣ ਕੁੱਝ ਦਮ ਲੈਣ ਲੱਗਾ। ਟੀ ਟੀ ਜੋਗਿੰਦਰ ਕੌਰ ਵੀ ਵਿੱਸ਼ ਕਰ ਕੇ ਮੁਸਕਾਨ ਕਰਦੀ ਲੰਘ ਗਈ।

ਜਿਉਂ ਜਿਉਂ ਗੱਡੀ ਸਟੇਸ਼ਨ ਵੱਲ ਵਧਦੀ ਗਈ, ਉਸ ਦਾ ਡਰ ਰੰਗ ਬਦਲਣ ਲੱਗਾ। ਉਸ ਦਾ ਬਾਸ ਬਾਹਰ ਗੇਟ 'ਤੇ ਖੜ੍ਹਾ ਉਸ ਦੀ ਇੰਤਜ਼ਾਰ ਕਰਦਾ ਵਾਰ ਵਾਰ ਘੜੀ ਵੇਖਦਾ ਤਰਲੋਮੱਛੀ ਹੋ ਰਿਹਾ ਉਸ ਦੇ ਸਾਹਮਣੇ ਸੀ। ਅੱਜ ਤਾਂ ਕੋਈ ਬਹਾਨਾ ਨਹੀਂ ਬਣਨਾ। ਰੋਜ਼ ਰੋਜ਼ ਦੀ ਲੇਟ ਨਾਲ ਸਾਰੇ ਬਹਾਨੇ ਉਸ ਨੇ ਖ਼ਤਮ ਕਰ ਦਿੱਤੇ ਸਨ। ਚਲੋ ਦੇਖੀ ਜਾਏਗੀ, ਅੱਧੀ ਛੁੱਟੀ ਲਿਖ ਦਿਆਂਗੇ ਜਾਂਦੇ ਹੀ, ਭਾਵੇਂ ਛੁੱਟੀਆਂ ਵੀ ਥੋੜ੍ਹੀਆਂ ਹੀ ਰਹਿ ਗਈਆਂ ਸਨ।

ਲੁਧਿਆਣੇ ਪਲੇਟਫ਼ਾਰਮ 'ਤੇ ਮੁਰੰਮਤ ਦਾ ਕੰਮ ਚੱਲਣ ਕਰਕੇ ਦਾਖ਼ਲੇ ਸਮੇਂ ਗੱਡੀ ਦੀ ਰਫ਼ਤਾਰ ਮੱਧਮ ਹੋ ਜਾਂਦੀ। ਕੁੱਝ ਕਾਹਲੇ ਯਾਤਰੀ, ਉਹਦੇ ਵਰਗੇ ਰੋਜ਼ਾਨਾ ਲੇਟ-ਕਮਰ ਇੱਥੇ ਬਾਹਰ ਹੀ ਦੁੜਕੀ ਮਾਰ ਕੇ ਥੱਲੇ ਉਤਰ ਜਾਂਦੇ, ਜਿਸ ਨਾਲ ਘੱਟੋ ਘੱਟ ਦਸ ਪੰਦਰਾਂ ਮਿੰਟਾਂ ਦੀ ਬੱਚਤ ਹੋ ਜਾਂਦੀ। ਉਸ ਨੇ ਬਾਹਰ ਮੂੰਹ ਕੱਢ ਕੇ ਦੇਖਿਆ। ਬਾਹਰ ਲਟਕਦੇ ਮੁਸਾਫ਼ਰ ਡਿੱਗ ਰਹੇ ਸਨ, ਛਾਲਾਂ ਮਾਰ ਰਹੇ ਸਨ ਪਰ ਉਸ ਦਾ ਹੱਥ ਡੰਡੇ ਨਾਲ ਇਕਦਮ ਵਾਪਸ ਘੁੱਟ ਹੋ ਗਿਆ। ਇਸ ਤਰ੍ਹਾਂ ਉੱਤਰ ਰਹੇ ਮੁਸਾਫ਼ਰਾਂ ਦਾ ਸਵਾਗਤ ਪੁਲਿਸ ਵਾਲੇ ਕਰ ਰਹੇ ਸਨ, ਸੋਟੀਆਂ ਵਰ੍ਹਾ ਰਹੇ ਸਨ। ਫੜੋ ਫੜੀ ਕਰ ਰਹੇ ਸਨ। ਉਸ ਨੇ ਇਕਦਮ ਪੈਂਤੜਾ ਬਦਲਿਆ ਤੇ ਦੂਸਰੇ ਪਾਸੇ ਹੋ ਕੇ ਉੱਤਰ ਗਿਆ। ਕਚਹਿਰੀ ਵਾਲੇ ਪਾਸਿਉਂ ਆਟੋ ਮਿਲ ਜਾਏਗਾ ਤੇ ਜਲਦੀ ਦਫ਼ਤਰ ਪਹੁੰਚ ਕੇ ਆਪਣੇ ਸਾਹਿਬ ਨਾਲ ਦੋ-ਚਾਰ ਕਰੇਗਾ।

ਉਸ ਪਾਸੇ ਕਈ ਰੇਲ ਪਟੜੀਆਂ ਪਾਰ ਕਰਦਾ ਉਹ ਬੰਦ ਫਾਟਕ ਲਾਗੇ ਪਹੁੰਚਾ, ਜਿਸ ਵਿਚੋਂ ਇਕ ਡੰਡਾ ਕੱਢ ਕੇ ਲੰਘਣ ਜੋਗਾ ਰਸਤਾ ਬਣਿਆ ਹੋਇਆ ਸੀ। ਪਿੱਛੇ ਭੌਂ ਕੇ ਦੇਖਿਆ, ਪਲੇਟ ਫਾਰਮ 'ਤੇ ਯਾਤਰੀਆਂ ਦੀ ਤਕੜੀ ਢਾਣੀ ਪੁਲਿਸ ਨੇ ਘੇਰ ਰੱਖੀ ਸੀ। ਸ਼ੁਕਰ ਹੈ, ਉਹ ਬਚ ਗਿਆ...ਪਰ ਮੂਸਾ ਭੱਜਾ ਮੌਤ ਤੋਂ ਅੱਗੇ ਮੌਤ ਖੜੀ। ਫਾਟਕ ਦੇ ਸਾਹਮਣੇ ਡੰਡਾ ਹਿਲਾਉਂਦਾ ਇਕ ਸਿਪਾਹੀ ਮੁੱਛਾਂ ਨੂੰ ਤਾਅ ਦਿੰਦਾ ਉਸ ਦਾ ਰਸਤਾ ਮੱਲ ਬੈਠਾ।

'ਉਧਰ ਚਲੋ ਸਰਦਾਰ ਜੀ! ਇਹ ਆਮ ਰਸਤਾ ਨਹੀਂ ਹੈ...।'

'ਕਿਧਰ ?'

'ਥਾਣੇ! ਵੱਡੇ ਸਾਹਿਬ ਕੋਲ...।' ਉਹ ਹੱਸ ਰਿਹਾ ਸੀ।

'ਕਿਉਂ?'

'ਤੁਸੀਂ ਟ੍ਰੈਂਸ-ਪਾਸ ਕੀਤਾ ਹੈ, ਰੇਲਾਂ ਤੋਂ ਟੱਪਣਾ ਰੇਲਵੇ ਐਕਟ ਦੀ ਉਲੰਘਣਾ ਹੈ...।'

'ਮੈਨੂੰ ਜਲਦੀ ਹੈ ਯਾਰ... ਮੈਂ ਪਹਿਲਾਂ ਹੀ ਲੇਟ ਹਾਂ...ਮੈਂ ਸਰਕਾਰੀ ਅਫ਼ਸਰ ਹਾਂ...ਕੁੱਝ ਲਿਹਾਜ਼ ਕਰ...।'

'ਨਹੀਂ ਜਨਾਬ! ਔਹ ਦੇਖੋ ਸਾਰੇ ਤੁਹਾਡੇ ਵਰਗੇ ਹੀ ਹੈਣ, ਨਾਲੇ ਤੁਹਾਨੂੰ ਪਤਾ ਹੀ ਹੈ। ਕਾਹਲੀ ਵਿਚ ਰੇਲਾਂ ਟੱਪਦੇ ਕਈ ਮੁਸਾਫ਼ਰ ਵੱਢੇ ਜਾਂਦੇ ਨੇ, ਜਾਨ ਗੁਆ ਬੈਠਦੇ ਨੇ।' ਸਿਪਾਹੀ ਦੇ ਅੱਗੇ ਲੱਗ ਕੇ ਉਹ ਵੀ ਮੁਲਜ਼ਮਾਂ ਦੋਸ਼ੀਆਂ ਦੇ ਹਜੂਮ ਵਿਚ ਆ ਰਲਿਆ। ਉਨ੍ਹਾਂ ਵਿਚੋਂ ਕੁੱਝ ਤਰਲੇ ਮਿੰਨਤਾਂ ਕਰ ਰਹੇ ਸਨ, ਕੁੱਝ ਆਪਣੀਆਂ ਜੇਬਾਂ ਟਟੋਲ ਰਹੇ ਸਨ। ਕੁੱਝ ਸਜ਼ਾ ਵਜੋਂ ਡੰਡ-ਬੈਠਕਾਂ ਮਾਰ ਰਹੇ ਸਨ।

'ਸਰ ਮੈਂ ਗਜ਼ਟਿਡ ਅਫ਼ਸਰ ਹਾਂ, ਅੱਜ ਗ਼ਲਤੀ ਹੋ ਗੀ, ਇਸ ਕਰਕੇ ਕਿ ਮੈਂ ਦਫ਼ਤਰੋਂ ਲੇਟ ਸਾਂ।' ਆਪਣਾ ਪਛਾਣ-ਪੱਤਰ ਕੱਢ ਕੇ ਦਿਖਾਉਂਦੇ ਥਾਣੇਦਾਰ ਨੂੰ ਜ਼ਰਾ ਪਾਸੇ ਕਰ ਕੇ ਕਿਹਾ।


'ਟ੍ਰੈਂਸ-ਪਾਸ ਤਾਂ ਬੜਾ ਸੰਗੀਨ ਜੁਰਮ ਹੈ, ਅਪਰਾਧ ਹੈ...ਚਲੋ ਖੈਰ! ਹੁਣ ਜਾਓ। ਤੁਹਾਡੀ ਉਮਰ ਤੇ ਰੁਤਬੇ ਦਾ ਲਿਹਾਜ਼ ਕਰਦੇ ਹਾਂ। ਆਪਣਾ ਆਈ ਡੀ ਕਾਰਡ ਦੇ ਜਾਓ। ਵਾਪਸੀ ਸਮੇਂ ਐਸ ਐਚ ਓ ਸਾਹਿਬ ਨੂੰ ਮਿਲ ਲੈਣਾ।'

ਆਪਣਾ ਵਡਮੁੱਲਾ ਪਛਾਣ ਪੱਤਰ ਉਸ ਨੂੰ ਫੜਾ ਕੇ ਬਾਹਰ ਨਿਕਲ ਕੇ ਉਹ ਪੌੜੀਆਂ ਦਾ ਪੁਲ ਚੜ੍ਹ ਗਿਆ।

# ਸਿੱਖਿਆ ਨੀਤੀ ਰਾਹੀਂ ਪਾਠਕ੍ਰਮਾਂ ਦੀ ਛਾਂਗ-ਛੰਗਾਈ

ਐਨ.ਸੀ.ਈ.ਆਰ.ਟੀ. ਵੱਲੋਂ ਸਕੂਲੀ ਸਿੱਖਿਆ ਦੇ ਪਾਠਕ੍ਰਮਾਂ ਦੀ ਛਾਂਗ-ਛੰਗਾਈ ਬਾਰੇ ਵਿਸਥਾਰ ਸਹਿਤ ਚਰਚਾ ਕਰਨ ਤੋਂ ਪਹਿਲਾਂ ਸਾਂਝੇ ਕਰਨ ਵਾਲੇ ਕੁਝ ਅਹਿਮ ਨੁਕਤੇ ਇਹ ਹਨ:

ਕਿਸੇ ਵੀ ਮੁਲਕ ਅੰਦਰ ਸਿੱਖਿਆ ਦੇਣ ਲਈ ਪਾਠਕ੍ਰਮ ਪ੍ਰਣਾਲੀ ਮੌਕੇ ਦੀ ਹਕੂਮਤੀ ਪਾਰਟੀ ਦੀ ਲਾਗੂ ਕੀਤੀ ਜਾ ਰਹੀ ਸਿੱਖਿਆ ਨੀਤੀ ਦੀ ਮੂਲ ਚੂਲ ਹੁੰਦੀ ਹੈ; ਤੇ ਸਿੱਖਿਆ ਨੀਤੀ ਉਸ ਪਾਰਟੀ ਦੇ ਲਾਗੂ ਕੀਤੇ ਜਾ ਰਹੇ ਆਰਥਿਕ, ਰਾਜਨੀਤਕ, ਰਣਨੀਤਕ ਏਜੰਡੇ ਦੀ ਸੇਧ ਦੇ ਅਨੁਸਾਰੀ ਹੀ ਬਣਾਈ ਜਾਂਦੀ ਹੈ। ਬੱਚਿਆਂ ਨੂੰ ਕੀ ਪੜ੍ਹਾਉਣਾ ਹੈ, ਕੀ ਨਹੀਂ ਪੜ੍ਹਾਉਣਾ, ਕਿਸ ਨੂੰ ਕਿੰਨਾ ਪੜ੍ਹਾਉਣਾ ਹੈ, ਕਿਵੇਂ ਪੜ੍ਹਾਉਣਾ ਹੈ, ਕਿੱਥੇ ਪੜ੍ਹਾਉਣਾ ਹੈ; ਉਨ੍ਹਾਂ ਉਦੇਸ਼ਾਂ ਦੀ ਪੂਰਤੀ ਦੀਆਂ ਲੋੜਾਂ ਹੀ ਤੈਅ ਕਰਦੀਆਂ ਹਨ।



ਯਸ਼ ਪਾਲ
ਫੋਨ: +91-98145-35005

ਇਸ ਦੇ ਨਾਲ ਹੀ ਇਹ ਵੀ ਕਿ ਹਕੂਮਤੀ ਪਾਰਟੀ ਵੱਲੋਂ ਆਪਣੇ ਆਰਥਿਕ, ਰਾਜਨੀਤਕ, ਸਮਾਜਿਕ, ਸਭਿਆਚਾਰਕ ਏਜੰਡੇ ਨੂੰ ਲਾਗੂ ਕਰਨ ਲਈ ਸਿੱਖਿਆ ਖੇਤਰ ਅਹਿਮ ਅਤੇ ਸਭ ਖੇਤਰਾਂ ਨਾਲੋਂ ਵੱਧ ਕਾਰਗਰ ਹੁੰਦਾ ਹੈ।

ਮੌਜੂਦਾ ਮੋਦੀ ਸਰਕਾਰ ਵੱਲੋਂ ਕੋਵਿਡ-19 ਦੇ ਬਹਾਨੇ ਅਤੇ ਤਰਕਸੰਗਤਾ ਦੀ ਆੜ ਵਿਚ ਐਨ.ਈ.ਪੀ.-2020 ਲਾਗੂ ਕਰਦਿਆਂ 6ਵੀਂ ਤੋਂ 12ਵੀਂ ਸ਼੍ਰੇਣੀ ਤੱਕ ਦੀ ਸਕੂਲੀ ਸਿੱਖਿਆ ਦੀਆਂ ਇਤਿਹਾਸ, ਰਾਜਨੀਤੀ ਵਿਗਿਆਨ, ਸਮਾਜਿਕ ਵਿਗਿਆਨ, ਸਾਇੰਸ ਤੇ ਗਣਿਤ ਦੀਆਂ ਪਾਠ ਪੁਸਤਕਾਂ ਦੇ ਪਾਠਕ੍ਰਮ ਵਿਚੋਂ ਐਨ.ਸੀ.ਈ.ਆਰ.ਟੀ. ਰਾਹੀਂ ਕੀਤੀ ਗਈ/ਕੀਤੀ ਜਾ ਰਹੀ ਭਾਰੀ ਛਾਂਗ-ਛੰਗਾਈ ਦੀ ਉਕਤ ਨੁਕਤਿਆਂ ਦੇ ਪ੍ਰਸੰਗ ਵਿਚ ਨਜ਼ਰਸਾਨੀ ਕੀਤੀ ਜਾਵੇਗੀ ਕਿ ਕਿਹੜੀ ਛਾਂਗ-ਛੰਗਾਈ ਕਿਉਂ ਕੀਤੀ ਗਈ ਹੈ।

ਇਹ ਨਜ਼ਰਸਾਨੀ ਕਰਨ ਤੋਂ ਪਹਿਲਾਂ ਕਿ ਵੱਖ ਵੱਖ ਸ਼੍ਰੇਣੀਆਂ ਦੀਆਂ ਪਾਠ ਪੁਸਤਕਾਂ ਦੇ ਪਾਠਕ੍ਰਮ ਵਿਚੋਂ ਛਾਂਗੀ ਗਈ ਸਮੱਗਰੀ ਦਾ ਕੌਮੀ ਸਿੱਖਿਆ ਨੀਤੀ (ਐਨ.ਈ.ਪੀ.)-2020 ਨਾਲ ਕੀ ਕੜੀ-ਜੋੜ ਬਣਦਾ ਹੈ ਅਤੇ ਇਸ ਨੂੰ ਲਾਗੂ ਕਰਨ ਵਾਲੀ ਕੇਂਦਰ ਦੀ ਮੋਦੀ ਸਰਕਾਰ ਦੇ ਕਿਸ ਨੀਤੀ-ਏਜੰਡੇ ਦੀ ਪੂਰਤੀ ਦਾ ਹੱਥਾ ਬਣੇਗੀ, ਪਹਿਲਾਂ ਛਾਂਗੀ ਗਈ ਸਮੱਗਰੀ 'ਤੇ ਸੰਖੇਪ ਝਾਤ ਮਾਰਦੇ ਹਾਂ:

ਪਾਠਕ੍ਰਮਾਂ ਦੀ ਇਹ ਛਾਂਗ-ਛੰਗਾਈ 'ਕੌਮੀ ਸਿੱਖਿਆ ਖੋਜ ਤੇ ਸਿਖਲਾਈ ਪਰਿਸ਼ਦ (ਐਨ.ਸੀ.ਈ.ਆਰ.ਟੀ.) ਵੱਲੋਂ ਗਠਿਤ 'ਕੌਮੀ ਪਾਠ ਪ੍ਰਣਾਲੀ ਚੌਖਟਾ-2023' ਦੀਆਂ ਅਗਵਾਈ-ਸੇਧਾਂ ਅਨੁਸਾਰ ਕੀਤੀ ਗਈ/ਕੀਤੀ ਜਾ ਰਹੀ ਹੈ। ਇਕ ਅੰਗਰੇਜ਼ੀ ਅਖਬਾਰ ਨੇ ਸਭ ਤੋਂ ਪਹਿਲਾਂ ਇਸ ਛਾਂਗ-ਛੰਗਾਈ ਦੀ ਵਿਸਥਾਰ ਸਹਿਤ ਪੜਤਾਲੀਆ ਰਿਪੋਰਟ 18 ਤੋਂ 22 ਜੂਨ, 2022 (4 ਭਾਗਾਂ ਵਿਚ) ਤੱਕ ਛਾਪੀ ਸੀ ਜੋ 6ਵੀਂ ਤੋਂ 12ਵੀਂ ਸ਼੍ਰੇਣੀ ਤੱਕ ਇਤਿਹਾਸ, ਰਾਜਨੀਤੀ ਵਿਗਿਆਨ ਤੇ ਸਮਾਜ ਵਿਗਿਆਨ ਦੀਆਂ 21 ਪਾਠ ਪੁਸਤਕਾਂ ਦੀ ਛੰਗਾਈ 'ਤੇ ਆਧਾਰਿਤ ਸੀ।

ਕਿਹੜੀ ਸ਼੍ਰੇਣੀ ਦੀ ਕਿਸ ਪੁਸਤਕ ਵਿਚੋਂ ਕਿਹੜੀ ਸਮੱਗਰੀ ਛਾਂਗੀ ਗਈ, ਇਸ ਦੇ ਵਿਸਥਾਰ ਵਿਚ ਨਾ ਜਾਂਦੇ ਹੋਏ, ਗੁਜਰਾਤ ਦੇ 2002 ਦੇ ਮੁਸਲਿਮ ਵਿਰੋਧੀ ਦੰਗਿਆਂ ਨਾਲ ਸਬੰਧਿਤ ਸਾਰੀ ਸਮੱਗਰੀ ਕੱਢ ਦਿੱਤੀ ਗਈ ਹੈ।

ਜੂਨ, 1975 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਮੁਲਕ ਭਰ ਵਿਚ ਲਾਈ ਐਮਰਜੈਂਸੀ ਦਾ ਜ਼ਿਕਰ ਤਾਂ ਹੈ ਪਰ ਉਸ ਦਾ ਲੋਕਾਂ ਅਤੇ ਰਾਜ ਦੀਆਂ ਸੰਸਥਾਵਾਂ ਉਪਰ ਪਏ ਮਾਰੂ ਪ੍ਰਭਾਵਾਂ ਵਾਲਾ ਹਿੱਸਾ ਛਾਂਗ ਦਿੱਤਾ ਗਿਆ ਹੈ।

1947 ਦੀ ਮੁਲਕ ਵੰਡ ਤੋਂ ਬਾਅਦ ਜਨਤਾ ਦੇ ਜੀਵਨ ਨਾਲ ਜੁੜੇ 'ਜਨਤਕ ਅੰਦੋਲਨਾਂ ਦੇ ਉਭਾਰ' ਦੀ ਸਮੱਗਰੀ ਪਾਠਾਂ ਵਿਚੋਂ ਛਾਂਗ ਦਿੱਤੀ ਗਈ ਹੈ। (ਸ਼੍ਰੇਣੀ 6 ਤੋਂ12, ਰਾਜਨੀਤੀ ਵਿਗਿਆਨ)। ਇਨ੍ਹਾਂ ਵਿਚ ਹੀ 1970 ਦਾ ਉਤਰਖੰਡ ਦਾ ਵਾਤਾਵਰਨ ਬਚਾਓ ਦਾ ਚਿਪਕੋ ਅੰਦੋਲਨ, ਨਰਮਦਾ ਬਚਾਓ ਅੰਦੋਲਨ, ਮਹਾਰਾਸ਼ਟਰ ਦਾ ਦਲਿਤ ਪੈਂਥਰ ਅੰਦੋਲਨ, 1980ਵਿਆਂ ਦਾ ਬੀਕੇਯੂ ਦਾ ਕਿਸਾਨ ਅੰਦੋਲਨ, ਤਿੰਨ ਖੇਤੀ ਕਾਨੂੰਨਾਂ ਵਿਰੁੱਧ ਚੱਲੇ ਕਿਸਾਨ ਅੰਦੋਲਨ ਬਾਰੇ ਵਿਦਿਆਰਥੀਆਂ ਤੋਂ ਪੁੱਛਿਆ ਗਿਆ ਪ੍ਰਸ਼ਨ, ਮੱਧ ਪ੍ਰਦੇਸ਼ ਦਾ ਆਦਿ ਵਾਸੀਆਂ ਦੇ ਉਜਾੜੇ ਵਿਰੁੱਧ ਚੱਲੇ ਅੰਦੋਲਨ ਦੇ ਬਿਰਤਾਂਤ ਵਾਲਾ ਸਾਰਾ ਹੀ ਪਾਠ 'ਸਮਾਨਤਾ ਲਈ ਸੰਘਰਸ਼', ਨੇਪਾਲ ਅੰਦਰ 'ਲੋਕਤੰਤਰ ਲਈ ਲਹਿਰ', ਬੋਲੀਵੀਆ ਅੰਦਰ ਪਾਣੀ ਦੇ ਨਿਜੀਕਰਨ ਵਿਰੁੱਧ ਅੰਦੋਲਨ, ਸੂਚਨਾ ਅਧਿਕਾਰ ਕਾਨੂੰਨ ਲਈ ਅੰਦੋਲਨ ਆਦਿ ਸ਼ਾਮਲ ਹਨ। ਕਿਸਾਨ ਅੰਦੋਲਨਾਂ ਵਿਚੋਂ ਨਕਸਲਬਾੜੀ ਕਿਸਾਨ ਅੰਦੋਲਨ (12ਵੀਂ ਸ਼੍ਰੇਣੀ) ਅਤੇ 1870 ਦੇ ਦੇਸ਼ਧ੍ਰੋਹ ਕਾਨੂੰਨ ਦੇ ਆਪ-ਹੁਦਰੇਪਣ ਬਾਰੇ ਪੁੱਛੇ ਪ੍ਰਸ਼ਨ (8ਵੀਂ ਸ਼੍ਰੇਣੀ) ਨੂੰ ਵੀ ਕੱਢ ਦਿੱਤਾ ਗਿਆ ਹੈ।

ਲੋਕਤੰਤਰ ਦੀ ਪਰਿਭਾਸ਼ਾ ਅਤੇ ਵੱਖ ਵੱਖ ਪਹਿਲੂਆਂ ਦੇ ਜ਼ਿਕਰ ਵਾਲੇ 4 ਪਾਠ (6ਵੀਂ ਸ਼੍ਰੇਣੀ, ਰਾਜਨੀਤੀ ਵਿਗਿਆਨ), 'ਲੋਕਤੰਤਰ ਤੇ ਵਿਭਿੰਨਤਾ' ਅਤੇ 'ਲੋਕਤੰਤਰ ਨੂੰ ਦਰਪੇਸ਼ ਚੁਣੌਤੀਆਂ' ਦੇ 2 ਪਾਠ (10ਵੀਂ ਸ਼੍ਰੇਣੀ, ਰਾਜਨੀਤੀ ਵਿਗਿਆਨ) ਪੂਰੇ ਦੇ ਪੂਰੇ ਛਾਂਗ ਦਿੱਤੇ ਹਨ। ਇਨ੍ਹਾਂ ਪਾਠਾਂ ਵਿਚ ਜਾਤੀ, ਧਰਮ, ਕੌਮ 'ਤੇ ਆਧਾਰਿਤ ਸਮਾਜਿਕ ਵੰਡੀਆਂ ਤੇ ਨਾ-ਬਰਾਬਰੀਆਂ ਦਾ ਵੇਰਵਾ ਸੀ।

ਮੁਲਕ ਦੀ ਵੰਡ, ਸੰਵਿਧਾਨ ਦੀ ਸਿਰਜਣਾ ਅਤੇ ਭਾਸ਼ਾ ਦੇ ਆਧਾਰ 'ਤੇ ਰਾਜਾਂ ਦੀ ਸਥਾਪਨਾ ਨਾਲ ਸਬੰਧਿਤ ਪਾਠ ਵੀ ਕੱਢ ਦਿੱਤੇ ਗਏ ਹਨ (8ਵੀਂ ਸ਼੍ਰੇਣੀ, ਰਾਜਨੀਤੀ ਵਿਗਿਆਨ)। ਪੁਰਾਤਨ ਭਾਰਤ ਅੰਦਰ ਵਰਣ ਵੰਡ, ਜਾਤ-ਪਾਤ, ਘੱਟਗਿਣਤੀਆਂ, ਦਲਿਤਾਂ, ਸ਼ੂਦਰਾਂ ਤੇ ਔਰਤਾਂ/ਸ਼ੂਦਰਾਂ ਨੂੰ ਵੇਦ ਨਾ ਪੜ੍ਹਨ ਦੀ ਆਗਿਆ ਨਾ ਹੋਣ ਦਾ ਜ਼ਿਕਰ ਜਿਸ ਪੁਸਤਕ ਵਿਚ ਜਿੱਥੇ ਵੀ ਸੀ, ਉਹ ਕੱਢ ਦਿੱਤਾ ਗਿਆ ਹੈ। ਦਲਿਤ ਨੂੰ ਆਪਣੇ ਪਿਤਾ ਪੁਰਖੀ ਕਿੱਤੇ (ਖੇਤ ਮਜ਼ਦੂਰੀ, ਮੈਲਾ ਢੋਣਾ, ਪਸ਼ੂਆਂ ਦਾ ਚੰਮ ਲਾਹੁਣਾ) ਤੋਂ ਬਿਨਾ ਹੋਰ ਕੋਈ ਕਿੱਤਾ ਚੁਣਨ ਦੀ ਮਨਾਹੀ ਵਾਲਾ ਹਿੱਸਾ ਵੀ ਕੱਢ ਦਿੱਤਾ ਹੈ। (12ਵੀਂ ਸ਼੍ਰੇਣੀ, ਇਤਿਹਾਸ) ਨੀਵੀਂ ਜਾਤੀ/ਦਲਿਤ ਲਈ ਅਧੀਨਗੀ ਨਾਲ ਵਿਚਰਨ ਦੇ ਸਦਾਚਾਰ (ਉਚੀ ਜਾਤੀ ਕੋਲੋਂ ਲੰਘਣ ਸਮੇਂ ਜੁੱਤੀ ਲਾਹ ਕੇ ਹੱਥ 'ਚ ਫੜਨਾ, ਸਿਰ ਤੋਂ ਪੱਗ ਉਤਾਰ ਕੇ ਤੁਰਨਾ, ਸਿਰ ਝੁਕਾ ਕੇ ਖੜ੍ਹੇ ਹੋਣਾ, ਗਾਲਾਂ ਸਹਿਣਾ ਆਦਿ) ਲਾਗੂ ਕਰਨ ਦਾ ਵੇਰਵਾ ਵੀ ਗਾਇਬ ਕਰ ਦਿੱਤਾ ਹੈ। ਨੀਵੀਂ ਜਾਤੀਆਂ/ਦਲਿਤਾਂ ਦਾ ਆਪਣੇ ਨਾਲ ਹੋ ਰਹੇ ਵਿਤਕਰੇ ਤੇ ਵਧੀਕੀਆਂ ਵਿਰੁੱਧ ਲਾਮਬੰਦੀ/ਸੰਘਰਸ਼ ਕਰਨ ਦੇ ਜ਼ਿਕਰ ਵਾਲਾ ਹਿੱਸਾ ਵੀ ਛਾਂਗ ਦਿੱਤਾ ਗਿਆ ਹੈ।

ਸਭਨਾਂ ਸ਼੍ਰੇਣੀਆਂ ਦੀਆਂ ਇਤਿਹਾਸ ਦੀਆਂ ਪਾਠ ਪੁਸਤਕਾਂ ਵਿਚੋਂ ਮੁਸਲਮਾਨ/ਮੁਗਲ ਇਤਿਹਾਸ ਦੀ ਭਾਰੀ ਛੰਗਾਈ ਕੀਤੀ ਗਈ ਹੈ। ਮੁਗਲ ਸਲਤਨਤ, ਮੁਗਲ ਦਰਬਾਰ, ਮੁਗਲ ਇਮਾਰਤਸਾਜ਼ੀ ਆਦਿ ਸਭ ਛਾਂਗ ਦਿੱਤੇ ਹਨ। ਇੱਥੋਂ ਤੱਕ ਕਿ ਮਸਜਿਦ ਕੀ ਹੁੰਦੀ ਹੈ, ਇਸ ਵਿਚ ਮੁਸਲਮਾਨ ਨਮਾਜ਼ ਕਿਵੇਂ ਪੜ੍ਹਦੇ ਹਨ, ਇਹ ਵੇਰਵਾ ਵੀ ਹਟਾ ਦਿੱਤਾ ਗਿਆ ਹੈ।

ਪਾਠ ਪੁਸਤਕਾਂ ਵਿਚੋਂ ਕੀਤੀ ਉਕਤ ਛਾਂਗ-ਛੰਗਾਈ ਤਾਂ 2022 ਵਿਚ ਹੀ ਕਰ ਕੇ ਐਨ.ਸੀ.ਈ.ਆਰ.ਟੀ. ਵੱਲੋਂ ਸੂਚੀ ਜਾਰੀ ਕਰ ਦਿੱਤੀ ਗਈ ਸੀ ਜਦਕਿ ਅਜੇ 'ਕੌਮੀ ਪਾਠ ਪ੍ਰਣਾਲੀ ਚੌਖਟਾ-2023' ਸਿਰੇ ਵੀ ਨਹੀਂ ਸੀ ਚੜ੍ਹਿਆ।

ਇਕ ਪੜਤਾਲੀਆ ਰਿਪੋਰਟ ਵਿਚ ਇਹ ਵੀ ਸਾਹਮਣੇ ਆਇਆ ਸੀ ਕਿ ਐਨ.ਈ.ਪੀ.-2020 ਦੀ ਦਿਸ਼ਾ-ਸੇਧ ਤਹਿਤ ਪਾਠਕ੍ਰਮ ਪ੍ਰਣਾਲੀ ਦੀ ਸੋਧ ਲਈ ਐਨ.ਸੀ.ਈ.ਆਰ.ਟੀ. ਵੱਲੋਂ ਗਠਿਤ ਜਿਹੜੇ 25 'ਫੋਕਸ ਗਰੁੱਪ' ਕੰਮ ਕਰ ਰਹੇ ਹਨ, ਉਨ੍ਹਾਂ ਵਿਚੋਂ 17 ਗਰੁੱਪਾਂ ਅੰਦਰ ਘੱਟੋ-ਘੱਟ 24 ਮੈਂਬਰ ਆਰ.ਐਸ.ਐਸ. ਵੱਲੋਂ ਸੰਚਾਲਿਤ ਸੰਸਥਾਵਾਂ ਨਾਲ ਸਿੱਧੇ ਤੌਰ 'ਤੇ ਜੁੜੇ ਹੋਏ ਹਨ। ਉਸ ਸਮੇਂ ਇੰਨਾ ਕੁਝ ਬਾਹਰ ਆਉਣ ਦੇ ਬਾਵਜੂਦ ਨਾ ਸਿੱਖਿਆ ਹਲਕਿਆਂ ਅਤੇ ਨਾ ਹੀ ਸਿਆਸੀ ਹਲਕਿਆਂ ਅੰਦਰ ਸਿਲੇਬਸ ਛਾਂਗ-ਛੰਗਾਈ ਦਾ ਇਹ ਅਹਿਮ ਤੇ ਗੰਭੀਰ ਮੁੱਦਾ ਚਰਚਾ ਦਾ ਵਿਸ਼ਾ ਬਣ ਸਕਿਆ। ਇਸ ਮੁੱਦੇ ਨੂੰ ਲੈ ਕੇ ਇਨ੍ਹਾਂ ਹਲਕਿਆਂ ਅੰਦਰ ਹੋ-ਹੱਲਾ ਉਦੋਂ ਮੱਚਿਆ ਜਦ 5 ਅਪਰੈਲ 2023 ਨੂੰ ਇਕ ਅੰਗਰੇਜ਼ੀ ਅਖਬਾਰ ਨੇ ਮੋਟੀਆਂ ਸੁਰਖੀਆਂ ਨਾਲ 12ਵੀਂ ਸ਼੍ਰੇਣੀ, ਸੈਸ਼ਨ-2023 ਦੀਆਂ ਪਾਠ ਪੁਸਤਕਾਂ ਵਿਚੋਂ ਮਹਾਤਮਾ ਗਾਂਧੀ ਦੇ ਨੱਥੂ ਰਾਮ ਗੋਡਸੇ ਵੱਲੋਂ ਕੀਤੇ ਕਤਲ ਨਾਲ ਜੁੜੇ ਤੱਥਾਂ ਅਤੇ ਆਰ.ਐਸ.ਐਸ. ਉਤੇ ਪਾਬੰਦੀ ਲਾਉਣ ਦੇ ਵੇਰਵਿਆਂ ਦੀ ਉਸ ਛੰਗਾਈ ਦੀ ਖਬਰ ਛਾਪੀ ਜਿਸ ਦਾ ਜ਼ਿਕਰ ਐਨ.ਸੀ.ਈ.ਆਰ.ਟੀ. ਵੱਲੋਂ ਜਾਰੀ 2022 ਦੀ ਸੂਚੀ ਵਿਚ ਦਰਜ ਨਹੀਂ ਸੀ।

ਉਕਤ ਮੁੱਦੇ ਬਾਰੇ ਜਿਨ੍ਹਾਂ ਪੈਰਿਆਂ ਵਿਚ ਇਹ ਦਰਜ ਹੈ ਕਿ 'ਗਾਂਧੀ ਦਾ ਕਤਲ ਪੂਨੇ ਦੇ ਨੱਥੂ ਰਾਮ ਗੋਡਸੇ ਨੇ ਕੀਤਾ ਸੀ ਜਿਹੜਾ ਕੱਟੜ ਹਿੰਦੂ ਅਖਬਾਰ ਦਾ ਸੰਪਾਦਕ ਸੀ'; ਇਹ ਵੀ ਕਿ ਉਸ (ਗਾਂਧੀ) ਨੂੰ ਉਹ ਲੋਕ ਪਸੰਦ ਨਹੀਂ ਸਨ ਕਰਦੇ ਜਿਹੜੇ ਬਦਲਾ ਲੈਣਾ ਚਾਹੁੰਦੇ ਸਨ ਅਤੇ ਭਾਰਤ ਨੂੰ ਵੀ ਉਸੇ ਤਰ੍ਹਾਂ ਹਿੰਦੂਆਂ ਦਾ ਰਾਸ਼ਟਰ ਬਣਾਉਣਾ ਚਾਹੁੰਦੇ ਸਨ ਜਿਸ ਤਰ੍ਹਾਂ ਮੁਸਲਮਾਨਾਂ ਦਾ ਪਾਕਿਸਤਾਨ ਬਣਿਆ ਸੀ;



ਇਹ ਵੀ ਕਿ ਸਰਕਾਰ ਵੱਲੋਂ ਫਿਰਕੂ ਨਫਰਤ ਫੈਲਾਉਣ ਵਾਲੇ ਆਰ.ਐਸ.ਐਸ. ਵਰਗੇ ਸੰਗਠਨਾਂ ਉਪਰ ਕੁਝ ਸਮੇਂ ਲਈ ਪਾਬੰਦੀ ਲਾਈ ਗਈ। ਇਹ ਸਾਰੇ ਪੈਰੇ ਕੱਢ ਦਿੱਤੇ ਗਏ ਹਨ। ਇਸ ਦੇ ਨਾਲ ਹੀ ਇਹ ਤੱਥ ਸਾਹਮਣੇ ਆਇਆ ਕਿ 11ਵੀਂ ਸ਼੍ਰੇਣੀ ਦੀ ਰਾਜਨੀਤੀ ਵਿਗਿਆਨ ਦੀ ਪੁਸਤਕ ਵਿਚੋਂ ਭਾਰਤ ਦੇ ਪਹਿਲੇ ਵਿਦਵਾਨ ਸਿੱਖਿਆ ਮੰਤਰੀ ਤੇ ਆਜ਼ਾਦੀ ਘੁਲਾਟੀਏ ਮੌਲਾਨਾ ਆਜ਼ਾਦ ਨਾਲ ਜੁੜੀ ਸਮੱਗਰੀ ਨੂੰ ਵੀ ਹਟਾ ਦਿੱਤਾ ਗਿਆ ਹੈ। ਸੰਵਿਧਾਨ ਸਭਾ ਦੀਆਂ ਮੀਟਿੰਗਾਂ ਵਿਚੋਂ ਉਸ ਦੀ ਹਾਜ਼ਰੀ ਦਾ ਜ਼ਿਕਰ ਗਾਇਬ ਕਰ ਦਿੱਤਾ ਗਿਆ ਹੈ।

ਸਮਾਜ ਵਿਗਿਆਨ ਦੀਆਂ ਪਾਠ ਪੁਸਤਕਾਂ ਦੀ ਉਜਾਗਰ ਹੋਈ ਉਕਤ ਛਾਂਗ-ਛੰਗਾਈ ਦੀ ਜਾਣਕਾਰੀ ਤੋਂ ਬਾਅਦ ਐਨ.ਸੀ.ਈ.ਆਰ.ਟੀ. ਵੱਲੋਂ ਮਈ, 2022 ਦੀ ਹੀ 9ਵੀਂ ਤੇ 10ਵੀਂ ਸ਼੍ਰੇਣੀ ਦੀਆਂ ਵਿਗਿਆਨ ਦੀਆਂ ਪੁਸਤਕਾਂ ਦੀ ਛੰਗਾਈ ਦੇ ਹੈਰਾਨਕੁਨ ਤੱਥ ਸਾਹਮਣੇ ਆਏ। 10ਵੀਂ ਸ਼੍ਰੇਣੀ ਦੀ ਜੀਵ ਵਿਗਿਆਨ ਦੀ ਪੁਸਤਕ ਦੇ 'ਅਨੁਵੰਸ਼ਕਤਾ ਤੇ ਜੀਵ ਵਿਕਾਸ' ਦੇ ਪਾਠ ਵਿਚੋਂ 19ਵੀਂ ਸਦੀ ਦੇ ਮਹਾਨ ਜੀਵ ਵਿਗਿਆਨੀ ਚਾਰਲਸ ਡਾਰਵਿਨ ਦੇ ਸੰਸਾਰ ਭਰ ਵਿਚ ਪ੍ਰਵਾਨਿਤ 'ਜੀਵ ਵਿਕਾਸ ਸਿਧਾਂਤ' ਨਾਲ ਸਬੰਧਿਤ ਪੂਰੇ ਦਾ ਪੂਰਾ ਹਿੱਸਾ ਛਾਂਗ ਦਿੱਤਾ ਗਿਆ ਹੈ। ਪਾਠ ਦਾ ਸਿਰਲੇਖ ਕੇਵਲ 'ਅਨੁਵੰਸ਼ਕਤਾ' ਕਰ ਦਿੱਤਾ ਗਿਆ ਹੈ। ਇਸ ਛੰਗਾਈ ਖਿਲਾਫ ਭਾਰਤ ਭਰ ਦੇ 1800 ਵਿਗਿਆਨੀਆਂ ਤੇ ਵਿਗਿਆਨ ਦੇ ਅਧਿਆਪਕਾਂ ਨੇ ਜਨਤਕ ਪਟੀਸ਼ਨ ਵੀ ਜਾਰੀ ਕੀਤੀ ਹੈ।

10ਵੀਂ ਸ਼੍ਰੇਣੀ ਦੀ ਰਸਾਇਣਕ ਵਿਗਿਆਨ ਦੀ ਪੁਸਤਕ ਵਿਚੋਂ ਰਸਾਇਣਕ ਵਿਗਿਆਨ ਦੀ ਮੂਲ ਚੂਲ 'ਪੀਰੀਔਡਿਕ ਟੇਬਲ ਆਫ ਐਲੀਮੈਂਟ' ਦਾ ਪਾਠ ਹੀ ਛਾਂਗ ਦਿੱਤਾ ਗਿਆ ਹੈ। ਗਣਿਤ ਦੀ ਪੁਸਤਕ ਵਿਚੋਂ ਅਹਿਮ 'ਪਾਈਥਾਗੋਰਸ ਥਿਊਰਮ' ਕੱਢ ਦਿੱਤੀ ਗਈ ਹੈ। ਅਜੇ ਭਵਿੱਖ ਵਿਚ ਹੋਰ ਕੀ ਕੁਝ ਛਾਂਗਿਆ ਜਾਣਾ ਹੈ, ਇਹ ਸਮਾਂ ਹੀ ਦੱਸੇਗਾ।

ਐਨ.ਸੀ.ਈ.ਆਰ.ਟੀ. ਵੱਲੋਂ ਸਕੂਲੀ ਸਿੱਖਿਆ ਦੀ ਸ਼੍ਰੇਣੀ 6 ਤੋਂ 12 ਤੱਕ ਦੀਆਂ ਪਾਠ ਪੁਸਤਕਾਂ ਦੀ ਕੀਤੀ ਗਈ ਉਕਤ ਛਾਂਗ-ਛੰਗਾਈ ਦਾ ਮੁੱਖ ਕਾਰਨ ਕੋਵਿਡ-19 ਦੌਰਾਨ ਬੱਚਿਆਂ ਦੀ ਪੜ੍ਹਾਈ ਦੇ ਹੋਏ ਹਰਜੇ ਕਰ ਕੇ ਸਿਲੇਬਸ ਦਾ ਬੋਝ ਘਟਾਉਣਾ ਦੱਸਿਆ ਗਿਆ ਹੈ ਜਿਸ ਨੂੰ 'ਰੈਸ਼ਨਲਾਈਜੇਸ਼ਨ ਆਫ ਸਿਲੇਬਸ' ਦਾ ਨਾਂ ਦਿੱਤਾ ਗਿਆ ਹੈ। ਕਿਸ ਪੁਸਤਕ ਵਿਚੋਂ ਕਿਹੜਾ ਪਾਠ, ਕਿਹੜਾ ਪੈਰਾ/ਹਿੱਸਾ ਛਾਂਗਣਾ ਹੈ, ਇਸ ਦਾ ਵੀ ਜ਼ਿਕਰ ਕੀਤਾ ਗਿਆ ਹੈ ਕਿ ਉਹ ਜਿਸ ਨੂੰ ਪੜ੍ਹਨ ਦੀ ਕਿਸੇ ਵੇਲੇ ਲੋੜ ਸੀ ਪਰ ਅੱਜ ਨਹੀਂ ਹੈ, ਜਾਂ ਜੋ ਕਿਸੇ ਹੋਰ ਪੁਸਤਕ ਜਾਂ ਹੋਰ ਸ਼੍ਰੇਣੀ ਵਿਚ ਵੀ ਸ਼ਾਮਿਲ ਹੈ ਜਾਂ ਜੋ ਬੱਚਿਆਂ ਦੀ ਸਮਝ ਤੋਂ ਪਰ੍ਹੇ ਹੈ ਪਰ ਜਦ ਛਾਂਗੀ ਗਈ ਸਮੱਗਰੀ ਦੇਖਦੇ ਹਾਂ ਅਤੇ ਉਸ ਨੂੰ ਮੌਜੂਦਾ ਸਰਕਾਰ ਵੱਲੋਂ ਲਾਗੂ ਕੀਤੇ ਜਾ ਰਹੇ ਆਰਥਿਕ, ਸਮਾਜਿਕ, ਰਾਜਨੀਤਕ ਏਜੰਡੇ ਅਤੇ ਉਸ ਦੇ ਅਨੁਸਾਰੀ ਬਣਾਈ ਗਈ ਐਨ.ਈ.ਪੀ.-2020 ਦੇ ਪ੍ਰਸੰਗ ਵਿਚ ਰੱਖ ਕੇ ਵਾਚਦੇ ਹਾਂ ਤਾਂ ਇਨ੍ਹਾਂ ਦੇ ਹਕੀਕੀ ਕੜੀ-ਜੋੜ ਦੀ ਸਮਝ ਪੈਂਦੀ ਹੈ। ਦਰਅਸਲ, ਇਹ ਛੰਗਾਈ (ਤਰਕਸੰਗਤਾ) 'ਬੱਚਿਆਂ ਦਾ ਬੋਝ ਘਟਾਉਣ' ਲਈ ਨਹੀਂ ਸਗੋਂ ਸਮੁੱਚੇ ਪਾਠਕ੍ਰਮ ਨੂੰ ਆਪਣੇ ਰਾਜਨੀਤਕ, ਰਣਨੀਤਕ ਏਜੰਡੇ ਦੇ ਅਨੁਸਾਰੀ ਤਰਕਸੰਗਤ ਬਣਾਉਣਾ ਹੈ।

ਕੋਈ ਪਾਠ ਪੁਸਤਕ ਲਿਖਣ/ਤਿਆਰ ਕਰਨ ਨਾਲੋਂ ਉਸ ਦੇ ਕੁਝ ਹਿੱਸਿਆਂ ਦੀ ਛਾਂਗ-ਛੰਗਾਈ ਭਾਵੇਂ ਕਿਤੇ ਸੌਖਾ ਕਾਰਜ ਹੈ ਪਰ ਜਿਸ ਤਰ੍ਹਾਂ ਦੀ ਛਾਂਗ-ਛੰਗਾਈ ਕੀਤੀ ਗਈ ਹੈ, ਇਸ ਨੂੰ ਗੰਭੀਰਤਾ ਨਾਲ ਲੈਂਦਿਆਂ ਪਾਠ ਪੁਸਤਕ ਨੂੰ ਸੋਧ ਕੇ ਮੁੜ ਲਿਖਣਾ ਹੀ ਸਮਝਣਾ ਚਾਹੀਦਾ ਹੈ।

ਇਸ ਛਾਂਗ-ਛੰਗਾਈ ਦਾ ਇਕ ਪਹਿਲੂ ਇਹ ਹੈ ਕਿ ਜਿਹੜੇ ਇਤਿਹਾਸਕ ਤੱਥ ਮੌਜੂਦਾ ਸਰਕਾਰ ਲਈ ਅਸਹਿਜ ਹਨ, ਉਸ ਦੇ ਸਿਆਸੀ-ਸਭਿਆਚਾਰਕ ਏਜੰਡੇ ਨੂੰ ਰਾਸ ਨਹੀਂ ਬੈਠਦੇ ਤੇ ਜਿਨ੍ਹਾਂ ਤੋਂ ਉਹ ਬਚਣਾ ਚਾਹੁੰਦੀ ਹੈ, ਜਿਵੇਂ 2002 ਦੇ ਮੁਸਲਮਾਨ ਵਿਰੋਧੀ ਗੁਜਰਾਤ ਦੰਗੇ, ਮੁਲਕ ਵੰਡ ਤੇ ਆਜ਼ਾਦੀ ਲਹਿਰ ਦਾ ਬਿਰਤਾਂਤ, ਗਾਂਧੀ-ਗੋਡਸੇ ਪ੍ਰਸੰਗ ਅਤੇ ਦਲਿਤਾਂ, ਘੱਟਗਿਣਤੀਆਂ, ਆਦਿਵਾਸੀਆਂ, ਨੀਵੀਆਂ ਜਾਤੀਆਂ, ਔਰਤਾਂ ਨਾਲ ਹੁੰਦੇ ਵਿਤਕਰੇ/ਵਧੀਕੀਆਂ ਜਾਂ ਲੋਕਤੰਤਰ, ਸਮਾਜਿਕ ਵੰਨ-ਸਵੰਨਤਾਵਾਂ ਦੀਆਂ ਪਰਿਭਾਸ਼ਾਵਾਂ, ਇਨ੍ਹਾਂ ਦੀ ਰਾਖੀ/ਬਹਾਲੀ ਲਈ ਚੱਲੀਆਂ/ਚਲਦੀਆਂ ਲਹਿਰਾਂ ਜੋ ਬੱਚਿਆਂ ਦੇ ਮਨਾਂ ਅੰਦਰ ਪਾਰਖੂ ਚਿੰਤਨ ਤੇ ਤਰਕਸ਼ੀਲ ਵਿਗਿਆਨਕ ਬਿਰਤੀ ਦੀ ਜਾਗ ਲਾਉਂਦੇ ਹਨ, ਉਨ੍ਹਾਂ ਨੂੰ ਪਾਠ ਪੁਸਤਕਾਂ ਵਿਚੋਂ ਪਹਿਲੇ ਗੇੜ ਵਿਚ ਛਾਂਗ ਕੇ ਪਾਠ ਪੁਸਤਕਾਂ ਦੀ 'ਪੁਨਰ-ਉਸਾਰੀ' ਕਰ ਰਹੀ ਹੈ। ਜੰਗਲ-ਜਲ-ਜ਼ਮੀਨ ਨਾਲ ਜੁੜੇ ਵਾਤਾਵਰਨ ਬਚਾਓ ਆਦਿਵਾਸੀ/ਕਿਸਾਨ ਅੰਦੋਲਨ ਵੀ ਸਰਕਾਰ ਨੂੰ ਚੁਭਦੇ ਹਨ ਕਿਉਂਕਿ ਇਹ ਕਾਰਪੋਰੇਟ ਪੱਖੀ ਵਿਕਾਸ ਮਾਡਲ ਦੇ ਰਾਹ ਦਾ ਰੋੜਾ ਬਣਦੇ ਹਨ।

ਲੋਕਾਂ ਵੱਲੋਂ ਆਪਣੇ ਮੁੱਦਿਆਂ ਨੂੰ ਲੈ ਕੇ ਕੀਤੇ ਗਏ/ਕੀਤੇ ਜਾ ਰਹੇ ਜਨਤਕ ਅੰਦੋਲਨਾਂ ਦੇ ਬਿਰਤਾਂਤ ਅਤੇ ਲੋਕਤੰਤਰ ਨਾਲ ਸਬੰਧਿਤ ਸਾਰੇ ਬਿਰਤਾਂਤਾਂ ਨੂੰ ਪਾਠ ਪੁਸਤਕਾਂ 'ਚੋਂ ਛਾਂਗਣ ਪਿੱਛੇ ਵੀ ਮੌਜੂਦਾ ਸਰਕਾਰ ਲੋਕਤੰਤਰ ਨੂੰ ਨਾਗਰਿਕਾਂ ਵੱਲੋਂ ਕੇਵਲ ਚੋਣਾਂ ਵਿਚ ਹਿੱਸਾ ਲੈ ਕੇ ਪ੍ਰਤੀਨਿਧ ਚੁਣਨ ਦੇ ਅਧਿਕਾਰ ਤੱਕ ਹੀ ਸੀਮਤ ਸਮਝਦੀ ਹੈ। ਉਸ ਤੋਂ ਬਾਅਦ ਚੁਣੀ ਹੋਈ ਸਰਕਾਰ ਨੂੰ ਆਪਣੀ ਮਰਜ਼ੀ ਦੇ ਕਾਨੂੰਨ ਬਣਾ ਕੇ ਲਾਗੂ ਕਰਨ ਦਾ ਅਧਿਕਾਰ ਸਮਝਦੀ ਹੈ। ਇਸ ਲਈ ਸਰਕਾਰ ਮੁਤਾਬਕ ਬਣਾਏ ਕਾਨੂੰਨਾਂ ਵਿਰੁੱਧ ਜਨਤਕ ਅੰਦੋਲਨ ਰਾਜ-ਧ੍ਰੋਹ ਹੈ। ਇਸੇ ਲਈ ਇਨ੍ਹਾਂ ਨੂੰ ਸਭ ਪਾਠ ਪੁਸਤਕਾਂ ਵਿਚੋਂ ਛਾਂਗ ਦਿੱਤਾ ਗਿਆ ਹੈ ਜਦਕਿ ਅਜਿਹੇ ਜਨਤਕ ਅੰਦੋਲਨ ਹੀ ਕਿਸੇ ਜੀਵੰਤ ਲੋਕਤੰਤਰ ਦੀ ਰੂਹ ਹੁੰਦੇ ਹਨ। ਇਸ ਪ੍ਰਸੰਗ ਵਿਚ ਤੀਜਾ ਪਹਿਲੂ ਵੀ ਹੈ ਜਿਸ ਵਿਚ ਰੱਖਿਆਂ ਪਾਠ ਪੁਸਤਕਾਂ ਵਿਚੋਂ ਪੁਰਾਤਨ ਭਾਰਤ ਅੰਦਰ ਵਰਣ ਵੰਡ ਪ੍ਰਥਾ, ਦਲਿਤਾਂ/ਸ਼ੂਦਰਾਂ/ਨੀਵੀਂ ਜਾਤੀ/ਔਰਤਾਂ ਨਾਲ ਵਿਤਕਰਾ/ਅਪਮਾਨਤ ਕਰਨ ਵਾਲੇ ਵਿਹਾਰ ਦੇ ਬਿਰਤਾਂਤ ਦੀ ਛੰਗਾਈ ਅਤੇ ਮੁਗਲ ਇਤਿਹਾਸ ਨੂੰ ਨਿਗੂਣਾ ਬਣਾ ਕੇ ਪੇਸ਼ ਕਰਨ ਦੀ ਸਮਝ ਪੈਂਦੀ ਹੈ; ਉਹ ਪਹਿਲੂ ਹੈ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਵੱਲ ਵਧਣ ਦੀ ਯੋਜਨਾ ਤਹਿਤ ਪੁਰਾਤਨ ਭਾਰਤੀ ਸੰਸਕ੍ਰਿਤੀ/ਸਦਾਚਾਰ/ਪਰੰਪਰਾਵਾਂ/ਕਦਰਾਂ ਕੀਮਤਾਂ ਵਾਲੇ ਸਮਾਜ ਦੀ ਹਰ ਪੱਖੋਂ ਆਦਰਸ਼ ਸਮਾਜ ਵਜੋਂ ਪੇਸ਼ਕਾਰੀ ਲਈ ਇਨ੍ਹਾਂ ਵਿਤਕਰਿਆਂ/ਵਧੀਕੀਆਂ ਦੇ ਵਰਨਣ ਨੂੰ ਪਾਠ ਪੁਸਤਕਾਂ 'ਚੋਂ ਛਾਂਗਣਾ।

ਸਰਕਾਰ ਵੱਲੋਂ ਐਨ.ਸੀ.ਈ.ਆਰ.ਟੀ. ਰਾਹੀਂ ਸਕੂਲ ਸਿੱਖਿਆ ਦੀਆਂ ਪਾਠ ਪੁਸਤਕਾਂ ਦੀ ਛਾਂਗ-ਛੰਗਾਈ ਐਨ.ਈ.ਪੀ.-2020 ਦੀ ਦਿਸ਼ਾ-ਸੇਧ ਤਹਿਤ ਹੀ ਕੀਤੀ ਗਈ ਹੈ। ਸਿਲੇਬਸ ਛਾਂਗ-ਛੰਗਾਈ ਦੇ ਪ੍ਰਸੰਗ ਵਿਚ ਦਿਸ਼ਾ-ਸੇਧ ਦੀ ਮੂਲ ਚੂਲ ਨੂੰ ਸਮਝਣਾ ਜ਼ਰੂਰੀ ਹੈ। ਮੋਦੀ ਸਰਕਾਰ ਵੱਲੋਂ ਜਿੱਥੇ ਅਰਥਚਾਰੇ ਦੇ ਸਭ ਖੇਤਰਾਂ ਦੇ ਕਾਰਪੋਰੇਟੀਕਰਨ/ਕੇਂਦਰੀਕਰਨ ਦੀ ਲਾਗੂ ਕੀਤੀ ਜਾ ਰਹੀ ਨੀਤੀ, ਸਿੱਖਿਆ ਖੇਤਰ ਸਬੰਧੀ ਵੀ ਐਨ.ਈ.ਪੀ.-2020 ਅੰਦਰ ਸਪਸ਼ਟ ਹੀ ਹੈ ਪਰ ਨਾਲ ਹੀ ਜਿੱਥੇ ਪਾਠਕ੍ਰਮ ਪ੍ਰਣਾਲੀ ਸਮੇਤ ਸਮੁੱਚੇ ਸਿੱਖਿਆ ਢਾਂਚੇ ਨੂੰ ਮੁੱਢੋਂ-ਸੁੱਢੋਂ ਬਦਲ ਕੇ 21ਵੀਂ ਸਦੀ ਦੀ ਸਿੱਖਿਆ ਦੇ ਮੇਚ ਦੇ ਕਰਨ ਦੀ ਗੱਲ ਕਹੀ ਗਈ ਹੈ, ਉਥੇ ਸਿੱਖਿਆ ਦੇ 'ਭਾਰਤੀਕਰਨ' ਦੇ ਨਾਂ ਹੇਠ ਇਸ ਨਵੀਂ ਸਿੱਖਿਆ ਪ੍ਰਣਾਲੀ ਰਾਹੀਂ ਪੁਰਾਤਨ ਭਾਰਤੀ ਸੰਸਕ੍ਰਿਤੀ, ਵਿਰਸੇ, ਪਰੰਪਰਾਵਾਂ, ਕਦਰਾਂ ਕੀਮਤਾਂ, ਸਦਾਚਾਰ, ਲੋਕਾਚਾਰ, ਫਲਸਫੇ ਨੂੰ ਸਾਂਭਣ, ਉਭਾਰਨ, ਖੋਜਣ ਤੇ ਇਸ ਨੂੰ ਹੋਰ ਅੱਗੇ ਵਧਾਉਣ 'ਤੇ ਜ਼ੋਰ ਦਿੱਤਾ ਗਿਆ ਹੈ। ਪਾਠ ਪੁਸਤਕਾਂ ਵਿਚੋਂ ਪਾਠਕ੍ਰਮ ਦੀ ਛਾਂਗ-ਛੰਗਾਈ ਮੁੱਖ ਤੌਰ 'ਤੇ ਐਨ.ਈ.ਪੀ.-2020 ਦੀ ਇਸੇ ਦਿਸ਼ਾ-ਸੇਧ ਮੁਤਾਬਕ ਹੀ ਕੀਤੀ ਗਈ ਹੈ।

ਜਿਸ ਤਰ੍ਹਾਂ ਐਨ.ਈ.ਪੀ.-2020 ਦੇ ਸਾਰੇ ਦਸਤਾਵੇਜ਼ ਅੰਦਰ ਲੋਕਤੰਤਰ ਤੇ ਧਰਮ ਨਿਰਲੇਪਤਾ ਸ਼ਬਦ ਗਾਇਬ ਹਨ, ਉਸੇ ਤਰ੍ਹਾਂ ਹੀ ਇਸ ਛਾਂਗ-ਛੰਗਾਈ ਵਿਚ ਵੀ ਇਨ੍ਹਾਂ ਦੋਵਾਂ ਸ਼ਬਦਾਂ ਨਾਲ ਜੁੜੇ ਸਭ ਪਾਠ/ਪੈਰੇ/ਹਿੱਸੇ ਗਾਇਬ ਕਰ ਦਿੱਤੇ ਗਏ ਹਨ। ਐਨ.ਈ.ਪੀ.-2020 ਦੇ ਦਸਤਾਵੇਜ਼ ਅੰਦਰ ਪਾਰਖੂ ਚਿੰਤਨ ਅਤੇ ਵਿਗਿਆਨਕ ਬਿਰਤੀ ਦੇ ਸ਼ਬਦ ਅਨੇਕ ਜਗ੍ਹਾ ਰਸਮੀ ਤੌਰ 'ਤੇ ਵਰਤੇ ਗਏ ਹਨ ਪਰ ਬੱਚਿਆਂ ਅੰਦਰ ਇਨ੍ਹਾਂ ਦਾ ਸੰਚਾਰ ਕਰਨ ਵਾਲੇ ਸਮਾਜੀ-ਸਿਆਸੀ ਵਰਤਾਰਿਆਂ ਦੇ ਬਿਰਤਾਂਤ ਅਤੇ ਡਾਰਵਿਨ ਦੇ ਜੀਵ ਵਿਕਾਸ ਸਿਧਾਂਤ ਵਰਗੇ ਵਿਗਿਆਨਕ ਪਾਠ ਪੁਸਤਕਾਂ 'ਚੋਂ ਕੱਢ ਦਿੱਤੇ ਗਏ ਹਨ।

ਇਕ ਗੱਲ ਹੋਰ, ਪਾਠ ਪੁਸਤਕਾਂ ਦੀ ਛਾਂਗ-ਛੰਗਾਈ ਦੀ ਇਹ ਕਵਾਇਦ ਵੀ (ਜੋ ਕੋਵਿਡ-19 ਸਮੇਂ ਤੋਂ ਹੀ ਸ਼ੁਰੂ ਹੈ) ਐਨ.ਈ.ਪੀ.-2020 ਦੀ ਧਾਰਾ (4.27) ਤਹਿਤ 'ਮੌਜੂਦਾ ਬਦਲ ਰਹੇ ਪ੍ਰਸੰਗ' ਦੀ ਆੜ ਵਿਚ ਕੌਮੀ ਪਾਠਕ੍ਰਮ ਪ੍ਰਣਾਲੀ ਚੌਖਟਾ-2005 'ਅਪਡੇਟ' ਕਰਨ ਦੇ ਨਾਂ ਹੇਠ ਕੀਤੀ ਗਈ ਹੈ ਜਿਸ ਦੇ ਚੇਅਰਮੈਨ ਉਘੇ ਵਿਗਿਆਨੀ ਪ੍ਰੋ. ਯਸ਼ ਪਾਲ ਸਨ ਅਤੇ ਡਾਇਰੈਕਟਰ ਭਾਰਤ ਦੇ ਨਾਮਵਰ ਸਿੱਖਿਆ ਸ਼ਾਸਤਰੀ ਪ੍ਰੋ. ਕ੍ਰਿਸ਼ਨ ਕੁਮਾਰ ਸਨ। ਮੌਜੂਦਾ ਸਰਕਾਰ ਨੂੰ ਇਸ ਚੌਖਟੇ ਤਹਿਤ ਸੋਧੀਆਂ ਹੋਈਆਂ ਪਾਠ ਪੁਸਤਕਾਂ, ਉਸ ਦੇ ਸਮਾਜੀ-ਸਿਆਸੀ ਏਜੰਡੇ ਨੂੰ ਰਾਸ ਨਾ ਆਉਣ ਕਰ ਕੇ ਵਧੇਰੇ ਰੜਕਦੀਆਂ ਸਨ। ਵਧੇਰੇ ਛਾਂਗ-ਛੰਗਾਈ ਇਨ੍ਹਾਂ ਪੁਸਤਕਾਂ ਵਿਚੋਂ ਹੀ ਕੀਤੀ ਗਈ ਹੈ। ਯਕੀਨਨ, ਅਜੇ ਐਨ.ਈ.ਪੀ.-2020 ਤਹਿਤ ਛਾਂਗ-ਛੰਗਾਈ ਹੋਰ ਕੀਤੀ ਜਾਵੇਗੀ ਅਤੇ ਸਰਕਾਰ ਨੂੰ ਰਾਸ ਬੈਠਣ ਵਾਲੀ ਹੋਰ ਸਮੱਗਰੀ ਪਾਠ ਪੁਸਤਕਾਂ ਵਿਚ ਪਾਈ ਵੀ ਜਾਵੇਗੀ। ਅਜੇ ਸਕੂਲੀ ਸਿੱਖਿਆ ਦੀ ਸ਼੍ਰੇਣੀ 5 ਤੱਕ ਦੇ ਪਾਠਕ੍ਰਮ ਦੀ ਸੁਧਾਈ ਵੀ ਬਾਕੀ ਹੈ। ਪਾਠ ਪੁਸਤਕਾਂ ਦੀ ਸਮੱਗਰੀ ਤੇ ਦਿੱਖ ਸਬੰਧੀ ਬਣਾਈ ਸੰਸਦੀ ਕਮੇਟੀ ਨੇ ਮੁਲਕ ਭਰ ਦੇ ਸਕੂਲਾਂ ਵਿਚ ਕੇਵਲ ਹਿੰਦੂ ਧਰਮ ਦੇ ਗ੍ਰੰਥ, ਵੇਦ, ਪੁਰਾਣ, ਗੀਤਾ ਪੜ੍ਹਾਉਣ ਅਤੇ ਮੁਸਲਮਾਨਾਂ ਨੂੰ ਛੱਡ ਕੇ ਸਿੱਖ, ਗੁੱਜਰ, ਜਾਟ ਇਤਿਹਾਸ ਨੂੰ ਪਾਠਕ੍ਰਮਾਂ ਦਾ ਹਿੱਸਾ ਬਣਾਉਣ ਦੀ ਸਿਫਾਰਸ਼ ਕੀਤੀ ਹੋਈ ਹੈ। ਭਾਜਪਾ ਦੀ ਹਰਿਆਣਾ ਸਰਕਾਰ ਵੱਲੋਂ ਇਸ 'ਤੇ ਅਮਲ ਵੀ ਸ਼ੁਰੂ ਹੈ।

ਜਿਸ ਤਰ੍ਹਾਂ ਐਨ.ਈ.ਪੀ.ਐਨ.ਈ.ਪੀ.-2020 ਮੁਲਕ ਉਪਰ ਠੋਸੀ ਗਈ, ਉਸੇ ਤਰ੍ਹਾਂ ਪਾਠ ਪੁਸਤਕਾਂ ਦੀ ਛਾਂਗ-ਛੰਗਾਈ ਮੁਲਕ ਭਰ ਦੇ ਬੱਚਿਆਂ/ਅਧਿਆਪਕਾਂ ਉਪਰ ਇਹ ਠੋਸ ਕੇ ਕਿ ਉਨ੍ਹਾਂ ਨੇ ਕੀ ਪੜ੍ਹਨਾ ਹੈ ਤੇ ਉਨ੍ਹਾਂ ਨੂੰ ਕੀ ਪੜ੍ਹਾਉਣਾ ਹੈ, ਆਪਣੇ ਸਿਆਸੀ-ਰਣਨੀਤਕ ਏਜੰਡੇ ਨੂੰ ਅੱਗੇ ਵਧਾਇਆ ਜਾ ਰਿਹਾ ਹੈ।

ਇਹ ਮੁੱਦਾ ਬੱਚਿਆਂ ਦੇ ਸੰਤੁਲਿਤ ਮਾਨਸਿਕ ਵਿਕਾਸ, ਅਧਿਆਪਕਾਂ ਦੀ ਸਿਰਜਨਾਤਮਕਤਾ ਅਤੇ ਬੱਚਿਆਂ ਦੇ ਮਾਪਿਆਂ ਦੀ ਜਾਣਕਾਰੀ ਕਿ ਉਨ੍ਹਾਂ ਦੇ ਬੱਚਿਆਂ ਨੂੰ ਕੀ ਕੁਝ ਪੜ੍ਹਾਇਆ ਜਾ ਰਿਹਾ ਹੈ ਤੇ ਕੀ ਨਹੀਂ, ਲਈ ਗੰਭੀਰ ਸਰੋਕਾਰਾਂ ਦਾ ਮੁੱਦਾ ਬਣਦਾ ਹੈ। ਇਸ ਅੰਦਰ ਸਭ ਤੋਂ ਵੱਡੀ ਜ਼ਿੰਮੇਵਾਰੀ/ਭੂਮਿਕਾ ਅਧਿਆਪਕ ਵਰਗ ਅਤੇ ਸੰਘਰਸ਼ਸ਼ੀਲ ਅਧਿਆਪਕ ਜਥੇਬੰਦੀਆਂ ਦੀ ਬਣਦੀ ਹੈ ਕਿ ਉਹ ਅਨਜਾਣ ਮਾਪਿਆਂ ਵੀ ਇਸ ਪੱਖੋਂ ਸੁਚੇਤ ਕਰਨ।

# ਸੋਫੀ ਬਨਾਮ ਸਿਰੇ ਦਾ ਸ਼ਰਾਬੀ

ਵਿਅੰਗ

ਯੂਨਾਨ ਦੇ ਮਹਾਨ ਕਥਾ-ਵਿਖਿਆਨੀ ਈਸੌਪ (620-564 ਈਸਾ ਪੂਰਵ) ਦੀ ਇਕ ਮੁਹਾਵਰਾਨਾ ਕੋਟ ਹੈ ਕਿ 'ਸ਼ਕਲਾਂ-ਸੂਰਤਾਂ ਧੋਖਾਮਈ ਹੁੰਦੀਆਂ ਹਨ'। ਅੰਗਰੇਜ਼ੀ ਦੇ ਪ੍ਰਸਿੱਧ ਲੇਖਕ ਵਿਲੀਅਮ ਸ਼ੇਕਸਪੀਅਰ ਦੇ ਨਾਟਕਾਂ 'ਹੈਮਲਿਟ' ਅਤੇ 'ਮੈਕਬਿਥ' ਵਿਚ ਕ੍ਰਮਵਾਰ ਕਿਹਾ ਗਿਆ ਕਿ 'ਕੋਈ ਜਣਾ ਜਿੰਨਾ ਮਰਜ਼ੀ ਪਿਆ ਮੁਸਕਰਾਵੇ ਪਰ ਉਹ ਦੁਰਜਨ ਹੋ ਸਕਦੈ' ਅਤੇ 'ਮਾਸੂਮ ਲਗਦੇ ਫੁੱਲ ਹੇਠ ਨਾਗ ਹੋ ਸਕਦੈ' (ਭਾਵ ਹੇਠਾਂ ਸੱਪ ਹੋ ਸਕਦੈ)।

ਅਕਸਰ ਕੋਟ ਕੀਤੀਆਂ ਜਾਣ ਵਾਲੀਆਂ ਇਨ੍ਹਾਂ ਸਤਰਾਂ ਦਾ ਸਿੱਧਾ ਜਿਹਾ ਸਾਰ ਹੈ-ਭੋਲੀ ਭਾਲੀ ਸੂਰਤ ਕੇ ਹੋਤੇ ਹੈਂ ਜਲਾਦ ਭੀ!

ਪਰ ਕਈ ਵਾਰ ਇਨ੍ਹਾਂ ਨਾਂਹਵਾਚੀ ਚਲਨ ਵੱਲ ਇਸ਼ਾਰਾ ਕਰਦੀਆਂ ਅਤੇ ਵਿਅਕਤੀ ਨੂੰ ਅਜਿਹੇ ਦੰਭੀਆਂ, ਦੋਗਲਿਆਂ,

ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਭੇਖੀਆਂ, ਭਰਮਾਊਆਂ ਤੋਂ ਬਚਣ ਲਈ ਸੁਚੇਤ ਕਰਦੀਆਂ ਇਨ੍ਹਾਂ ਸਤਰਾਂ ਦਾ ਇਕ ਵੱਖਰਾ ਰੂਪ ਵੀ ਹੁੰਦੈ।

ਹੋਰ ਕਿਸੇ ਦੀ ਕੀ ਗੱਲ ਕਰਨੀ ਐਂ, ਆਪਾਂ ਆਪਣੇ ਤੋਂ ਹੀ ਆਰੰਭ ਕਰਦੇ ਹਾਂ। ਸਾਡੀਆਂ ਅੱਖਾਂ ਬੱਕਰੀ ਦੇ ਆਨਿਆਂ ਵਾਂਗ ਬਾਹਰ ਨੂੰ ਨਿਕਲੀਆਂ ਹੋਈਆਂ ਹਨ। ਅੱਖਾਂ ਕਾਹਦੀਆਂ ਕੋਲ ਡੋਡੇ ਹੀ ਸਮਝੋ। ਕੋਇਆਂ ਤੋਂ ਲਾਲ ਲਾਲ ਹੋਏ ਇਹ ਡੇਲੇ, ਜਿਨ੍ਹਾਂ ਨੂੰ 'ਫੈਟ ਪਰੋਲੈਪਸ' (ਮਾਸ ਵਧਣ) ਦੀ ਬਿਮਾਰੀ ਨੇ ਹੋਰ ਵੀ ਭਿਅੰਕਰ ਬਣਾਉਣ ਵਿਚ ਚਾਰ ਚੰਨ ਲਗਾਏ ਜਾਣ ਦਾ ਉਪਕਾਰ ਕੀਤੈ, ਨੂੰ ਦੇਖ ਕੇ ਬੱਚਾ ਤਾਂ ਬੇਹੋਸ਼ ਹੀ ਹੋ ਜਾਏਗਾ, ਵਡੇਰਾ ਵੀ ਚਕਰਾ ਜ਼ਰੂਰ ਜਾਏਗਾ।

ਇਨ੍ਹਾਂ ਕਾਰਨ ਸਾਨੂੰ ਇਕ ਮੁਸੀਬਤ ਦਾ ਜਵਾਨੀ ਤੋਂ ਲੈ ਕੇ (ਉਂਜ ਸਾਡੇ 'ਤੇ ਬਹੁਤੀ ਜਵਾਨੀ ਕਦੀ ਨਹੀਂ ਆਈ) ਬੁੱਢੇ ਵਾਰੇ ਤਕ ਵਾਰ ਵਾਰ ਸਾਹਮਣਾ ਕਰਨਾ ਪਿਐ। ਦੇਖਣ ਵਾਲਾ ਸਾਨੂੰ 7+24 ਦਾ ਇਕ ਪੂਰੀ ਸ਼ਰਾਬ ਦੀ ਬੋਤਲ ਦਾ ਪਿਅਕੜ ਸਮਝਦੈ। ਕੋਈ ਇਹ ਗੱਲ ਪੈਂਦੀ ਸੱਟੇ ਮੰਨਣ ਨੂੰ ਤਿਆਰ ਈ ਨਹੀਂ ਹੁੰਦਾ ਕਿ ਅਸੀਂ ਸ਼ਰਾਬ ਦਾ ਸਵਾਦ ਤਕ ਨਹੀਂ ਦੇਖਿਆ, ਉਸ ਭਾਈਚਾਰੇ ਵਿਚ ਪੈਦਾ ਹੋ ਕੇ ਵੀ, ਜਿਸ ਬਾਰੇ ਕਿਹਾ ਜਾਂਦੈ ਕਿ ਇਨ੍ਹਾਂ ਨੂੰ ਤਾਂ ਗੁੜ੍ਹਤੀ ਵੀ ਸ਼ਰਾਬ ਦੀ ਹੀ ਮਿਲਦੀ ਹੈ। ਘਰਦੇ ਅਤੇ ਰਿਸ਼ਤੇਦਾਰ ਦੇ ਪੀਣ-ਖਾਣ ਵਾਲੇ ਹੋਣ ਦੇ ਬਾਵਜੂਦ ਵੀ। ਸੱਜਣ-ਬੇਲੀ, ਸਹਿਕਰਮੀ ਤੇ ਅਨੇਕਾਂ ਹੋਰ ਜਾਣਕਾਰ ਇਸ ਦਾ ਸੇਵਨ ਕਰਦੇ ਹਨ ਪਰ ਅਸੀਂ ਕੋਲ ਬੈਠੇ ਰਹਿੰਦੇ ਹਾਂ ਪਰ ਸ਼ਰਾਬ ਨੂੰ ਕਦੀ ਮੂੰਹ ਨਹੀਂ ਲਾਇਆ। ਸਾਨੂੰ ਮਸ਼ਹੂਰ ਉਰਦੂ ਸ਼ਾਇਰ ਸ਼ੇਖ ਇਬਰਾਹੀਮ ਜ਼ੌਕ ਦੀ ਨਸੀਹਤ ਨਹੀਂ ਭੁੱਲਦੀ-

"ਐ ਜ਼ੌਕ ਦੇਖ ਦੁਖਤਰ-ਏ-ਰਜ਼* ਕੋ ਨਾ ਮੂੰਹ ਲਗਾ,
ਛੁਟਤੀ ਨਹੀਂ ਹੈ ਮੂੰਹ ਸੇ ਯੇ ਕਾਫਿਰ ਲਗੀ ਹੂਈ"।

*ਅੰਗੂਰ ਦੀ ਬੇਟੀ, ਭਾਵ ਸ਼ਰਾਬ

ਸਾਡੇ ਸੋਫੀ ਹੋਣ ਨੂੰ ਨਾ ਮੰਨਣ ਕਾਰਨ ਸਾਨੂੰ ਪੰਜਾਬੀ ਫਿਲਮ 'ਚੰਨ ਮੇਰਾ ਪੁੱਤ' ਦਾ ਉਹ ਪਾਤਰ ਯਾਦ ਆ ਜਾਂਦੈ ਜਿਸ ਨੂੰ ਲੋਕੀਂ ਚੋਰ ਸਦਦੇ ਰਹਿੰਦੇ ਹਨ, ਬੇਸ਼ਕ ਉਹ ਚੋਰ ਬਿਲਕੁਲ ਨਹੀਂ!

ਅਸੀਂ ਅਜੇ ਨਵੇਂ ਨਵੇਂ ਪ੍ਰੋਫੈਸਰ ਲੱਗੇ ਸੀ। ਥੋੜੇ ਬਹੁਤ ਜਵਾਨ ਵੀ ਸੀ। ਦੋ-ਚਾਰ ਲੈਕਚਰ ਦੇਣ ਉਪਰੰਤ ਗਲਾ ਖਰਾਬ ਹੋ ਗਿਆ। ਅਸੀਂ ਇਕ ਨਾਮੀ ਡਾਕਟਰ ਕੋਲ ਗਏ। ਗਲਾ ਚੈਕ ਕਰਨ 'ਤੇ ਸਾਨੂੰ ਦੇਖਣ ਬਾਅਦ ਡਾਕਟਰ ਸਾਹਿਬ ਦੀ ਪਹਿਲੀ ਨੇਕ ਸਲਾਹ ਸੀ-ਸ਼ਰਾਬ ਘੱਟ ਕਰੋ। ਮੈਂ ਕਿਹਾ ਜੀ ਕਿ ਮੈਂ ਤਾਂ ਪੀਂਦਾ ਨਹੀਂ। "ਸਾਰੇ ਏਦਾਂ ਈ ਕਹਿੰਦੇ ਹੁੰਦੇ ਐ। ਚਾਰ ਦੀ ਬਜਾਏ ਦੋ ਪੈੱਗ ਕਰੋ, ਗਲਾ ਆਪੇ ਠੀਕ ਹੋ ਜਾਏਗਾ", ਡਾਕਟਰ ਸਾਹਿਬ ਨੇ ਮੇਰੀ ਗਲ ਅਣਸੁਣੀ ਕਰਦਿਆਂ ਕਿਹਾ। ਮੈਨੂੰ ਖਾਸੀ ਜੱਦੋ ਜਹਿਦ ਕਰਨੀ ਪਈ ਡਾਕਟਰ ਸਾਹਿਬ ਨੂੰ 'ਕਨਵਿੰਸ' ਕਰਨ ਲਈ ਕਿ ਮੈਂ ਸ਼ਰਾਬ ਨਹੀਂ ਪੀਂਦਾ। ਉਹ 'ਕਨਵਿੰਸ' ਤਾਂ ਹੋ ਗਏ ਪਰ ਹੈਰਾਨ ਹੋਣੋਂ ਨਾ ਰਹੇ, ਸ਼ਾਇਦ ਪ੍ਰੇਸ਼ਾਨ ਵੀ ਹੋਏ ਹੋਣ।

ਸਾਡੇ ਇਕ ਸਨੇਹੀ ਬਾਰੇ ਮਸ਼ਹੂਰ ਸੀ ਕਿ ਉਹ ਨਾ ਪੀਣ ਵਾਲੇ ਦੇ ਸਿਰ ਵਿਚ ਬੋਤਲ ਉਲੱਦ ਦਿੰਦਾ ਹੈ। ਮੇਰੀ ਸਾਊ ਮਾਂ ਨੇ ਡਰਦਿਆਂ ਮੈਨੂੰ ਕਦੀ ਵੀ ਉਸ ਨੂੰ ਮਿਲਣ ਨਹੀਂ ਜਾਣ ਦਿੱਤਾ। ਇਕ ਵਾਰ ਇਕ ਸਾਂਝੇ ਰਿਸ਼ਤੇਦਾਰ ਦੇ ਸਮਾਗਮ 'ਤੇ ਮੇਲ ਹੋ ਗਿਆ, ਜਾਣੀ ਆਹਮੋ-ਸਾਹਮਣੇ ਟੱਕਰ ਹੋ ਗਈ। ਗੱਲ ਬਹੁਤ ਪੁਰਾਣੀ ਹੈ, ਦੇਸੀ ਦਾਰੂ ਦੇ ਦੌਰ ਦੀ, ਜਾਣੀ ਘਰ ਦੀ ਕੱਢੀ ਵਾਲੇ ਜ਼ਮਾਨੇ ਦੀ। ਲਾਲ ਪਰੀ ਬਾਅਦ ਵਿਚ ਆਈ ਅਤੇ ਵਿਸਕੀ ਤਾਂ ਭਲਾ ਹੁਣੇ ਹੁਣੇ ਹੀ ਪੁੱਜੀ ਐ।

ਮਸਲਾ ਫਿਰ ਓਹੀ ਪੀਣ ਤੇ ਨਾ ਪੀਣ ਦਾ। ਸਲਵਾਤਾਂ, ਮਿਹਣੇ, ਚੋਂਦੀਆਂ ਚੋਂਦੀਆਂ ਅਤੇ ਚੋਪੜੀਆਂ ਚੋਪੜੀਆਂ ਗੱਲਾਂ ਸੁਣਨ ਦਾ। ਅਖੇ ਇਹ ਪੜ੍ਹਿਆ ਹੋਣ ਕਾਰਨ ਹੁਣ 'ਪੇਂਡੂਆਂ' ਵਿਚ ਬੈਠ ਕੇ ਪੀਣਾ ਆਪਣੀ ਹੇਠੀ ਸਮਝਦੈ; ਇਹ ਮਹਿੰਗੀ ਵਿਸਕੀ ਪੀਂਦੈ, ਦੇਸੀ ਦਾਰੂ ਨਹੀਂ; 'ਜੱਟ-ਬੂਟਾਂ' ਵਿਚ ਬਹਿ ਕੇ ਪੈਗ ਦੀ ਸਾਂਝ ਪਾਉਣ ਨਾਲ ਇਹ ਹੀਣਤਾ ਮਹਿਸੂਸ ਕਰਦੈ ਆਦਿ ਆਦਿ।

ਮੇਰੇ ਸਿਰ ਚੜ੍ਹ ਕੇ ਫਿਰ ਉਸ ਨੇ ਪਟਾਕ ਕਰਕੇ ਕੰਧ ਵਿਚ ਇਕ ਬੋਤਲ ਮਾਰ ਕੇ ਭੰਨ ਸੁੱਟੀ। ਬਸ ਐਨੀ ਕੁ ਲਿਹਾਜ਼ ਰੱਖੀ ਕਿ ਮੇਰੇ ਸਿਰ ਵਿਚ ਨਹੀਂ ਮਾਰੀ ਅਤੇ ਨਾ ਹੀ ਉਲੱਦੀ। ਮੇਰੇ ਵਾਰ ਵਾਰ ਬੇਨਤੀਆਂ ਕਰਨ 'ਤੇ ਕਿ ਮੈਂ ਸੱਚੀਂ-ਮੁੱਚੀਂ ਨਹੀਂ ਪੀਂਦਾ ਤਾਂ ਜਾ ਕੇ ਮੇਰੀ ਬੰਦ ਖਲਾਸੀ ਹੋਈ!

ਸਿਰਫ ਘੱਟ ਪੜ੍ਹੇ/ਅਨਪੜ੍ਹ ਪੇਂਡੂ ਲੋਕਾਂ ਦੀ ਹੀ ਗੱਲ ਨਹੀਂ, ਪੜ੍ਹੇ ਲਿਖੇ ਵੀ ਪੀਣ-ਖਾਣ ਵੇਲੇ ਅਨਪੜ੍ਹ ਈ ਬਣ ਜਾਂਦੇ ਐ। ਉਨ੍ਹਾਂ ਦੇ ਵਿਦਵਤਾ ਭਰਪੂਰ ਫੁਰਮਾਨ ਸੁਣੋ-ਅਖੇ ਤੂੰ ਤਾਂ ਜੱਟ ਹੀ ਨਹੀਂ (ਜਾਣੀ ਜੋ ਪੀਂਦਾ ਨਹੀਂ ਉਹ ਇਸ ਭਾਈਚਾਰੇ ਦਾ ਮੈਂਬਰ ਨਹੀਂ); ਮੇਰਾ ਇਹ ਕਹਿਣਾ 'ਕਿ ਚਲੋ ਕੋਈ ਗੱਲ ਨਹੀਂ, ਮੈਂ ਮਾਨਵੀ ਭਾਈਚਾਰੇ ਦਾ ਮੈਂਬਰ ਹੀ ਠੀਕ ਹਾਂ' ਨੂੰ ਅਣਗੌਲਿਆਂ ਕਰਦਿਆਂ ਅਗਲਾ ਪ੍ਰਵਚਨ ਆ ਜਾਏਗਾ- 'ਤੂੰ ਬੰਦਾ ਈ ਨਹੀਂ, ਜਨਾਨੀ ਹੈਂ!' ਮੇਰੇ ਇਹ ਜਵਾਬ ਦੇਣ 'ਤੇ ਕਿ ਅੱਜ ਕੱਲ੍ਹ ਤਾਂ ਬਹੁਤੀਆਂ ਜਨਾਨੀਆਂ ਵੀ ਵਾਈਨ ਅਤੇ ਵਿਸਕੀ ਪੀਣ ਲੱਗ ਪਈਆਂ ਹਨ, ਤਾਂ ਉਹ ਆਪਣਾ ਕਥਨ ਜਾਰੀ ਰੱਖਦਿਆਂ ਕਹਿਣਗੇ- 'ਤੇਰੀ ਵੀ ਕਾਹਦੀ ਜ਼ਿੰਦਗੀ ਹੋਈ, ਜੇਹਾ ਧਰਤੀ 'ਤੇ ਆਇਆ ਜੇਹਾ ਨਾ ਆਇਆ!' ਜਾਣੀ ਜਿਵੇਂ ਟੱਲੀ ਹੋ ਕੇ ਹੀ ਜੀਵਨ ਸੰਵਰਦੈ ਅਤੇ ਟੱਲੀਵਾਨਾਂ ਨੂੰ ਸਿੱਧੇ ਸਵਰਗ ਵਿਚ ਸੀਟ ਮਿਲ ਜਾਂਦੀ ਹੈ!

ਕਈ ਸ਼ੁਭ ਚਿੰਤਕ ਸਾਨੂੰ ਨਿਕਰਮਾਂ, ਬਦਕਿਸਮਤ ਅਤੇ ਵਿਚਾਰਾ ਕਹਿਣਗੇ। ਸ਼ਰਾਬ ਦੇ ਹੱਕ ਵਿਚ ਕਈ ਦਲੀਲਾਂ ਦੇਣਗੇ-ਅਖੇ ਇਹ ਸੋਮਰਸ ਹੈ, ਇਸ ਨੂੰ ਦੇਵਤੇ ਸੇਵਨ ਕਰਦੇ ਹਨ, ਇਹ ਸਾਰੇ ਗਮ ਭੁਲਾ ਦਿੰਦੀ ਹੈ; ਸੀਮਤ ਮਾਤਰਾ ਵਿਚ ਪੀਣ ਨਾਲ ਸਿਹਤ ਲਈ ਵੀ ਠੀਕ ਰਹਿੰਦੀ ਹੈ; ਨੀਂਦ ਦੇ ਸਵਰਗੀ ਝੂਟੇ ਆਉਂਦੇ ਹਨ ਆਦਿ ਆਦਿ। ਇਕ ਸੱਜਣ ਤਾਂ ਨਿਹੋਰਾ ਮਾਰਦਿਆਂ ਉਰਦੂ ਦਾ ਸ਼ੇਅਰ ਛੱਡ ਦੇਏਗਾ-

"ਲੁਤਫ-ਏ-ਮੈਅ ਤੁਝ ਸੇ ਕਯਾ ਕਹੂੰ ਜ਼ਾਹਿਦ,
ਹਾਏ ਕੰਮਬਖਤ ਤੂ ਨੇ ਪੀ ਹੀ ਨਹੀਂ"-ਦਾਗ ਦੇਹਲਵੀ

ਫਿਰ ਉਹ ਸ਼ਰਾਬ ਦੀ ਮਹੱਤਤਾ ਕੁਝ ਇਸ ਤਰ੍ਹਾਂ ਬਿਆਨ ਕਰਨਗੇ-

"ਜ਼ਾਹਿਦ ਸ਼ਰਾਬ ਪੀਨੇ ਦੇ ਮੁਝੇ ਮਸਜਿਦ ਮੇਂ ਬੈਠ ਕਰ,
ਯਾ ਵੋ ਜਗਾਹ ਬਤਾ ਦੇ ਜਹਾਂ ਪਰ ਖੁਦਾ ਨ ਹੋ"-ਮਿਰਜ਼ਾ ਗਾਲਿਬ

ਸਾਡੇ ਇਕ ਬੇਲੀ ਦੇ ਟੱਲੀ ਹੋਣ ਦੀ ਨਿਸ਼ਾਨੀ ਹੀ ਇਹ ਹੈ ਕਿ ਉਹ ਫਿਰ 'ਸ਼ੇਅਰੋ-ਸ਼ੈਅਰ' ਹੋ ਜਾਂਦੈ। ਆਪਣੇ ਪੀਣ ਨੂੰ ਇੰਜ ਠੀਕ ਠਹਿਰਾਉਂਦੈ-

"ਜ਼ਾਹਿਦ ਸ਼ਰਾਬ ਪੀਨੇ ਸੇ ਕਾਫਿਰ ਹੂਆ ਮੈਂ ਕਿਉਂ?
ਕਯਾ ਡੇੜ ਚੁਲੂ ਪਾਨੀ ਮੇਂ ਈਮਾਨ ਬਹਿ ਗਿਆ"(ਸ਼ੇਖ ਇਬਰਾਹੀਮ ਜ਼ੌਕ)

ਇਕ ਹੋਰ ਮਿੱਤਰ ਇਹ ਦਲੀਲ ਦੇਏਗਾ ਕਿ ਸ਼ਰਾਬ ਨਾਲ ਸਾਂਝ ਬਹੁਤ ਵਧਦੀ ਹੈ ਅਤੇ ਨਵੀਆਂ ਦੋਸਤੀਆਂ ਪੈਂਦੀਆਂ ਹਨ। ਉਸ ਅਨੁਸਾਰ-ਤੁਸੀਂ ਕਿਸੇ ਅਣਜਾਣ ਵਿਅਕਤੀ ਨਾਲ ਇਕ ਕੜੇ ਦਾ ਗਲਾਸ ਲੱਸੀ ਪੀ ਲਉ, ਤੁਹਾਨੂੰ ਭੁੱਲ-ਭੁਲਾ ਜਾਏਗਾ। ਪਰ ਤੁਸੀਂ ਓਸੇ ਵਿਅਕਤੀ ਨਾਲ ਇਕ ਨਿੱਕਾ ਜਿਹਾ ਪੈੱਗ ਲਾ ਲਉ, ਤੁਹਾਨੂੰ ਉਮਰ ਭਰ ਯਾਦ ਰਹੇਗਾ, ਤੇ ਜੇ ਕਿਧਰੇ ਪਟਿਆਲਾ ਪੈੱਗ ਲਾ ਲਉ ਤਾਂ ਕਹਿਣੇ ਈ ਕੀ!

ਸਾਡੇ ਇਧਰ ਸੋਫੀ ਬੰਦੇ ਨੂੰ ਸੋਫੀ ਰਹਿਣ ਲਈ ਬੜਾ ਸੰਘਰਸ਼ ਕਰਨਾ ਪੈਂਦੈ। ਇਕ ਥਾਂ ਤਾਂ ਇਹ ਨੌਬਤ ਆ ਗਈ ਕਿ ਮਹਿਫਲ ਵਾਲੇ ਕਹਿਣ ਕਿ ਜੇ ਮੈਂ ਪੀਵਾਂਗਾ ਤਾਂ ਹੀ ਉਹ ਪੀਣਗੇ। ਗਲ ਇਕ 'ਡੱਟ' (ਢੱਕਣ) ਪੀਣ ਤਕ ਪੁੱਜ ਗਈ। ਮੇਰੇ ਅੜੇ ਰਹਿਣ 'ਤੇ ਇਹ ਬਦਲ ਪੇਸ਼ ਕੀਤਾ ਗਿਆ ਕਿ ਮੈਂ ਬੋਤਲ ਦੇ ਬਾਹਰ ਹੀ ਜੀਭ ਲਗਾ ਦਿਆਂ। ਮੈਂ ਇਸ ਤੋਂ ਵੀ ਨਾਂਹ ਕਰ ਦਿੱਤੀ। ਫਿਰ ਉਨ੍ਹਾਂ ਦੀਆਂ ਸੁੰਦਰ ਸੁੰਦਰ ਗਾਲਾਂ ਸੁਣਨ ਮਗਰੋਂ ਸਭ ਕੁਝ ਠੀਕ ਠਾਕ ਹੋ ਗਿਆ ਤੇ ਪੂਰੇ ਘੰਟੇ ਦੇ ਘਮਸਾਨ ਮਗਰੋਂ ਉਹ ਪੀਣ ਲੱਗ ਪਏ।

ਜਦ ਦਾ ਪੰਜਾਬ ਵਿਚ ਨਾਮੁਰਾਦ 'ਚਿੱਟਾ' ਆਇਐ, ਲੋਕ ਸ਼ਰਾਬ ਨੂੰ ਨਸ਼ਾ ਸਮਝਣੋਂ ਹੀ ਹਟ ਗਏ ਹਨ। ਵਿਆਹ-ਸ਼ਾਦੀਆਂ ਉਪਰ ਕੋਲਡ ਡਰਿੰਕ ਘੱਟ ਤੇ ਸ਼ਰਾਬ ਵੱਧ ਚਲਦੀ ਹੈ। ਬਸ ਛੇਵਾਂ ਦਰਿਆ ਹੀ ਵਗਦਾ ਸਮਝੋ। ਸੋਫੀ, ਭਾਵ ਨਾ ਪੀਣ ਵਾਲੇ, ਜਿਨ੍ਹਾਂ 'ਚ ਅਜੇ ਵੀ ਬਹੁਤੀਆਂ ਔਰਤਾਂ ਹੀ ਹੁੰਦੀਆਂ ਹਨ, ਬਿਟ ਬਿਟ ਤੱਕਦੇ ਰਹਿਣਗੇ/ਗੀਆਂ ਕਿ ਕਿਧਰੋਂ ਕੋਲਡ ਡਰਿੰਕ ਵਾਲਾ ਦਿਸ ਪਵੇ। ਪਿੰਡਾਂ ਵਿਚ ਇਹ ਵਰਤਾਰਾ ਬਹੁਤ ਹੈ। ਹੁਣ ਕੁਝ ਕੋਲਡ ਡਰਿੰਕਾਂ ਦਾ ਪ੍ਰਬੰਧ ਹੋਣ ਲੱਗ ਪਿਐ, ਪਹਿਲਾਂ ਤਾਂ ਸਭ ਕੁਝ ਸ਼ਰਾਬੀਆਂ ਦੁਆਲੇ ਹੀ ਘੁੰਮਦਾ ਰਹਿੰਦਾ ਸੀ।

ਪੰਜਾਬੀ ਸਮਾਗਮਾਂ ਵਿਚ ਪੈੱਗ, ਲੈੱਗ (ਮੁਰਗੇ ਦੀ ਟੰਗੜੀ) ਦੀ ਮਾਰੋ-ਮਾਰ ਤੋਂ ਬਿਨਾਂ ਸਮਾਗਮ ਅਧੂਰੇ ਸਮਝੇ ਜਾਂਦੇ ਹਨ। ਹਾਂ, ਜਿਹੜੇ ਸ਼ਰਾਬ ਦਾ ਸੇਵਨ ਨਹੀਂ ਕਰਦੇ, ਓਥੇ ਇਹ ਨਿਗੋਤੀ ਗੈਰ ਹਾਜ਼ਰ ਹੁੰਦੀ ਹੈ (ਭਾਵੇਂ ਕਈ ਲੁਕ ਛਿਪ ਕੇ, ਗੱਡੀਆਂ 'ਚ ਬਹਿ ਕੇ, ਦਾਅ ਲਾ ਈ ਲੈਂਦੇ ਹਨ), ਪਰ ਕਿੰਨੇ ਕੁ ਹਨ ਜਿਹੜੇ ਸੇਵਨ ਨਹੀਂ ਕਰਦੇ?

ਸ਼ਰਾਬੀ ਟੱਲੀ ਹੋ ਕੇ ਵੱਖ ਵੱਖ ਢੰਗ ਨਾਲ ਵਿਹਾਰ ਕਰਦੇ ਹਨ। ਜਿਵੇਂ ਪਹਿਲਾਂ ਦੱਸ ਚੁੱਕਾ ਹਾਂ ਕਿ ਇਕ ਸੱਜਣ ਬਹੁਤਾ ਟੱਲੀ ਹੋ ਕੇ ਸ਼ੇਅਰ ਛੱਡਣ ਲੱਗ ਪੈਂਦੈ। ਇਕ ਹੋਰ ਹੈ ਜੋ ਧੜੀ ਧੜੀ ਦੀਆਂ ਗਾਲਾਂ ਕੱਢਣ ਲੱਗ ਪੈਂਦੈ। ਇਕ ਜਣਾ ਜਦ ਪੂਰੀ ਬੋਤਲ ਡਕਾਰ ਜਾਏਗਾ ਤਾਂ ਬਿਲਕੁਲ ਚੁੱਪ ਧਾਰ ਲਵੇਗਾ, ਬਸ ਮੋਨੀ ਬਾਬਾ ਬਣ ਬੈਠੇਗਾ। ਇਕ ਉਲਟੀਆਂ ਕਰਨ ਲੱਗ ਪਵੇਗਾ।

ਇਧਰ ਜਿੰਨਾ ਪੇਂਡੂ ਪੰਜਾਬੀਆਂ ਦਾ ਅੰਗਰੇਜ਼ੀ ਵਿਚ ਹੱਥ ਤੰਗ ਹੁੰਦੈ, ਉਨ੍ਹਾਂ ਦੇ ਟੱਲੀ ਹੋਣ ਦੀ ਨਿਸ਼ਾਨੀ ਹੁੰਦੀ ਹੈ ਗੁਲਾਬੀ ਅੰਗਰੇਜ਼ੀ ਬੋਲਣਾ!

ਕਹਿੰਦੇ ਹਨ ਮੁਫਤ ਦੀ ਤਾਂ ਮੁਲਾਂ ਨੂੰ ਵੀ ਹਰਾਮ ਨਹੀਂ ਹੁੰਦੀ। ਫਰੀ ਦੀ ਪੀ ਪੀ ਕੇ ਕਈ ਜਣੇ ਤਾਂ ਪੈਂਟ/ਪਜਾਮੇ ਵਿਚ ਹੀ...। ਇਸ ਸ਼੍ਰੇਣੀ ਦੇ ਸ਼ਰਾਬੀ ਤਾਂ ਜਾਣ ਲੱਗੇ ਡੱਬ ਵਿਚ ਦੇ ਕੇ ਵੀ ਇਕ ਬੋਤਲ ਲੈ ਜਾਣਗੇ।

ਕਈ ਬੁੜਬੁੜਾਉਣ ਲੱਗ ਪੈਣਗੇ, ਆਪਣੀ ਪੁਰਾਣੀ ਮਹਿਬੂਬਾ ਦਾ ਨਾਮ ਪੁਕਾਰਨ ਲੱਗ ਪੈਣਗੇ। ਕਈ ਕਿਸੇ ਦੁਸ਼ਮਣ ਦਾ ਨਾਮ ਲੈ ਕੇ ਗਾਲਾਂ ਕੱਢਣ ਲਗ ਪੈਣਗੇ। ਔਰਤਾਂ ਦੀ 'ਉਸਾਰੂ' ਚਰਚਾ ਕਰਨਾ ਭਲਾ ਸ਼ਰਾਬੀਆਂ ਦਾ ਤਾਂ ਕੀ, ਕਈ ਸੋਫੀਆਂ ਦਾ ਵੀ ਮਨਪਸੰਦ ਸ਼ੁਗਲ ਹੁੰਦੈ!

ਸ਼ਰਾਬੀਆਂ ਦਾ ਇਕ ਅਨੋਖਾ ਵਰਤਾਰਾ ਹੁੰਦੈ। ਉਹ ਪਹਿਲੇ ਪੈੱਗ ਵੇਲੇ ਨਾਂਹ-ਨੁੱਕਰ ਕਰਨਗੇ। ਦੂਸਰੇ ਵੇਲੇ ਇਹ ਆਨਾ-ਕਾਨੀ ਘਟ ਜਾਏਗੀ। ਤੀਸਰਾ ਪੈੱਗ ਉਹ ਬੜੀ ਸਿਆਣਪ ਨਾਲ ਅਸਿੱਧੇ ਤੌਰ 'ਤੇ ਮੰਗਣਗੇ। ਨਾਲ ਦੇ ਵੱਲ ਇਸ਼ਾਰਾ ਕਰਦਿਆਂ ਵਰਤਾਵੇ ਨੂੰ ਕਹਿਣਗੇ-ਪਾ ਇਹਨੂੰ, ਇਹਦਾ ਗਲਾਸ ਭਾਂ ਭਾਂ ਕਰਦੈ। ਉਨ੍ਹਾਂ ਦਾ ਮਤਲਬ ਇਹੀ ਹੁੰਦੈ ਕਿ ਮੈਨੂੰ ਪਾ। ਚੌਥਾ ਪੈੱਗ ਉਹ ਆਪ ਹੀ ਪਾ ਲੈਣਗੇ ਤੇ ਫਿਰ ਚੱਲ ਸੋ ਚੱਲ!

ਕਈ ਦੂਸਰੇ ਨੂੰ ਟੱਲੀ ਕਰ ਕੇ ਖੁਸ਼ ਹੁੰਦੇ ਹਨ। ਉਹ ਆਪ ਇਕ ਪੈੱਗ ਡਾਊਨ ਰਹਿਣਗੇ ਤੇ ਨਾਲ ਦੇ ਨੂੰ ਵੱਡੇ ਵੱਡੇ ਪੈੱਗ ਸਰਵ ਕਰਨਗੇ।

ਕਈ ਸ਼ਰਾਬ ਨੂੰ ਸ਼ਕਤੀ ਵਾਟਰ ਕਹਿ ਕੇ ਵਡਿਆਉਣਗੇ, ਬੇਸ਼ਕ ਇਕ ਕਥਾ-ਵਾਚਕ ਨੇ ਇਸ ਸ਼ਬਦ ਦਾ ਸੰਧੀ-ਨਿਸ਼ੇਦ ਕਰਦਿਆਂ ਇਸ ਨੂੰ ਸ਼ਰ-ਸ਼ੈਤਾਨ ਦਾ+ਆਬ (ਪਾਣੀ) ਭਾਵ ਸ਼ੈਤਾਨ ਦਾ ਪਾਣੀ ਕਿਹਾ ਸੀ।

ਸ਼ਰਾਬੀਆਂ ਦਾ ਇਕ ਵੱਖਰਾ ਹੀ ਸਲੀਕੇਦਾਰ ਸਭਿਆਚਾਰ ਹੁੰਦੈ। ਸਾਰੇ ਸ਼ਰਾਬੀ ਪੀਣੀ ਸ਼ੁਰੂ ਕਰਨ ਤੋਂ ਪਹਿਲਾਂ ਇਕ ਦੋ ਬੂੰਦਾਂ ਧਰਤੀ ਮਾਂ ਉਪਰ ਸੁਟਣਗੇ, ਜਿਵੇਂ ਧਰਤੀ ਨੂੰ ਵੀ ਆਪਣੀ ਸਹਿ-ਸ਼ਰਾਬਣ ਬਣਾ ਰਹੇ ਹੋਣ! 'ਚੀਅਰਜ਼' ਕਹਿ ਕੇ ਗਲਾਸ ਖੜਕਾਉਣੇ ਤਾਂ ਸ਼ਰਾਬੀਆਂ ਦਾ ਵੈਸ਼ਵਿਕ ਵਰਤਾਰਾ ਹੈ!

ਕਈ ਪੀਣ ਤੋਂ ਪਹਿਲਾਂ ਐਂ ਤਿਆਰ ਹੋਣਗੇ ਜਿਵੇਂ ਕਿਸੇ ਮਹਿਬੂਬਾ ਨੂੰ ਮਿਲਣ ਜਾ ਰਹੇ ਹੋਣ!

ਰਵਾਇਤੀ ਉਰਦੂ ਸ਼ਾਇਰੀ ਤਾਂ ਘੁੰਮਦੀ ਹੀ ਮੈਅ, ਮੀਨਾ, ਸਾਕੀ, ਸਾਗਰ, ਮਾਸ਼ੂਕ-ਮਹਿਬੂਬ ਦੁਆਲੇ ਹੈ। ਪਹਿਲਾਂ ਵੀ ਕਈ ਸ਼ੇਅਰ ਕੋਟ ਕੀਤੇ ਗਏ ਹਨ, ਕੁਝ ਕੁ ਹੋਰ ਪੇਸ਼ ਹਨ-

"ਦੁਖਤਰ-ਏ-ਰਜ਼ ਨੇ ਉਠਾ ਰਖੀ ਹੈ ਆਫਤ ਸਰ ਪਰ,
ਖੈਰੀਅਤ ਗੁਜ਼ਰੀ ਕਿ ਅੰਗੂਰ ਕੇ ਬੇਟਾ ਨ ਹੂਆ"-ਅਕਬਰ ਇਲਾਹਾਬਾਦੀ

-"ਕੁਛ ਭੀ ਬਚਾ ਨਾ ਕਹਿਨੇ ਕੋ ਹਰ ਬਾਤ ਹੋ ਗਈ,
ਆਉ ਕਹੀਂ ਸ਼ਰਾਬ ਪੀਏਂ ਰਾਤ ਹੋ ਗਈ"-ਨਿਦਾ ਫਾਜ਼ਲੀ

-ਨਾ ਤੁਮ ਹੋਸ਼ ਮੇਂ ਹੋ ਨਾ ਮੈਂ ਹੋਸ਼ ਮੇਂ ਹੂੰ,
ਚਲੋ ਮੈਕਦੇ ਮੇਂ ਵਹੀਂ ਬਾਤ ਹੋਗੀ। -ਬਸ਼ੀਰ ਬਦਰ

-ਪਿਲਾ ਦੇ ਓਕ ਮੇਂ ਸਾਕੀ ਜੋ ਹਮ ਸੇ ਨਫਰਤ ਹੈ,
ਪਿਆਲਾ ਗਰ ਨਹੀਂ ਦੇਤਾ ਨਾ ਦੇ, ਸ਼ਰਾਬ ਤੋ ਦੇ। -ਮਿਰਜ਼ਾ ਗਾਲਿਬ

-ਤੁਮਹਾਰੀ ਆਂਖੋਂ ਕੀ ਤੌਹੀਨ ਹੈ ਜ਼ਰਾ ਸੋਚੋ
ਤੁਮਹਾਰਾ ਚਾਹਨੇ ਵਾਲਾ ਸ਼ਰਾਬ ਪੀਤਾ ਹੈ। -ਮੁਨੱਵਰ ਰਾਨਾ

-ਅਬ ਤੋ ਉਤਨੀ ਭੀ ਮਯਸਰ ਨਹੀਂ ਹੈ ਮੈਖਾਨੇ ਮੇਂ,
ਜਿਤਨੀ ਹਮ ਛੋੜ ਦੀਆ ਕਰਤੇ ਥੇ ਪੈਮਾਨੇ ਮੇਂ। -ਦੀਵਾਕਰ ਰਾਹੀ

ਨਵੀਨ ਉਰਦੂ/ਹਿੰਦੁਸਤਾਨੀ ਸ਼ਾਇਰੀ ਨੇ ਹੁਣ ਰੁਖ਼ ਬਦਲਿਆ ਹੈ। ਉਦਾਹਰਣ ਵਜੋਂ ਸਿਰਫ ਅਦਮ ਗੋਂਡਵੀ ਦੇ ਦੋ ਸ਼ੇਅਰਾਂ ਦਾ ਹਵਾਲਾ ਦਿੰਦਾ ਹਾਂ-

-ਜੋ ਗਜ਼ਲ ਮਾਸ਼ੂਕ ਕੇ ਜਲਵੋਂ ਸੇ ਵਾਕਿਫ ਹੋ ਗਈ,
ਅਬ ਉਸੇ ਬੇਵਾ ਕੇ ਮਾਥੇ ਕੀ ਸ਼ਿਕਨ ਤਕ ਲੇ ਚਲੋ।
-ਕਾਜੂ ਭੁਨੇ ਹੈਂ ਪਲੇਟ ਮੇਂ, ਵਿਸਕੀ ਗਿਲਾਸ ਮੇਂ
ਉਤਰਾ ਹੈ ਰਾਮਰਾਜ ਵਿਧਾਇਕ ਨਿਵਾਸ ਮੇਂ।

ਬੋਲੀਵੁੱਡ ਵਿਚ ਸ਼ਰਾਬ/ਮੈਅ ਬਾਰੇ ਫਿਲਮਾਂ ਵੀ ਹਨ ਤੇ ਗਾਣੇ ਵੀ। ਬਿਗ-ਬੀ ਦੀ 1984 ਦੀ ਇਕ ਫਿਲਮ ਦਾ ਤਾਂ ਨਾਮ ਹੀ 'ਸ਼ਰਾਬੀ' ਹੈ। ਇਸ ਤੋਂ ਪਹਿਲਾਂ ਦੇਵ ਆਨੰਦ-ਮਧੂਬਾਲਾ ਦੀ 1964 ਦੀ ਫਿਲਮ ਦਾ ਵੀ ਇਹੀ ਨਾਮ ਸੀ।

1987 ਦੀ ਫਿਲਮ 'ਖੁਦਗਰਜ਼' ਦਾ ਇਕ ਗੀਤ ਹੈ-


-"ਮੈਅ ਸੇ ਨਾ ਮੀਨਾ ਸੇ ਨਾ ਸਾਕੀ ਸੇ ਨਾ ਪੈਮਾਨੇ ਸੇ
ਦਿਲ ਬਹਿਲਤਾ ਹੈ ਮੇਰਾ ਆਪ ਕੇ ਆ ਜਾਨੇ ਸੇ"।

ਖੈਰ, ਨਸ਼ੇੜੀਆਂ ਤੋਂ ਮਾਜ਼ਰਤ ਚਾਹੁੰਦੇ ਹੋਏ ਇਹੀ ਕਹਿਣਾ ਬਣਦੈ-ਸ਼ਰਾਬ, ਖਾਨਾ ਖਰਾਬ! ਨਸ਼ਾ, ਨਿਰੀ ਦੁਰਦਸ਼ਾ!



## .ਗਜ਼ਲ

ਕੌਣ ਹਨ ਇਹ ਲੋਕ ਜੋ ਨਵੀਆਂ ਹੀ ਪਿਰਤਾਂ ਪਾ ਰਹੇ।
ਮੋਢਿਆਂ ਤੇ ਧਰ ਸਲੀਬਾਂ ਮਕਤਲਾਂ ਵੱਲ ਜਾ ਰਹੇ।



ਅਜੇ ਤਨਵੀਰ

ਹੇ, ਖੁਦਾ ਦਿਸਦਾ ਰਹੇ ਮੰਜ਼ਰ ਇਹ ਮੈਨੂੰ ਉਮਰ ਭਰ,
ਬਿਰਖ ਪਤਝੜ ਵਿੱਚ ਵੀ ਨਗਮੇ ਖੁਸ਼ੀ ਦੇ ਗਾ ਰਹੇ।

ਮੁਲਕ ਸਾਡਾ ਦੇਖ ਲੈ ਕਿੰਨੀ ਤਰੱਕੀ ਕਰ ਗਿਆ,
ਲੋਕ ਬੂਟਾਂ ਦੀ ਜਗ੍ਹਾ ਚਪਲਾਂ 'ਚ ਤਸਮੇ ਪਾ ਰਹੇ।

ਰਾਤ ਪੈਂਦੇ ਸਾਰ ਹੀ ਸਾਡੀ ਚੁਰਾਉਂਦੇ ਰੌਸ਼ਨੀ,
ਜੁਗਨੂੰਆਂ 'ਤੇ ਬਲਬ ਇਹ ਇਲਜ਼ਾਮ ਕੈਸਾ ਲਾ ਰਹੇ।


ਹੈ ਇਨ੍ਹਾਂ ਦੇ ਨਾਲ ਮੇਰੀ ਸਾਂਝ ਤਾਂ ਕੋਈ ਜ਼ਰੂਰ,
ਇਸ ਤਰ੍ਹਾਂ ਦੇ ਦੌਰ ਵਿੱਚ ਮੈਨੂੰ ਮਿਲਣ ਜੋ ਆ ਰਹੇ।

ਉਹ ਕਿਵੇਂ ਕਵਿਤਾ 'ਚ ਕਰਦੇ ਗੱਲ ਰਿਸ਼ੀ ਸ਼ੰਭੂਕ ਦੀ,
ਜੋ ਦੁਸ਼ਾਲੇ ਲੈਣ ਲਈ ਹਾਕਮ ਦੇ ਸੋਹਿਲੇ ਗਾ ਰਹੇ।

# ਜਰਮਨੀ ਵਿਚ 'ਗੁਲਮੋਹਰ' ਦੀ ਮਹਿਕ

ਜਰਮਨੀ ਦੇ ਸ਼ਹਿਰ ਸਟੱਟਗਾਰਟ ਵਿਚ ਜੁਲਾਈ ਮਹੀਨੇ ਹੋਣ ਵਾਲੇ 20ਵੇਂ ਭਾਰਤੀ ਫਿਲਮ ਮੇਲੇ ਦੀ ਸ਼ੁਰੂਆਤ ਅਦਾਕਾਰਾ ਸ਼ਰਮੀਲਾ ਟੈਗੋਰ ਅਤੇ ਅਦਾਕਾਰ ਮਨੋਜ ਬਾਜਪਾਈ ਦੀ ਫਿਲਮ 'ਗੁਲਮੋਹਰ' ਨਾਲ ਹੋਵੇਗੀ। ਨਿਰਦੇਸ਼ਕ ਰਾਹੁਲ ਵੀ. ਚਿਤੇਲਾ ਵੱਲੋਂ ਬਣਾਈ ਫਿਲਮ 'ਗੁਲਮੋਹਰ' ਦੀ ਕਹਾਣੀ ਬੱਤਰਾ ਪਰਿਵਾਰ ਦੇ ਆਲੇ-ਦੁਆਲੇ ਘੁੰਮਦੀ ਹੈ ਜਿਨ੍ਹਾਂ ਨੂੰ ਆਪਣਾ 34 ਸਾਲ ਪੁਰਾਣਾ ਜੱਦੀ ਘਰ 'ਗੁਲਮੋਹਰ' ਛੱਡਣਾ ਪੈਂਦਾ ਹੈ। ਰਾਹੁਲ ਨੇ ਆਖਿਆ ਕਿ ਉਹ ਇਸ ਗੱਲੋਂ ਬਹੁਤ ਖੁਸ਼ ਹੈ ਕਿ 'ਗੁਲਮੋਹਰ' ਨੂੰ ਵੱਕਾਰੀ ਭਾਰਤੀ ਫਿਲਮ ਮੇਲੇ ਦੇ ਆਗਾਜ਼ ਲਈ ਚੁਣਿਆ ਗਿਆ ਹੈ। ਉਨ੍ਹਾਂ ਪਿਛਲੇ ਮਹੀਨੇ ਨਿਊਯਾਰਕ ਵਿਚ ਫਿਲਮ ਦਿਖਾਈ ਅਤੇ ਉਸ ਵਕਤ ਦਰਸ਼ਕਾਂ ਨੇ ਵਾਹਵਾ ਹੁੰਗਾਰਾ ਭਰਿਆ ਸੀ। ਇਹ ਫਿਲਮ ਇਸੇ ਸਾਲ ਮਾਰਚ ਵਿਚ ਓ.ਟੀ.ਟੀ. ਪਲੈਟਫਾਰਮ ਡਿਜ਼ਨੀ ਪਲੱਸ ਹੌਟਸਟਾਰ 'ਤੇ ਰਿਲੀਜ਼ ਕੀਤੀ ਗਈ ਸੀ।

ਸ਼ਰਮੀਲਾ ਟੈਗੋਰ ਇਸ ਗੱਲ ਤੋਂ ਬਾਗੋ-ਬਾਗ ਸੀ ਕਿ ਉਸ ਦੀ ਇਸ ਫਿਲਮ ਨੂੰ ਫਿਲਮ ਮੇਲੇ ਵਾਲਿਆਂ ਇਹ ਮਾਣ ਦਿੱਤਾ ਹੈ। ਯਾਦ ਰਹੇ ਕਿ ਸ਼ਰਮੀਲਾ ਟੈਗੋਰ ਆਪਣੇ ਵੇਲਿਆਂ ਦੀ ਬਹੁਤ ਸਫਲ ਅਦਾਕਾਰਾ ਰਹੀ ਹੈ। ਉਸ ਦਾ ਜਨਮ ਮੁਲਕ ਦੀ ਆਜ਼ਾਦੀ ਤੋਂ 8 ਦਸੰਬਰ 1944 ਦਾ ਹੈ। ਉਸ ਨੇ ਹਿੰਦੀ ਅਤੇ ਬੰਗਲਾ ਸਿਨੇਮਾ ਵਿਚ ਆਪਣਾ ਵਿਲੱਖਣ ਸਥਾਨ ਹਾਸਲ ਕੀਤਾ। ਉਸ ਨੇ ਆਪਣੀ ਉਮਦਾ ਅਦਾਕਾਰੀ ਸਦਕਾ ਦਰਸ਼ਕਾਂ ਦੇ ਦਿਲ ਤਾਂ ਜਿੱਤੇ ਹੀ, ਕਈ ਇਨਾਮ ਵੀ ਜਿੱਤੇ ਜਿਨ੍ਹਾਂ ਵਿਚ ਨੈਸ਼ਨਲ ਐਵਾਰਡ, ਫਿਲਮਫੇਅਰ ਐਵਾਰਡ ਅਤੇ ਫਿਲਮਫੇਅਰ ਲਾਈਫਟਾਈਮ ਅਚੀਵਮੈਂਟ ਐਵਾਰਡ ਸ਼ਾਮਿਲ ਹਨ। ਸਾਲ 2013 ਵਿਚ ਉਸ ਨੂੰ ਪਦਮ ਵਿਭੂਸ਼ਨ ਨਾਲ ਨਿਵਾਜਿਆ ਗਿਆ।



*ਫਿਲਮ 'ਗੁਲਮੋਹਰ' ਦੇ ਇਕ ਦ੍ਰਿਸ਼ ਵਿਚ ਸ਼ਰਮੀਲਾ ਟੈਗੋਰ ਅਤੇ ਮਨੋਜ ਬਾਜਪਾਈ, (ਵਿਚਕਾਰ) ਫਿਲਮ ਦਾ ਪੋਸਟਰ ਅਤੇ (ਐਨ ਸੱਜੇ) ਫਿਲਮ ਦਾ ਡਾਇਰੈਕਟਰ ਰਾਹੁਲ ਵੀ ਚਿਤੇਲਾ।*

ਸ਼ਰਮੀਲਾ ਨੇ ਆਪਣੇ ਕਰੀਅਰ ਦੀ ਸ਼ੁਰੂਆਤ 14 ਸਾਲ ਦੀ ਉਮਰ ਵਿਚ ਮਿਸਾਲੀ ਫਿਲਮਸਾਜ਼ ਸੱਤਿਆਜੀਤ ਰੇਅ ਦੇ ਡਰਾਮੇ 'ਦਿ ਵਰਲਡ ਆਫ ਅੱਪੂ' ਨਾਲ ਕੀਤੀ ਸੀ। ਇਹ ਬੰਗਲਾ ਡਰਾਮਾ 1959 ਵਿਚ ਆਇਆ ਸੀ। ਇਸ ਤੋਂ ਬਅਾਦ ਉਸ ਨੇ ਸੱਤਿਆਜੀਤ ਰੇਅ ਦੀਆਂ ਕਈ ਫਿਲਮਾਂ ਜਿਵੇਂ 'ਦੇਵੀ', 'ਨਾਇਕ' ਆਦਿ, ਵਿਚ ਵੀ ਕੰਮ ਕੀਤਾ। ਉਂਝ, ਉਸ ਨੂੰ ਅਸਲੀ ਮਸ਼ਹੂਰੀ ਉਦੋਂ ਹਾਸਲ ਹੋਈ ਜਦੋਂ ਉਸ ਨੇ ਹਿੰਦੀ ਫਿਲਮਾਂ ਵਿਚ ਕੰਮ ਸ਼ੁਰੂ ਕੀਤਾ। ਉਸ ਦੀ ਪਹਿਲੀ ਹਿੰਦੀ ਫਿਲਮ, ਫਿਲਮਸਾਜ਼ ਸ਼ਕਤੀ ਸਾਮੰਤਾ ਦੀ ਫਿਲਮ 'ਕਸ਼ਮੀਰ ਕੀ ਕਲੀ' ਸੀ। ਇਹ ਫਿਲਮ 1964 ਵਿਚ ਬਣੀ ਸੀ। ਇਸ ਇਕੋ ਫਿਲਮ ਨੇ ਉਸ ਨੂੰ ਅੱਵਲਤਰੀਨ ਹੀਰੋਇਨ ਬਣਾ ਦਿੱਤਾ। ਇਸ ਤੋਂ ਬਅਦ ਤਾਂ ਫਿਰ ਚੱਲ ਸੋ ਚੱਲ। 1965 ਵਿਚ ਰਿਲੀਜ਼ ਹੋਈ ਫਿਲਮ 'ਵਕਤ' ਨੇ ਉਸ ਦੀ ਅਦਾਕਾਰੀ ਨੂੰ ਹੋਰ ਨਿਖਾਰਿਆ। ਇਸ ਤੋਂ ਬਅਦ ਤਾਂ ਫਿਰ ਉਸ ਦੀਆਂ ਉਮਦਾ ਫਿਲਮਾਂ ਦੀ ਝੜੀ ਹੀ ਲੱਗ ਗਈ। ਇਨ੍ਹਾਂ ਵਿਚ 'ਅਨੁਪਮਾ', 'ਐਨ ਈਵਨਿੰਗ ਇਨ ਪੈਰਿਸ', 'ਆਮਨੇ-ਸਾਮਨੇ', 'ਸੱਤਿਆਕਾਮ', 'ਅਰਾਧਨਾ', 'ਸਫਰ', 'ਅਮਰ ਪ੍ਰੇਮ', 'ਦਾਗ', 'ਮੌਸਮ', 'ਨਮਕੀਨ' ਆਦਿ ਸ਼ਾਮਿਲ ਹਨ। ਇਸ ਤੋਂ ਬਅਦ ਇਕ ਦਹਾਕੇ ਪਿਛੋਂ ਉਸ ਨੇ ਆਪਣੀ ਦੂਜੀ ਪਾਰੀ ਦੀ ਸ਼ੁਰੂਆਤ 1991 ਵਿਚ ਮੀਰਾ ਨਾਇਰ ਦੀ ਫਿਲਮ 'ਮਿਸੀਸਿੱਪੀ ਮਸਾਲਾ' ਨਾਲ ਕੀਤੀ। ਇਸ ਤਰ੍ਹਾਂ ਉਹ ਅੱਜ ਤੱਕ ਫਿਲਮੀ ਦੁਨੀਆ ਨਾਲ ਜੁੜੀ ਹੋਈ ਹੈ।

ਇਸੇ ਤਰ੍ਹਾਂ ਉਘੇ ਅਦਾਕਾਰ ਮਨੋਜ ਬਾਜਪਾਈ ਨੇ ਵੀ 'ਗੁਲਮੋਹਰ' ਨੂੰ ਮਿਲੇ ਮਾਣ 'ਤੇ ਖੁਸ਼ੀ ਜ਼ਾਹਿਰ ਕੀਤੀ ਹੈ। ਨਾਲ ਹੀ ਉਸ ਦਾ ਕਹਿਣਾ ਹੇ ਕਿ ਸ਼ਰਮੀਲਾ ਟੈਗੋਰ ਵਰਗੀ ਅਦਾਕਾਰਾ ਨਾਲ ਕੰਮ ਕਰਨਾ ਦਾ ਵੀ ਇਕ ਵਿਲੱਖਣ ਤਜਰਬਾ ਹੋਇਆ ਹੈ। ਇਸ ਅਦਾਕਾਰਾ ਨਾਲ ਕੰਮ ਕਰ ਕੇ ਅਦਾਕਾਰੀ ਦੀਆਂ ਕਈ ਬਾਰੀਕੀਆਂ ਬਾਰੇ ਪਤਾ ਲੱਗਿਆ।

**-ਕੁਦਰਤ ਕੌਰ**

# ਅਦਾਕਾਰਾ ਆਲੀਆ ਭੱਟ ਹੁਣ ਪੱਥਰ ਦਿਲ ਬਣੀ



*ਹੌਲੀਵੁੱਡ ਫਿਲਮ 'ਦਿ ਹਰਟ ਆਫ ਸਟੋਨ' ਦੇ ਇਕ ਦ੍ਰਿਸ਼ ਵਿਚ ਅਦਾਕਾਰਾ ਆਲੀਆ ਭੱਟ।*

ਅਦਾਕਾਰਾ ਆਲੀਆ ਭੱਟ ਦੀ ਪਹਿਲੀ ਹੌਲੀਵੁੱਡ ਫਿਲਮ 'ਹਾਰਟ ਆਫ ਸਟੋਨ' ਲਈ ਇੰਤਜ਼ਾਰ ਆਖਿਰ ਖ਼ਤਮ ਹੋ ਗਿਆ। ਫਿਲਮ ਦਾ ਟ੍ਰੇਲਰ ਰਿਲੀਜ਼ ਹੋ ਗਿਆ। ਇਹ ਫਿਲਮ ਨੈੱਟਫਲਿਕਸ 'ਤੇ 11 ਅਗਸਤ ਨੂੰ ਦਿਖਾਈ ਜਾਵੇਗੀ। ਫਿਲਮ ਵਿਚ ਅਦਾਕਾਰਾ ਗੈਲ ਗੈਡਟ ਅਤੇ ਜੈਮੀ ਡੋਰਨਨ ਵੀ ਆਲੀਆ ਨਾਲ ਅਹਿਮ ਭੂਮਿਕਾਵਾਂ ਵਿਚ ਹਨ। ਆਲੀਆ ਇਸ ਫਿਲਮ ਵਿਚ ਖਲਨਾਇਕਾ ਦਾ ਕਿਰਦਾਰ ਨਿਭਾਅ ਰਹੀ ਹੈ। ਐਕਸ਼ਨ ਵਿਚ ਆਲੀਆ ਦੀ ਝਲਕ ਨੇ ਭਾਰਤੀ ਪ੍ਰਸ਼ੰਸਕਾਂ ਨੂੰ ਕਾਫੀ ਪ੍ਰਭਾਵਿਤ ਕੀਤਾ ਹੈ। ਟ੍ਰੇਲਰ ਵਿਚ ਆਲੀਆ ਹੱਥਾਂ ਵਿਚ ਬੰਦੂਕ ਫੜੀ ਨਜ਼ਰ ਆ ਰਹੀ ਹੈ। ਉਧਰ, ਅਦਾਕਾਰਾ ਗੈਲ ਗੈਡਟ ਫਿਲਮ ਵਿਚ ਸੀਕਰੇਟ ਏਜੰਟ ਬਣੀ ਹੋਈ ਹੈ ਜਿਸ ਲਈ ਉਸ ਦਾ ਮਿਸ਼ਨ ਹੀ ਸਭ ਕੁਝ ਹੈ। ਇਸ ਤੋਂ ਪਹਿਲਾਂ ਇੱਕ ਇੰਟਰਵਿਊ ਦੌਰਾਨ ਆਲੀਆ ਨੇ ਕਿਹਾ ਸੀ ਕਿ ਇਹ ਉਸ ਦੀ ਪਹਿਲੀ ਹੌਲੀਵੁੱਡ ਫਿਲਮ ਹੈ ਤੇ ਉਸ ਨੇ ਫਿਲਮ 'ਚ ਐਕਸ਼ਨ ਵੀ ਪਹਿਲੀ ਵਾਰੀ ਕੀਤਾ ਹੈ।

ਇਸੇ ਦੌਰਾਨ ਆਲੀਆ ਭੱਟ ਅਤੇ ਉਸ ਦਾ ਪਤੀ ਰਣਬੀਰ ਕਪੂਰ ਮੁੰਬਈ ਹਵਾਈ ਅੱਡੇ 'ਤੇ ਸਟਾਈਲਿਸ਼ ਅੰਦਾਜ਼ ਵਿਚ ਨਜ਼ਰ ਆਏ। ਫੋਟੋਗ੍ਰਾਫਰਾਂ ਨੇ ਜੋੜੇ ਦੀਆਂ ਤਸਵੀਰਾਂ ਖਿੱਚੀਆਂ ਅਤੇ ਕੁਝ ਹੀ ਸਮੇਂ ਵਿਚ ਇਹ ਤਸਵੀਰਾਂ ਅਤੇ ਵੀਡੀਓਜ਼ ਵਾਇਰਲ ਹੋ ਗਈਆਂ। ਕਾਲੀ ਸ਼ਰਟ ਅਤੇ ਪੈਂਟ ਵਿਚ ਆਲੀਆ ਬਹੁਤ ਖੂਬਸੂਰਤ ਲੱਗ ਰਹੀ ਸੀ। ਉਸ ਨੇ ਕਾਲੀਆਂ ਐਨਕਾਂ ਅਤੇ ਚਿੱਟੇ ਸਨੀਕਰਜ਼ ਪਾਏ ਹੋਏ ਸਨ। ਰਣਬੀਰ ਨੇ ਹਲਕੇ ਨੀਲੇ ਰੰਗ ਦੀ ਕਮੀਜ਼, ਪੈਂਟ ਅਤੇ ਚਿੱਟੇ ਸਨੀਕਰਜ਼ ਪਾਏ ਸਨ। ਉਸ ਨੇ ਵੀ ਕਾਲੀਆਂ ਐਨਕਾਂ ਲਾਈਆਂ ਹੋਈਆਂ ਸਨ।

# ਵਿਦਿਆ ਬਾਲਨ ਦੀ 'ਨੀਯਤ'

ਉਘੀ ਫਿਲਮ ਅਦਾਕਾਰਾ ਵਿਦਿਆ ਬਾਲਨ ਲੰਮੇ ਸਮੇਂ ਬਾਅਦ ਵੱਡੇ ਪਰਦੇ 'ਤੇ ਵਾਪਸੀ ਕਰ ਰਹੀ ਹੈ। ਵਿਦਿਆ ਬਾਲਨ ਦੀ ਆਉਣ ਵਾਲੀ ਫਿਲਮ 'ਨੀਅਤ' ਦਾ ਟਰੇਲਰ ਜਾਰੀ ਕਰ ਦਿੱਤਾ ਗਿਆ ਜਿਸ ਵਿਚ ਉਹ ਜਸੂਸ ਦੀ ਭੂਮਿਕਾ ਨਿਭਾ ਰਹੀ ਹੈ। 2 ਮਿੰਟ ਅਤੇ 24 ਸਕਿੰਟਾਂ ਦੇ ਟਰੇਲਰ ਦੀ ਸ਼ੁਰੂਆਤ ਆਵਾਜ਼ ਨਾਲ ਹੁੰਦੀ ਹੈ ਜਿਸ ਵਿਚ ਦੱਸਿਆ ਜਾਂਦਾ ਹੈ ਕਿ ਰਹੱਸ ਨੂੰ ਹੱਲ ਕਰਨ ਲਈ ਜਸੂਸ ਆ ਰਹੇ ਹਨ। ਇਸ ਫਿਲਮ ਵਿਚ ਅਰਬਪਤੀ ਅਸ਼ੀਸ਼ ਕਪੂਰ ਸਕਾਟਲੈਂਡ ਵਿਚ ਆਪਣੇ ਮਹਿਲ ਵਿਚ ਵੱਡੀ ਪਾਰਟੀ ਰੱਖਦਾ ਹੈ ਅਤੇ ਪਾਰਟੀ ਦੌਰਾਨ ਹੀ ਅਸ਼ੀਸ਼ ਦੀ ਮੌਤ ਹੋ ਜਾਂਦੀ ਹੈ। ਚਰਚਾ ਚੱਲਦੀ ਹੈ ਕਿ ਉਸ ਨੇ ਘਰ ਦੀ ਉਚੀ ਥਾਂ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਪਰ ਜਸੂਸ ਬਣੀ ਵਿਦਿਆ ਬਾਲਨ ਦੱਸਦੀ ਹੈ ਕਿ ਇਹ ਖੁਦਕੁਸ਼ੀ ਨਹੀਂ ਬਲਕਿ ਹੱਤਿਆ ਹੈ ਅਤੇ ਇਸ ਵਿਚ ਸ਼ੱਕ ਦੀ ਸੂਈ ਕਈ ਜਣਿਆਂ ਦੁਆਲੇ ਘੁੰਮਦੀ ਹੈ।

ਇਸ ਫਿਲਮ ਵਿਚ ਰਾਹੁਲ ਬੋਸ, ਨੀਰਜ ਕਬੀ, ਅੰਮ੍ਰਿਤਾ ਪੁਰੀ, ਸ਼ਹਾਨਾ ਗੋਸਵਾਮੀ, ਨਿੱਕੀ ਵਾਲੀਆ, ਦੀਪਾਨਿਤਾ ਸ਼ਰਮਾ, ਸ਼ਸ਼ਾਂਕ ਅਰੋੜਾ, ਪ੍ਰਾਜਕਤਾ ਕੋਲੀ, ਦਾਨੇਸ਼ ਰਜ਼ਵੀ, ਇਸ਼ੀਕਾ ਮਹਿਰਾ ਅਤੇ ਮਾਧਵ ਦੇਵਲ ਮੁੱਖ ਭੂਮਿਕਾਵਾਂ ਵਿਚ ਹਨ। ਇਹ ਟਰੇਲਰ ਡੈਨੀਅਲ ਕ੍ਰੇਗ ਦੀ 'ਨਾਈਵਜ਼ ਆਊਟ' ਦੀ ਯਾਦ ਦਿਵਾਉਂਦਾ ਹੈ ਜੋ ਇੱਕ ਪਰਿਵਾਰ ਦੀ ਕਹਾਣੀ 'ਤੇ ਆਧਾਰਿਤ ਹੈ। ਦੱਸਣਾ ਬਣਦਾ ਹੈ ਕਿ ਵਿਦਿਆ ਬਾਲਨ ਨੇ ਚਾਰ ਸਾਲ ਪਹਿਲਾਂ ਫਿਲਮ 'ਸ਼ਕੁੰਤਲਾ ਦੇਵੀ' ਵਿਚ ਕੰਮ ਕੀਤਾ ਸੀ ਤੇ ਉਸ ਤੋਂ ਬਾਅਦ ਵੱਡੇ ਪਰਦੇ ਤੋਂ ਦੂਰੀ ਬਣਾਈ ਰੱਖੀ। ਵਿਦਿਆ ਬਾਲਨ ਨੇ ਫਿਲਮ ਦਾ ਟਰੇਲਰ ਇੰਸਟਾਗ੍ਰਾਮ 'ਤੇ ਵੀ ਜਾਰੀ ਕੀਤਾ। ਫਿਲਮ 'ਨੀਅਤ' 7 ਜੁਲਾਈ ਨੂੰ ਰਿਲੀਜ਼ ਹੋਵੇਗੀ।



*ਫਿਲਮ 'ਨੀਯਤ' ਦੇ ਇਕ ਦ੍ਰਿਸ਼ ਵਿਚ ਅਦਾਕਾਰਾ ਵਿਦਿਆ ਬਾਲਨ।*

ਇਸੇ ਦੌਰਾਨ ਅਦਾਕਾਰਾ ਵਿਦਿਆ ਬਾਲਨ ਦੇ ਸਿਨੇ ਜਗਤ ਵਿਚ 18 ਸਾਲ ਮੁਕੰਮਲ ਹੋ ਗਏ ਹਨ। ਅਦਾਕਾਰਾ ਨੇ ਆਪਣੇ ਫਿਲਮੀ ਸਫ਼ਰ ਦਾ ਸਿਹਰਾ ਮਰਹੂਮ ਨਿਰਦੇਸ਼ਕ ਪ੍ਰਦੀਪ ਸਰਕਾਰ ਨੂੰ ਦਿੰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਵਿਦਿਆ ਬਾਲਨ ਦੀ ਪਹਿਲੀ ਫਿਲਮ 'ਪਰਿਣੀਤਾ' ਦਾ ਨਿਰਦੇਸ਼ਨ ਪ੍ਰਦੀਪ ਸਰਕਾਰ ਨੇ ਕੀਤਾ ਸੀ। ਅਦਾਕਾਰਾ ਨੇ ਇੰਸਟਾਗ੍ਰਾਮ 'ਤੇ ਵੀਡੀਓ ਸਾਂਝੀ ਕਰਦਿਆਂ ਆਖਿਆ, "ਮੈਂ ਤੁਹਾਨੂੰ ਫਿਲਮ 'ਪਰਿਣੀਤਾ' ਲਈ ਵਿਅਕਤੀਗਤ ਤੌਰ 'ਤੇ ਦੁਬਾਰਾ ਸ਼ੁਕਰੀਆ ਅਦਾ ਨਹੀਂ ਕਹਿ ਸਕਦੀ ਦਾਦਾ। ਅੱਜ 'ਪਰਿਣੀਤਾ' ਨੂੰ ਰਿਲੀਜ਼ ਹੋਇਆਂ 18 ਸਾਲ ਹੋ ਗਏ ਹਨ।" ਅਦਾਕਾਰਾ ਵੱਲੋਂ ਸਾਂਝੀ ਕੀਤੀ ਵੀਡੀਓ ਵਿਚ ਫਿਲਮ ਦੇ ਸੈੱਟ ਦੀ ਝਲਕ ਦਿਖਾਈ ਦਿੰਦੀ ਹੈ।

ਇਸ ਬਾਰੇ ਕਈ ਸਿਤਾਰਿਆਂ ਨੇ ਆਪਣੀ ਪ੍ਰਤੀਕਿਰਿਆ ਜ਼ਾਹਿਰ ਕੀਤੀ ਹੈ। ਅਦਾਕਾਰਾ ਸਿਆਨੀ ਗੁਪਤਾ ਨੇ ਆਖਿਆ, "ਤੁਸੀਂ ਲਾਜਵਾਬ ਹੋ! ਫਿਲਮ ਵਿਚ ਸਭ ਕੁਝ ਸ਼ਾਨਦਾਰ ਅਤੇ ਦਿਲ ਨੂੰ ਛੂਹਣ ਵਾਲਾ ਹੈ!" ਅਦਾਕਾਰਾ ਆਦਿਤੀ ਰਾਓ ਹੈਦਰੀ ਨੇ ਆਖਿਆ, "ਬਹੁਤ ਸਾਰਾ ਪਿਆਰ!"

ਇਕ ਪ੍ਰਸ਼ੰਸਕ ਨੇ ਆਖਿਆ, "ਇਹ ਫਿਲਮ ਨਹੀਂ ਸਗੋਂ ਜਜ਼ਬਾਤ ਹਨ।" ਯਾਦ ਰਹੇ ਕਿ ਵਿਦਿਆ ਬਾਲਨ ਨੇ 2005 ਵਿਚ ਸਿਨੇ ਜਗਤ ਵਿਚ ਸਫਰ ਦੇ ਸ਼ੁਰੂ ਤੋਂ ਲੈ ਕੇ ਹੁਣ ਤਕ ਸ਼ਾਨਦਾਰ ਫਿਲਮਾਂ ਕੀਤੀਆਂ ਹਨ। 2014 ਵਿਚ ਵਿਦਿਆ ਬਾਲਨ ਨੂੰ ਪਦਮਸ੍ਰੀ ਪੁਰਸਕਾਰ ਨਾਲ ਨਿਵਾਜਿਆ ਗਿਆ ਸੀ।

# ਅਮੋਲਕ ਸਿੰਘ ਜੰਮੂ ਨੂੰ ਚੇਤੇ ਕਰਦਿਆਂ

**ਪੰਜਾਬ ਟਾਈਮਜ਼ ਦੀ ਵਰ੍ਹੇਗੰਢ 'ਤੇ**

ਮੈਂ 2003 ਵਿੱਚ ਪਹਿਲੀ ਵਾਰ (ਸਰੀ) ਕੈਨੇਡਾ ਤੋਂ ਹੋ ਕੇ ਸਿਆਟਲ ਥਾਣੀਂ ਅਮਰੀਕਾ 'ਚ ਵੜਿਆ ਤਾਂ ਉਥੋਂ ਫਲਾਈਟ ਲੈ ਕੇ ਮੈਂ ਸ਼ਿਕਾਗੋ ਉਤਰਨਾ ਸੀ ਮਿਲਵਾਕੀ ਜਾਣ ਲਈ। ਮੇਰਾ ਸਹੁਰਾ ਪਰਿਵਾਰ ਉਥੇ ਰਹਿੰਦਾ ਸੀ ਉਦੋਂ।

ਅਮਰੀਕਾ ਪਹੁੰਚਣ ਦੀ ਖ਼ਬਰ ਮੈਂ ਆਪਣੇ ਮਿੱਤਰ ਸ਼ਮਸ਼ੇਰ ਸਿੰਘ ਸੰਧੂ ਨੂੰ ਦੱਸੀ ਤਾਂ ਉਹ ਚੰਡੀਗੜ੍ਹੋਂ ਬੋਲਿਆ, ਮੇਰਾ ਇੱਕ ਕੰਮ ਕਰੀਂ, ਭਾਵੇਂ



**ਗੁਰਭਜਨ ਗਿੱਲ**

ਔਖਾ ਹੋ ਜਾਂ ਸੌਖਾ, ਸਾਡੇ ਅਮੋਲਕ ਸਿੰਘ ਜੰਮੂ ਨੂੰ ਸ਼ਿਕਾਗੋ ਜ਼ਰੂਰ ਮਿਲੀਂ।

ਮੈਂ ਅਮੋਲਕ ਨੂੰ ਪੰਜਾਬੀ ਟ੍ਰਿਬਿਊਨ 'ਚ ਬਹੁਤ ਵਾਰ ਮਿਲਿਆ ਸਾਂ, ਅਮਰੀਕ ਬਣਵੈਤ, ਅਸ਼ੋਕ ਸ਼ਰਮਾ, ਭਾਅ ਜੀ ਕਰਮਜੀਤ, ਸ਼ਮਸ਼ੇਰ, ਸ਼ਾਮ ਸਿੰਘ, ਦਲਬੀਰ ਤੇ ਗੁਰਦਿਆਲ ਬੱਲ ਦੇ ਅੰਗ ਸੰਗ। ਪ੍ਰੇਮ ਗੋਰਖੀ, ਰਾਜਿੰਦਰ ਸੋਢੀ, ਮੁਹਰਜੀਤ ਤੇ ਤਰਲੋਚਨ ਦਾਨਗੜ੍ਹ ਨਾਲ ਕੈਬਿਨ ਸਾਂਝਾ ਸੀ ਉਸਦਾ।

ਬਾਰੀਕ ਬੁੱਧ ਮਿੱਤਰ ਹੋਣ ਕਾਰਨ ਮੈਂ ਸ਼ਮਸ਼ੇਰ ਨੂੰ ਹਾਮੀ ਭਰੀ ਕਿ ਜ਼ਰੂਰ ਮਿਲਾਂਗਾ।

ਮੇਰਾ ਇੱਕ ਜਲੰਧਰੀ ਮਿੱਤਰ ਇੰਦਰਮੋਹਨ ਸਿੰਘ ਵੀ ਸ਼ਿਕਾਗੋ ਰਹਿੰਦਾ ਸੀ ਉਦੋਂ। ਕੋਈ ਟੀ ਵੀ ਚੈਨਲ ਵੀ ਚਲਾਉਂਦਾ ਸੀ ਸ਼ਾਇਦ। ਕਦੇ ਜਲੰਧਰ ਤੋਂ ਸਾਹਿਤਕ ਮੈਗਜ਼ੀਨ "ਬਿੰਦੂ" ਛਾਪਦਾ ਹੁੰਦਾ ਸੀ ਉਹ। ਜਲੰਧਰ ਵਾਲੇ ਮੇਰੇ ਹਮ ਉਮਰ ਮਿੱਤਰ ਲੇਖਕ ਪ੍ਰੋ. ਅਵਤਾਰ ਜੌੜਾ ਦਾ ਨੇੜੂ ਸੀ ਇੰਦਰਮੋਹਨ। ਉਸ ਦਾ ਫੋਨ ਮੇਰੇ ਕੋਲ ਹੋਣ ਕਾਰਨ ਉਸ ਨੂੰ ਮੈਂ ਅਮੋਲਕ ਨੂੰ ਮਿਲਣ ਦੀ ਇੱਛਾ ਦੱਸੀ। ਉਦੋਂ ਉਥੇ ਇੱਕ ਮਿੱਤਰ ਗੁਰਮੁਖ ਸਿੰਘ ਭੁੱਲਰ ਵੀ ਹੁੰਦਾ ਸੀ ਜੋ ਸੁਰਿੰਦਰ ਸ਼ਿੰਦਾ ਦੇ ਹਵਾਲੇ ਨਾਲ ਮੇਰੀ ਮਿਲਣ ਸੂਚੀ ਵਿੱਚ ਸ਼ਾਮਿਲ ਸੀ।

ਆਪਣੇ ਪੁੱਤਰ ਦੇ ਵੱਡੇ ਮਾਮਾ ਜੀ ਸ. ਜਸਜੀਤ ਸਿੰਘ ਨੱਤ ਤੇ ਉਸ ਦੇ ਨਜ਼ਦੀਕੀ ਦੋਸਤ ਗੁਰਸਾਹਿਬ ਸਿੰਘ ਤੂਰ (ਕੈਨੋਸ਼ਾ) ਨੂੰ ਨਾਲ ਲੈ ਕੇ ਸ਼ਿਕਾਗੋ ਅਮੋਲਕ ਨੂੰ ਮਿਲਣ ਦੀ ਇੱਛਾ ਦੱਸੀ। ਇੰਦਰਮੋਹਨ ਦੀ ਹਿੰਮਤ ਸਦਕਾ ਮੀਟਿੰਗ ਦਾ ਪ੍ਰਬੰਧ ਹੋ ਗਿਆ। ਸਭ ਦੋਸਤ ਇੱਕ ਥਾਂ ਇਕੱਠੇ ਹੋ ਗਏ ਅਮੋਲਕ ਨੂੰ ਮਿਲਣ ਲਈ। ਅਮੋਲਕ ਮਿਲਿਆ ਤਾਂ ਇੰਜ ਲੱਗਾ ਜਿਵੇਂ ਚਿਰੀਂ ਵਿਛੁੰਨਾ ਵੀਰ ਮਿਲਿਆ ਹੋਵੇ। ਬਹੁਤ ਗੱਲਾਂ ਕੀਤੀਆਂ। ਉਸ ਦੇ ਅਖ਼ਬਾਰ 'ਪੰਜਾਬ ਟਾਈਮਜ਼' ਬਾਰੇ ਬਹੁਤ ਗੱਲਾਂ ਹੋਈਆਂ। ਸਲਾਹਾਂ ਵੀ।

ਉਸ ਦੇ ਸਹਿਯੋਗੀ ਸ. ਜੈਰਾਮ ਸਿੰਘ ਕਾਹਲੋਂ ਵੀ ਸਨ ਜੋ ਸਬੱਬੀਂ ਮੇਰੇ ਕੈਲਗਰੀ ਵੱਸਦੇ ਮਿੱਤਰ ਬਲਵਿੰਦਰ ਕਾਹਲੋਂ ਦੇ ਭਤੀਜੇ ਸਨ। ਉਹ ਵੀ ਉਥੇ ਹੀ ਮਿਲੇ ਪਰਿਵਾਰਕ ਸਨੇਹ ਨਾਲ।

ਅਮੋਲਕ ਸਿੰਘ ਜੰਮੂ ਨੂੰ 'ਪੰਜਾਬ ਟਾਈਮਜ਼' ਛਾਪਦਿਆਂ ਹਾਲੇ ਤਿੰਨ ਕੁ ਸਾਲ ਹੋਏ ਸਨ ਪਰ ਉਸ ਦੇ ਪਰਚੇ ਦੀ ਗਹਿਰ ਗੰਭੀਰਤਾ ਦਾ ਚਰਚਾ ਪੂਰੇ ਅਮਰੀਕਾ 'ਚ ਸੀ। ਉਦੋਂ ਕੈਲੇਫੋਰਨੀਆ ਵੱਸਦੇ ਮਿੱਤਰ ਕੁਲਦੀਪ ਸਿੰਘ ਧਾਲੀਵਾਲ (ਹੁਣ ਕੈਬਨਿਟ ਮੰਤਰੀ ਪੰਜਾਬ) ਨੇ ਵੀ ਅਮੋਲਕ ਤੇ 'ਪੰਜਾਬ ਟਾਈਮਜ਼' ਦਾ ਜ਼ਿਕਰ ਬੜੇ ਸਤਿਕਾਰ ਨਾਲ ਕੀਤਾ। ਇਹ ਮੁਕੰਮਲ ਵੀਕਲੀ ਅਖ਼ਬਾਰ ਸੀ ਜਿਸ ਵਿੱਚ ਅਧਿਆਤਮ ਵੀ ਸੀ ਤੇ ਮਾਰਕਸਵਾਦੀ ਸੋਚ ਧਾਰਾ ਦੇ ਨੁਕਤੇ ਤੋਂ ਲਿਖੀਆਂ ਲਿਖਤਾਂ ਵੀ ਹੁੰਦੀਆਂ।

ਹਰ ਵੱਡਾ ਲੇਖਕ ਇਸ ਵਿੱਚ ਅਕਸਰ ਲਿਖਦਾ। ਬਹੁਤ ਲੇਖਕ ਤਾਂ ਲਗਾਤਾਰ ਕਾਲਮ ਲਿਖਦੇ। ਇਹ ਅਮੋਲਕ ਦੀ ਮਿਕਨਾਤੀਸੀ ਖਿੱਚ ਸੀ।

ਉਦੋਂ ਤੀਕ ਵੀ ਬਦੇਸ਼ 'ਚ ਛਪਦੇ ਬਹੁਤੇ ਅਖ਼ਬਾਰ ਭਾਰਤੀ ਅਖ਼ਬਾਰਾਂ ਦੇ ਚਰਬੇ ਹੀ ਹੁੰਦੇ ਸਨ, ਕੱਟ ਪੇਸਟ ਤੇ ਨਿਰਭਰ। ਪਰ ਅਮੋਲਕ ਮੌਲਿਕ ਲਿਖਤਾਂ ਲਿਖਵਾਉਂਦਾ। ਇਹੀ ਉਸ ਦੀ ਤਾਕਤ ਬਣੀ। ਬਾਹਰੋਂ ਹੀ ਮਿਲ ਕੇ ਅਸੀਂ ਨਿੱਖੜ ਗਏ ਪਰ ਸੰਪਰਕ ਬਣਿਆ ਰਿਹਾ।

ਉਸ ਦੀ ਸਰੀਰਕ ਹਾਲਤ ਵਿਗੜਨ ਬਾਰੇ ਮੈਨੂੰ 2006 ਵਿੱਚ ਦੂਸਰੀ ਅਮਰੀਕਾ ਫੇਰੀ ਦੌਰਾਨ ਪਤਾ ਲੱਗਾ। ਮੈਂ ਮਿਲਵਾਕੀ ਤਾਂ ਜਾਣਾ ਹੀ ਸੀ। ਆਪਣੇ ਮਿੱਤਰ ਤੇ ਰਿਸ਼ਤੇਦਾਰ ਜਸਜੀਤ ਸਿੰਘ ਨੱਤ ਨੂੰ ਨਾਲ ਲੈ ਕੇ ਅਮੋਲਕ ਦੇ ਘਰ ਮਿਲਣ ਗਿਆ। ਮਸ਼ੀਨਾਂ ਦਾ ਸਾਥ ਪੱਕ ਗਿਆ ਸੀ ਉਦੋਂ ਤੀਕ ਅਮੋਲਕ ਨਾਲ। ਗੱਲਾਂ ਪਹਿਲਾਂ ਨਾਲੋਂ ਵੀ ਬੁਲੰਦ। ਲੋਹੇ ਦੀ ਮਰਦ ਲੱਗਿਆ ਮੈਨੂੰ ਉਹ। ਉਸ ਦੀ ਜੀਵਨ ਸਾਥਣ ਤੇ ਬੱਚੇ ਅੱਗੇ ਪਿੱਛੇ ਸੇਵਾ ਵਿੱਚ ਵੇਖੇ। ਜ਼ਿੰਦਗੀ ਦੇ ਕਠਿਨ ਰਾਹੀਂ ਪੈ ਕੇ ਵੀ ਉਹ ਚੜ੍ਹਦੀ ਕਲਾ ਦੇ ਪੈਗਾਮ ਜਿਹਾ ਸੀ। ਕੋਈ ਢਿੱਲੀ ਗੱਲ ਨਹੀਂ ਕੀਤੀ ਉਸ। ਹਮਦਰਦੀ ਕਰਨ ਵਾਲੇ ਨੂੰ ਆਖਦਾ ਹਟ ਪਰੇ, ਸੇਵਾ ਦੱਸ, ਕੀ ਪੀਵੇਂਗਾ?

ਮੇਰੇ ਨਾਲ ਹੱਸਦਾ ਰਿਹਾ ਕਿ ਜੇ ਸੋਮ ਰਸ ਨਹੀਂ ਪੀਣਾ ਤਾਂ ਅਮਰੀਕਾ ਕੀ ਕਰਨ ਆਇਐਂ?

ਖੁੱਲ੍ਹ ਕੇ ਹੱਸਦਾ ਠਹਾਕਾ ਮਾਰ ਕੇ। ਸੰਪੂਰਨ ਹਾਜ਼ਰ ਨਾਜ਼ਰ। ਉਸ ਨੂੰ ਮਿਲ ਕੇ ਪਰਤਦਿਆਂ ਲੱਗਿਆ ਕਿ ਬੀਮਾਰ ਉਹ ਨਹੀਂ ਸਗੋਂ ਮੈਂ ਹਾਂ।

ਉਸ ਨੂੰ ਚਿਤਵ ਕੇ ਮੈਂ ਇੱਕ ਗ਼ਜ਼ਲ ਲਿਖੀ ਪਰਤ ਕੇ। ਇਹ ਗ਼ਜ਼ਲ ਮੇਰੀ 2010 'ਚ ਛਪੀ ਕਿਤਾਬ ਮੋਰਪੰਖ ਵਿੱਚ ਛਪੀ। ਇਸ ਨੂੰ ਤੁਸੀਂ ਵੀ ਪੜ੍ਹੋ

ਦਰਿਆ ਝੀਲਾਂ ਤਲਖ ਸਮੁੰਦਰ।
ਕੀ ਕੁਝ ਬੰਦਿਆ ਤੇਰੇ ਅੰਦਰ।
ਇਸ ਮੰਡੀ ਵਿਚ ਥੋੜੇ ਗੁਰਮੁਖ,
ਤੋੜਨ ਬਹੁਤੇ ਦਿਲ ਦਾ ਮੰਦਰ।
ਬਾਤ ਗੁਰੂ ਦੀ ਮੰਨਦੇ ਹੀ ਨਾ,
ਮੁੰਦਰਾਂ ਵਾਲੇ ਨਾਥ ਮਛੰਦਰ।
ਝੂਠ ਬੋਲਦੇ, ਤੱਕਦੇ, ਸੁਣਦੇ,
ਗਾਂਧੀ ਤੇਰੇ ਤਿੰਨੇ ਬੰਦਰ।
ਜ਼ਿੰਦਗੀ ਮੌਤ ਰੋਜ਼ਾਨਾ ਦੱਸੇ,
ਮੈਂ ਉਸਦੇ, ਉਹ ਮੇਰੇ ਅੰਦਰ।
ਖ਼ੁਸ਼ਬੂ ਕੌਣ ਲੁਕਾ ਸਕਦਾ ਏ,
ਭਾਵੇਂ ਮਾਰੋ ਕਿੰਨੇ ਜੰਦਰ।
ਬਾਜ਼ ਉਡਾਰੀ ਮਾਰਨ ਮਗਰੋਂ,
ਲੱਭੇ ਮੁੜ ਕੇ ਰੁੱਖ ਦੀ ਕੰਦਰ।
ਯਾਰ ਅਮੋਲਕ* ਦਿਲ ਨਾ ਛੱਡੀਂ,
ਮੈਂ ਧੜਕਾਂਗਾ ਤੇਰੇ ਅੰਦਰ।
ਪਿਆਰ ਗੁਆਚਾ ਲੱਭਦੇ ਫਿਰੀਏ,
ਕਦੇ ਸ਼ਿਕਾਗੋ ਕਦੇ ਜਲੰਧਰ।

***ਪੰਜਾਬ ਟਾਈਮਜ਼ ਸ਼ਿਕਾਗੋ ਦਾ ਸੰਪਾਦਕ ਅਮੋਲਕ ਸਿੰਘ**

ਕੱਲ੍ਹ ਪਿਆਰੇ ਸ਼ਾਇਰ ਮਿੱਤਰ ਰਵਿੰਦਰ ਸਹਿਰਾਅ ਦਾ ਅਮਰੀਕਾ ਤੋਂ ਫ਼ੋਨ ਆਇਆ ਕਿ ਅਗਲੇ ਦਿਨੀਂ 'ਪੰਜਾਬ ਟਾਈਮਜ਼' ਵੱਲੋਂ ਸਾਲਾਨਾ ਸਮਾਗਮ ਕਰਨਾ ਹੈ, ਕੁਝ ਲਿਖ ਭੇਜੋ। ਮੈਂ ਅਮੋਲਕ ਦੀ ਯਾਦ ਵਿਚ ਸਿਰ ਝੁਕਾਇਆ ਤੇ ਪਿਆਰੇ ਵੀਰ ਨੂੰ ਸਲਾਮ ਕਰਦਿਆਂ ਇਹ ਸਤਰਾਂ ਹੀ ਲਿਖ ਸਕਿਆ। ਇਕ ਹੋਰ ਗ਼ਜ਼ਲ ਦੇ ਕੁਝ ਸ਼ਿਅਰ ਉਸ ਸਣੇ ਕੁਝ ਹੋਰ ਪਿਆਰਿਆਂ ਦੇ ਵਿਛੜਨ ਵੇਲੇ ਉਦੋਂ ਲਿਖੇ ਸਨ, ਜੋ ਅੱਜ ਅਚਾਨਕ ਚੇਤੇ ਆ ਗਏ। ਇਹ ਅੱਥਰੂ ਨਾ ਗਿਣਿਓ ਸਗੋਂ ਮੋਤੀਏ ਦੇ ਫੁੱਲ ਸਮਝਿਓ, ਉਸ ਦੀ ਤਸਵੀਰ ਅੱਗੇ ਧਰਨ ਲਈ।

ਉਸ ਦਿਨ ਅੰਬਰ ਕਾਲਾ ਹੋਇਆ,
ਜਿਸ ਦਿਨ ਸਾਡਾ ਯਾਰ ਤੁਰ ਗਿਆ।
ਹਾਸੇ ਤੁਰ ਗਏ, ਮਹਿਫ਼ਲ ਛੱਡ ਕੇ,
ਸਾਡੇ 'ਚੋਂ ਸਰਦਾਰ ਤੁਰ ਗਿਆ।

ਸੁਰ ਤੇ ਸ਼ਬਦ ਉਡੀਕ ਰਹੇ ਨੇ,
ਆ ਜਾਵੇਗਾ ਰਾਤ-ਬ-ਰਾਤੇ,
ਮੁੜਿਆ ਹੀ ਨਹੀਂ ਸੁਪਨੇ ਵਾਂਗੂੰ,
ਬਿਨ ਕੀਤੇ ਇਕਰਾਰ ਤੁਰ ਗਿਆ।

ਸ਼ਬਦ ਤੇਰੇ ਦਾ, ਤੇਰੇ ਮਗਰੋਂ,
ਕੀਹ ਬਣਨਾ ਹੈ, ਨਹੀਂ ਸੋਚਿਆ,
ਗੱਠੜੀ ਬੰਨ੍ਹੀ, ਬਿਨ ਦੱਸੇ ਉਹ,
ਲੈ ਕੇ ਰੂਹ ਤੇ ਭਾਰ ਤੁਰ ਗਿਆ।

ਖੰਡ ਬ੍ਰਹਿਮੰਡ ਵੀ ਫ਼ੋਲੇ ਸਾਰੇ,
ਧਰਤੀ ਭਾਲੀ, ਅੰਬਰ ਗਾਹਿਆ,
ਸੂਰਜ ਕਿਰਨ ਮਿਲੀ ਤੇ ਮਿਲ ਕੇ,
ਅਹੁ ਅੰਬਰ ਤੋਂ ਪਾਰ ਤੁਰ ਗਿਆ।

ਏਨਾ ਵੀ ਨਿਰਮੋਹਾ ਹੋਣਾ,
ਪਤਾ ਨਹੀਂ ਉਸ ਕਿੱਥੋਂ ਸਿੱਖਿਆ,
ਰੂਹ ਦਾ ਜਾਣੀ ਜਾਣ ਪਿਆਰਾ,
ਏਨਾ ਕਹਿਰ ਗੁਜ਼ਾਰ ਤੁਰ ਗਿਆ।

ਦਮ ਆਉਂਦਾ ਸੀ, ਜਦ ਤਾਂ ਵੇਖੋ,
ਕਿੱਥੇ ਕਿੱਥੇ ਉੱਡਿਆ ਫਿਰਿਆ,
ਦਮ ਟੁੱਟਿਆ ਤਾਂ ਉਸਦੇ ਮਗਰੇ,
ਜ਼ਿੰਦਗੀ ਦਾ ਇਤਬਾਰ ਤੁਰ ਗਿਆ।

ਮੀਸ਼ਾ, ਤਖ਼ਤ ਉਜਾੜ ਗਿਆ ਤੇ
ਚੰਦ ਤੋਂ ਮਗਰ ਅਮੋਲਕ ਤੁਰਿਆ,
ਦੀਪਕ ਬੁਝਿਆ, ਮੁਰਸ਼ਦ ਤੁਰਿਆ,
ਦਿਨ ਚੜ੍ਹਦੇ ਜਗਤਾਰ ਤੁਰ ਗਿਆ।

## ਪੰਜਾਬ ਟਾਈਮਜ਼ ਦੀ 24ਵੀਂ ਵਰ੍ਹੇਗੰਢ: ਦਿਆਨਤਦਾਰੀ, ਵਿਕਾਸ ਅਤੇ ਸਭਿਆਚਾਰ ਦਾ ਨਿਵੇਕਲਾ ਸਫਰ

ਇਸ ਸਾਲ, ਪੰਜਾਬ ਟਾਈਮਜ਼ ਆਪਣੀ ਮਾਣਮੱਤੀ 24ਵੀਂ ਵਰ੍ਹੇਗੰਢ ਮਨਾ ਰਿਹਾ ਹੈ, ਅਤੇ ਆਪਣੇ ਆਪ ਵਿਚ ਇਹ ਮੀਲ ਪੱਥਰ, ਪੰਜਾਬ ਟਾਈਮਜ਼ ਟੀਮ ਦੀ ਅਟੱਲ ਵਚਨਬੱਧਤਾ ਅਤੇ ਅਣਥੱਕ ਮਿਹਨਤ ਦੀ ਭਰਪੂਰ ਗਵਾਹੀ ਹੈ। ਸ. ਅਮੋਲਕ ਸਿੰਘ ਜੰਮੂ ਦੀ ਦੂਰ-ਅੰਦੇਸ਼ੀ ਸਦਕਾ ਦੋ ਦਹਾਕਿਆਂ ਤੋਂ ਵੀ ਵੱਧ ਸਮਾਂ ਪਹਿਲਾਂ ਹੋਂਦ ਵਿਚ ਆਉਣ ਵਾਲਾ ਇਹ ਅਖ਼ਬਾਰ, ਹੁਣ ਉਨ੍ਹਾਂ ਦੀ ਪਤਨੀ ਜਸਪ੍ਰੀਤ ਕੌਰ ਦੀ ਅਗਵਾਈ ਹੇਠ, ਲਗਾਤਾਰ, ਦਿਨ ਦੁੱਗਣੀ, ਅਤੇ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ। ਪਾਠਕਾਂ ਨੂੰ ਭਰੋਸੇਯੋਗ ਖ਼ਬਰਾਂ ਮੁਹੱਈਆ ਕਰਵਾਉਣ ਦੇ ਨਾਲ ਨਾਲ, ਪੰਜਾਬ ਟਾਈਮਜ਼, ਸੱਭਿਆਚਾਰਕ ਜਾਗਰੂਕਤਾ ਅਤੇ ਵਿਭਿੰਨ ਆਵਾਜ਼ਾਂ ਬੁਲੰਦ ਕਰਨ ਵਾਲਾ, ਬਹੁਤ ਹੀ ਸ਼ਲਾਘਾਯੋਗ ਪਲੇਟਫਾਰਮ ਹੈ।

ਪ੍ਰੇਰਨਾ ਦੀ ਵਿਰਾਸਤ:

ਸਭ ਤੋਂ ਪਹਿਲਾਂ ਅਸੀਂ ਸ. ਅਮੋਲਕ ਸਿੰਘ ਜੰਮੂ ਜੀ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ। ਉਨ੍ਹਾਂ ਦੀ ਸਥਾਈ ਵਿਰਾਸਤ 'ਤੇ ਗੌਰ ਕਰਨਾ ਜ਼ਰੂਰੀ ਹੈ। ਦੋ ਸਾਲ ਪਹਿਲਾਂ, ਏ ਐੱਲ ਐੱਸ ਬਿਮਾਰੀ ਕਾਰਨ, ਉਨ੍ਹਾਂ ਦਾ ਬੇਮੌਕਾ ਵਿਛੋੜਾ ਦੇ ਜਾਣਾ ਬਹੁਤ ਹੀ ਦੁਖਦਾਈ ਸੀ। ਪੱਤਰਕਾਰੀ ਲਈ ਉਨ੍ਹਾਂ ਦਾ ਗੰਭੀਰ ਯੋਗਦਾਨ ਅਤੇ ਅਟੱਲ ਇਕਰਾਰ, ਅੱਜ ਵੀ ਸਾਡੇ ਹਿਰਦਿਆਂ ਨੂੰ ਟੁੰਬਦਾ ਹੈ। ਹੁਣ ਜਸਪ੍ਰੀਤ ਕੌਰ ਦੀ ਨਿਵੇਕਲੀ ਅਗਵਾਈ ਅਤੇ ਗੂੜ੍ਹੀ ਨਿਗਰਾਨੀ ਹੇਠ, ਪੰਜਾਬ ਟਾਈਮਜ਼ ਦੀ ਰੂਹ ਬਾਕਾਇਦਾ, ਬਰਕਰਾਰ ਹੈ ਅਤੇ ਅਮੋਲਕ ਸਿੰਘ ਦਾ ਬਹੁਮੁੱਲਾ ਕੰਮ ਅਗਾਂਹ ਵਧ ਰਿਹਾ ਹੈ।

ਸੱਚ ਦੀ ਸੰਭਾਲ ਅਤੇ ਪੰਜਾਬੀ ਸੱਭਿਆਚਾਰ ਦੀ ਜਾਗਰੂਕਤਾ:

ਪਿਛਲੇ 24 ਸਾਲਾਂ ਤੋਂ ਪੰਜਾਬ ਟਾਈਮਜ਼, ਭਰੋਸੇਯੋਗ ਖ਼ਬਰਾਂ ਦਾ ਦੀਵਾ ਬਣ, ਅਮਰੀਕਾ ਵਿਚ ਪੰਜਾਬੀ ਸੱਭਿਅਤਾ ਦੇ ਮੁਖਾਰਬਿੰਦ ਦਾ ਰੋਲ ਨਿਭਾ ਰਿਹਾ ਹੈ। ਬੇਲਾਗ ਰਿਪੋਰਟਿੰਗ, ਸਚਾਈ ਲਈ ਅਟੱਲ ਵਚਨਬੱਧਤਾ, ਅਤੇ ਸੱਭਿਆਚਾਰਕ ਜਾਗਰੂਕਤਾ ਉੱਤੇ ਜ਼ੋਰ ਕਾਰਨ, ਇਹ ਅਖ਼ਬਾਰ



**ਡਾ. ਰਛਪਾਲ ਸਹੋਤਾ, ਸਿਨਸਿਨੈਟੀ**

ਪੱਤਰਕਾਰੀ ਦੇ ਲੈਂਡਸਕੇਪ ਵਿਚ, ਇੱਕ ਮਿਸਾਲ ਬਣ ਚੁੱਕਾ ਹੈ। ਅਸਲੀਅਤ ਦੀ ਅਣਥੱਕ ਭਾਲ ਵਿਚ ਇਹ ਪੰਜਾਬੀਆਂ ਦੀਆਂ ਉਮੰਗਾਂ ਅਤੇ ਲੋੜਾਂ ਤੀਕਰ ਪਹੁੰਚਣ ਵਾਲਾ ਪੁਲ ਬਣ ਗਿਆ ਹੈ, ਜਿਸ ਨਾਲ ਪੰਜਾਬੀ ਭਾਈਚਾਰੇ ਦੇ ਵਿਕਾਸ, ਆਤਮ ਵਿਸ਼ਵਾਸ ਅਤੇ ਇਤਫਾਕ ਵਿਚ ਬਹੁਤ ਵਾਧਾ ਹੋਇਆ ਹੈ।

ਵਿਭਿੰਨਤਾ ਅਤੇ ਤਰੱਕੀ ਨੂੰ ਗਲਵੱਕੜੀ:


ਪੱਤਰਕਾਰੀ ਦੇ ਲਗਾਤਾਰ ਬਦਲਦੇ ਲੈਂਡਸਕੇਪ ਦੇ ਨਾਲ ਬਦਲ ਸਕਣਾ, ਪੰਜਾਬ ਟਾਈਮਜ਼ ਦੀ ਕਾਮਯਾਬੀ ਰਹੀ ਹੈ। ਨਵੇਂ-ਨਵੇਂ ਢੰਗ ਲੱਭ ਅਤੇ ਡਿਜੀਟਲ ਯੁੱਗ ਨੂੰ ਗਲਵੱਕੜੀ ਵਿਚ ਲੈ, ਇਹਨੇ ਸੌਖਿਆਂ ਹੀ ਪਾਠਕਾਂ ਤੀਕ ਪਹੁੰਚਣ ਦੀਆਂ ਬੁਲੰਦੀਆਂ ਨੂੰ ਛੂਹ ਲਿਆ। ਆਪਣੇ ਅਸੂਲਾਂ ਦੀ ਪਾਲਣਾ ਕਰਦਿਆਂ, ਆਸਾਨੀ ਨਾਲ ਇਹਨੇ ਪਾਠਕਾਂ ਦੀ ਵਫਾਦਾਰੀ ਜਿੱਤ ਕੇ ਪੰਜਾਬੀ ਸਮਾਜ ਵਿਚ ਆਪਣੀ ਪ੍ਰਭਾਵਸ਼ਾਲੀ ਥਾਂ ਬਣਾਉਣ ਵਿਚ ਕਾਮਯਾਬੀ ਹਾਸਲ ਕੀਤੀ ਹੈ।

ਸਾਡੀਆਂ ਵਧਾਈਆਂ:

ਪੰਜਾਬ ਟਾਈਮਜ਼ ਦਿਆਨਤਦਾਰੀ ਵਾਲੀ ਪੱਤਰਕਾਰੀ ਦੀ ਇੱਕ ਸਰਵਉੱਤਮ ਮਿਸਾਲ ਹੈ ਅਤੇ ਇਹਦਾ ਪ੍ਰਭਾਵ ਪੰਜਾਬੀ ਕਮਿਊਨਿਟੀ ਤੋਂ ਕਿਤੇ ਅਗਾਂਹ ਵਧ ਕੇ ਹੈ। ਇਹ ਹਮੇਸ਼ਾ, ਭਰੋਸੇਯੋਗ ਖ਼ਬਰਾਂ ਦਾ ਸਰੋਤ, ਸੱਭਿਆਚਾਰਕ ਤਰੱਕੀ ਦਾ ਪੈਰੋਕਾਰ ਅਤੇ ਪੰਜਾਬੀ ਸੱਭਿਆਚਾਰ ਨੂੰ ਜੋੜਨ ਵਾਲੀ ਮਿਸਾਲ ਰਿਹਾ ਹੈ। ਪੰਜਾਬ ਟਾਈਮਜ਼ ਦੀ 24ਵੀਂ ਵਰ੍ਹੇਗੰਢ 'ਤੇ ਅਸੀਂ ਪੰਜਾਬ ਟਾਈਮਜ਼ ਪਰਿਵਾਰ ਦੀ ਪੂਰੀ ਟੀਮ ਨੂੰ, ਉਨ੍ਹਾਂ ਦੀ ਪੱਤਰਕਾਰੀ ਅਤੇ ਕਮਿਊਨਿਟੀ ਦੇ ਵਿਕਾਸ ਪ੍ਰਤੀ ਅਟੱਲ ਵਚਨਬੱਧਤਾ ਲਈ, ਹਾਰਦਿਕ ਵਧਾਈ ਦੇਂਦੇ ਹਾਂ। ਟੀਮ ਦੇ ਕਾਮਯਾਬੀ, ਪ੍ਰਫੁੱਲਤਾ ਅਤੇ ਇਖ਼ਲਾਕੀ ਪੱਤਰਕਾਰੀ ਵਿਚ ਅਟੱਲ ਵਿਸ਼ਵਾਸ ਸਦਕਾ, ਸਾਨੂੰ ਪੂਰਾ ਭਰੋਸਾ ਹੈ ਕਿ ਪੰਜਾਬ ਟਾਈਮਜ਼, ਨਵੀਆਂ ਬੁਲੰਦੀਆਂ ਛੂੰਹਦਾ ਰਹੇਗਾ, ਅਤੇ ਆਉਣ ਵਾਲੇ ਸਾਲਾਂ ਵਿਚ ਆਪਣੇ ਪਾਠਕਾਂ ਦੀਆਂ ਜ਼ਿੰਦਗੀਆਂ 'ਤੇ ਵਧੀਆ ਪ੍ਰਭਾਵ ਛੱਡਦਾ ਰਹੇਗਾ।

## ਪੰਜਾਬ ਟਾਈਮਜ਼ ਨਾਈਟ ਦੀਆਂ ਵਧਾਈਆਂ

ਸ. ਅਮੋਲਕ ਸਿੰਘ ਜੰਮੂ ਵਲੋਂ, 24 ਸਾਲ ਪਹਿਲਾਂ ਪੰਜਾਬੀ ਭਾਸ਼ਾ ਅਤੇ ਪੱਤਰਕਾਰੀ ਦੇ ਵਿਹੜੇ 'ਚ ਲਾਇਆ 'ਪੰਜਾਬ ਟਾਈਮਜ਼' ਨਾਮ ਦਾ ਬੂਟਾ ਭਰ-ਜੋਬਨ 'ਚ ਹੈ। ਇਹ ਇਕ ਅਜਿਹਾ ਅਖ਼ਬਾਰ ਹੈ ਜਿਸ ਨੇ ਛਪਣ ਵਾਲੀਆਂ ਲਿਖਤਾਂ ਰਾਹੀਂ ਸਮਾਜ, ਖਾਸ ਕਰਕੇ ਪੰਜਾਬੀ ਸਮਾਜ ਦੀਆਂ ਉਧੜ ਰਹੀਆਂ ਵਿਰੋਧਤਾਈਆਂ ਨੂੰ ਪਾਠਕਾਂ ਸਾਹਵੇਂ ਇੰਨ-ਬਿੰਨ ਪੇਸ਼ ਕੀਤਾ ਹੈ। ਸਮਾਜ 'ਚ ਭਿੜ ਰਹੇ ਵਿਚਾਰਾਂ 'ਚੋਂ ਸੱਚ ਲੱਭਣ 'ਚ ਪਾਠਕਾਂ ਦੀ ਮੱਦਦ ਕਰਨ ਲਈ, ਵਿਰੋਧੀ ਵਿਚਾਰਾਂ ਨੂੰ ਵੀ ਅਖ਼ਬਾਰ 'ਚ ਥਾਂ ਦੇ ਕੇ ਇਸਨੇ ਸ਼ਲਾਘਾਯੋਗ ਰੋਲ ਨਿਭਾਇਆ ਹੈ। ਫਾਸ਼ੀਵਾਦੀ ਧਰਮਤੰਤਰੀ ਰਾਜ ਦੀ ਸਥਾਪਤੀ ਲਈ ਯਤਨਸ਼ੀਲ ਲੋਕ-ਵਿਰੋਧੀ ਤਾਕਤਾਂ ਦੀ ਨਫਰਤੀ ਸਿਆਸਤ ਨੂੰ ਨੰਗਾ ਕਰਨ 'ਚ ਇਸਨੇ ਲਗਾਤਾਰਤਾ ਦਿਖਾਈ ਹੈ। ਆਪਣੇ ਹੱਕਾਂ ਲਈ ਜੂਝ ਰਹੀ ਲੋਕਾਈ ਦੇ ਸੰਘਰਸ਼ਾਂ/ਲਹਿਰਾਂ ਦਾ 'ਪੰਜਾਬ ਟਾਈਮਜ਼' ਨੇ ਡੱਟ ਕੇ ਸਾਥ ਦਿੱਤਾ ਹੈ। ਇਸ ਅਖ਼ਬਾਰ ਦੀ ਸੰਜੀਦਾ ਪੱਤਰਕਾਰੀ ਦਾ, ਹੋਰਨਾਂ ਪਾਠਕਾਂ ਵਾਂਗ ਮੈਂ ਵੀ ਪੂਰਾ ਨਿੱਘ ਮਾਣਿਆ ਹੈ। 8 ਜੁਲਾਈ ਨੂੰ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਸਪਰਪਿਤ 24ਵੀਂ ਵਰ੍ਹੇਗੰਢ 'ਤੇ ਮਨਾਈ ਜਾ ਰਹੀ 'ਪੰਜਾਬ ਟਾਈਮਜ਼ ਨਾਈਟ' ਨੂੰ ਮੈਂ ਵਧਾਈ ਦਿੰਦਾ ਹਾਂ।



**ਪਰਮਜੀਤ ਰੋਡੇ**

## ਪੰਜਾਬ ਟਾਈਮਜ਼ ਦੀ ਵਰ੍ਹੇਗੰਢ 'ਤੇ ਅਮੋਲਕ ਸਿੰਘ ਜੰਮੂ ਜੀ ਨੂੰ ਯਾਦ ਕਰਦਿਆਂ !

ਭਾਵੇਂ ਅਮੋਲਕ ਸਿੰਘ ਹੁਣਾਂ ਨੂੰ ਵਿੱਛੜਿਆਂ ਦੋ ਵਰ੍ਹੇ ਬੀਤ ਗਏ ਹਨ ਪਰ 'ਪੰਜਾਬ ਟਾਈਮਜ਼' ਪੜ੍ਹਦਿਆਂ ਅਕਸਰ ਉਨ੍ਹਾਂ ਦੇ ਪਹਿਲੇ 'ਵੌਇਸ-ਮੈਸੇਜ' ਦੇ ਬੋਲ ਮੇਰੇ ਜ਼ਿਹਨ ਵਿਚ ਆ ਜਾਂਦੇ ਹਨ। ਸੰਨ 2004 ਵਿਚ ਅਮਰੀਕਾ ਆ ਕੇ ਮੈਂ ਪਹਿਲੀ ਵਾਰ ਛੋਟਾ ਜਿਹਾ ਲੇਖ ਲਿਖ ਕੇ ਡਾਕ ਰਾਹੀਂ ਅਖ਼ਬਾਰ ਨੂੰ ਭੇਜਿਆ। ਰਾਤ ਦੀ ਜੌਬ ਕਾਰਨ ਦਿਨ ਵੇਲੇ ਔਫ ਰਹੇ ਫੋਨ ਵਿਚ ਉਨ੍ਹਾਂ ਨੇ ਮੇਰੇ ਲੇਖ ਦਾ ਸਿਰਲੇਖ ਬੋਲ ਕੇ ਸੁਨੇਹਾ ਛੱਡਿਆ ਹੋਇਆ ਸੀ:

'ਇੱਤਕੇ ਨਾ ਉੱਤਕੇ ਵਾਲੇ ਤਰਲੋਚਨ ਸਿੰਘ ਜੀ ਮੈਨੂੰ ਏਸ ਨੰਬਰ 'ਤੇ ਕਾਲ ਕਰਿਓ!'

ਬਸ ਇਸ ਤੋਂ ਬਾਅਦ ਜੰਮੂ ਸਾਹਬ ਨਾਲ ਮੇਰੀ ਗੂੜ੍ਹੀ ਦੋਸਤੀ ਹੋ ਗਈ ਤੇ ਉਨ੍ਹਾਂ ਨੇ ਭਰਾਵਾਂ ਵਾਂਗ ਜ਼ੋਰ ਪਾ ਕੇ ਮੈਨੂੰ ਕਾਲਮਨਵੀਸ ਬਣਾ ਦਿੱਤਾ! ਉਨ੍ਹਾਂ ਤੋਂ ਮੈਂ ਜੋ-ਜੋ ਨਵਾਂ ਸਿੱਖ ਕੇ ਅਮਲ ਵਿਚ ਲਿਆਉਂਦਾ ਆ ਰਿਹਾ ਹਾਂ, ਉਸ ਨੇ ਮੇਰੀ ਲੇਖਣੀ ਵਿਚ ਹੀ ਸੁਧਾਰ ਨਹੀਂ ਲਿਆਂਦਾ ਸਗੋਂ ਸਮਾਜੀ ਜੀਵਨ ਵਿਚ ਵੀ ਉਨ੍ਹਾਂ ਦੇ ਸੁਝਾਏ ਨੁਕਤੇ ਮੇਰੀ ਤਰਜ਼ੇ-ਜ਼ਿੰਦਗੀ ਵਿਚ ਤਬਦੀਲੀ ਦਾ ਸਬੱਬ ਬਣੇ!

ਮੈਨੂੰ ਫ਼ਖ਼ਰ ਹੁੰਦਾ ਸੀ ਜਦ ਅਮੋਲਕ ਸਿੰਘ ਹੁਣੀ ਮੇਰੇ ਨਾਲ 'ਦਿਲ ਦੀਆਂ ਗੱਲਾਂ' ਵੀ ਕਰ ਲਿਆ ਕਰਦੇ ਸਨ!

ਇਸ ਗੱਲ ਦਾ ਵੀ ਮੈਨੂੰ ਮਾਣ ਹੈ ਕਿ ਮੈਂ ਉਨ੍ਹਾਂ ਦੇ ਲਾਏ 'ਪੰਜਾਬ ਟਾਈਮਜ਼' ਰੂਪੀ ਬੂਟੇ ਨੂੰ ਚਿਰੰਜੀਵੀ ਰੱਖਣ ਹਿਤ ਨਿੱਕਾ ਜਿਹਾ ਕਲਮੀ ਯੋਗਦਾਨ ਪਾਉਂਦਾ ਆ ਰਿਹਾ ਹਾਂ!!

ਪੰਜਾਬ ਟਾਈਮਜ਼ ਦੀ 24ਵੀਂ ਵਰ੍ਹੇਗੰਢ ਮੌਕੇ ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਭੈਣ ਜੀ ਜਸਪ੍ਰੀਤ ਕੌਰ ਚੜ੍ਹਦੀ ਕਲਾ ਨਾਲ ਜੰਮੂ ਸਾਹਿਬ ਦੇ ਨਕਸ਼ੇ-ਕਦਮ 'ਤੇ ਸਾਬਤ ਕਦਮੀਂ ਚਲਦੇ ਰਹਿਣ ਤੇ ਅਖ਼ਬਾਰ ਦਿਨ ਦੁਗਣੀ ਤੇ ਰਾਤ ਚੌਗੁਣੀ ਤਰੱਕੀ ਕਰਦਾ ਰਹੇਗਾ!!



**ਤਰਲੋਚਨ ਸਿੰਘ 'ਦੁਪਾਲ ਪੁਰ'**
**ਫੋਨ: 1-408-915-1268**

# ਪੰਜਾਬ ਟਾਈਮਜ਼ ਦੀ 24ਵੀਂ ਵਰ੍ਹੇਗੰਢ 'ਤੇ ਸਿੱਖ ਸੰਗਤ ਬੇ ਏਰੀਆ ਵਲੋਂ ਲੱਖ ਲੱਖ ਮੁਬਾਰਕਾਂ

ਪੰਜਾਬ ਟਾਈਮਜ਼ ਨੇ ਹਮੇਸ਼ਾ ਪੱਤਰਕਾਰਤਾ ਦੀ ਦੁਨੀਆ ਵਿਚ ਮਿਆਰੀ ਪੱਤਰਕਾਰੀ ਕਰ ਕੇ ਆਪਣੀ ਵਿਸ਼ੇਸ਼ ਜਗ੍ਹਾ ਬਣਾਈ ਹੈ। ਸਿੱਖ ਸੰਗਤ ਬੇ ਏਰੀਆ ਵਰ੍ਹੇਗੰਢ ਮੌਕੇ 'ਤੇ ਅਦਾਰਾ ਪੰਜਾਬ ਟਾਈਮਜ਼ ਨੂੰ ਮੁਬਾਰਕਾਂ ਦਿੰਦਿਆਂ ਭਵਿੱਖ ਵਿਚ ਵੀ ਅਜਿਹੀ ਹੀ ਪੱਤਰਕਾਰਤਾ ਕਰਨ ਦੀ ਕਾਮਨਾ ਕਰਦੀ ਹੈ।



**ਵਲੋਂ: ਸਿੱਖ ਸੰਗਤ ਬੇ ਏਰੀਆ; ਫੋਨ: 510-284-9580**